PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
23rd - 30th April 2026 • Issue No. 3127
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!
S.S.Rai
Immigration Advice Bureau
Tel: 020 8571 6680
www.iabl.co.uk

## ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਵੱਲੋਂ ਵਿਸਾਖੀ ਨਗਰ ਕੀਰਤਨ ਵਿੱਚ ਅਹਿਮ ਸ਼ਖਸੀਅਤਾਂ ਸ਼ਾਮਿਲ
## ਬਾਬਾ ਬੰਦਾ ਸਿੰਘ ਬਹਾਦਰ ਦੇ ਯਾਦਗਾਰੀ ਬੁੱਤ ਦਾ ਸੰਸਦ ਮੈਂਬਰਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ ਉਦਘਾਟਨ






ਹੋਰ ਤਸਵੀਰਾਂ ਆਖਰੀ ਪੰਨੇ ‘ਤੇ ਖ਼ਬਰ ਅੰਦਰ

## ਡਰਬੀ ਵਿਖੇ ਵਿਸਾਖੀ ਨਗਰ ਕੀਰਤਨ ਦੌਰਾਨ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰੀ








MANAK
SOLICITORS
Arjan Singh Thind LL.B (Hons.)
Deputy Head of Residential Conveyancing
Arjan joined this firm as a Trainee Solicitor in April 2014 and now leads one of our Residential Conveyancing Teams. Buying, Selling or Remortgaging a house can be a stressful experience. Our Residential Conveyancing Team members under Arjan's guidance are trained to deal with all matters with compassion and understanding which goes beyond just carrying out the legal work. Arjan's friendly, professional approach supports clients from first-time buyers to seasoned investors.
Contact Arjan on telephone 01732 207207 or by email arjan@manaksolicitors.co.uk today for trusted advice.
Biggin Hill I Gravesend I Orpington I Sevenoaks
manaksolicitors.co.uk
01689 870 769
reviewsolicitors
Excellent
Lexcel
Rajbir Singh Manak MA (Hons)
Surinder Singh Manak LLB (Hons)

# ਮੋਦੀ ਸਰਕਾਰ ਦਾ 'ਮਾਸਟਰਸਟਰੋਕ' ਫੇਲ੍ਹ, ਸੰਸਦ ਵਿੱਚ 12 ਸਾਲਾਂ ਦੀ ਸਭ ਤੋਂ ਵੱਡੀ ਸਿਆਸੀ ਹਾਰ !

## ✪ 'ਨਾਰੀ ਸ਼ਕਤੀ' ਦੇ ਨਾਂ 'ਤੇ ਸਿਆਸੀ ਢੌਂਗ ? ਅੰਕੜਿਆਂ ਨੇ ਖੋਲ੍ਹੀ ਭਾਜਪਾ ਦੇ ਦਾਅਵਿਆਂ ਦੀ ਪੋਲ ✪ ਪਾਪੀ ਕੌਣ ? ਬਿੱਲ ਡਿੱਗਣ 'ਤੇ ਪ੍ਰਧਾਨ ਮੰਤਰੀ ਦਾ ਦੂਰਦਰਸ਼ਨ ਤੋਂ ਸੰਬੋਧਨ, ਵਿਰੋਧੀ ਧਿਰ ਨੇ ਪੁੱਛੇ ਤਿਖੇ ਸਵਾਲ ✪ ਮਹਿਲਾ ਰਾਖਵਾਂਕਰਨ ਬਿੱਲ ਦੇ ਬਹਾਨੇ 'ਪਰਿਸੀਮਨ' ਦਾ ਖਤਰਨਾਕ ਖੇਡ ਕਿਉਂ ?

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

ਮਹਿਲਾ ਰਾਖਵਾਂਕਰਨ 131ਵਾਂ ਸੰਵਿਧਾਨਕ ਸੋਧ ਬਿਲ ਦੇ ਸੰਸਦ ਵਿੱਚ ਡਿੱਗਣ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਦੋਸ਼-ਪ੍ਰਤੀਦੋਸ਼ ਦੀ ਜੰਗ ਤੇਜ਼ ਹੋ ਗਈ ਹੈ। ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰ ਨੂੰ 'ਪਾਪੀ' ਗਰਦਾਨਿਆ ਹੈ, ਉੱਥੇ ਹੀ ਸਿਆਸੀ ਮਾਹਿਰਾਂ ਅਤੇ ਬੋਧਿਕ ਹਲਕਿਆਂ ਵਿੱਚ ਸਰਕਾਰ ਦੀ ਨੀਅਤ ਅਤੇ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਲੋਕ ਸਭਾ ਵਿੱਚ ਦੋ-ਤਿਹਾਈ ਬਹੁਮਤ ਨਾ ਮਿਲਣ ਕਾਰਨ ਇਹ ਡਿੱਗ ਗਿਆ ਸੀ। ਮੋਦੀ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਅਹਿਮ ਸੰਵਿਧਾਨਕ ਸੋਧ ਬਿਲ ਵਿਪੱਖੀ ਏਕਤਾ ਕਾਰਨ ਫੇਲ੍ਹ ਹੋਇਆ ਹੈ। ਸਰਕਾਰ ਨੂੰ ਇਸ ਬਿਲ ਨੂੰ ਪਾਸ ਕਰਾਉਣ ਲਈ 352 ਵੋਟਾਂ ਦੀ ਲੋੜ ਸੀ, ਪਰ ਪੱਖ ਵਿੱਚ ਸਿਰਫ਼ 298 ਵੋਟਾਂ ਹੀ ਪਈਆਂ, ਜਦਕਿ 230 ਸਾਂਸਦਾਂ ਨੇ ਇਸ ਦੇ ਵਿਰੋਧ ਵਿੱਚ ਵੋਟ ਪਾਈ। ਇਸ ਹਾਰ ਤੋਂ ਤੁਰੰਤ ਬਾਅਦ ਸਰਕਾਰ ਨੇ ਪਰਿਸੀਮਨ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਸਬੰਧਤ ਦੋ ਹੋਰ ਬਿਲ ਵੀ ਵਾਪਸ ਲੈ ਲਏ ਹਨ।

ਕਾਂਗਰਸ ਸਾਂਸਦ ਪ੍ਰਿਯੰਕਾ ਗਾਂਧੀ ਨੇ ਇਸ ਜਿੱਤ ਨੂੰ ਸੰਵਿਧਾਨ ਦੀ ਜਿੱਤ ਦੱਸਦਿਆਂ ਕਿਹਾ, "ਮਹਿਲਾਵਾਂ ਮੂਰਖ ਨਹੀਂ ਹਨ। ਸਰਕਾਰ ਮਹਿਲਾਵਾਂ ਦੇ ਨਾਂ 'ਤੇ ਰਾਜਨੀਤਿਕ ਭੂਗੋਲ ਬਦਲਣ ਦੀ ਕੋਸ਼ਿਸ਼ ਕਰ ਰਹੀ ਸੀ। ਜੇਕਰ ਨੀਅਤ ਸਾਫ਼ ਹੈ, ਤਾਂ 2023 ਵਾਲਾ ਬਿਲ ਤੁਰੰਤ ਲਾਗੂ ਕਰੋ।"

ਦੂਜੇ ਪਾਸੇ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਇਸ ਨੂੰ ਸੰਘੀ ਢਾਂਚੇ 'ਤੇ ਹਮਲਾ ਕਰਾਰ ਦਿੱਤਾ। ਸਟਾਲਿਨ ਨੇ ਕਾਲੇ ਕੱਪੜੇ ਪਹਿਨ ਕੇ ਪ੍ਰਦਰਸ਼ਨ ਕਰਦਿਆਂ ਚੇਤਾਵਨੀ ਦਿੱਤੀ ਕਿ ਪਰਿਸੀਮਨ ਰਾਹੀਂ ਦੱਖਣੀ ਰਾਜਾਂ ਦੀ ਸਿਆਸੀ ਤਾਕਤ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਪੱਖ ਦਾ ਦੋਸ਼ ਹੈ ਕਿ ਸਰਕਾਰ ਲੋਕ ਸਭਾ ਦੀਆਂ ਸੀਟਾਂ 543 ਤੋਂ ਵਧਾ ਕੇ 850 ਕਰਨਾ ਚਾਹੁੰਦੀ ਹੈ ਤਾਂ ਜੋ ਉੱਤਰੀ ਭਾਰਤ (ਭਾਜਪਾ ਦੇ ਗੜ੍ਹ) ਦਾ ਦਬਦਬਾ ਵਧਾਇਆ ਜਾ ਸਕੇ। ਬਿਲ ਵਿੱਚ ਪਰਿਸੀਮਨ ਲਈ 2011 ਦੀ ਜਨਗਣਨਾ ਨੂੰ ਆਧਾਰ ਬਣਾਉਣ 'ਤੇ ਵੀ ਸਵਾਲ ਉੱਠੇ ਹਨ। ਸਪਾ ਅਤੇ ਹੋਰ ਖੇਤਰੀ ਪਾਰਟੀਆਂ ਓ.ਬੀ.ਸੀ. ਮਹਿਲਾਵਾਂ ਲਈ ਵੱਖਰੇ ਰਾਖਵਾਂਕਰਨ ਦੀ ਮੰਗ 'ਤੇ ਅੜੀਆਂ ਹੋਈਆਂ ਹਨ।



ਕੀ ਹੋਵੇਗਾ ਸਿਆਸੀ ਪ੍ਰਭਾਵ : 2029 ਦੀ ਤਿਆਰੀ ?-ਹੁਣ ਤੱਕ ਮੋਦੀ ਸਰਕਾਰ ਨੂੰ ਸੰਸਦ ਵਿੱਚ ਚੁਣੌਤੀ ਦੇਣਾ ਮੁਸ਼ਕਲ ਮੰਨਿਆ ਜਾਂਦਾ ਸੀ, ਪਰ ਇਸ ਘਟਨਾ ਨੇ ਸਾਬਤ ਕਰ ਦਿੱਤਾ ਕਿ ਕਾਂਗਰਸ, ਟੀ.ਐਮ.ਸੀ., ਡੀ.ਐਮ.ਕੇ. ਅਤੇ ਸਪਾ ਨੇ ਸਿਰਫ ਵਿਰੋਧ ਨਹੀਂ ਕੀਤਾ, ਸਗੋਂ ਅੰਕੜਿਆਂ ਦੀ ਖੇਡ ਵਿੱਚ ਸਰਕਾਰ ਨੂੰ ਪਛਾੜ ਦਿੱਤਾ। ਵਿਰੋਧੀ ਪਾਰਟੀਆਂ ਹੁਣ 'ਰਿਐਕਟਿਵ' (ਪ੍ਰਤੀਕਿਰਿਆ ਦੇਣ ਵਾਲਾ) ਨਹੀਂ ਰਿਹਾ, ਸਗੋਂ ਉਸ ਨੇ 'ਪਰਿਸੀਮਨ' ਅਤੇ 'ਓ.ਬੀ.ਸੀ. ਕੋਟਾ' ਵਰਗੇ ਮੁੱਦੇ ਉਛਾਲ ਕੇ ਸਰਕਾਰ ਨੂੰ ਰੱਖਿਆਤਮਕ ਹੋਣ ਲਈ ਮਜ਼ਬੂਰ ਕਰ ਦਿੱਤਾ। ਸੀਟਾਂ ਦੀ ਗਿਣਤੀ 543 ਤੋਂ ਵਧਾ ਕੇ 850 ਕਰਨ ਦੀ ਤਜਵੀਜ਼ ਨੇ ਇੱਕ ਖ਼ਤਰਨਾਕ ਸਿਆਸੀ ਵੰਡ ਪੈਦਾ ਕਰ ਦਿੱਤੀ ਹੈ:

ਤਾਮਿਲਨਾਡੂ ਅਤੇ ਕੇਰਲ ਵਰਗੇ ਰਾਜਾਂ ਨੂੰ ਲੱਗਦਾ ਹੈ ਕਿ ਜਨਸੰਖਿਆ ਦੇ ਆਧਾਰ 'ਤੇ ਸੀਟਾਂ ਵਧਣ ਨਾਲ ਉੱਤਰ ਪ੍ਰਦੇਸ਼ ਅਤੇ ਬਿਹਾਰ ਵਰਗੇ ਰਾਜਾਂ ਦੀ ਤਾਕਤ ਵਧੇਗੀ ਅਤੇ ਦੱਖਣ ਦੀ ਆਵਾਜ਼ ਕਮਜ਼ੋਰ ਹੋਵੇਗੀ। ਐਮ.ਕੇ. ਸਟਾਲਿਨ ਵੱਲੋਂ ਬਿਲ ਦੀ ਕਾਪੀ ਸਾੜਨਾ ਇਹ ਦਰਸਾਉਂਦਾ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ 'ਖੇਤਰੀ ਪਛਾਣ' ਇੱਕ ਵੱਡਾ ਮੁੱਦਾ ਬਣੇਗੀ।

ਭਾਜਪਾ ਹਮੇਸ਼ਾ ਮਹਿਲਾ ਵੋਟਰਾਂ ਨੂੰ ਆਪਣਾ 'ਸਾਈਲੈਂਟ ਵੋਟਰ' ਮੰਨਦੀ ਰਹੀ ਹੈ, ਪਰ ਪ੍ਰਿਯੰਕਾ ਗਾਂਧੀ ਦੇ ਹਮਲੇ ਨੇ ਇਸ ਵਿੱਚ ਸੰਨ੍ਹ ਲਾ ਦਿੱਤੀ। ਵਿਰੋਧੀ ਧਿਰ ਨੇ ਇਹ ਪ੍ਰਚਾਰ ਦਿੱਤਾ ਹੈ ਕਿ ਸਰਕਾਰ ਰਾਖਵਾਂਕਰਨ ਦੇਣਾ ਨਹੀਂ ਚਾਹੁੰਦੀ, ਸਗੋਂ ਇਸ ਨੂੰ 'ਪਰਿਸੀਮਨ' ਦੀਆਂ ਸ਼ਰਤਾਂ ਵਿੱਚ ਉਲਝਾ ਕੇ ਲਟਕਾਉਣਾ ਚਾਹੁੰਦੀ ਹੈ। ਮਣੀਪੁਰ ਅਤੇ ਮਹਿਲਾ ਖਿਡਾਰੀਆਂ ਦੇ ਸ਼ੋਸ਼ਣ ਦੇ ਮੁੱਦੇ ਚੁੱਕ ਕੇ ਵਿਪੱਖ ਨੇ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਸਿਰਫ ਕਾਨੂੰਨ ਬਣਾਉਣਾ ਹੀ ਸਸ਼ਕਤੀਕਰਨ ਹੈ ?

ਇਸ ਬਿਲ ਨੇ 'ਕੋਟੇ ਅੰਦਰ ਕੋਟਾ' ਦੀ ਬਹਿਸ ਨੂੰ ਮੁੜ ਸੁਰਖੀਆਂ ਵਿੱਚ ਲਿਆਂਦਾ ਹੈ। ਵਿਰੋਧੀ ਧਿਰਾਂ ਨੇਹੁਣ ਓ.ਬੀ.ਸੀ. ਮਹਿਲਾਵਾਂ ਦੇ ਹੱਕ ਦੀ ਗੱਲ ਕਰਕੇ ਭਾਜਪਾ ਦੇ ਹਿੰਦੂਤਵ ਵੋਟ ਬੈਂਕ ਵਿੱਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਮੁੱਦਾ ਹੁਣ ਸਿਰਫ਼ ਲਿੰਗ ਦਾ ਨਹੀਂ, ਸਗੋਂ ਸਮਾਜਿਕ ਸ਼ਮੂਲੀਅਤ ਦਾ ਬਣ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਨੇ ਅੱਜ ਤੱਕ ਕਿਸੇ ਮਹਿਲਾ ਨੂੰ ਆਪਣਾ ਰਾਸ਼ਟਰੀ ਪ੍ਰਧਾਨ ਨਹੀਂ ਬਣਾਇਆ, ਜਦਕਿ ਕਾਂਗਰਸ ਵਿੱਚ ਇਹ ਰਵਾਇਤ 1917 ਤੋਂ ਚੱਲ ਰਹੀ ਹੈ। 72 ਮੈਂਬਰੀ ਮੰਤਰੀ ਪ੍ਰੀਸ਼ਦ ਵਿੱਚ ਸਿਰ਼ਫ 7 ਮਹਿਲਾਵਾਂ ਹਨ, ਜਿਨ੍ਹਾਂ ਵਿੱਚੋਂ ਕੈਬਨਿਟ ਰੈਂਕ ਸਿਰ਼ਫ 2 ਕੋਲ ਹੈ। 21 ਰਾਜਾਂ ਵਿੱਚ ਭਾਜਪਾ ਜਾਂ ਸਹਿਯੋਗੀਆਂ ਦੀ ਸੱਤਾ ਹੋਣ ਦੇ ਬਾਵਜੂਦ, ਕਿਸੇ ਵੀ ਰਾਜ ਦੀ ਵਾਗਡੋਰ ਮਹਿਲਾ ਦੇ ਹੱਥ ਨਹੀਂ ਦਿੱਤੀ ਗਈ। ਸਿਆਸੀ ਮਾਹਿਰਾਂ ਅਨੁਸਾਰ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਦੀਆਂ ਚੋਣਾਂ ਨੂੰ ਦੇਖਦਿਆਂ ਮਹਿਲਾਵਾਂ ਦੀਆਂ ਵੋਟਾਂ ਬਟੋਰਨ ਲਈ ਇਹ ਬਿੱਲ ਲਿਆਂਦਾ ਗਿਆ ਸੀ। ਸਿਆਸੀ ਮਾਹਿਰਾਂ ਦਾ ਕਹਿਣਿ ਹੈ ਕਿ ਬਲਾਤਕਾਰੀ ਲੀਡਰਾਂ ਤੇ ਡੇਰੇਦਾਰਾਂ ਨੂੰ ਪੈਰੋਲ ਮਿਲਣ ਅਤੇ ਚੋਣ ਰੈਲੀਆਂ ਵਿੱਚ ਮਹਿਲਾਵਾਂ ਵਿਰੁੱਧ ਵਰਤੀ ਗਈ ਭਾਸ਼ਾ (ਜਿਵੇਂ '50 ਕਰੋੜ ਦੀ ਗਰਲਫਰੈਂਡ') ਸਰਕਾਰ ਦੇ ਅਸਲੀ ਚਿਹਰੇ ਨੂੰ ਨੰਗਾ ਕਰਦੀ ਹੈ।

ਆਉਣ ਵਾਲੇ ਦਿਨਾਂ ਵਿੱਚ, ਮਹਿਲਾ ਰਾਖਵਾਂਕਰਨ ਇੱਕ ਕਾਨੂੰਨੀ ਮੁੱਦੇ ਤੋਂ ਵੱਧ "ਭਰੋਸੇ ਦੀ ਲੜਾਈ" ਬਣ ਜਾਵੇਗਾ। ਜੇਕਰ ਸਰਕਾਰ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਇਸ ਹਾਰ ਦਾ ਬਦਲਾ ਨਹੀਂ ਲੈ ਪਾਉਂਦੀ, ਤਾਂ 2029 ਦੀ ਰਾਹ ਉਸ ਲਈ ਕਾਫ਼ੀ ਔਖੀ ਹੋ ਸਕਦੀ ਹੈ। ਸੰਸਦ ਵਿੱਚ ਬਿੱਲ ਦਾ ਫੇਲ੍ਹ ਹੋਣਾ ਇਹ ਦਰਸਾਉਂਦਾ ਹੈ ਕਿ ਹੁਣ ਸਿਰ਼ਫ 'ਮੀਡੀਆ ਮੈਨੇਜਮੈਂਟ' ਅਤੇ 'ਇਮੇਜ ਬਿਲਡਿੰਗ' ਨਾਲ ਕੰਮ ਨਹੀਂ ਚੱਲੇਗਾ। ਜੇਕਰ ਲੋਕਤੰਤਰ ਵਿੱਚ ਸਿਰ਼ਫ ਅਹੁਦੇ 'ਤੇ ਬਣੇ ਰਹਿਣ ਨੂੰ ਹੀ ਯੋਗਤਾ ਮੰਨ ਲਿਆ ਜਾਵੇ, ਤਾਂ ਇਹ ਦੇਸ਼ ਦੇ ਭਵਿੱਖ ਲਈ ਇੱਕ 'ਲਾਇਲਾਜ ਬਿਮਾਰੀ' ਬਣ ਸਕਦੀ ਹੈ

## ਪੰਜਾਬ ਸਰਕਾਰ ਵੱਲੋਂ ਲਿਆਂਦੇ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੋਧ ਐਕਟ" ਨੂੰ ਹਾਈ ਕੋਰਟ ਵਿੱਚ ਚੁਣੌਤੀ

ਚੰਡੀਗੜ੍ਹ- ਬੇਅਦਬੀ ਦੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਲਿਆਂਦੇ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੋਧ ਐਕਟ" ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਸਿਮਰਨਜੀਤ ਸਿੰਘ ਜੋ ਕਿ ਜਲੰਧਰ ਦੇ ਰਹਿਣ ਵਾਲੇ ਨੇ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਹੈ ਕਿ ਇਹ ਕਾਨੂੰਨ ਦੇਸ਼ ਦੇ ਧਰਮਨਿਰਪੇਖ ਸਿਧਾਂਤ ਦੇ ਖ਼ਿਲਾਫ਼ ਹੈ, ਕਿਉਂਕਿ ਕਿਸੇ ਇਕ ਧਰਮ ਲਈ ਵੱਖਰਾ ਕਾਨੂੰਨ ਬਣਾਉਣਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਇਸ ਐਕਟ ਵਿੱਚ ਹੋਰ ਧਰਮਾਂ ਨਾਲ ਸੰਬੰਧਿਤ ਬੇਅਦਬੀ ਦੇ ਮਾਮਲਿਆਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।ਪਟੀਸ਼ਨ ਵਿੱਚ ਇਹ ਮਸਲਾ ਵੀ ਉਠਾਇਆ ਗਿਆ ਹੈ ਕਿ ਸੋਧ ਦੇ ਬਾਅਦ ਇਸ ਕਾਨੂੰਨ ਵਿੱਚ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਕਿ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਨਾਲ ਜੁੜਦਾ ਹੈ। ਇਸ ਲਈ ਇਸ ਸੋਧ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਲਾਜ਼ਮੀ ਸੀ, ਪਰ ਪੰਜਾਬ ਸਰਕਾਰ ਨੇ ਸਿਰਫ਼ ਰਾਜਪਾਲ ਦੀ ਮਨਜ਼ੂਰੀ ਦੇ ਆਧਾਰ 'ਤੇ ਹੀ ਇਸਨੂੰ ਨੋਟੀਫਾਈ ਕਰ ਦਿੱਤਾ, ਜਿਸਨੂੰ ਗਲਤ ਕਰਾਰ ਦਿੱਤਾ ਗਿਆ ਹੈ।ਇਨ੍ਹਾਂ ਸਾਰੇ ਮੁੱਦਿਆਂ ਦੇ ਆਧਾਰ 'ਤੇ ਪਟੀਸ਼ਨ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਹੈ ਅਤੇ ਸੰਭਾਵਨਾ ਹੈ ਕਿ ਅਦਾਲਤ ਵੱਲੋਂ ਆਉਣ ਵਾਲੇ ਇੱਕ-ਦੋ ਦਿਨਾਂ ਵਿੱਚ ਇਸ ਮਾਮਲੇ 'ਤੇ ਸੁਣਵਾਈ ਕੀਤੀ ਜਾਵੇਗੀ।

## ਸੁਪਰੀਮ ਕੋਰਟ ਨੇ ਰਾਜੋਆਣਾ ਦੀ ਪਟੀਸ਼ਨ ਤੇ ਕੇਂਦਰ ਸਰਕਾਰ ਨੂੰ ਹਲਫਨਾਮਾ ਦਾਖ਼ਲ ਕਰਨ ਲਈ ਕਿਹਾ



ਨਵੀਂ ਦਿੱਲੀ – Supreme Court of India ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ Beant Singh ਦੇ ਕਤਲ ਮਾਮਲੇ ਵਿੱਚ ਦੋਸ਼ੀ Balwant Singh Rajoana ਦੀ ਪਟੀਸ਼ਨ 'ਤੇ ਕੇਂਦਰ ਸਰਕਾਰ ਨੂੰ ਹਲਫਨਾਮਾ ਦਾਖ਼ਲ ਕਰਨ ਲਈ ਕਿਹਾ ਹੈ।ਅਦਾਲਤ ਨੇ ਕੇਂਦਰ ਨੂੰ ਆਦੇਸ਼ ਦਿੱਤਾ ਕਿ ਰਾਜੋਆਣਾ ਦੀ ਅਰਜ਼ੀ 'ਤੇ ਆਪਣਾ ਸਪਸ਼ਟ ਮਤ ਲਿਖਤੀ ਰੂਪ ਵਿੱਚ ਪੇਸ਼ ਕੀਤਾ ਜਾਵੇ। ਇਸ ਪਟੀਸ਼ਨ ਵਿੱਚ ਰਾਜੋਆਣਾ ਵੱਲੋਂ ਆਪਣੀ ਸਜ਼ਾ ਨਾਲ ਸੰਬੰਧਿਤ ਮਾਮਲਿਆਂ 'ਤੇ ਵਿਚਾਰ ਕਰਨ ਦੀ ਮੰਗ ਕੀਤੀ ਗਈ ਹੈ।

ਯਾਦ ਰਹੇ ਕਿ Beant singh assassination 1995 ਵਿੱਚ ਚੰਡੀਗੜ੍ਹ ਵਿੱਚ ਇੱਕ ਬੰਬ ਧਮਾਕੇ ਦੌਰਾਨ ਹੋਈ ਸੀ, ਜਿਸ ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਮੌਤ ਹੋ ਗਈ ਸੀ। ਇਸ ਮਾਮਲੇ ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ।ਹੁਣ ਸਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਤੋਂ ਹਲਫਨਾਮਾ ਮੰਗਣ ਤੋਂ ਬਾਅਦ ਇਸ ਮਾਮਲੇ ਵਿੱਚ ਅਗਲੀ ਸੁਣਵਾਈ ਦੌਰਾਨ ਹੋਰ ਸਪਸ਼ਟਤਾ ਆਉਣ ਦੀ ਉਮੀਦ ਹੈ।

# ਕੈਨੇਡਾ ਦਾ 'ਬਿੱਲ ਸੀ-12': ਪੰਜਾਬੀ ਨੌਜਵਾਨਾਂ ਦੇ ਸੁਪਨਿਆਂ 'ਤੇ ਡਿਪੋਰਟੇਸ਼ਨ ਦੀ ਤਲਵਾਰ

## ✪ ਅਸਾਈਲਮ ਦਾ 'ਚੋਰ-ਰਸਤਾ' ਪਿਆ ਮਹਿੰਗਾ: 9,000 ਪੰਜਾਬੀ ਨੌਜਵਾਨ ਦੇਸ਼ ਨਿਕਾਲੇ ਦੀ ਕਗਾਰ 'ਤੇ ✪ ਏਜੰਟਾਂ ਦੇ 'ਸਬਜ਼ਬਾਗ' ਅਤੇ ਕੈਨੇਡਾ ਦੇ 'ਨੋਟਿਸ': ਕੌਣ ਹੈ ਅਸਲ ਗੁਨਾਹਗਾਰ ?

ਕੈਨੇਡਾ ਸਰਕਾਰ ਵੱਲੋਂ ਨਵੇਂ ਇਮੀਗ੍ਰੇਸ਼ਨ ਕਾਨੂੰਨ 'ਬਿੱਲ ਸੀ-12' (ਸਟ੍ਰੈਂਥਨਿੰਗ ਕੈਨੇਡਾ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ) ਦੇ ਲਾਗੂ ਹੋਣ ਨਾਲ ਵਿਦੇਸ਼ੀ ਧਰਤੀ 'ਤੇ ਪੱਕੇ ਹੋਣ ਦੇ ਸੁਪਨੇ ਵੇਖ ਰਹੇ ਹਜ਼ਾਰਾਂ ਪ੍ਰਵਾਸੀਆਂ, ਖਾਸ ਕਰਕੇ ਪੰਜਾਬੀ ਨੌਜਵਾਨਾਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਗਈ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਲਗਭਗ 30,000 ਅਸਾਈਲਮ (ਸ਼ਰਨ) ਮੰਗਣ ਵਾਲਿਆਂ ਨੂੰ 'ਪ੍ਰੋਸੀਜਰਲ ਫੇਅਰਨੈੱਸ ਨੋਟਿਸ' ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 9,000 ਤੋਂ ਵੱਧ ਇਕੱਲੇ ਪੰਜਾਬ ਨਾਲ ਸਬੰਧਤ ਹਨ। ਇਹ ਸਥਿਤੀ ਨਾ ਸਿਰਫ ਉਨ੍ਹਾਂ ਨੌਜਵਾਨਾਂ ਲਈ ਚਿੰਤਾਜਨਕ ਹੈ, ਸਗੋਂ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਹਾਲਾਤਾਂ 'ਤੇ ਵੀ ਸਵਾਲੀਆ ਨਿਸ਼ਾਨ ਲਗਾਉਂਦੀ ਹੈ।

ਬਿੱਲ ਸੀ-12 ਦੇ ਪ੍ਰਬੰਧਾਂ ਅਨੁਸਾਰ, ਜਿਹੜੇ ਵਿਅਕਤੀ ਕੈਨੇਡਾ ਪਹੁੰਚਣ ਤੋਂ ਇੱਕ ਸਾਲ ਬਾਅਦ ਸ਼ਰਨ ਲਈ ਅਰਜ਼ੀ ਦਿੰਦੇ ਹਨ, ਉਨ੍ਹਾਂ ਨੂੰ ਹੁਣ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ। ਇਸ ਦੀ ਬਜਾਏ, ਉਨ੍ਹਾਂ ਦਾ ਸਿਰਫ਼ 'ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ' ਕੀਤਾ ਜਾਵੇਗਾ। ਪੰਜਾਬੀ ਨੌਜਵਾਨਾਂ ਵਿੱਚ ਇਹ ਰੁਝਾਨ ਵਧਿਆ ਸੀ ਕਿ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਜਦੋਂ ਵਰਕ ਪਰਮਿਟ ਜਾਂ ਪੀ.ਆਰ. ਦੇ ਰਾਹ ਬੰਦ ਹੋਣ ਲੱਗੇ, ਤਾਂ ਉਨ੍ਹਾਂ ਨੇ ਆਪਣੀ ਰਿਹਾਇਸ਼ ਵਧਾਉਣ ਲਈ ਅਸਾਈਲਮ ਦਾ ਸਹਾਰਾ ਲਿਆ। ਕੈਨੇਡਾ ਸਰਕਾਰ ਦੀ ਇਹ ਸਖ਼ਤੀ ਹੁਣ ਉਸੇ "ਚੋਰ-ਰਸਤੇ" ਨੂੰ ਬੰਦ ਕਰਨ ਦੀ ਕੋਸ਼ਿਸ਼ ਹੈ।

ਸੀਬੀਸੀ ਨਿਊਜ਼ ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਰੀਬ 30,000 ਸ਼ਰਣ ਮੰਗਣ ਵਾਲਿਆਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਨੋਟਿਸ' ਭੇਜਣੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿੱਚ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਕਿ ਉਨ੍ਹਾਂ ਦੇ ਦਾਅਵੇ ਹੁਣ ਨਿਯਮਾਂ 'ਤੇ ਪੂਰੇ ਨਹੀਂ ਉਤਰਦੇ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਚਿੱਠੀਆਂ ਵਿੱਚ ਲੋਕਾਂ ਨੂੰ ਸਵੈ- ਇੱਛਾ ਨਾਲ ਕੈਨੇਡਾ ਛੱਡਣ ਲਈ ਕਿਹਾ ਗਿਆ ਹੈ, ਨਹੀਂ ਤਾਂ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

'ਦ ਗਲੋਬ ਐਂਡ ਮੇਲ' ਦੀ ਰਿਪੋਰਟ ਮੁਤਾਬਕ, ਇਨ੍ਹਾਂ ਨੋਟਿਸਾਂ ਕਾਰਨ ਪ੍ਰਭਾਵਿਤ ਲੋਕਾਂ ਵਿੱਚ ਭਾਰੀ ਡਰ ਦਾ ਮਾਹੌਲ ਹੈ। ਇਨ੍ਹਾਂ ਵਿੱਚ ਬਹੁਤ ਵੱਡੀ ਗਿਣਤੀ ਉਨ੍ਹਾਂ ਪੰਜਾਬੀਆਂ ਦੀ ਹੈ ਜੋ ਪੜ੍ਹਾਈ ਕਰਨ ਲਈ ਸਟੱਡੀ ਪਰਮਿਟ 'ਤੇ ਕੈਨੇਡਾ ਆਏ ਸਨ। ਵੀਜ਼ਾ ਖ਼ਤਮ ਹੋਣ ਜਾਂ ਪੜ੍ਹਾਈ ਤੋਂ ਬਾਅਦ ਕੰਮ ਦੇ ਮੌਕੇ ਨਾ ਮਿਲਣ ਕਾਰਨ ਉਨ੍ਹਾਂ ਨੇ ਉੱਥੇ ਰਹਿਣ ਲਈ ਸ਼ਰਨ ਦੀ ਮੰਗ ਕੀਤੀ ਸੀ।

ਇਮੀਗ੍ਰੇਸ਼ਨ ਮੰਤਰੀ ਦੇ ਇੱਕ ਬੁਲਾਰੇ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ ਕਿ ਸਰਕਾਰ ਹੁਣ ਨਵਾਂ ਕਾਨੂੰਨ ਲਾਗੂ ਕਰ ਰਹੀ ਹੈ। ਬੁਲਾਰੇ ਮੁਤਾਬਕ, ਬਿੱਲ ਸੀ-12 ਦੇ ਕਾਨੂੰਨ ਬਣਨ ਤੋਂ ਬਾਅਦ ਹੁਣ ਉਨ੍ਹਾਂ ਸਾਰੇ ਲੋਕਾਂ ਨੂੰ 'ਪ੍ਰੋਸੀਜ਼ਰਲ ਫੇਅਰਨੈੱਸ ਲੈਟਰ' (ਸੂਚਨਾ ਪੱਤਰ) ਭੇਜੇ ਜਾ ਰਹੇ ਹਨ, ਜਿਨ੍ਹਾਂ ਦੀਆਂ ਅਰਜ਼ੀਆਂ ਇਸ ਨਵੇਂ ਕਾਨੂੰਨ ਦੇ ਘੇਰੇ ਵਿੱਚ ਆਉਂਦੀਆਂ ਹਨ।

ਜ਼ਿਆਦਾਤਰ ਪੰਜਾਬੀ ਦਾਅਵੇਦਾਰ ਉਹ ਸਾਬਕਾ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਨੇ ਕੈਨੇਡਾ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਰਹਿਣ ਤੋਂ ਬਾਅਦ ਸ਼ਰਣ ਲਈ ਅਰਜ਼ੀ ਦਿੱਤੀ ਸੀ। ਸਟੱਡੀ ਪਰਮਿਟ ਦੇ ਨਿਯਮ ਸਖ਼ਤ ਹੋਣ ਅਤੇ ਪੱਕੇ ਹੋਣ ਦੇ ਮੌਕੇ ਘਟਣ ਕਰਕੇ, ਬਹੁਤ ਸਾਰੇ ਨੌਜਵਾਨਾਂ ਨੇ ਉੱਥੇ ਰਹਿਣ ਦਾ ਸਮਾਂ ਵਧਾਉਣ ਲਈ ਸ਼ਰਨ ਲੈਣ ਦਾ ਰਾਹ ਅਪਣਾਇਆ ਸੀ।



ਨਵੇਂ ਨਿਯਮਾਂ ਅਨੁਸਾਰ, ਅਯੋਗ ਕਰਾਰ ਦਿੱਤੇ ਗਏ ਲੋਕਾਂ ਨੂੰ ਹੁਣ ਰਿਫਿਊਜੀ ਕੇਸ ਦੀ ਪੂਰੀ ਸੁਣਵਾਈ ਦਾ ਮੌਕਾ ਨਹੀਂ ਮਿਲੇਗਾ, ਸਗੋਂ ਸਿਰਫ 'ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ' ਦੀ ਸਹੂਲਤ ਹੀ ਦਿੱਤੀ ਜਾਵੇਗੀ। ਇਸ ਫੈਸਲੇ ਕਾਰਨ ਇਮੀਗ੍ਰੇਸ਼ਨ ਵਕੀਲਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਕੇਸ ਪੇਸ਼ ਕਰਨ ਦੇ ਮੌਕੇ ਬਹੁਤ ਘਟ ਜਾਣਗੇ।

ਬ੍ਰੈਂਪਟਨ, ਸਰੀ ਅਤੇ ਕੈਲਗਰੀ ਵਰਗੇ ਪੰਜਾਬੀ ਬਹੁਲਤਾ ਵਾਲੇ ਇਲਾਕਿਆਂ ਵਿੱਚ ਇਸ ਵੇਲੇ ਦਹਿਸ਼ਤ ਦਾ ਮਾਹੌਲ ਹੈ। 21 ਦਿਨਾਂ ਦੇ ਅੰਦਰ ਜਵਾਬ ਦੇਣ ਦੀ ਸ਼ਰਤ ਨੇ ਕਈਆਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਵੱਡੀ ਗਿਣਤੀ ਵਿੱਚ ਇਹ ਉਹ ਵਿਦਿਆਰਥੀ ਹਨ ਜਿਨ੍ਹਾਂ ਦੇ ਮਾਪਿਆਂ ਨੇ ਆਪਣੀ ਜੀਵਨ ਭਰ ਦੀ ਕਮਾਈ ਅਤੇ ਜ਼ਮੀਨਾਂ ਦਾਅ 'ਤੇ ਲਗਾ ਕੇ ਉਨ੍ਹਾਂ ਨੂੰ ਵਿਦੇਸ਼ ਭੇਜਿਆ ਸੀ। ਜੇਕਰ ਇਨ੍ਹਾਂ ਨੌਜਵਾਨਾਂ ਨੂੰ ਡਿਪੋਰਟ (ਦੇਸ਼ ਨਿਕਾਲਾ) ਕੀਤਾ ਜਾਂਦਾ ਹੈ, ਤਾਂ ਇਹ ਨਾ ਸਿਰਫ਼ ਇੱਕ ਵਿਅਕਤੀ ਦੀ ਹਾਰ ਹੋਵੇਗੀ, ਸਗੋਂ ਕਈ ਪਰਿਵਾਰਾਂ ਲਈ ਆਰਥਿਕ ਅਤੇ ਮਾਨਸਿਕ ਤੌਰ 'ਤੇ ਤਬਾਹਕੁੰਨ ਸਿੱਧ ਹੋਵੇਗੀ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਾਫ਼ ਕੀਤਾ ਹੈ ਕਿ ਇਹ ਨੋਟਿਸ ਮੁਲਕ ਵਿੱਚੋਂ ਕੱਢੇ ਜਾਣ ਦੇ ਅੰਤਿਮ ਆਦੇਸ਼ ਨਹੀਂ ਹਨ। ਇਹ ਚਿੱਠੀ ਮਿਲਣ ਵਾਲਿਆਂ ਕੋਲ ਵਾਧੂ ਜਾਣਕਾਰੀ ਦੇਣ ਲਈ ਆਮ ਤੌਰ 'ਤੇ 21 ਦਿਨਾਂ ਦਾ ਸਮਾਂ ਹੁੰਦਾ ਹੈ। ਪਰ ਜੇਕਰ ਕੋਈ ਜਵਾਬ ਨਹੀਂ ਦਿੰਦਾ ਜਾਂ ਦੇਸ਼ ਨਹੀਂ ਛੱਡਦਾ, ਤਾਂ ਉਸ ਨੂੰ ਕੈਨੇਡਾ ਵਿੱਚੋਂ ਬਾਹਰ ਕੱਢਣ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ।

ਇਹ ਘਟਨਾਕ੍ਰਮ ਸਾਨੂੰ ਇੱਕ ਗੰਭੀਰ ਸਵਾਲ ਵੱਲ ਲੈ ਕੇ ਜਾਂਦਾ ਹੈ: ਕੀ ਪੰਜਾਬੀ ਨੌਜਵਾਨ ਸੱਚਮੁੱਚ ਸਿੱਖਿਆ ਲਈ ਕੈਨੇਡਾ ਜਾ ਰਹੇ ਹਨ, ਜਾਂ ਸਿੱਖਿਆ ਸਿਰਫ਼ ਉੱਥੇ ਪੱਕੇ ਹੋਣ ਦਾ ਇੱਕ ਜ਼ਰੀਆ ਮਾਤਰ ਹੈ ? ਜਦੋਂ ਪੜ੍ਹਾਈ ਦੇ ਨਿਯਮ ਸਖ਼ਤ ਹੋਏ ਅਤੇ ਪੀ.ਆਰ. ਦੇ ਰਾਹ ਸੀਮਤ ਹੋ ਗਏ, ਤਾਂ ਅਸਾਈਲਮ ਦਾ ਗਲਤ ਤਰੀਕਾ ਅਪਣਾਉਣਾ ਹੁਣ ਮਹਿੰਗਾ ਪੈ ਰਿਹਾ ਹੈ। ਇਮੀਗ੍ਰੇਸ਼ਨ ਏਜੰਟਾਂ ਦੁਆਰਾ ਦਿਖਾਏ ਗਏ ਸਬਜ਼ਬਾਗਾਂ ਨੇ ਨੌਜਵਾਨਾਂ ਨੂੰ ਅਜਿਹੀ ਖਾਈ ਵਿੱਚ ਧੱਕ ਦਿੱਤਾ ਹੈ ਜਿੱਥੋਂ ਨਿਕਲਣਾ ਹੁਣ ਮੁਸ਼ਕਲ ਜਾਪ ਰਿਹਾ ਹੈ।

ਇਸ ਖ਼ਬਰ ਨੇ ਬਰੈਂਪਟਨ, ਸਰੀ ਅਤੇ ਕੈਲਗਰੀ ਵਰਗੇ ਸ਼ਹਿਰਾਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਦੇ ਨਾਲ-ਨਾਲ ਪੰਜਾਬ ਵਿੱਚ ਵੀ ਭਾਰੀ ਚਿੰਤਾ ਪੈਦਾ ਕਰ ਦਿੱਤੀ ਹੈ। ਸਮਾਜਿਕ ਜਥੇਬੰਦੀਆਂ ਨੇ ਪ੍ਰਭਾਵਿਤ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਤੁਰੰਤ ਰਜਿਸਟਰਡ ਇਮੀਗ੍ਰੇਸ਼ਨ ਸਲਾਹਕਾਰਾਂ ਜਾਂ ਵਕੀਲਾਂ ਨਾਲ ਗੱਲ ਕਰਨ ਅਤੇ ਆਪਣੇ ਸਾਰੇ ਜ਼ਰੂਰੀ ਦਸਤਾਵੇਜ਼ ਇਕੱਠੇ ਕਰ ਲੈਣ।

ਕੈਨੇਡਾ ਸਰਕਾਰ ਆਪਣੇ ਦੇਸ਼ ਦੇ ਹਿੱਤਾਂ ਅਤੇ ਕਾਨੂੰਨਾਂ ਨੂੰ ਮੁੱਖ ਰੱਖ ਕੇ ਫੈਸਲੇ ਲੈ ਰਹੀ ਹੈ, ਜਿਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਪਰ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਲਈ ਇਹ ਚੇਤਾਵਨੀ ਹੈ। ਜੇਕਰ ਪੰਜਾਬ ਵਿੱਚ ਰੁਜ਼ਗਾਰ ਅਤੇ ਸੁਰੱਖਿਆ ਦੇ ਹਾਲਾਤ ਬਿਹਤਰ ਹੁੰਦੇ, ਤਾਂ ਸ਼ਾਇਦ ਸਾਡੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਅਜਿਹੇ ਜੋਖਮ ਭਰੇ ਰਾਹ ਨਾ ਚੁਣਨੇ ਪੈਂਦੇ। ਪ੍ਰਭਾਵਿਤ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਮਾਨਤਾ ਪ੍ਰਾਪਤ ਕਾਨੂੰਨੀ ਮਾਹਿਰਾਂ ਦੀ ਸਲਾਹ ਲੈਣ ਅਤੇ ਸਹੀ ਦਸਤਾਵੇਜ਼ ਪੇਸ਼ ਕਰਨ। ਪਰ ਸਭ ਤੋਂ ਵੱਡਾ ਸਬਕ ਇਹ ਹੈ ਕਿ ਵਿਦੇਸ਼ ਜਾਣ ਦੀ ਹੋੜ ਵਿੱਚ ਕਾਨੂੰਨੀ ਨਿਯਮਾਂ ਦੀ ਉਲੰਘਣਾ ਕਰਨਾ ਅੰਤ ਵਿੱਚ ਮਾਰੂ ਸਾਬਤ ਹੁੰਦਾ ਹੈ।

## ਬਰਤਾਨੀਆ: ਸਿੱਖ ਮਹਿਲਾ ਨਾਲ ਜਬਰ-ਜਨਾਹ ਦੇ ਮਾਮਲੇ 'ਚ ਮੁਲਜ਼ਮ ਨੇ ਆਪਣਾ ਗੁਨਾਹ ਕਬੂਲਿਆ




ਬਰਮਿੰਘਮ ਕਰਾਊਨ ਕੋਰਟ ਵਿੱਚ 32 ਸਾਲਾ ਬਰਤਾਨਵੀ ਨਾਗਰਿਕ ਜੌਨ ਐਸ਼ਬੀ ਨੇ ਇੱਕ ਸਿੱਖ ਮਹਿਲਾ ਨਾਲ ਧਾਰਮਿਕ ਨਫ਼ਰਤ ਤਹਿਤ ਜਬਰ-ਜਨਾਹ ਕਰਨ ਦਾ ਗੁਨਾਹ ਕਬੂਲ ਲਿਆ ਹੈ। ਇਹ ਘਟਨਾ ਪਿਛਲੇ ਸਾਲ ਅਕਤੂਬਰ ਵਿੱਚ ਵਾਲਸਾਲ ਇਲਾਕੇ ਵਿੱਚ ਵਾਪਰੀ ਸੀ, ਜਿਸ ਤੋਂ ਬਾਅਦ ਪੂਰੇ ਵੈਸਟ ਮਿਡਲੈਂਡਜ਼ ਭਾਈਚਾਰੇ ਵਿੱਚ ਡਰ ਅਤੇ ਗੁੱਸੇ ਦੀ ਲਹਿਰ ਫੈਲ ਗਈ ਸੀ। ਮੁਲਜ਼ਮ ਨੇ ਪਹਿਲਾਂ ਜਿਨਸੀ ਸ਼ੋਸ਼ਣ, ਗਲਾ ਘੁੱਟਣ ਅਤੇ ਲੁੱਟ-ਖੋਹ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ ਪਰ ਮੁਕੱਦਮਾ ਸ਼ੁਰੂ ਹੁੰਦੇ ਹੀ ਉਸ ਨੇ ਆਪਣਾ ਜੁਰਮ ਮੰਨ ਲਿਆ। ਅਦਾਲਤ ਵਿੱਚ ਦੱਸਿਆ ਗਿਆ ਕਿ 25 ਅਕਤੂਬਰ ਦੀ ਸ਼ਾਮ ਨੂੰ ਮੁਲਜ਼ਮ ਨੇ ਪੀੜਤ ਮਹਿਲਾ ਦਾ ਬੱਸ ਸਟਾਪ ਤੋਂ ਪਿੱਛਾ ਕੀਤਾ ਅਤੇ ਉਸ ਦੇ ਘਰ ਵਿੱਚ ਦਾਖਲ ਹੋ ਕੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਐਸ਼ਬੀ ਨੇ ਮਹਿਲਾ ਵਿਰੁੱਧ ਇਸਲਾਮ-ਵਿਰੋਧੀ (anit-Musilm) ਭੱਦੀ ਸ਼ਬਦਾਵਲੀ ਵਰਤੀ ਕਿਉਂਕਿ ਉਸ ਨੂੰ ਗਲਤਫ਼ਹਿਮੀ ਸੀ ਕਿ ਮਹਿਲਾ ਮੁਸਲਿਮ ਧਰਮ ਨਾਲ ਸਬੰਧਤ ਹੈ। ਸੀ.ਸੀ.ਟੀ.ਵੀ. ਫੁਟੇਜ ਵਿੱਚ ਦੇਖਿਆ ਗਿਆ ਕਿ ਉਹ ਉਸੇ ਬੱਸ ਵਿੱਚ ਸਵਾਰ ਸੀ ਜਿਸ ਵਿੱਚ ਮਹਿਲਾ ਸਫਰ ਕਰ ਰਹੀ ਸੀ। ਇਸ ਤੋਂ ਬਾਅਦ ਜਦੋਂ ਬਾਹਰੋਂ ਕਿਸੇ ਨੇ ਆਵਾਜ਼ ਮਾਰੀ ਤਾਂ ਐਸ਼ਬੀ ਘਬਰਾ ਗਿਆ ਅਤੇ ਮਹਿਲਾ ਦੇ ਗਹਿਣੇ ਤੇ ਮੋਬਾਈਲ ਫੋਨ ਲੈ ਕੇ ਫ਼ਰਾਰ ਹੋ ਗਿਆ।

## ਹਰਿਮੰਦਰ ਸਾਹਿਬ ਦੇ ਸੇਵਾਦਾਰਾਂ ਨੇ ਪੇਸ਼ ਕੀਤੀ ਇਮਾਨਦਾਰੀ ਦੀ ਮਿਸਾਲ

### ✪ 20 ਲੱਖ ਦੀ ਨਕਦੀ ਤੇ ਪਾਸਪੋਰਟਾਂ ਨਾਲ ਭਰਿਆ ਬੈਗ ਮਾਲਕ ਨੂੰ ਸੌਂਪਿਆ

ਅੰਮ੍ਰਿਤਸਰ-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਤਾਇਨਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਰੱਖਿਆ ਦਸਤੇ ਨੇ ਆਪਣੀ ਇਮਾਨਦਾਰੀ ਅਤੇ ਮੁਸਤੈਦੀ ਨਾਲ ਸੰਗਤ ਦਾ ਦਿਲ ਜਿੱਤ ਲਿਆ ਹੈ। ਇੱਕ ਪ੍ਰਵਾਸੀ ਭਾਰਤੀ ਪਰਿਵਾਰ ਵੱਲੋਂ ਭੁੱਲਿਆ ਗਿਆ ਕੀਮਤੀ ਬੈਗ ਸੁਰੱਖਿਅਤ ਬਰਾਮਦ ਕਰਕੇ ਉਨ੍ਹਾਂ ਨੂੰ ਵਾਪਸ ਕਰ ਦਿੱਤਾ ਗਿਆ ਹੈ। ਵਿਦੇਸ਼ ਤੋਂ ਨਤਮਸਤਕ ਹੋਣ ਆਏ ਸ਼ਰਧਾਲੂ ਸਰਦਾਰ ਸੋਧੀ ਸਿੰਘ ਆਪਣੀ ਫਲਾਈਟ ਦੀ ਜਲਦਬਾਜ਼ੀ ਕਾਰਨ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਆਪਣਾ ਬੈਗ ਕਿਤੇ ਰੱਖ ਕੇ ਭੁੱਲ ਗਏ ਸਨ। ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ, ਤਾਂ ਉਨ੍ਹਾਂ ਨੇ ਤੁਰੰਤ ਪ੍ਰਬੰਧਕਾਂ ਨੂੰ ਸੂਚਿਤ ਕੀਤਾ। ਬੈਗ ਵਿੱਚ ਪੌਂਡ ਸਨ ਜਿਸਦੀ ਭਾਰਤੀ ਕਰੰਸੀ ਅਨੁਸਾਰ ਕੀਮਤ ਲਗਭਗ 20 ਲੱਖ ਰੁਪਏ ਸੀ। ਬੈਗ ਵਿਚ ਇੱਕ ਭਾਰਤੀ ਪਾਸਪੋਰਟ ਤੇ ਦੋ ਅਮਰੀਕੀ ਪਾਸਪੋਰਟ ਸਨ।

## ਐਨਐਸਏ ਦਾ ਅੰਤ, ਪਰ ਡਿਬਰੂਗੜ੍ਹ ਦਾ ਪਹਿਰਾ ਬਰਕਰਾਰ

# ਅੰਮ੍ਰਿਤਪਾਲ ਲਈ ਰਿਹਾਈ ਹਾਲੇ ਕੋਹਾਂ ਦੂਰ !

**✪ ਹਾਈ ਕੋਰਟ ਦਾ ਵੱਡਾ ਝਟਕਾ: ਕਾਨੂੰਨੀ ਦਾਅ-ਪੇਚਾਂ ਵਿਚ ਉਲਝੀ ਐਮਪੀ ਅੰਮ੍ਰਿਤਪਾਲ ਦੀ ਆਜ਼ਾਦੀ ✪ ਪੰਥਕ ਰਾਜਨੀਤੀ ਨੂੰ ਕੁਚਲਣ ਦਾ ਨਵਾਂ ਮਾਡਲ ਕਿਉਂ ਡਰਦੀਆਂ ਨੇ ਰਵਾਇਤੀ ਪਾਰਟੀਆਂ? ✪ ਕੀ 'ਵਾਰਿਸ ਪੰਜਾਬ ਦੇ' ਅਤੇ 'ਪੁਨਰ ਸੁਰਜੀਤ' ਦਾ ਗਠਜੋੜ-ਬਣ ਸਕੇਗਾ ਤੀਜਾ ਬਦਲ?**



ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਉਮੀਦ ਨੂੰ ਇੱਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਤਾਜ਼ਾ ਫੈਸਲੇ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਰਾਸ਼ਟਰੀ ਸੁਰੱਖਿਆ ਐਕਟ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਉਹ ਫਿਲਹਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਹੀ ਨਜ਼ਰਬੰਦ ਰਹਿਣਗੇ।

ਬੁੱਧੀਜੀਵੀਆਂ ਅਤੇ ਕਾਨੂੰਨ ਦੇ ਮਾਹਿਰਾਂ ਅਨੁਸਾਰ, ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨਾ ਹੋਣ ਦੇ ਪਿੱਛੇ ਮੁੱਖ ਕਾਰਨ 'ਬਹੁ-ਪਰਤੀ ਕਾਨੂੰਨੀ ਸ਼ਿਕੰਜਾ' ਹੈ: ਭਾਵੇਂ 22 ਅਪ੍ਰੈਲ ਨੂੰ ਐਨਐਸਏ ਦੀ ਮਿਆਦ ਖ਼ਤਮ ਹੋ ਰਹੀ ਹੈ, ਪਰ ਉਨ੍ਹਾਂ ਵਿਰੁੱਧ ਪੰਜਾਬ ਵਿੱਚ ਲਗਭਗ 12 ਹੋਰ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਅਜਨਾਲਾ ਥਾਣੇ 'ਤੇ ਹਮਲੇ ਵਰਗੇ ਗੰਭੀਰ ਇਲਜ਼ਾਮ ਸ਼ਾਮਲ ਹਨ। ਪੰਜਾਬ ਸਰਕਾਰ ਨੇ ਅਦਾਲਤ ਵਿੱਚ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਦਾ ਹਵਾਲਾ ਦਿੱਤਾ ਹੈ ਕਿ ਜੇਕਰ ਉਹ ਬਾਹਰ ਆਉਂਦੇ ਹਨ, ਤਾਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਵਿਗੜ ਸਕਦੀ ਹੈ।

ਕਾਨੂੰਨੀ ਮਾਹਿਰਾਂ ਮੁਤਾਬਕ, ਜਦੋਂ ਸਰਕਾਰ ਕਿਸੇ ਮਸਲੇ ਨੂੰ 'ਰਾਸ਼ਟਰੀ ਸੁਰੱਖਿਆ' ਨਾਲ ਜੋੜ ਦਿੰਦੀ ਹੈ, ਤਾਂ ਅਦਾਲਤਾਂ ਅਕਸਰ ਬਹੁਤ ਸਾਵਧਾਨੀ ਨਾਲ ਚਲਦੀਆਂ ਹਨ। ਅੰਮ੍ਰਿਤਪਾਲ ਦੇ ਵਕੀਲ ਇਮਾਨ ਸਿੰਘ ਖਾਰਾ ਲਗਾਤਾਰ ਸਾਰੇ ਕੇਸਾਂ ਦਾ ਟਰਾਇਲ ਇੱਕੋ ਥਾਂ ਕਰਨ ਦੀ ਮੰਗ ਕਰ ਰਹੇ ਹਨ, ਪਰ ਸਰਕਾਰੀ ਮਸ਼ੀਨਰੀ ਇਸ ਪ੍ਰਕਿਰਿਆ ਨੂੰ ਲੰਬਾ ਖਿੱਚ ਰਹੀ ਹੈ।

ਸਿਆਸੀ ਵਿਸ਼ਲੇਸ਼ਕ ਜਸਪਾਲ ਸਿੰਘ ਸਿੱਧੂ ਅਤੇ ਹੋਰ ਮਾਹਿਰਾਂ ਅਨੁਸਾਰ, ਇਸ ਦੇ ਪਿੱਛੇ ਡੂੰਘੀ ਸਿਆਸਤ ਹੈ। ਕੇਂਦਰ ਅਤੇ ਸੂਬਾ ਸਰਕਾਰ ਦੋਵੇਂ ਹੀ ਪੰਜਾਬ ਵਿੱਚ ਇੱਕ ਨਵੀਂ 'ਕੱਟੜਪੰਥੀ ਲਹਿਰ' ਜਾਂ 'ਗਰਮ-ਖਿਆਲੀ' ਸਿਆਸਤ ਦੇ ਉਭਾਰ ਤੋਂ ਚਿੰਤਤ ਹਨ। ਅੰਮ੍ਰਿਤਪਾਲ ਸਿੰਘ ਦਾ ਐਮ.ਪੀ. ਚੁਣੇ ਜਾਣਾ ਇਹ ਸਾਬਤ ਕਰਦਾ ਹੈ ਕਿ ਉਹਨਾਂ ਦਾ ਜਨਤਕ ਆਧਾਰ ਵਧਿਆ ਹੈ, ਜੋ ਰਵਾਇਤੀ ਪਾਰਟੀਆਂ (ਆਪ, ਕਾਂਗਰਸ, ਅਕਾਲੀ ਦਲ) ਲਈ ਚੁਣੌਤੀ ਹੈ।

2027 ਦੀਆਂ ਵਿਧਾਨ ਸਭਾ ਚੋਣਾਂ: ਕੁਝ ਮਾਹਿਰ ਮੰਨਦੇ ਹਨ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਚੋਣਾਂ ਦੇ ਨੇੜੇ ਇੱਕ 'ਸਿਆਸੀ ਹਥਿਆਰ' ਵਜੋਂ ਵਰਤ ਸਕਦੀ ਹੈ ਤਾਂ ਜੋ ਅਕਾਲੀ ਦਲ ਦੀਆਂ ਵੋਟਾਂ ਵਿੱਚ ਸੰਨ੍ਹ ਲਾਈ ਜਾ ਸਕੇ, ਪਰ ਫਿਲਹਾਲ ਉਸਨੂੰ ਜੇਲ੍ਹ ਵਿੱਚ ਰੱਖਣਾ ਸੁਰੱਖਿਆ ਅਤੇ ਸਿਆਸੀ ਸਥਿਰਤਾ ਦੇ ਨਜ਼ਰੀਏ ਤੋਂ ਸਰਕਾਰ ਨੂੰ ਫਾਇਦੇਮੰਦ ਲੱਗ ਰਿਹਾ ਹੈ।

ਪਰਮਿੰਦਰ ਸਿੰਘ ਸ਼ੌਕੀ ਵਰਗੇ ਲੇਖਕਾਂ ਦਾ ਤਰਕ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਹਜ਼ਾਰਾਂ ਲੋਕ ਵੋਟ ਪਾ ਕੇ ਚੁਣਦੇ ਹਨ, ਤਾਂ ਉਸਨੂੰ 'ਰਾਸ਼ਟਰੀ ਸੁਰੱਖਿਆ ਲਈ ਖ਼ਤਰਾ' ਦੱਸਣਾ ਲੋਕਤੰਤਰੀ ਫਤਵੇ ਦਾ ਅਪਮਾਨ ਹੈ। ਸਰਕਾਰ ਅਕਸਰ ਐਨਐਸਏ ਅਤੇ ਯੂਏਪੀਏ ਵਰਗੇ ਕਾਨੂੰਨਾਂ ਦੀ ਵਰਤੋਂ ਰਾਜਸੀ ਵਿਰੋਧੀਆਂ ਨੂੰ ਦਬਾਉਣ ਲਈ ਕਰਦੀ ਹੈ। ਅੰਮ੍ਰਿਤਪਾਲ ਸਿੰਘ ਦੀ ਧਿਰ ਨੂੰ ਵੀ ਸਵਾਲ ਹੈ ਕਿ ਉਹ ਇਸ ਲੜਾਈ ਨੂੰ ਸਿਰਫ਼ ਕਾਨੂੰਨੀ ਤੌਰ 'ਤੇ ਲੜਨ ਦੀ ਬਜਾਏ, ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਵਜੋਂ ਉਭਾਰਨ ਵਿੱਚ ਅਸਫਲ ਕਿਉਂ ਰਹੀ ਹੈ?

ਅੰਮ੍ਰਿਤਪਾਲ ਸਿੰਘ ਦੀ ਰਾਜਨੀਤੀ ਦਾ ਭਵਿੱਖ ਹੁਣ ਪੂਰੀ ਤਰ੍ਹਾਂ ਅਦਾਲਤੀ ਫੈਸਲਿਆਂ ਅਤੇ ਸਰਕਾਰ ਦੀ ਨੀਅਤ 'ਤੇ ਟਿਕਿਆ ਹੋਇਆ ਹੈ। ਜੇਕਰ ਉਹ ਲੰਬਾ ਸਮਾਂ ਜੇਲ੍ਹ ਵਿੱਚ ਰਹਿੰਦੇ ਹਨ, ਤਾਂ ਉਨ੍ਹਾਂ ਪ੍ਰਤੀ ਹਮਦਰਦੀ ਦੀ ਲਹਿਰ ਹੋਰ ਵਧ ਸਕਦੀ ਹੈ। ਪਰ ਜੇਕਰ ਸਰਕਾਰ ਟਰਾਇਲ ਰਾਹੀਂ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ ਵਿੱਚ ਸਫਲ ਹੋ ਜਾਂਦੀ ਹੈ, ਤਾਂ ਉਨ੍ਹਾਂ ਦੇ ਸਿਆਸੀ ਕਰੀਅਰ 'ਤੇ ਬ੍ਰੇਕ ਲੱਗ ਸਕਦੀ ਹੈ।

ਜੇਕਰ 2027 ਦੀਆਂ ਚੋਣਾਂ ਤੱਕ ਅੰਮ੍ਰਿਤਪਾਲ ਸਿੰਘ ਰਿਹਾਅ ਨਹੀਂ ਹੁੰਦੇ, ਤਾਂ ਵਾਰਿਸ ਪੰਜਾਬ ਦੀ ਅਗਵਾਈ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਕਰਨਗੇ। ਕਾਰਣ ਹੈ ਕਿ ਇਸ ਜਥੇਬੰਦੀ ਦੇ ਹੋਰ ਆਗੂ ਫਿਲਹਾਲ ਜੇਲ੍ਹ ਵਿੱਚ ਹਨ। ਹਾਲ ਦੀ ਘੜੀ ਨਵਾਂ ਚਿਹਰਾ ਉਭਰਨਾ ਮੁਸ਼ਕਲ ਹੈ।

ਸਿਮਰਨਜੀਤ ਸਿੰਘ ਮਾਨ ਇੱਕ ਸਥਾਪਿਤ ਪੰਥਕ ਚਿਹਰਾ ਹਨ, ਪਰ ਵਧਦੀ ਉਮਰ ਅਤੇ ਅੰਮ੍ਰਿਤਪਾਲ ਸਿੰਘ ਵਰਗੇ ਨਵੇਂ ਜੋਸ਼ ਦੀ ਘਾਟ ਕਾਰਨ ਨੌਜਵਾਨ ਕਿਸੇ ਹੋਰ 'ਨਵੇਂ' ਬਦਲ ਦੀ ਤਲਾਸ਼ ਵਿੱਚ ਹਨ।

ਕੁਝ ਬੁਧੀਜੀਵੀਆਂ ਦਾ ਮੰਨਣਾ ਹੈ ਕਿ ਪੰਥਕ ਸਿਆਸਤ ਦੇ ਖਿੰਡਾਅ ਦਾ ਫਾਇਦਾ ਆਮ ਆਦਮੀ ਪਾਰਟੀ ਜਾਂ ਭਾਰਤੀ ਜਨਤਾ ਪਾਰਟੀ ਨੂੰ ਹੋ ਸਕਦਾ ਹੈ, ਜੋ ਸਿੱਖ ਵੋਟਾਂ ਦੇ ਇੱਕ ਹਿੱਸੇ ਨੂੰ ਆਪਣੇ ਵੱਲ ਖਿੱਚਣ ਦੀ ਰਣਨੀਤੀ ਬਣਾ ਰਹੀਆਂ ਹਨ।

ਹਾਈ ਕੋਰਟ ਨੇ ਜੇਲ੍ਹ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਅਤੇ ਵਕੀਲਾਂ ਨਾਲ ਸਲਾਹ-ਮਸ਼ਵਰੇ ਦੀ ਸਹੂਲਤ ਦੇਣ ਦੇ ਨਿਰਦੇਸ਼ ਦਿੱਤੇ ਹਨ, ਜਿਸ ਦਾ ਮਤਲਬ ਹੈ ਕਿ ਕਾਨੂੰਨੀ ਜੰਗ ਹਾਲੇ ਲੰਬੀ ਚੱਲੇਗੀ। ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਕਿਸੇ ਇੱਕ ਮਜ਼ਬੂਤ ਚਿਹਰੇ ਦੀ ਗੈਰ-ਹਾਜ਼ਰੀ ਵਿੱਚ ਪੰਥਕ ਵੋਟ ਕਈ ਹਿੱਸਿਆਂ ਵਿੱਚ ਵੰਡੀ ਜਾ ਸਕਦੀ ਹੈ। ਅੰਮ੍ਰਿਤਪਾਲ ਸਿੰਘ ਨੇ ਪੰਥਕ ਸਿਆਸਤ ਨੂੰ ਇੱਕ 'ਰੇਡੀਕਲ' ਮੋੜ ਦਿੱਤਾ ਸੀ। ਉਸ ਪੱਧਰ ਦਾ ਪ੍ਰਭਾਵ ਪੈਦਾ ਕਰਨ ਲਈ ਕਿਸੇ ਵੀ ਨਵੇਂ ਚਿਹਰੇ ਨੂੰ ਸਿਰਫ਼ ਭਾਸ਼ਣਬਾਜ਼ੀ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਕੋਈ ਵੱਡਾ ਅੰਦੋਲਨ ਤੇ ਨੈਰੇਟਿਵ ਖੜ੍ਹਾ ਕਰਨਾ ਪਵੇਗਾ।

ਜੇਕਰ 2027 ਦੀਆਂ ਚੋਣਾਂ ਤੱਕ ਅੰਮ੍ਰਿਤਪਾਲ ਸਿੰਘ ਰਿਹਾਅ ਨਹੀਂ ਹੁੰਦੇ, ਤਾਂ ਤਰਸੇਮ ਸਿੰਘ ਦਾ ਚੋਣ ਮੈਦਾਨ ਵਿੱਚ ਉਤਰਨਾ ਲਗਭਗ ਤੈਅ ਮੰਨਿਆ ਜਾ ਰਿਹਾ ਹੈ ਹੋਰ ਪੰਥਕ ਜਥੇਬੰਦੀਆਂ ਨੂੰ ਇੱਕ ਛੱਤ ਹੇਠ ਲਿਆਉਣ ਲਈ ਇੱਕ "ਧੁਰਾ" ਬਣ ਸਕਦਾ ਹੈ।

ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਦੇ ਪਿਤਾ, ਜਥੇਦਾਰ ਤਰਸੇਮ ਸਿੰਘ, ਲਗਾਤਾਰ ਮੂਹਰੇ ਹੋ ਕੇ ਸੰਘਰਸ਼ ਕਰ ਰਹੇ ਹਨ। ਉਹ ਬਹੁਤ ਹੀ ਸੰਜਮ ਅਤੇ ਸੂਝ-ਬੂਝ ਨਾਲ ਮੀਡੀਆ ਅਤੇ ਜਨਤਕ ਇਕੱਠਾਂ ਨੂੰ ਸੰਬੋਧਨ ਕਰਦੇ ਹਨ, ਜਿਸ ਕਾਰਨ ਲੋਕਾਂ ਵਿੱਚ ਉਨ੍ਹਾਂ ਦਾ ਸਤਿਕਾਰ ਵਧਿਆ। ਅੰਮ੍ਰਿਤਪਾਲ ਦੀ ਚੋਣ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਚਲਾਉਣ ਵਿੱਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ। ਉਹ ਲਹਿਰ ਨੂੰ ਸਿਆਸੀ ਰੂਪ ਦੇਣ ਦੀ ਸਮਰੱਥਾ ਰੱਖਦੇ ਹਨ।

ਪੰਜਾਬ ਦੀਆਂ ਆਗਾਮੀ ਸਿਆਸੀ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ, ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਧੜੇ 'ਪੁਨਰ ਸੁਰਜੀਤ' ਨੇ ਹੱਥ ਮਿਲਾ ਲਿਆ ਹੈ। ਇਸ ਨਵੇਂ ਬਣੇ ਗਠਜੋੜ ਨੇ 'ਪੰਥਕ ਏਕਤਾ ਤਾਲਮੇਲ ਕਮੇਟੀ' ਦਾ ਗਠਨ ਕੀਤਾ ਹੈ, ਜਿਸ ਦੀ ਕਮਾਨ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੂੰ ਸੌਂਪੀ ਗਈ ਹੈ। ਅੰਮ੍ਰਿਤਪਾਲ ਸਿੰਘ ਦੀ ਪਾਰਟੀ ਕੋਲ ਵੱਡਾ ਜਨਤਕ ਆਧਾਰ ਅਤੇ ਨੌਜਵਾਨਾਂ ਦਾ ਜੋਸ਼ ਹੈ, ਪਰ ਉਨ੍ਹਾਂ ਕੋਲ ਕੋਈ ਰਵਾਇਤੀ ਸਿਆਸੀ ਢਾਂਚਾ ਨਹੀਂ ਸੀ।

ਵਿਧਾਇਕ ਮਨਪ੍ਰੀਤ ਸਿੰਘ ਇਆਲੀ ਇਯਾਲੀ ਅਤੇ ਛੋਟੇਪੁਰ ਵਰਗੇ ਆਗੂਆਂ ਦੇ ਨਾਲ ਆਉਣ ਨਾਲ ਇਸ ਲਹਿਰ ਨੂੰ ਸਿਆਸੀ ਪਰਿਪੱਕਤਾ ਮਿਲੇਗੀ। ਸੁਖਬੀਰ ਬਾਦਲ ਤੋਂ ਵੱਖ ਹੋਏ ਆਗੂਆਂ ਕੋਲ ਤਜ਼ਰਬਾ ਤਾਂ ਹੈ, ਪਰ ਉਨ੍ਹਾਂ ਨੂੰ ਇੱਕ ਅਜਿਹੇ ਚਿਹਰੇ ਦੀ ਲੋੜ ਸੀ ਜੋ ਵੋਟਰਾਂ ਨੂੰ ਖਿੱਚ ਸਕੇ।

ਅੰਮ੍ਰਿਤਪਾਲ ਸਿੰਘ ਦੀ ਮਕਬੂਲੀਅਤ ਉਨ੍ਹਾਂ ਲਈ "ਵੋਟ ਬੈਂਕ" ਦਾ ਕੰਮ ਕਰ ਸਕਦੀ ਹੈ। ਇਹ ਗਠਜੋੜ ਪੰਜਾਬ ਵਿੱਚ 'ਆਪ', ਕਾਂਗਰਸ ਅਤੇ ਬਾਦਲ ਦਲ ਦੇ ਮੁਕਾਬਲੇ ਇੱਕ ਅਜਿਹਾ ਫਰੰਟ ਬਣ ਸਕਦਾ ਹੈ ਜੋ ਪੰਥਕ ਮੁੱਦਿਆਂ ਦੇ ਨਾਲ-ਨਾਲ ਪੰਜਾਬ ਦੇ ਖੇਤਰੀ ਮੁੱਦਿਆਂ (ਕਿਸਾਨੀ, ਪਾਣੀ, ਪਛਾਣ) ਦੀ ਗੱਲ ਕਰੇਗਾ ਨੌਜਵਾਨਾਂ ਵਿੱਚ ਇਸ ਗਠਜੋੜ ਨੂੰ ਲੈ ਕੇ ਉਤਸ਼ਾਹ ਹੋ ਸਕਦਾ ਹੈ, ਕਿਉਂਕਿ ਉਹ ਰਵਾਇਤੀ ਪਾਰਟੀਆਂ ਤੋਂ ਅੱਕ ਚੁੱਕੇ ਹਨ।

ਕੁਝ ਲੋਕ ਸੁੱਚਾ ਸਿੰਘ ਛੋਟੇਪੁਰ ਅਤੇ ਮਨਪ੍ਰੀਤ ਇਯਾਲੀ ਦੀ "ਨਰਮ" ਰਾਜਨੀਤੀ ਅਤੇ ਅੰਮ੍ਰਿਤਪਾਲ ਸਿੰਘ ਦੀ "ਗਰਮ" ਰਾਜਨੀਤੀ ਦੇ ਸੁਮੇਲ ਨੂੰ ਸ਼ੱਕ ਦੀ ਨਜ਼ਰ ਨਾਲ ਵੀ ਦੇਖ ਸਕਦੇ ਹਨ। ਕੀ ਇਹ ਦੋਵੇਂ ਵੱਖ-ਵੱਖ ਵਿਚਾਰਧਾਰਾਵਾਂ ਲੰਬਾ ਸਮਾਂ ਇਕੱਠੀਆਂ ਚੱਲ ਸਕਣਗੀਆਂ? ਇਹ ਵੱਡਾ ਸਵਾਲ ਹੈ। ਜੇਕਰ ਅੰਮ੍ਰਿਤਪਾਲ ਸਿੰਘ ਜਲਦੀ ਬਾਹਰ ਆਉਂਦੇ ਹਨ, ਤਾਂ ਇਹ ਗਠਜੋੜ ਪੰਜਾਬ ਵਿੱਚ ਤੂਫ਼ਾਨ ਖੜ੍ਹਾ ਕਰ ਸਕਦਾ ਹੈ। ਜੇਕਰ ਉਹ ਜੇਲ੍ਹ ਵਿੱਚ ਰਹਿੰਦੇ ਹਨ, ਤਾਂ ਇਯਾਲੀ ਅਤੇ ਛੋਟੇਪੁਰ ਨੂੰ ਇਸ ਲਹਿਰ ਨੂੰ ਜ਼ਿੰਦਾ ਰੱਖਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਜਿਵੇਂ ਕਿ ਉਨ੍ਹਾਂ ਨੇ ਕਿਸਾਨ ਜਥੇਬੰਦੀਆਂ ਤੋਂ ਸਹਿਯੋਗ ਮੰਗਿਆ ਹੈ, ਜੇਕਰ ਸੰਯੁਕਤ ਕਿਸਾਨ ਮੋਰਚਾ ਜਾਂ ਹੋਰ ਵੱਡੀਆਂ ਯੂਨੀਅਨਾਂ ਇਸ ਦਾ ਸਮਰਥਨ ਕਰਦੀਆਂ ਹਨ, ਤਾਂ ਇਹ ਗਠਜੋੜ ਬਹੁਤ ਸ਼ਕਤੀਸ਼ਾਲੀ ਹੋ ਜਾਵੇਗਾ। ਸੁਖਬੀਰ ਬਾਦਲ ਲਈ ਇਹ ਸਭ ਤੋਂ ਵੱਡੀ ਚੁਣੌਤੀ ਹੈ। ਫਿਲਹਾਲ, ਪੰਜਾਬ ਦੀ ਸਿਆਸਤ "ਦੇਖੋ ਅਤੇ ਇੰਤਜ਼ਾਰ ਕਰੋ" ਦੀ ਸਥਿਤੀ ਵਿੱਚ ਹੈ।

✪✪✪

# ਵਿਸਾਖੀ ਨਗਰ ਕੀਰਤਨ ਵਿੱਚ ਡਰਬੀ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ

ਡਰਬੀ (ਪੰਜਾਬ ਟਾਈਮਜ਼) – ਖਾਲਸਾ ਪੰਥ ਦੇ ਸਿਰਜਣਾ ਦਿਵਸ ਦੇ ਸਬੰਧ ਵਿੱਚ ਬੀਤੇ ਐਤਵਾਰ 19 ਅਪਰੈਲ ਨੂੰ ਡਰਬੀ ਦੇ ਪੰਜ ਗੁਰਦੁਆਰਾ ਸਾਹਿਬਾਨ ਵੱਲੋਂ ਸਾਂਝੇ ਤੌਰ ਤੇ ਨਗਰ ਕੀਰਤਨ ਆਯੋਜਿਤ ਕੀਤੇ ਗਏ । ਇਹ ਨਗਰ ਕੀਰਤਨ ਬਾਅਦ ਦੁਪਹਿਰ 2 ਕੁ ਵਜੇ ਦੇ ਕਰੀਬ ਸ੍ਰੀ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ ਜਿੱਥੇ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਰਘਬੀਰ ਸਿੰਘ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਪੁਰੇਵਾਲ ਅਤੇ ਸਿੰਘ ਸਭਾ ਦੇ ਸਮੂਹ ਸੇਵਾਦਾਰਾਂ ਤੇ ਸੰਗਤਾਂ ਨੇ ਸਵਾਗਤ ਕੀਤਾ ਤੇ ਜੀ ਆਇਆਂ ਆਖਿਆ। ਇਹ ਸਾਰੇ ਸਮਾਗਮ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਏ ਗਏ । ਇਸ ਮੌਕੇ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਕੌਂਸਲਰਾਂ ਦੀ ਹਾਜ਼ਰੀ ਵਿੱਚ ਇਹ ਯਾਦ ਦਿਵਾਇਆ ਕਿ ਨਵੰਬਰ 1984 ਨੂੰ ਭਾਰਤ ਦੀ ਰਾਜਧਾਨੀ ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਸਬੰਧੀ ਜਿਵੇਂ ਬੀਤੇ ਸਾਲ ਡਰਬੀ ਸਿਟੀ ਕੌਂਸਲ ਵਿੱਚ ਮਤਾ ਪਾਸ ਕੀਤਾ ਗਿਆ ਸੀ, ਇਸ ਨੂੰ ਬਰਤਾਨਵੀ ਸੰਸਦ ਮੈਂਬਰਾਂ ਨਾਲ ਗੱਲ ਕਰਕੇ ਪਾਰਲੀਮੈਂਟ ਵਿੱਚ ਮਨਜ਼ੂਰੀ ਦਿਵਾਈ ਜਾਵੇ।








ਤਸਵੀਰਾਂ: ਡਰਬੀ ਵਿਖੇ ਵਿਸਾਖੀ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ

ਨਗਰ ਕੀਰਤਨ ਵਿੱਚ ਡਰਬੀ ਦੇ ਸਾਰੇ ਗੁਰਦੁਆਰਾ ਸਾਹਿਬ, ਸਿੰਘ ਸਭਾ ਗੁਰ-ਦੁਆਰਾ, ਰਾਮਗੜ੍ਹੀਆ ਸਭਾ, ਖਾਲਸਾ ਦਰਬਾਰ ਗੁਰਦੁਆਰਾ ਸਿਨਫਿਨ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਤੋਂ ਸੰਗਤਾਂ ਸ਼ਾਮਿਲ ਹੋਈਆਂ । ਸਿੱਖ ਸੰਗਤਾਂ ਨੂੰ ਵਿਸਾਖੀ ਦੀ ਵਧਾਈ ਦੇਣ ਲਈ ਵੱਖ-ਵੱਖ ਪਾਰਟੀਆਂ ਦੇ ਸਥਾਨਕ ਆਗੂ ਤੇ ਕੌਂਸਲਰ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ ਅਤੇ ਸਿੱਖ ਸੰਗਤਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ । ਜਿਹਨਾਂ ਵਿੱਚ ਕੌਂਸਲਰ ਬਲਬੀਰ ਸਿੰਘ ਸੰਧੂ, ਕੌਂਸਲਰ ਗੁਰਕਿਰਨ ਕੌਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ, ਡਰਬੀ ਦੇ ਮੇਅਰ ਕੌਂਸਲਰ ਅਜੀਤ ਸਿੰਘ ਅਟਵਾਲ ਆਦਿ ਦੇ ਨਾਂ ਵਰਣਨਯੋਗ ਹਨ। ਸਾਰਿਆਂ ਨੇ ਸੰਗਤਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ । ਇਸ ਮੌਕੇ ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਡਾ: ਹਰਦਿਆਲ ਸਿੰਘ ਢਿੱਲੋਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਖਾਲਸਾ ਸਾਜਨਾ ਤੇ ਵਿਸਾਖੀ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਕਿਹਾ ਗੁਰਪੁਰਬ ਮਨਾਏ ਤਦ ਹੀ ਸਫ਼ਲ ਹਨ, ਜੇ ਅਸੀਂ ਗੁਰੂ ਸਾਹਿਬ ਦੇ ਦੱਸੇ ਸੱਚ ਦੇ ਮਾਰਗ ਤੇ ਚੱਲਦੇ ਹੋਏ ਜੀਵਨ ਬਸਰ ਕਰਦੇ ਹਾਂ। ਸੰਗਤਾਂ ਵਾਸਤੇ ਸੇਵਾਦਾਰਾਂ ਨੇ ਸੜਕਾਂ ਦੇ ਕੰਢਿਆਂ ਤੇ ਖਾਣ-ਪੀਣ ਦੇ ਸਟਾਲ ਲਾਏ ਹੋਏ ਸਨ, ਜਿੱਥੇ ਕਈ ਪ੍ਰਕਾਰ ਦੇ ਖਾਣੇ ਅਤੇ ਪੀਣ ਦੇ ਪਦਾਰਥ ਸੰਗਤਾਂ ਨੂੰ ਵੰਡੇ ਗਏ । ਨਗਰ ਕੀਰਤਨ ਪੰਜ ਪਿਆਰਿਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਚਕਦਾ ਹੋਇਆ ਮੁੜ ਸ੍ਰੀ ਗੁਰੂ ਅਰਜਨ ਦੇਵ ਗੁਰ-ਦੁਆਰਾ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਇਆ । ਸ੍ਰੀ ਗੁਰੂ ਸਿੰਘ ਸਭਾ ਦੇ ਬਾਬਾ ਬੰਦਾ ਸਿੰਘ ਬਹਾਦਰ ਗਤਕਾ ਅਖਾੜਾ ਅਤੇ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਦੇ ਗਤਕੇ ਵਾਲੇ ਨੌਜਵਾਨਾਂ ਤੇ ਬੱਚਿਆਂ ਨੇ ਗਤਕੇ ਦੇ ਜੌਹਰ ਦਿਖਾਏ ।

# ਇਟਲੀ ਵਿਚ ਨਗਰ ਕੀਰਤਨ ਤੋਂ ਪਹਿਲਾਂ ਵੱਡੀ ਵਾਰਦਾਤ

## ✪ ਗੁਰਦੁਆਰਾ ਸਾਹਿਬ ਦੇ ਬਾਹਰ ਦੋ ਸਿੱਖ ਆਗੂਆਂ ਦਾ ਗੋਲੀਆਂ ਮਾਰ ਕੇ ਕਤਲ

ਕੋਵੋ (ਇਟਲੀ)-ਇਟਲੀ ਦੇ ਜ਼ਿਲ੍ਹਾ ਬੈਰਗਾਮੋ ਦੇ ਸ਼ਹਿਰ ਕੋਵੋ ਤੋਂ ਇੱਕ ਬਹੁਤ ਹੀ ਮੰਦਭਾਗੀ ਅਤੇ ਦਿਲ-ਕੰਬਾਊ ਖ਼ਬਰ ਸਾਹਮਣੇ ਆਈ ਹੈ। ਇੱਥੇ ਸਥਿਤ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਦੇ ਪ੍ਰਵੇਸ਼ ਦੁਆਰ ’ਤੇ ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਅੰਨ੍ਹੇਵਾਹ ਗੋਲੀਬਾਰੀ ਵਿੱਚ ਦੋ ਸਿੱਖ ਆਗੂਆਂ ਦੀ ਮੌਤ ਹੋ ਗਈ ਹੈ। ਇਸ ਘਟਨਾ ਤੋਂ ਬਾਅਦ ਪੂਰੇ ਇਟਲੀ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਅਤੇ ਸੋਗ ਦੀ ਲਹਿਰ ਪਾਈ ਜਾ ਰਹੀ ਹੈ।





ਪ੍ਰਾਪਤ ਜਾਣਕਾਰੀ ਅਨੁਸਾਰ, ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। 19 ਅਪ੍ਰੈਲ ਦੀ ਰਾਤ ਨੂੰ ਜਦੋਂ ਪ੍ਰਬੰਧਕ ਤਿਆਰੀਆਂ ਮੁਕੰਮਲ ਕਰਕੇ ਹਟੇ ਹੀ ਸਨ ਅਤੇ ਸੰਗਤ ਆਪਣੇ ਘਰਾਂ ਨੂੰ ਪਰਤ ਰਹੀ ਸੀ, ਤਾਂ ਘਾਤ ਲਗਾ ਕੇ ਬੈਠੇ ਹਮਲਾਵਰਾਂ ਨੇ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ ’ਤੇ ਖੜ੍ਹੇ ਦੋ ਪ੍ਰਬੰਧਕਾਂ ਰਜਿੰਦਰ ਸਿੰਘ ਰੰਮੀ (40 ਸਾਲ), ਗੁਰਮੀਤ ਸਿੰਘ (48 ਸਾਲ) ਨੂੰ ਨਿਸ਼ਾਨਾ ਬਣਾਇਆ। ਹਮਲਾਵਰਾਂ ਨੇ ਦੋਵਾਂ ਉੱਪਰ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਏ। ਹਾਲਾਂਕਿ ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

### ਪੁਲਿਸ ਵੱਲੋਂ ਜਾਂਚ ਜਾਰੀ

ਵਾਰਦਾਤ ਦੀ ਸੂਚਨਾ ਮਿਲਦਿਆਂ ਹੀ ਇਟਾਲੀਅਨ ਪੁਲਿਸ ਨੇ ਇਲਾਕੇ ਨੂੰ ਘੇਰ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵੱਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਅਤੇ ਚਸ਼ਮਦੀਦਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਫਿਲਹਾਲ ਹਮਲਾਵਰ ਫਰਾਰ ਦੱਸੇ ਜਾ ਰਹੇ ਹਨ। ਪੁਲਿਸ ਨੂੰ ਸ਼ੱਕ ਹੈ ਕਿ ਹਮਲਾਵਰ ਵੀ ਭਾਰਤੀ ਮੂਲ ਦਾ ਹੀ ਕੋਈ ਵਿਅਕਤੀ ਹੈ ਜੋ ਅਕਸਰ ਗੁਰਦੁਆਰਾ ਸਾਹਿਬ ਆਉਂਦਾ-ਜਾਂਦਾ ਰਹਿੰਦਾ ਸੀ। ਚਸ਼ਮਦੀਦਾਂ ਨੇ ਵੀ ਇਸ ਵੱਲ ਇਸ਼ਾਰਾ ਕੀਤਾ ਹੈ। ਇਟਾਲੀਅਨ ਪੁਲਿਸ ਇਸ ਨੂੰ ਕਿਸੇ ਅਚਾਨਕ ਹੋਈ ਲੜਾਈ ਦੀ ਬਜਾਏ ਇੱਕ “ਕੋਲਡ-ਪਲੈਨਡ ਐਗਜ਼ੀਕਿਊਸ਼ਨ” (ਠੰਢੇ ਦਿਮਾਗ ਨਾਲ ਕੀਤੀ ਗਈ ਸਾਜ਼ਿਸ਼) ਵਜੋਂ ਦੇਖ ਰਹੀ ਹੈ। ਮੌਕੇ ਤੋਂ ਲਗਭਗ 10 ਗੋਲੀਆਂ ਦੇ ਖੋਲ ਬਰਾਮਦ ਹੋਏ ਹਨ। ਪੁਲਿਸ ਸੀ.ਸੀ.ਟੀ.ਵੀ. ਫੁਟੇਜ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਉਸ ਕਾਰ ਦਾ ਪਤਾ ਲਗਾਇਆ ਜਾ ਸਕੇ ਜਿਸ ਵਿੱਚ ਹਮਲਾਵਰ ਫਰਾਰ ਹੋਇਆ ਸੀ। ਜਾਂਚ ਏਜੰਸੀਆਂ ਇਸ ਗੱਲ ਦੀ ਵੀ ਪੜਤਾਲ ਕਰ ਰਹੀਆਂ ਹਨ ਕਿ ਕਿਤੇ ਇਹ ਹਮਲਾ ਕਿਸੇ ਆਪਸੀ ਜਾਂ ਅੰਦਰੂਨੀ ਰੰਜਿਸ਼ ਦਾ ਨਤੀਜਾ ਤਾਂ ਨਹੀਂ।

ਜ਼ਿਕਰਯੋਗ ਹੈ ਕਿ ਇਟਲੀ ਦੇ ਕਿਸੇ ਗੁਰਦੁਆਰਾ ਸਾਹਿਬ ਵਿੱਚ ਵਾਪਰੀ ਇਹ ਇਸ ਤਰ੍ਹਾਂ ਦੀ ਪਹਿਲੀ ਵੱਡੀ ਹਿੰਸਕ ਘਟਨਾ ਹੈ। ਨਗਰ ਕੀਰਤਨ ਤੋਂ ਮਹਿਜ਼ ਕੁਝ ਘੰਟੇ ਪਹਿਲਾਂ ਹੋਏ ਇਸ ਹਮਲੇ ਨੇ ਸੁਰੱਖਿਆ ਪ੍ਰਬੰਧਾਂ ’ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿੱਖ ਭਾਈਚਾਰੇ ਨੇ ਇਟਲੀ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ।

# ਵਰਲਡ ਸਿੱਖ ਆਰਗੇਨਾਜੇਸ਼ਨ ਦੀ ਪਹਿਲੀ 'ਐਂਟੀ-ਸਿੱਖ ਹੇਟ ਰਿਪੋਰਟ'

# ਕੈਨੇਡਾ ਵਿਚ ਸਿੱਖਾਂ ਵਿਰੁੱਧ ਨਫ਼ਰਤ ਦਾ ਹੜ੍ਹ: 80% ਭਾਈਚਾਰਾ ਅਸੁਰੱਖਿਅਤ, ਸਰਕਾਰ ਦੀ ਚੁੱਪ 'ਤੇ ਸਵਾਲ!

## ✪ ਨਫ਼ਰਤ ਦੀ ਮਾਰ ਹੇਠ ਸਿੱਖ, ਪਰ 70% ਪੀੜਤ ਰਿਪੋਰਟ ਕਰਨ ਤੋਂ ਡਰਦੇ ਨੇ







ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਕੀਤੀ ਗਈ ਰਿਪੋਰਟ **"Understanding and Addressing Anti-Sikh Hate"** ਨੇ ਕੈਨੇਡਾ ਦੇ ਉਸ ਦਾਅਵੇ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ, ਜਿਸ ਵਿੱਚ ਉਹ ਆਪਣੇ-ਆਪ ਨੂੰ ਦੁਨੀਆ ਦਾ ਸਭ ਤੋਂ ਸੁਰੱਖਿਅਤ ਅਤੇ ਬਹੁ-ਸੱਭਿਆਚਾਰਕ ਦੇਸ਼ ਮੰਨਦਾ ਹੈ। ਇਹ ਰਿਪੋਰਟ ਮਹਿਜ਼ ਅੰਕੜਿਆਂ ਦਾ ਸੰਗ੍ਰਹਿ ਨਹੀਂ, ਸਗੋਂ ਕੈਨੇਡਾ ਵਿੱਚ ਵੱਸਦੇ ਲੱਖਾਂ ਸਿੱਖਾਂ ਦੇ ਉਸ ਦਰਦ ਅਤੇ ਅਸੁਰੱਖਿਆ ਦੀ ਦਾਸਤਾਨ ਹੈ, ਜਿਸ ਨੂੰ ਹੁਣ ਤੱਕ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ।

ਰਿਪੋਰਟ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ 10 ਵਿੱਚੋਂ 7 ਸਿੱਖ ਆਪਣੇ ਨਾਲ ਹੋਈ ਨਫ਼ਰਤ ਭਰੀ ਘਟਨਾ ਦੀ ਸ਼ਿਕਾਇਤ ਪੁਲਿਸ ਕੋਲ ਨਹੀਂ ਕਰਦੇ। ਇਹ ਅੰਕੜਾ ਕੈਨੇਡਾ ਦੇ ਕਾਨੂੰਨੀ ਸਿਸਟਮ ਅਤੇ ਪੁਲਿਸ ਪ੍ਰਸ਼ਾਸਨ ਲਈ ਇੱਕ ਸ਼ੀਸ਼ਾ ਹੈ। ਜਦੋਂ ਕਿਸੇ ਭਾਈਚਾਰੇ ਦਾ ਸਿਸਟਮ ਤੋਂ ਭਰੋਸਾ ਉੱਠ ਜਾਂਦਾ ਹੈ, ਤਾਂ ਉਹ ਨਫ਼ਰਤ ਨੂੰ ਆਪਣੀ 'ਕਿਸਮਤ' ਮੰਨ ਕੇ ਸਹਿਣ ਕਰਨ ਲੱਗ ਜਾਂਦਾ ਹੈ। ਪੀੜਤਾਂ ਵਿੱਚ ਇਹ ਡਰ ਕਿ ਰਿਪੋਰਟ ਕਰਨ ਨਾਲ ਉਹ ਹੋਰ ਮੁਸੀਬਤ ਵਿੱਚ ਫਸ ਜਾਣਗੇ ਜਾਂ ਪੁਲਿਸ ਕੋਈ ਕਾਰਵਾਈ ਨਹੀਂ ਕਰੇਗੀ, ਨਸਲਵਾਦੀ ਗੁੰਡੇ ਉਨ੍ਹਾਂ ਉਪਰ ਹਮਲਾਵਰ ਹੋਣਗੇ। ਇੱਕ ਤੰਦਰੁਸਤ ਲੋਕਤੰਤਰ ਲਈ ਸ਼ੁਭ ਸੰਕੇਤ ਨਹੀਂ ਹੈ।

ਵਰਲਡ ਸਿੱਖ ਆਰਗੇਨਾਜੇਸ਼ਨ ਦੇ ਪ੍ਰਧਾਨ ਦੈਨਿਸ਼ ਸਿੰਘ ਨੇ ਦੱਸਿਆ ਕਿ ਰਿਪੋਰਟਿੰਗ ਦੀ ਕਮੀ ਦੇ ਮੁੱਖ ਕਾਰਨ ਸਿਸਟਮ 'ਤੇ ਭਰੋਸੇ ਦੀ ਘਾਟ ਅਤੇ ਗੁੰਝਲਦਾਰ ਕਾਨੂੰਨੀ ਪ੍ਰਕਿਰਿਆ ਹਨ। 11% ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਸੰਸਥਾਗਤ ਸਹਿਯੋਗ ਨਹੀਂ ਮਿਲੇਗਾ। 8% ਲੋਕ ਲੰਬੀ ਕਾਰਵਾਈ ਤੋਂ ਡਰਦੇ ਹਨ। ਬਹੁਤ ਸਾਰੇ ਸਿੱਖ ਰੋਜ਼ਾਨਾ ਦੀਆਂ ਟਿੱਪਣੀਆਂ ਨੂੰ ਆਪਣੀ ਕਿਸਮਤ ਮੰਨ ਕੇ ਸਹਿ ਲੈਂਦੇ ਹਨ।

ਦੈਨਿਸ਼ ਸਿੰਘ ਦਾ ਕਹਿਣਾ ਹੈ "ਅਸੀਂ ਚਾਹੁੰਦੇ ਹਾਂ ਕਿ ਕੈਨੇਡੀਅਨ ਸਰਕਾਰ 'ਐਂਟੀ-ਸਿੱਖ ਹੇਟ' ਨੂੰ ਇੱਕ ਵੱਖਰੀ ਸ਼੍ਰੇਣੀ ਵਜੋਂ ਮਾਨਤਾ ਦੇਵੇ, ਜਿਵੇਂ ਇਸਲਾਮੋਫੋਬੀਆ ਲਈ ਕੀਤਾ ਗਿਆ ਸੀ।"

ਰਿਪੋਰਟ ਨੇ ਬਹੁਤ ਹੀ ਬਾਰੀਕੀ ਨਾਲ ਨਫ਼ਰਤ ਦੇ ਤਿੰਨ ਮੁੱਖ ਸਰੋਤਾਂ ਦੀ ਪਛਾਣ ਕੀਤੀ ਹੈ। ਪਹਿਲਾ, ਸਥਾਨਕ ਨਸਲਵਾਦ, ਜੋ ਦਸਤਾਰ ਅਤੇ ਪਛਾਣ ਕਾਰਨ ਪੈਦਾ ਹੁੰਦਾ ਹੈ। ਦੂਜਾ, ਕੈਨੇਡਾ ਦੇ ਆਰਥਿਕ ਹਾਲਾਤ, ਜਿੱਥੇ ਮਹਿੰਗਾਈ ਅਤੇ ਘਰਾਂ ਦੀ ਕਿੱਲਤ ਦਾ ਗੁੱਸਾ ਸਿੱਖਾਂ 'ਤੇ ਕੱਢਿਆ ਜਾ ਰਿਹਾ ਹੈ, ਕਿਉਂਕਿ ਉਹ ਦੂਰੋਂ ਪਛਾਣੇ ਜਾਂਦੇ ਹਨ। ਤੀਜਾ ਅਤੇ ਸਭ ਤੋਂ ਖ਼ਤਰਨਾਕ ਪਹਿਲੂ ਹੈ ਵਿਦੇਸ਼ੀ ਪ੍ਰਭਾਵ। ਭਾਰਤ ਤੋਂ ਸੋਸ਼ਲ ਮੀਡੀਆ ਰਾਹੀਂ ਫੈਲਾਈ ਜਾ ਰਹੀ ਫਿਰਕੂਆਂ ਵਲੋਂ ਨਫਰਤਅਤੇ ਸਿੱਖਾਂ ਨੂੰ 'ਅੱਤਵਾਦੀ' ਸਿੱਧ ਕਰਨ ਦੀ ਕੋਸ਼ਿਸ਼ ਨੇ ਕੈਨੇਡਾ ਦੀਆਂ ਸੜਕਾਂ 'ਤੇ ਸਿੱਖਾਂ ਲਈ ਖ਼ਤਰਾ ਵਧਾ ਦਿੱਤਾ ਹੈ।

ਇਹ ਰਿਪੋਰਟ ਦੱਸਦੀ ਹੈ ਕਿ ਨਫ਼ਰਤ ਸਿਰਫ਼ ਸਰੀਰਕ ਹਿੰਸਾ ਤੱਕ ਸੀਮਤ ਨਹੀਂ ਹੈ, ਸਗੋਂ ਇਹ 'ਸਿਸਟਮੈਟਿਕ' (ਪ੍ਰਣਾਲੀਗਤ) ਰੂਪ ਧਾਰਨ ਕਰ ਚੁੱਕੀ ਹੈ। ਨੌਕਰੀਆਂ ਵਿੱਚ ਵਿਤਕਰਾ, ਕਿਰਾਏ ਦੇ ਮਕਾਨਾਂ ਵਿੱਚ ਦਿੱਕਤ ਅਤੇ ਸਕੂਲ-ਕਾਲਜਾਂ ਵਿੱਚ ਭੈੜੀਆਂ ਟਿੱਪਣੀਆਂ ਰੋਜ਼ਾਨਾ ਦਾ ਹਿੱਸਾ ਬਣ ਗਈਆਂ ਹਨ। ਖਾਸ ਕਰਕੇ ਸਿੱਖ ਔਰਤਾਂ (97% ਪੀੜਤ ਦਰ) ਅਤੇ ਨੌਜਵਾਨ ਵਿਦਿਆਰਥੀਆਂ ਦਾ ਮਨੋਬਲ ਇਸ ਨਫ਼ਰਤ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।

ਵਰਲਡ ਸਿੱਖ ਆਰਗੇਨਾਜੇਸ਼ਨ ਦੀ ਇਹ ਰਿਪੋਰਟ ਕੈਨੇਡੀਅਨ ਸਰਕਾਰ ਲਈ ਇੱਕ 'ਚੇਤਾਵਨੀ' ਹੈ। ਹੁਣ ਵਕਤ ਆ ਗਿਆ ਹੈ ਕਿ ਸਰਕਾਰ 'ਨਸਲਵਾਦ' ਦੇ ਆਮ ਸ਼ਬਦ ਤੋਂ ਅੱਗੇ ਵਧ ਕੇ 'ਐਂਟੀ-ਸਿੱਖ ਹੇਟ' ਨੂੰ ਇੱਕ ਵਿਸ਼ੇਸ਼ ਸ਼੍ਰੇਣੀ ਵਜੋਂ ਮਾਨਤਾ ਦੇਵੇ। ਪੁਲਿਸ ਅਤੇ ਸਰਕਾਰੀ ਅਦਾਰਿਆਂ ਨੂੰ ਸਿੱਖ ਪਛਾਣ ਅਤੇ ਸੱਭਿਆਚਾਰ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਪੀੜਤ ਸ਼ਿਕਾਇਤ ਕਰਦੇ ਸਮੇਂ ਸੁਰੱਖਿਅਤ ਮਹਿਸੂਸ ਕਰਨ। ਸੋਸ਼ਲ ਮੀਡੀਆ 'ਤੇ ਫੈਲ ਰਹੀ ਗਲਤ ਜਾਣਕਾਰੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ।

### ਵਰਲਡ ਸਿਖ ਆਰਗੇਨਾਈਜੇਸ਼ਨ ਦੀ ਰਿਪੋਰਟ ਦਾ ਮਹੱਤਵ

ਵਰਲਡ ਸਿਖ ਆਰਗੇਨਾਈਜੇਸ਼ਨ ਨੇ ਇਸ ਰਿਪੋਰਟ ਨੂੰ ਸਿਰਫ਼ ਅੰਦਾਜ਼ਿਆਂ 'ਤੇ ਨਹੀਂ, ਸਗੋਂ "ਡਾਟਾ-ਡਰਿਵਨ" ਪਹੁੰਚ ਨਾਲ ਤਿਆਰ ਕੀਤਾ ਹੈ : 1 ਜਨਵਰੀ ਤੋਂ 1 ਮਾਰਚ 2025 ਦੇ ਵਿਚਕਾਰ, ਕੈਨੇਡਾ ਭਰ ਦੇ 1,600 ਤੋਂ ਵੱਧ ਸਿੱਖਾਂ ਦਾ ਸਰਵੇਖਣ ਕੀਤਾ ਗਿਆ। ਇਹ ਕੈਨੇਡਾ ਦੇ ਇਤਿਹਾਸ ਵਿੱਚ ਸਿੱਖਾਂ ਬਾਰੇ ਕੀਤਾ ਗਿਆ ਸਭ ਤੋਂ ਵੱਡਾ ਡਾਟਾ ਸਰਵੇਖਣ ਹੈ।

ਡਾਟਾ ਇਕੱਠਾ ਕਰਨ ਲਈ ਸਿਰਫ਼ ਆਨਲਾਈਨ ਫਾਰਮ ਨਹੀਂ ਭਰੇ ਗਏ, ਸਗੋਂ ਵੱਖ-ਵੱਖ ਸ਼ਹਿਰਾਂ ਵਿੱਚ ਟਾਊਨ ਹਾਲ ਮੀਟਿੰਗਾਂ ਕੀਤੀਆਂ ਗਈਆਂ। ਇੱਥੇ ਲੋਕਾਂ ਨੇ ਆਪਣੇ ਨਿੱਜੀ ਤਜ਼ਰਬੇ ਸਾਂਝੇ ਕੀਤੇ, ਜਿਸ ਨਾਲ ਰਿਪੋਰਟ ਵਿੱਚ "ਭਾਵਨਾਤਮਕ ਅਤੇ ਅਸਲ ਪੱਖ" ਵੀ ਸ਼ਾਮਲ ਹੋਇਆ।

ਇਸ ਪ੍ਰੋਜੈਕਟ ਲਈ ਕੈਨੇਡੀਅਨ ਰੇਸ ਰਿਲੇਸ਼ਨਜ਼ ਫਾਊਂਡੇਸ਼ਨ ਤੋਂ ਫੰਡਿੰਗ ਲਈ ਗਈ, ਜੋ ਇਸ ਰਿਪੋਰਟ ਦੀ ਨਿਰਪੱਖਤਾ ਅਤੇ ਮਿਆਰ ਨੂੰ ਸਰਕਾਰੀ ਪੱਧਰ 'ਤੇ ਮਾਨਤਾ ਦਿਵਾਉਣ ਵਿੱਚ ਮਦਦ ਕਰਦੀ ਹੈ।

ਵਰਲਡ ਸਿਖ ਆਰਗੇਨਾਈਜੇਸ਼ਨ ਨੇ ਮਹਿਸੂਸ ਕੀਤਾ ਕਿ ਸਰਕਾਰੀ ਏਜੰਸੀਆਂ (ਜਿਵੇਂ ਸਟੈਟਿਕਸ ਕੈਨੇਡਾ) ਸਿੱਖਾਂ ਨੂੰ ਅਲੱਗ ਸ਼੍ਰੇਣੀ ਵਿੱਚ ਨਹੀਂ ਰੱਖਦੀਆਂ। ਇਸ ਲਈ ਵਰਲਡ ਸਿਖ ਆਰਗੇਨਾਈਜੇਸ਼ਨ ਨੇ ਖੁਦ ਅੱਗੇ ਵਧ ਕੇ ਸਿਰਫ਼ ਸਿੱਖਾਂ 'ਤੇ ਕੇਂਦਰਿਤ ਡਾਟਾ ਇਕੱਠਾ ਕੀਤਾ ਤਾਂ ਜੋ ਸਿੱਖ-ਵਿਰੋਧੀ ਨਫ਼ਰਤ ਦੇ ਖਾਸ ਸੁਭਾਅ ਨੂੰ ਸਮਝਿਆ ਜਾ ਸਕੇ।

## ਇਸ ਰਿਪੋਰਟ ਦੇ ਮੁੱਖ ਫਾਇਦੇ ਕੀ ਹੋਣਗੇ?

ਇਹ ਰਿਪੋਰਟ ਆਉਣ ਵਾਲੇ ਸਮੇਂ ਵਿੱਚ ਸਿੱਖ ਭਾਈਚਾਰੇ ਲਈ ਇੱਕ 'ਢਾਲ' ਦਾ ਕੰਮ ਕਰੇਗੀ। ਹੁਣ ਤੱਕ ਸਿੱਖ ਕਹਿੰਦੇ ਸਨ ਕਿ ਸਾਡੇ ਨਾਲ ਵਿਤਕਰਾ ਹੁੰਦਾ ਹੈ, ਪਰ ਸਰਕਾਰ 'ਸਬੂਤ' ਮੰਗਦੀ ਸੀ। ਹੁਣ ਵਰਲਡ ਸਿਖ ਆਰਗੇਨਾਈਜ਼ੇਸ਼ਨ ਕੋਲ 1,600+ ਸਬੂਤ ਹਨ। ਇਸ ਨਾਲ ਸਰਕਾਰ ਨੂੰ 'ਐਂਟੀ-ਸਿੱਖ ਹੇਟ' ਨੂੰ ਇੱਕ ਵੱਖਰੀ ਅਤੇ ਗੰਭੀਰ ਸ਼੍ਰੇਣੀ ਵਜੋਂ ਮਾਨਤਾ ਦੇਣ ਲਈ ਮਜਬੂਰ ਕੀਤਾ ਜਾ ਸਕੇਗਾ।

ਰਿਪੋਰਟ ਵਿੱਚ ਸਾਹਮਣੇ ਆਇਆ ਕਿ ਲੋਕ ਪੁਲਿਸ ਕੋਲ ਨਹੀਂ ਜਾਂਦੇ। ਇਹ ਅੰਕੜਾ ਪੁਲਿਸ ਵਿਭਾਗਾਂ ਨੂੰ ਆਪਣੀ ਕਾਰਜ ਪ੍ਰਣਾਲੀ ਸੁਧਾਰਨ, ਸਿੱਖ ਕਮਿਊਨਿਟੀ ਲਾਇਜ਼ਨ ਅਫਸਰ ਨਿਯੁਕਤ ਕਰਨ ਅਤੇ ਰਿਪੋਰਟਿੰਗ ਸਿਸਟਮ ਨੂੰ ਸੌਖਾ ਬਣਾਉਣ ਲਈ ਮਜਬੂਰ ਕਰੇਗਾ।


ਭਾਰਤੀ ਫਿਰਕੂਆਂ ਦੇ ਪ੍ਰਚਾਰ ਕਾਰਨ ਸਿੱਖਾਂ ਵਿਰੁੱਧ ਜੋ ਨਕਾਰਾਤਮਕ ਬਿਰਤਾਂਤ ਬਣਾਇਆ ਗਿਆ ਹੈ, ਇਹ ਰਿਪੋਰਟ ਉਸ ਨੂੰ ਕੱਟਣ ਵਿੱਚ ਮਦਦ ਕਰੇਗੀ। ਇਹ ਸਾਬਤ ਕਰਦੀ ਹੈ ਕਿ ਸਿੱਖ 'ਹਮਲਾਵਰ' ਨਹੀਂ, ਸਗੋਂ 'ਪੀੜਤ' ਹਨ। ਇਸ ਨੂੰ ਕੈਨੇਡੀਅਨ ਸੰਸਦ ਅਤੇ ਅਦਾਲਤਾਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

ਇਸ ਰਿਪੋਰਟ ਨੇ ਸਿੱਖਾਂ ਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਜਿਸ 'ਨਫ਼ਰਤ' ਨੂੰ ਉਹ ਰੋਜ਼ਾਨਾ ਦੀ ਆਦਤ ਮੰਨ ਕੇ ਸਹਿ ਰਹੇ ਸਨ, ਉਹ ਅਸਲ ਵਿੱਚ ਇੱਕ ਅਪਰਾਧ ਹੈ। ਇਹ ਲੋਕਾਂ ਨੂੰ ਚੁੱਪੀ ਤੋੜਨ ਅਤੇ ਘਟਨਾਵਾਂ ਨੂੰ ਰਿਪੋਰਟ ਕਰਨ ਲਈ ਉਤਸ਼ਾਹਿਤ ਕਰੇਗੀ।

ਜਦੋਂ ਕੋਈ ਸਮੱਸਿਆ ਅੰਕੜਿਆਂ ਵਿੱਚ ਦਰਜ ਹੋ ਜਾਂਦੀ ਹੈ, ਤਾਂ ਉਸ ਦੇ ਹੱਲ ਲਈ ਫੰਡਿੰਗ ਲੈਣੀ ਸੌਖੀ ਹੋ ਜਾਂਦੀ ਹੈ। ਹੁਣ ਸਿੱਖ ਸੰਸਥਾਵਾਂ ਸਰਕਾਰ ਤੋਂ ਐਂਟੀ-ਰੇਸਿਜ਼ਮ ਪ੍ਰੋਗਰਾਮਾਂ ਅਤੇ ਸਿੱਖ ਸੁਰੱਖਿਆ ਲਈ ਵਿਸ਼ੇਸ਼ ਬਜਟ ਦੀ ਮੰਗ ਕਰ ਸਕਣਗੀਆਂ।

ਵਰਲਡ ਸਿਖ ਆਰਗੇਨਾਈਜੇਸ਼ਨ ਨੇ ਇਹ ਰਿਪੋਰਟ ਜਾਰੀ ਕਰਕੇ ਸਿੱਖਾਂ ਦੀ ਲੜਾਈ ਨੂੰ 'ਜਜ਼ਬਾਤੀ' ਪੱਧਰ ਤੋਂ ਚੁੱਕ ਕੇ 'ਬੌਧਿਕ ਅਤੇ ਕਾਨੂੰਨੀ' ਪੱਧਰ 'ਤੇ ਲਿਆਂਦਾ ਹੈ। ਇਹ ਕੈਨੇਡਾ ਵਿੱਚ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਇੱਕ ਮੀਲ ਦਾ ਪੱਥਰ ਸਾਬਤ ਹੋਵੇਗੀ। ਕੈਨੇਡਾ ਦੀ ਤਰੱਕੀ ਵਿੱਚ ਸਿੱਖਾਂ ਦੀ ਸਖ਼ਤ ਮਿਹਨਤ ਸ਼ਾਮਲ ਹੈ।

ਜੇਕਰ ਦੇਸ਼ ਦਾ ਸਭ ਤੋਂ ਮਿਹਨਤੀ ਅਤੇ ਸ਼ਾਂਤੀਪਸੰਦ ਭਾਈਚਾਰਾ ਅਸੁਰੱਖਿਆ ਦੇ ਪਰਛਾਵੇਂ ਹੇਠ ਜੀਵੇਗਾ, ਤਾਂ ਕੈਨੇਡਾ ਦਾ "ਸਭ ਦਾ ਸਤਿਕਾਰ" ਵਾਲਾ ਮਾਡਲ ਫੇਲ੍ਹ ਮੰਨਿਆ ਜਾਵੇਗਾ। ਸਿੱਖ ਭਾਈਚਾਰੇ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਛੋਟੀ-ਵੱਡੀ ਘਟਨਾ ਨੂੰ ਰਿਪੋਰਟ ਕਰਨ, ਕਿਉਂਕਿ ਚੁੱਪ ਰਹਿਣਾ ਨਫ਼ਰਤ ਕਰਨ ਵਾਲਿਆਂ ਦੇ ਹੌਸਲੇ ਹੋਰ ਬੁਲੰਦ ਕਰਦਾ ਹੈ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਪੂਰਨਤਾ ਹੌਲੀ ਹੌਲੀ ਮਿਲਦੀ ਹੈ ਇਸ ਨੂੰ ਪਰਾਪਤ ਕਰਨ ਲਈ ਸਮੇਂ ਦੀ ਸਹਾਇਤਾ ਜਰੂਰੀ ਹੈ ।

# ਬੇਅਦਬੀ ਦੇ ਦੋਸ਼ੀ ਅਜੇ ਵੀ ਅਜ਼ਾਦ, ਫਿਰ ਗਿਆਨੀ ਰਘਬੀਰ ਸਿੰਘ ਵਲੋਂ ਸਰਕਾਰ ਦੀਆਂ ਤਾਰੀਫ਼ਾਂ ਦੇ ਪੁਲ ਕਿਸ ਦੇ ਲਈ ?

ਪਿਛਲੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਪੰਜਾਬ ਸਰਕਾਰ ਦੇ 'ਸਤਿਕਾਰ ਐਕਟ' ਦੀ ਜਿਸ ਤਰ੍ਹਾਂ ਪ੍ਰਸ਼ੰਸਾ ਕੀਤੀ ਗਈ ਹੈ, ਉਸ ਨੇ ਸਿੱਖ ਜਗਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇੱਕ ਅਜਿਹੀ ਸ਼ਖਸੀਅਤ, ਜੋ ਪੰਥਕ ਰਵਾਇਤਾਂ ਅਤੇ ਅਕਾਲ ਤਖ਼ਤ ਦੀ ਸਰਵਉੱਚਤਾ ਦੀ ਪਹਿਰੇਦਾਰ ਰਹੀ ਹੋਵੇ, ਉਸ ਵੱਲੋਂ ਕਿਸੇ ਸਿਆਸੀ ਆਗੂ ਦੀ ਅੰਨ੍ਹੀ ਸ਼ਲਾਘਾ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ। ਗਿਆਨੀ ਰਘਬੀਰ ਸਿੰਘ ਦਾ ਇਹ ਕਹਿਣਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਉਹ ਕੰਮ ਕਰ ਦਿੱਤਾ ਜੋ 'ਸਿੱਖ ਅਖਵਾਉਣ ਵਾਲੇ' ਵੀ ਨਹੀਂ ਕਰ ਸਕੇ, ਸਿਧਾਂਤਕ ਤੌਰ 'ਤੇ ਕਮਜ਼ੋਰ ਜਾਪਦਾ ਹੈ। ਸਿੱਖ ਸਿਧਾਂਤ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ "ਜਾਗਤਿ ਜੋਤ" ਅਤੇ "ਸ਼ਬਦ ਗੁਰੂ" ਹਨ। ਉਹ ਕਿਸੇ ਵੀ ਦੁਨਿਆਵੀ ਸਰਕਾਰ ਜਾਂ ਸੰਵਿਧਾਨ ਤੋਂ ਉੱਪਰ ਹਨ। ਜਦੋਂ ਅਸੀਂ ਕਹਿੰਦੇ ਹਾਂ ਕਿ ਕਿਸੇ ਮੁੱਖ ਮੰਤਰੀ ਨੇ ਗੁਰੂ ਸਾਹਿਬ ਦੇ ਸਤਿਕਾਰ ਲਈ ਕਾਨੂੰਨ ਬਣਾ ਕੇ ਬਹੁਤ ਵੱਡਾ ਕਾਰਜ ਕੀਤਾ ਹੈ, ਤਾਂ ਅਸੀਂ ਅਣਜਾਣੇ ਵਿੱਚ ਇਹ ਮੰਨ ਰਹੇ ਹੁੰਦੇ ਹਾਂ ਕਿ ਗੁਰੂ ਸਾਹਿਬ ਦੀ ਹੋਂਦ ਜਾਂ ਸੁਰੱਖਿਆ ਸਰਕਾਰੀ ਕਾਨੂੰਨ ਦੀ ਮੁਥਾਜ ਹੈ। ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬ ਦਾ ਸਤਿਕਾਰ ਸਿੱਖਾਂ ਦੀ 'ਸ਼ਰਧਾ' ਅਤੇ 'ਕੁਰਬਾਨੀ' ਨਾਲ ਬਹਾਲ ਰਿਹਾ ਹੈ, ਨਾ ਕਿ ਸਰਕਾਰੀ 'ਐਕਟਾਂ' ਨਾਲ। ਗੁਰੂ ਸਾਹਿਬ ਨੂੰ ਕਾਨੂੰਨ ਦੇ ਦਾਇਰੇ ਵਿੱਚ ਬੰਨ੍ਹਣਾ ਉਨ੍ਹਾਂ ਦੀ ਸੁਤੰਤਰ ਹਸਤੀ ਨੂੰ ਘਟਾ ਕੇ ਦੇਖਣ ਦੇ ਬਰਾਬਰ ਹੈ। ਕਾਨੂੰਨੀ ਮਾਹਿਰਾਂ ਅਨੁਸਾਰ, ਜਦੋਂ ਕਿਸੇ ਧਾਰਮਿਕ ਮਰਿਯਾਦਾ ਨੂੰ ਸਰਕਾਰੀ ਐਕਟ ਵਿੱਚ ਬਦਲ ਦਿੱਤਾ ਜਾਂਦਾ ਹੈ, ਤਾਂ ਉਸ ਦੀ ਵਿਆਖਿਆ ਕਰਨ ਦਾ ਅਧਿਕਾਰ ਪੰਥ ਕੋਲੋਂ ਖੁੱਸ ਕੇ ਅਦਾਲਤਾਂ ਅਤੇ ਪੁਲਿਸ ਕੋਲ ਚਲਾ ਜਾਂਦਾ ਹੈ। ਜੇਕਰ ਗੁਰੂ ਸਾਹਿਬ ਦੇ ਸਤਿਕਾਰ ਨੂੰ ਕਾਨੂੰਨ ਹੇਠ ਲਿਆਂਦਾ ਜਾਂਦਾ ਹੈ, ਤਾਂ ਭਵਿੱਖ ਵਿੱਚ ਪੁਲਿਸ ਅਧਿਕਾਰੀ ਇਹ ਤੈਅ ਕਰਨਗੇ ਕਿ ਗੁਰਦੁਆਰਾ ਸਾਹਿਬ ਅੰਦਰ ਮਰਿਯਾਦਾ ਸਹੀ ਹੈ ਜਾਂ ਨਹੀਂ। ਇਹ ਗੁਰਦੁਆਰਾ ਪ੍ਰਬੰਧ ਵਿੱਚ ਸਿੱਧਾ ਸਰਕਾਰੀ ਦਖ਼ਲ ਹੈ, ਜਿਸ ਦਾ ਸਿੱਖ ਪੰਥ ਹਮੇਸ਼ਾ ਵਿਰੋਧੀ ਰਿਹਾ ਹੈ। ਗਿਆਨੀ ਜੀ ਨੇ ਕਿਹਾ ਕਿ ਜੋ ਕੰਮ ਭਗਵੰਤ ਮਾਨ ਨੇ ਕੀਤਾ, ਉਹ 'ਸਿੱਖ ਅਖਵਾਉਣ ਵਾਲੇ' (ਪਿਛਲੇ ਸਿੱਖ ਮੁੱਖ ਮੰਤਰੀ) ਨਹੀਂ ਕਰ ਸਕੇ।

ਇਹ ਬਿਆਨ ਕੇਵਲ ਸਿਆਸੀ ਵਿਰੋਧੀਆਂ ਨੂੰ ਨੀਵਾਂ ਦਿਖਾਉਣ ਲਈ ਦਿੱਤਾ ਗਿਆ ਜਾਪਦਾ ਹੈ। ਸਿੱਖ ਇਤਿਹਾਸ ਵਿੱਚ ਅਕਾਲ ਤਖ਼ਤ ਜਾਂ ਧਾਰਮਿਕ ਪਦਵੀਆਂ 'ਤੇ ਬੈਠੀਆਂ ਸ਼ਖਸੀਅਤਾਂ ਵੱਲੋਂ ਕਿਸੇ ਗੈਰ-ਅੰਮ੍ਰਿਤਧਾਰੀ ਜਾਂ ਪੰਥਕ ਰਵਾਇਤਾਂ ਤੋਂ ਦੂਰ ਸਿਆਸਤਦਾਨ ਦੀ ਤੁਲਨਾ ਪੰਥਕ ਦਰਦ ਰੱਖਣ ਵਾਲੇ ਲੋਕਾਂ ਨਾਲ ਕਰਨਾ ਸਿਧਾਂਤਕ ਤੌਰ 'ਤੇ ਗਲਤ ਹੈ। ਇਹ ਸਿੱਖੀ ਦੀ 'ਅੰਦਰੂਨੀ ਪਛਾਣ' 'ਤੇ ਸਵਾਲ ਖੜ੍ਹੇ ਕਰਦਾ ਹੈ। ਕਾਨੂੰਨ ਬਣਾਉਣਾ ਇੱਕ ਪ੍ਰਕਿਰਿਆ ਹੈ, ਪਰ ਉਸ ਕਾਨੂੰਨ ਦਾ ਮਕਸਦ ਦੋਸ਼ੀਆਂ ਨੂੰ ਸਜ਼ਾ ਦੇਣਾ ਹੁੰਦਾ ਹੈ। ਮੌਜੂਦਾ ਸਰਕਾਰ ਨੇ ਐਕਟ ਵਿੱਚ ਸੋਧ ਤਾਂ ਕੀਤੀ, ਪਰ ਬੇਅਦਬੀ ਦੇ ਮੁੱਖ ਸਾਜ਼ਿਸ਼ਘਾੜੇ (ਸੌਦਾ ਸਾਧ) ਅਜੇ ਵੀ ਪੈਰੋਲ 'ਤੇ ਬਾਹਰ ਘੁੰਮ ਰਹੇ ਹਨ। ਗਿਆਨੀ ਰਘਬੀਰ ਸਿੰਘ ਵਰਗੀ ਸ਼ਖਸੀਅਤ ਵੱਲੋਂ ਸਿਰਫ਼ ਕਾਗਜ਼ੀ ਐਕਟ ਦੀ ਸ਼ਲਾਘਾ ਕਰਨਾ ਅਤੇ ਅਸਲ ਦੋਸ਼ੀਆਂ ਦੀ ਗ੍ਰਿਫ਼ਤਾਰੀ ਵਿੱਚ ਹੋ ਰਹੀ ਦੇਰੀ 'ਤੇ ਚੁੱਪ ਰਹਿਣਾ ਉਨ੍ਹਾਂ ਦੇ ਬਿਆਨ ਨੂੰ ਨੈਤਿਕ ਅਤੇ ਸਿਧਾਂਤਕ ਤੌਰ 'ਤੇ ਕਮਜ਼ੋਰ ਬਣਾਉਂਦਾ ਹੈ। ਅਕਾਲ ਤਖ਼ਤ ਸਾਹਿਬ ਜਾਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਦਾ ਅਹੁਦਾ ਨਿਰਪੱਖ ਅਤੇ ਪੰਥ ਲਈ ਸਤਿਕਾਰਯੋਗ ਹੁੰਦਾ ਹੈ, ਚਾਹੇ ਉਹ ਅਹੁਦੇ ਤੋਂ ਸੇਵਾਮੁਕਤ ਹੋ ਜਾਵੇ। ਜਦੋਂ ਕੋਈ ਜਥੇਦਾਰ ਕਿਸੇ ਇੱਕ ਖਾਸ ਸਰਕਾਰ ਜਾਂ ਮੁੱਖ ਮੰਤਰੀ ਦੇ ਗੁਣਗਾਣ ਕਰਨ ਲੱਗ ਜਾਵੇ, ਤਾਂ ਉਸ ਨਾਲ ਉਸ ਸਰਵਉੱਚ ਸੰਸਥਾ ਦੀ ਨਿਰਪੱਖਤਾ ਖ਼ਤਮ ਹੋ ਜਾਂਦੀ ਹੈ। ਲੋਕਾਂ ਵਿੱਚ ਇਹ ਸੰਦੇਸ਼ ਜਾਂਦਾ ਹੈ ਕਿ ਧਾਰਮਿਕ ਆਗੂ ਸਿਆਸੀ ਦਬਾਅ ਹੇਠ ਹਨ ਜਾਂ ਕਿਸੇ ਖਾਸ ਪਾਰਟੀ ਦੇ ਬੁਲਾਰੇ ਵਜੋਂ ਕੰਮ ਕਰ ਰਹੇ ਹਨ। ਗਿਆਨੀ ਰਘਬੀਰ ਸਿੰਘ ਦਾ ਬਿਆਨ ਸਿਰਫ਼ ਇਸ ਲਈ ਕਮਜ਼ੋਰ ਹੈ ਕਿਉਂਕਿ ਉਨ੍ਹਾਂ ਨੇ 'ਕਾਨੂੰਨੀ ਕਾਗਜ਼' ਨੂੰ 'ਗੁਰੂ ਦੀ ਪ੍ਰਭੂਸੱਤਾ' ਤੋਂ ਵੱਡਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਪੰਥਕ ਸਿਧਾਂਤਾਂ ਨਾਲੋਂ ਸਿਆਸੀ ਹਿੱਤਾਂ ਨੂੰ ਤਰਜੀਹ ਦਿੱਤੀ ਹੈ।

ਪੰਥਕ ਵਿਦਵਾਨਾਂ ਅਤੇ ਬੀਬੀ ਕਿਰਨਜੋਤ ਕੌਰ ਵਰਗੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਇਹ ਡਰ ਜਾਇਜ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੋ ਕਿ ਸਿੱਖਾਂ ਲਈ 'ਜਾਗਤਿ ਜੋਤ' ਗੁਰੂ ਹਨ, ਨੂੰ ਪੂਰੀ ਤਰ੍ਹਾਂ ਸਰਕਾਰੀ ਕਾਨੂੰਨ ਦੇ ਅਧੀਨ ਲਿਆਉਣਾ ਉਨ੍ਹਾਂ ਦੀ ਅਧਿਆਤਮਿਕ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਦੇ ਬਰਾਬਰ ਹੈ। ਕੀ ਗੁਰੂ ਸਾਹਿਬ ਦੀ ਹੋਂਦ ਹੁਣ ਪੁਲਿਸ ਦੀ ਦਖਲਅੰਦਾਜ਼ੀ ਅਤੇ ਸਰਕਾਰੀ ਕਾਨੂੰਨਾਂ ਦੀ ਮੁਥਾਜ ਹੋਵੇਗੀ ? ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਰਫ਼ ਕਾਨੂੰਨ ਵਿੱਚ ਸੋਧ ਕਰ ਦੇਣ ਨਾਲ ਇਨਸਾਫ਼ ਹੋ ਗਿਆ ? ਗਿਆਨੀ ਜੀ ਨੇ ਮੁੱਖ ਮੰਤਰੀ ਦੀ ਤਾਰੀਫ਼ ਕਰਦਿਆਂ ਇਹ ਵਿਸਾਰ ਦਿੱਤਾ ਕਿ ਬੇਅਦਬੀ ਦੇ ਮੁੱਖ ਸਾਜ਼ਿਸ਼ਘਾੜੇ ਅਤੇ ਸੌਦਾ ਸਾਧ ਵਰਗੇ ਦੋਸ਼ੀ ਅਜੇ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ। ਜਿਸ ਸਰਕਾਰ ਨੇ ਅਜੇ ਤੱਕ ਮੁੱਖ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਨਹੀਂ ਭੇਜਿਆ, ਉਸ ਦੀ ਸ਼ਲਾਘਾ ਵਿੱਚ ਇੰਨੇ ਕਸੀਦੇ ਪੜ੍ਹਨੇ ਕੀ ਗਿਆਨੀ ਜੀ ਵਲੋਂ ਰੱਬੀ ਸੱਚ ਤੇ ਨਿਆਂ ਤੋਂ ਪਤਲਾ ਵਾਚਣਾ ਵਾਲੀ ਗਲ ਨਹੀਂ ਹੈ ? ਗਿਆਨੀ ਰਘਬੀਰ ਸਿੰਘ ਦਾ ਬਿਆਨ ਸਿਧਾਂਤਕ ਨਹੀਂ ਹੈ। ਵਿਰੋਧੀ ਸਿਆਸੀ ਪਾਰਟੀਆਂ 'ਤੇ ਨਿਸ਼ਾਨਾ ਸਾਧਣਾ ਸਿਆਸਤਦਾਨਾਂ ਦਾ ਕੰਮ ਹੋ ਸਕਦਾ ਹੈ, ਪਰ ਇੱਕ ਉੱਚ ਧਾਰਮਿਕ ਪਦਵੀ 'ਤੇ ਰਹੇ ਸ਼ਖਸੀਅਤ ਨੂੰ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਇਹ ਕਹਿਣਾ ਕਿ ਸੁਖਬੀਰ ਸਿੰਘ ਬਾਦਲ ਨੇ ਬੇਅਦਬੀਆਂ ਕਰਵਾਈਆਂ, ਭਾਵੇਂ ਸਿਆਸੀ ਤੌਰ 'ਤੇ ਕੋਈ ਵੀ ਅਰਥ ਰੱਖਦਾ ਹੋਵੇ, ਪਰ ਇਸ ਦਾ ਕਨੂੰਨੀ ਸੱਚ ਜਾਂ ਸਬੂਤ ਸਾਹਮਣੇ ਨਹੀਂ ਆਇਆ। ਪਰ ਗਿਆਨੀ ਜੀ ਵਲੋਂ ਵਰਤਮਾਨ ਸਰਕਾਰ ਦੇ ਹਰ ਕਦਮ ਨੂੰ 'ਪੰਥਕ ਹਿਤੈਸ਼ੀ' ਗਰਦਾਨਣਾ ਜਲਦਬਾਜ਼ੀ ਹੈ। ਗੁਰੂ ਦੀ ਸਰਵਉੱਚਤਾ ਕਿਸੇ ਕਾਨੂੰਨੀ ਐਕਟ ਦੀ ਮੋਹਤਾਜ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਧਾਰਮਿਕ ਸ਼ਖਸੀਅਤਾਂ ਨੇ ਸਿਆਸੀ ਹਿੱਤਾਂ ਲਈ ਸਰਕਾਰਾਂ ਦੀ ਗੈਰ-ਵਾਜਿਬ ਪੁਸ਼ਤ-ਪਨਾਹੀ ਕੀਤੀ ਹੈ, ਉਸ ਨਾਲ ਉਨ੍ਹਾਂ ਦਾ ਵਕਾਰ ਘਟਿਆ ਹੈ। ਗਿਆਨੀ ਰਘਬੀਰ ਸਿੰਘ ਨੂੰ ਚਾਹੀਦਾ ਸੀ ਕਿ ਉਹ ਸਰਕਾਰ ਨੂੰ ਕਾਨੂੰਨ ਬਣਾਉਣ ਲਈ ਨਹੀਂ, ਸਗੋਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਵੰਗਾਰਦੇ।

**NEWS & VIEWS**

# THUS SPOKE BHAI RAMA SINGH JI OF UK



Gurmukh Singh OBE


In his autobiography, late Bhai Rama Singh spoke of GurSikh *parcharaks* (exegetes or preachers) from abroad going to Panjab to preach Sikhi. Despite their vast Sangat-donated resources, Sikh central institutions have failed to disseminate the simple Message of Sikhi as taught by Guru Nanak Sahib.

Prof Arthur J Arberry author of, *The Koran Interpreted*, (Oxford University Press) describes the revelations experienced by a saintly mind. It is not possible to *translate* these experiences in human language. Bhai Rama Singh sincerely believed in four unusual happenings in his life: a divine message in the jungle; darshan of Guru Gobind Singh Ji; gift of Simran and a beautiful dream of Khalsa Raj.

He described *true* Khalsa Raj. In his own metaphoric way, he saw scenes which now remind one of the 2020–2021 protest led by Panjabi farmers (Kisan Andolan). The GT Road from Panjab to Delhi had become like one Sikhi camp which show-cased Sikhi institutions and ideology to the world.



In years 2000-2001, after many sittings with Bhai Sahib, I *interpreted* his autobiography giving it the title, *In Search of the True Guru*. S. Harjinder Singh Mander of Panjab Times UK had first penned the biography in Panjabi as *Roop Gobind Ka Raj Khalsay Ka, Sika Soenay Ka.* A GurSikh couple from Southall, Bhai Sukhdev Singh and Bibi Amarjit Kaur first persuaded Bhai Sahib to tell his life story for wider Sangat benefit and recorded it in simple Panjabi. I too was persuaded by this Sikhi-dedicated couple and late S. Kesar Singh Mand to undertake the English interpretation as a 400 pages book published by the Panjab Times UK. It was a learning (Sikhi-ing) spiritual experience for me. (As a 6-year child, I recall experiencing the vibration of Waheguru Simran as Bhai Sahib Bhai Randhir Singh Ji stroked my back while talking to Bapu Ji, Giani Harchand Singh Bassian – later, of Malaysia.)




Bhai Rama Singh was born in a high caste Hindu family but rejected the Brahmanic ways. He rejected those practicing austerities to attain salvation when Gurbani clearly states that only Naam Simran and Sewa leads to the Sikhi objective of total harmony with The One Creator Being.

Following Operation Bluestar, Bhai Sahib lamented the shameful behaviour of the Panthic leaders. He predicted that the whole country will have to pay for the Indian Army attack on Darbar Sahib. He predicted that those killed will be reborn to punish those responsible.

Bhai Sahib talks of people treating God like a toy and how people think God can be bought off with money.

A life story of a GurSikh which has inspired many.

For reading the book, use Google for searching In Search of the True Guru:

Also link:

https://www.sikhmissionarysociety.org/sms/smspublications/Autobiography-Bhai-Rama-Singh-Ji.pdf

**Gurmukh Singh OBE**, Ret'd Principal Civil Servant (UK) sewauk2005@yahoo.co.uk

# ਯੂਕੇ ਵਿੱਚ ਪੱਕੇ ਹੋਣ ਲਈ ਹੁਣ ਕਰਨਾ ਪੈ ਸਕਦਾ ਹੈ 20 ਸਾਲ ਤੱਕ ਦਾ ਇੰਤਜ਼ਾਰ: ਨਵੀਆਂ ਸਖ਼ਤ ਸ਼ਰਤਾਂ ਦੀ ਤਿਆਰੀ




ਲੰਡਨ-ਬ੍ਰਿਟੇਨ ਦੀ ਸਰਕਾਰ ਦੇਸ਼ ਵਿੱਚ ਪ੍ਰਵਾਸੀਆਂ ਲਈ ਪੱਕੇ ਤੌਰ 'ਤੇ ਰਹਿਣ ਦੇ ਨਿਯਮਾਂ ਵਿੱਚ ਵੱਡੇ ਅਤੇ ਸਖ਼ਤ ਬਦਲਾਅ ਕਰਨ ਦੀ ਯੋਜਨਾ ਬਣਾ ਰਹੀ ਹੈ। ਜੇਕਰ ਇਹ ਪ੍ਰਸਤਾਵ ਲਾਗੂ ਹੁੰਦੇ ਹਨ, ਤਾਂ ਯੂਕੇ ਦੁਨੀਆ ਦੇ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਬਣ ਜਾਵੇਗਾ ਜਿੱਥੇ ਪੱਕੇ ਹੋਣਾ ਸਭ ਤੋਂ ਮੁਸ਼ਕਲ ਹੈ। ਬ੍ਰੂਨੇਲ ਯੂਨੀਵਰਸਿਟੀ ਲੰਡਨ ਦੀ ਸਹਾਇਕ ਪ੍ਰੋਫੈਸਰ ਮਾਟਿਲਡੇ ਰੋਸੀਨਾ ਅਨੁਸਾਰ, ਹੋਮ ਸੈਕਟਰੀ ਸ਼ਬਾਨਾ ਮਹਿਮੂਦ ਦੀ ਅਗਵਾਈ ਵਿੱਚ ਸਰਕਾਰ ਜ਼ਿਆਦਾਤਰ ਪ੍ਰਵਾਸੀਆਂ ਲਈ ਯੋਗਤਾ ਦੀ ਮਿਆਦ ਨੂੰ 5 ਸਾਲ ਤੋਂ ਵਧਾ ਕੇ 10 ਸਾਲ ਕਰਨ ਦਾ ਇਰਾਦਾ ਰੱਖਦੀ ਹੈ। ਕੁਝ ਮਾਮਲਿਆਂ ਵਿੱਚ ਇਹ ਇੰਤਜ਼ਾਰ 20 ਸਾਲ ਤੱਕ ਵੀ ਹੋ ਸਕਦਾ ਹੈ।

## ਨਵੀਆਂ ਸ਼ਰਤਾਂ ਅਤੇ ਸਮਾਂ ਸੀਮਾ

ਸਰਕਾਰ ਦੇ ਨਵੇਂ ਮਾਡਲ ਅਨੁਸਾਰ ਵੱਖ-ਵੱਖ ਸ਼੍ਰੇਣੀਆਂ ਲਈ ਸਮਾਂ ਸੀਮਾ ਇਸ ਤਰ੍ਹਾਂ ਹੋ ਸਕਦੀ ਹੈ। ਉੱਚ-ਹੁਨਰਮੰਦ ਕਰਮਚਾਰੀ (ਡਾਕਟਰ, ਨਰਸਾਂ) ਨੂੰ 3 ਤੋਂ 5 ਸਾਲਾਂ ਵਿੱਚ ਰਾਹਤ ਮਿਲ ਸਕਦੀ ਹੈ।

ਯੂਕੇ ਸਰਕਾਰ ਦੇ ਨਵੇਂ ਪ੍ਰਸਤਾਵਾਂ ਅਨੁਸਾਰ, 'ਸਮਾਜਿਕ ਏਕੀਕਰਨ' ਨੂੰ ਪੱਕੇ ਹੋਣ ਦੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਹਿੱਸਾ ਬਣਾਇਆ ਜਾ ਰਿਹਾ ਹੈ। ਪਰਿਵਾਰਕ ਵੀਜ਼ਾ ਧਾਰਕਾਂ ਲਈ ਇਸ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ:

ਆਮ ਤੌਰ 'ਤੇ ਨਵੇਂ ਨਿਯਮਾਂ ਅਨੁਸਾਰ ਪੱਕੇ ਹੋਣ (ਆਈਐਲਆਰ) ਲਈ 10 ਸਾਲ ਦਾ ਸਮਾਂ ਲੱਗੇਗਾ। ਪਰ ਜੇਕਰ ਕੋਈ ਵਿਅਕਤੀ ਪਰਿਵਾਰਕ ਵੀਜ਼ਾ (ਜਿਵੇਂ ਕਿ ਬ੍ਰਿਟਿਸ਼ ਨਾਗਰਿਕ ਦਾ ਜੀਵਨ ਸਾਥੀ) 'ਤੇ ਹੈ ਅਤੇ ਉਹ ਇਹ ਸਾਬਤ ਕਰਦਾ ਹੈ ਕਿ ਉਹ ਬ੍ਰਿਟਿਸ਼ ਸਮਾਜ ਵਿੱਚ ਚੰਗੀ ਤਰ੍ਹਾਂ ਰਲ-ਮਿਲ ਗਿਆ ਹੈ, ਤਾਂ ਉਸ ਦਾ ਇੰਤਜ਼ਾਰ ਘਟ ਕੇ 5 ਤੋਂ 7 ਸਾਲ ਰਹਿ ਸਕਦਾ ਹੈ। ਸਰਕਾਰ ਕੁਝ ਖਾਸ ਗਤੀਵਿਧੀਆਂ ਨੂੰ 'ਇੰਟੀਗ੍ਰੇਸ਼ਨ' ਦੇ ਸਬੂਤ ਵਜੋਂ ਦੇਖੇਗੀ। ਕਿਸੇ ਸਥਾਨਕ ਚੈਰਿਟੀ, ਫੂਡ ਬੈਂਕ, ਸਕੂਲ ਜਾਂ ਕਮਿਊਨਿਟੀ ਸੈਂਟਰ ਵਿੱਚ ਮੁਫ਼ਤ ਸੇਵਾ ਕਰਨਾ। ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਤੁਸੀਂ ਬ੍ਰਿਟਿਸ਼ ਸਮਾਜ ਵਿੱਚ ਸਰਗਰਮ ਯੋਗਦਾਨ ਪਾ ਰਹੇ ਹੋ।

* ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨਾ ਤਾਂ ਜੋ ਸਥਾਨਕ ਲੋਕਾਂ ਨਾਲ ਗੱਲਬਾਤ ਕਰਨਾ ਆਸਾਨ ਹੋਵੇ। ਸਥਾਨਕ ਕੌਂਸਲਾਂ ਜਾਂ ਕਮਿਊਨਿਟੀ ਗਰੁੱਪਾਂ ਨਾਲ ਜੁੜਨਾ।

* ਪਰਿਵਾਰਕ ਵੀਜ਼ਾ 'ਤੇ ਆਏ ਲੋਕਾਂ (ਜਿਵੇਂ ਪਤੀ/ਪਤਨੀ) ਨੂੰ ਅਕਸਰ ਘੱਟ ਤਨਖਾਹ ਵਾਲੀਆਂ ਨੌਕਰੀਆਂ ਜਾਂ ਘਰੇਲੂ ਜ਼ਿੰਮੇਵਾਰੀਆਂ ਕਾਰਨ 'ਵਰਕ ਵੀਜ਼ਾ' ਵਾਲੀਆਂ ਸ਼ਰਤਾਂ ਪੂਰੀਆਂ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਇਸ ਲਈ, ਸਰਕਾਰ ਨੇ "ਇਕਸੁਰਤਾ" ਦਾ ਰਾਹ ਰੱਖਿਆ ਹੈ ਤਾਂ ਕਿ ਜੋ ਲੋਕ ਸਮਾਜ ਵਿੱਚ ਯੋਗਦਾਨ ਪਾ ਰਹੇ ਹਨ, ਉਨ੍ਹਾਂ ਨੂੰ 20 ਸਾਲ ਤੱਕ ਇੰਤਜ਼ਾਰ ਨਾ ਕਰਨਾ ਪਵੇ।

* ਸਰਕਾਰ ਦਾ ਮੰਨਣਾ ਹੈ ਕਿ ਜਿਹੜੇ ਲੋਕ ਸਮਾਜਿਕ ਤੌਰ 'ਤੇ ਜੁੜੇ ਹੋਏ ਹਨ, ਉਹ ਦੇਸ਼ ਲਈ ਬਿਹਤਰ ਨਾਗਰਿਕ ਸਾਬਤ ਹੁੰਦੇ ਹਨ। ਇਸ ਲਈ 'ਵਾਲੰਟੀਅਰਿੰਗ' ਕਰਨ ਵਾਲਿਆਂ ਨੂੰ ਪੱਕੇ ਹੋਣ ਦੀ ਲਾਈਨ ਵਿੱਚ ਥੋੜ੍ਹਾ "ਅੱਗੇ" ਕੀਤਾ ਜਾ ਸਕਦਾ ਹੈ।

ਜੇ ਤੁਸੀਂ ਬ੍ਰਿਟਿਸ਼ ਸਮਾਜ ਦੇ ਕੰਮਾਂ ਵਿੱਚ ਸਰਗਰਮ ਹੋ ਅਤੇ ਪਰਿਵਾਰਕ ਵੀਜ਼ਾ 'ਤੇ ਹੋ, ਤਾਂ ਤੁਹਾਡਾ ਪੱਕੇ ਹੋਣ ਦਾ ਰਾਹ 10 ਸਾਲ ਦੀ ਬਜਾਏ 5-7 ਸਾਲ ਵਿੱਚ ਪੂਰਾ ਹੋ ਸਕਦਾ ਹੈ। ਘੱਟ-ਹੁਨਰਮੰਦ ਕਰਮਚਾਰੀ ਨੂੰ ਹੁਣ 15 ਸਾਲ ਤੱਕ ਇੰਤਜ਼ਾਰ ਕਰਨਾ ਪਵੇਗਾ।

ਸ਼ਰਨਾਰਥੀ ਲਈ ਸਮਾਂ ਸੀਮਾ 20 ਸਾਲ ਤੱਕ ਕੀਤੀ ਜਾ ਸਕਦੀ ਹੈ। ਜਿਹੜੇ ਲੋਕ ਵੀਜ਼ਾ ਖਤਮ ਹੋਣ ਤੋਂ ਬਾਅਦ ਰਹਿ ਰਹੇ ਹਨ, ਉਨ੍ਹਾਂ ਲਈ ਇਹ ਸਮਾਂ 30 ਸਾਲ ਤੱਕ ਹੋ ਸਕਦਾ ਹੈ। ਸਿਰਫ਼ ਸਮਾਂ ਹੀ ਨਹੀਂ, ਸਗੋਂ ਯੋਗਤਾ ਦੇ ਹੋਰ ਮਾਪਦੰਡ ਵੀ ਸਖ਼ਤ ਕੀਤੇ ਜਾ ਰਹੇ ਹਨ। ਪ੍ਰਵਾਸੀਆਂ ਦਾ ਅਪਰਾਧਿਕ ਰਿਕਾਰਡ ਬਿਲਕੁਲ ਸਾਫ਼ ਹੋਣਾ ਚਾਹੀਦਾ ਹੈ। ਅੰਗਰੇਜ਼ੀ ਭਾਸ਼ਾ ਦਾ ਪੱਧਰ ਪਹਿਲਾਂ ਨਾਲੋਂ ਬਿਹਤਰ ਹੋਣਾ ਚਾਹੀਦਾ ਹੈ। ਘੱਟੋ-ਘੱਟ ਸਾਲਾਨਾ ਆਮਦਨ ਧ12,570 ਹੋਣੀ ਲਾਜ਼ਮੀ ਹੈ।

## ਸਰਕਾਰ ਦਾ ਕੀ ਪੱਖ ਹੈ

ਸਰਕਾਰ ਦਾ ਤਰਕ ਹੈ ਕਿ ਪੱਕੇ ਹੋਣ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ (ਜੋ ਜੂਨ 2025 ਤੱਕ 1,63,000 ਤੱਕ ਪਹੁੰਚ ਗਈ ਸੀ)। ਸਰਕਾਰ ਇਸ ਨੂੰ ਡੈਨਮਾਰਕ ਦੇ ਮਾਡਲ ਵਾਂਗ ਦੇਖ ਰਹੀ ਹੈ ਤਾਂ ਜੋ ਗੈਰ-ਕਾਨੂੰਨੀ ਪ੍ਰਵਾਸ ਨੂੰ ਘਟਾਇਆ ਜਾ ਸਕੇ। ਦੂਜੇ ਪਾਸੇ, ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਨੀਤੀਆਂ ਨਾਲ ਪ੍ਰਵਾਸੀਆਂ ਦਾ ਦੇਸ਼ ਵਿੱਚ ਘੁਲਣਾ-ਮਿਲਣਾ ਮੁਸ਼ਕਲ ਹੋ ਜਾਵੇਗਾ। ਅਧਿਐਨ ਦੱਸਦੇ ਹਨ ਕਿ ਜਦੋਂ ਪੱਕੇ ਹੋਣ ਦੀ ਉਮੀਦ ਘੱਟ ਜਾਂਦੀ ਹੈ, ਤਾਂ ਲੋਕ ਕੰਮਕਾਜ ਤੇ ਸਮਾਜਿਕ ਗਤੀਵਿਧੀਆਂ ਤੋਂ ਪਿੱਛੇ ਹਟਣ ਲੱਗਦੇ ਹਨ। ਵਿਰੋਧੀ ਧਿਰਾਂ ਨੇ ਇਨ੍ਹਾਂ ਨਿਯਮਾਂ ਨੂੰ ਪਿਛਲੀ ਤਰੀਕ ਤੋਂ ਲਾਗੂ ਕਰਨ ਦੀ ਯੋਜਨਾ 'ਤੇ ਵੀ ਚਿੰਤਾ ਜਤਾਈ ਹੈ।

## ਸੰਪਾਦਕੀ


ਰਜਿੰਦਰ ਸਿੰਘ ਪੁਰੇਵਾਲ

# 'ਅਮਰੀਕਨ ਡ੍ਰੀਮ' ਦਾ ਟੁੱਟਦਾ ਭਰਮ ਅਤੇ ਭਾਰਤੀਆਂ ਦੀ ਵਤਨ ਵਾਪਸੀ

ਇੱਕ ਸਮਾਂ ਸੀ ਜਦੋਂ 'ਅਮਰੀਕਨ ਡ੍ਰੀਮ' ਭਾਰਤੀ ਨੌਜਵਾਨਾਂ ਲਈ ਸਫ਼ਲਤਾ ਦਾ ਆਖਰੀ ਪੜਾਅ ਮੰਨਿਆ ਜਾਂਦਾ ਸੀ। ਪਰ 'ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ' ਦਾ 2026 ਦਾ ਤਾਜ਼ਾ ਸਰਵੇਖਣ ਇੱਕ ਚਿੰਤਾਜਨਕ ਅਤੇ ਹੈਰਾਨੀਜਨਕ ਤਸਵੀਰ ਪੇਸ਼ ਕਰ ਰਿਹਾ ਹੈ। ਜੇਕਰ 10 ਵਿੱਚੋਂ 4 ਭਾਰਤੀ ਅਮਰੀਕਾ ਛੱਡਣ ਬਾਰੇ ਸੋਚ ਰਹੇ ਹਨ, ਤਾਂ ਇਹ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਬਦਲਦੇ ਵਿਸ਼ਵ ਪ੍ਰਸੰਗ ਦਾ ਸੰਕੇਤ ਹੈ। ਸਰਵੇਖਣ ਮੁਤਾਬਕ 58% ਲੋਕ ਮੌਜੂਦਾ ਸਿਆਸੀ ਮਾਹੌਲ ਤੋਂ ਨਾਖੁਸ਼ ਹਨ। ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵਧੀ ਕੱਟੜਤਾ ਅਤੇ 'ਅਮਰੀਕਾ ਫਸਟ' ਦੀ ਨੀਤੀ ਨੇ ਪ੍ਰਵਾਸੀਆਂ, ਖਾਸ ਕਰਕੇ ਭਾਰਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਭਰ ਦਿੱਤੀ ਹੈ। 71% ਲੋਕਾਂ ਦਾ ਸਮਾਜਿਕ ਸਾਂਝ ਤੋਂ ਅਸੰਤੁਸ਼ਟ ਹੋਣਾ ਇਹ ਦਰਸਾਉਂਦਾ ਹੈ ਕਿ ਅਮਰੀਕੀ ਸਮਾਜ ਵਿੱਚ ਸਹਿਣਸ਼ੀਲਤਾ ਘਟ ਰਹੀ ਹੈ। ਗ੍ਰੀਨ ਕਾਰਡ ਲਈ 30 ਤੋਂ 70 ਸਾਲ ਦਾ ਇੰਤਜ਼ਾਰ ਕਿਸੇ ਮਜ਼ਾਕ ਤੋਂ ਘੱਟ ਨਹੀਂ ਹੈ। ਇੱਕ ਪ੍ਰਤਿਭਾਸ਼ਾਲੀ ਇੰਜੀਨੀਅਰ ਜਾਂ ਡਾਕਟਰ ਆਪਣੀ ਪੂਰੀ ਜ਼ਿੰਦਗੀ ਵੀਜ਼ਾ ਦੀ ਅਨਿਸ਼ਚਿਤਤਾ (ਐਚ-1ਬੀ) ਵਿੱਚ ਨਹੀਂ ਗੁਜ਼ਾਰਨਾ ਚਾਹੁੰਦਾ। ਜਦੋਂ ਭਵਿੱਖ ਹੀ ਧੁੰਦਲਾ ਹੋਵੇ, ਤਾਂ ਕੋਈ ਉੱਥੇ ਜੜ੍ਹਾਂ ਕਿਵੇਂ ਲਗਾ ਸਕਦਾ ਹੈ?

ਅਮਰੀਕਾ ਹੁਣ 'ਸਸਤਾ' ਨਹੀਂ ਰਿਹਾ। ਇੱਕ ਬੱਚੇ ਦੀ ਪਰਵਰਿਸ਼ 'ਤੇ 2.5 ਕਰੋੜ ਰੁਪਏ ਦਾ ਖਰਚਾ ਅਤੇ ਮਹਿੰਗੀ ਸਿਹਤ ਸਹੂਲਤਾਂ ਨੇ ਮੱਧ ਵਰਗੀ ਭਾਰਤੀ ਪਰਿਵਾਰਾਂ ਦਾ ਲੱਕ ਤੋੜ ਦਿੱਤਾ ਹੈ। ਅਮਰੀਕਾ ਨੂੰ ਇਹ ਸਮਝਣ ਦੀ ਲੋੜ ਹੈ ਕਿ ਭਾਰਤੀ ਭਾਈਚਾਰਾ ਉਸ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਆਬਾਦੀ ਸਿਰਫ਼ 1.5% ਹੈ? ਟੈਕਸ ਯੋਗਦਾਨ: 6% ਆਬਾਦੀ ਦੇ ਮੁਕਾਬਲੇ ਚਾਰ ਗੁਣਾ ਵੱਧ ਹੈ। ਸਿਲੀਕਾਨ ਵੈਲੀ ਤੋਂ ਲੈ ਕੇ ਨਾਸਾ ਤੱਕ, ਭਾਰਤੀ ਦਿਮਾਗ ਦਾ ਦਬਦਬਾ ਹੈ। ਦੂਜੇ ਪਾਸੇ, ਭਾਰਤ ਹੁਣ ਸਿਰਫ਼ ਉਮੀਦਾਂ ਦਾ ਦੇਸ਼ ਨਹੀਂ, ਸਗੋਂ ਮੌਕਿਆਂ ਦਾ ਦੇਸ਼ ਬਣ ਰਿਹਾ ਹੈ। ਬੈਂਗਲੁਰੂ ਅਤੇ ਗੁੜਗਾਓਂ ਵਰਗੇ ਸ਼ਹਿਰਾਂ ਵਿੱਚ ਮਿਲ ਰਹੇ ਵਿਸ਼ਵ ਪੱਧਰੀ ਪੈਕੇਜ ਅਤੇ ਆਪਣੇ ਸੱਭਿਆਚਾਰ ਤੇ ਪਰਿਵਾਰ ਦੇ ਨੇੜੇ ਰਹਿਣ ਦੀ ਸਹੂਲਤ ਭਾਰਤੀਆਂ ਨੂੰ 'ਰਿਵਰਸ ਮਾਈਗ੍ਰੇਸ਼ਨ' (ਵਤਨ ਵਾਪਸੀ) ਲਈ ਪ੍ਰੇਰਿਤ ਕਰ ਰਹੀ ਹੈ। ਜੇਕਰ ਵਾਸ਼ਿੰਗਟਨ ਨੇ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਸਮਾਜਿਕ ਮਾਹੌਲ ਵਿੱਚ ਜਲਦ ਸੁਧਾਰ ਨਾ ਕੀਤਾ, ਤਾਂ 'ਬ੍ਰੇਨ ਡਰੇਨ' (ਦਿਮਾਗੀ ਸ਼ਕਤੀ ਦਾ ਬਾਹਰ ਜਾਣਾ) ਦਾ ਅਗਲਾ ਵੱਡਾ ਸ਼ਿਕਾਰ ਖੁਦ ਅਮਰੀਕਾ ਹੋਵੇਗਾ। ਭਾਰਤੀਆਂ ਦਾ ਅਮਰੀਕਾ ਤੋਂ ਮੋਹ ਭੰਗ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਹੁਣ ਸਿਰਫ਼ 'ਡਾਲਰ' ਹੀ ਕਾਫ਼ੀ ਨਹੀਂ, ਸਗੋਂ ਸਤਿਕਾਰ ਅਤੇ ਸਥਿਰਤਾ ਵੀ ਜ਼ਰੂਰੀ ਹੈ।

# ਪੱਛਮੀ ਏਸ਼ੀਆ ਵਿਚ 'ਬਾਰੂਦ ਦੇ ਢੇਰ' 'ਤੇ ਸ਼ਾਂਤੀ ਦੀ ਉਡੀਕ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਨਾਲ ਸੀਜ਼ਫਾਇਰ (ਜੰਗਬੰਦੀ) ਦੀ ਮਿਆਦ ਵਧਾਉਣ ਦਾ ਫੈਸਲਾ ਇੱਕ ਅਜਿਹਾ ਕੂਟਨੀਤਕ ਕਦਮ ਹੈ, ਜਿਸ ਵਿੱਚ ਸ਼ਾਂਤੀ ਦੀ ਉਮੀਦ ਦੇ ਨਾਲ-ਨਾਲ ਯੁੱਧ ਦੀ ਚਿਤਾਵਨੀ ਵੀ ਛਿਪੀ ਹੋਈ ਹੈ। ਇਹ ਘਟਨਾਕ੍ਰਮ ਦਰਸਾਉਂਦਾ ਹੈ ਕਿ ਮੌਜੂਦਾ ਅਮਰੀਕੀ ਪ੍ਰਸ਼ਾਸਨ 'ਗੱਲਬਾਤ ਅਤੇ ਦਬਾਅ' ਦੀ ਦੋਹਰੀ ਨੀਤੀ 'ਤੇ ਚੱਲ ਰਿਹਾ ਹੈ। ਰਾਸ਼ਟਰਪਤੀ ਟਰੰਪ ਨੇ ਭਾਵੇਂ ਸਿੱਧੀ ਫੌਜੀ ਕਾਰਵਾਈ ਨੂੰ ਫਿਲਹਾਲ ਟਾਲ ਦਿੱਤਾ ਹੈ, ਪਰ ਬੰਦਰਗਾਹਾਂ ਦੀ ਨਾਕਾਬੰਦੀ ਜਾਰੀ ਰੱਖ ਕੇ ਈਰਾਨ ਦੀ ਆਰਥਿਕ ਸੰਘੀ ਘੁੱਟਣ ਦੀ ਨੀਤੀ ਨੂੰ ਬਰਕਰਾਰ ਰੱਖਿਆ ਹੈ। ਈਰਾਨ ਇਸ ਨੂੰ 'ਚੁੱਪ ਬੰਬਾਰੀ' ਵਜੋਂ ਦੇਖ ਰਿਹਾ ਹੈ, ਜੋ ਕਿ ਆਉਣ ਵਾਲੇ ਦਿਨਾਂ ਵਿੱਚ ਟਕਰਾਅ ਦਾ ਮੁੱਖ ਕਾਰਨ ਬਣ ਸਕਦੀ ਹੈ। ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਦਿਲਚਸਪ ਪਹਿਲੂ ਪਾਕਿਸਤਾਨ ਦੀ ਭੂਮਿਕਾ ਹੈ। ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਦਖਲਅੰਦਾਜ਼ੀ ਇਹ ਸੰਕੇਤ ਦਿੰਦੀ ਹੈ ਕਿ ਖੇਤਰੀ ਦੇਸ਼ ਇਸ ਜੰਗ ਨੂੰ ਰੋਕਣ ਲਈ ਸਰਗਰਮ ਹਨ, ਕਿਉਂਕਿ ਕਿਸੇ ਵੀ ਵੱਡੇ ਟਕਰਾਅ ਦਾ ਸਿੱਧਾ ਅਸਰ ਗੁਆਂਢੀ ਮੁਲਕਾਂ ਦੀ ਆਰਥਿਕਤਾ 'ਤੇ ਪਵੇਗਾ। ਈਰਾਨੀ ਲੀਡਰਸ਼ਿਪ, ਖਾਸ ਕਰਕੇ ਸੰਸਦ ਦੇ ਸਪੀਕਰ ਦੇ ਸਲਾਹਕਾਰ ਦਾ ਬਿਆਨ, ਇਹ ਸਪੱਸ਼ਟ ਕਰਦਾ ਹੈ ਕਿ ਉਹ ਅਮਰੀਕਾ ਦੀਆਂ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹਨ। ਈਰਾਨ ਇਸ ਸੀਜ਼ਫਾਇਰ ਨੂੰ ਅਮਰੀਕਾ ਦੀ ਇੱਕ 'ਜੰਗੀ ਚਾਲ' ਵਜੋਂ ਦੇਖ ਰਿਹਾ ਹੈ। ਅਮਰੀਕਾ ਦਾ ਪੱਖ ਇਹ ਹੈ ਕਿ ਸੀਜ਼ਫਾਇਰ ਪ੍ਰਸਤਾਵ ਤੱਕ ਜਾਰੀ ਰਹੇਗਾ। ਈਰਾਨ ਦਾ ਪੱਖ ਹੈ ਕਿ ਹਮਲੇ ਦੀ ਤਿਆਰੀ ਲਈ ਅਮਰੀਕਾ ਨੇ ਸਮਾਂ ਲਿਆ ਹੈ। ਉਹ ਸਮਝੌਤਾ ਕਰਨ ਨੂੰ ਤਿਆਰ ਨਹੀਂ। ਪਾਕਿਸਤਾਨ ਭਾਵੇਂ ਵਿਚੋਲਗਿਰੀ ਕਰ ਰਿਹਾ ਪਰ ਈਰਾਨ ਅਮਰੀਕਾ ਦੀਆਂ ਸ਼ਰਤਾਂ ਮੰਨਣ ਨੂੰ ਤਿਆਰ ਨਹੀਂ। ਅਗਲੇ ਕੁਝ ਦਿਨ ਬੇਹੱਦ ਨਾਜ਼ੁਕ ਹਨ। ਜੇਕਰ ਈਰਾਨ ਵੱਲੋਂ ਕੋਈ ਠੋਸ ਅਤੇ ਸਵੀਕਾਰਯੋਗ ਪ੍ਰਸਤਾਵ ਨਹੀਂ ਆਉਂਦਾ, ਤਾਂ ਪੱਛਮੀ ਏਸ਼ੀਆ ਵਿੱਚ ਫੌਜੀ ਟਕਰਾਅ ਦੀ ਸੰਭਾਵਨਾ ਹੋਰ ਪ੍ਰਬਲ ਹੋ ਜਾਵੇਗੀ। ਟਰੰਪ ਪ੍ਰਸ਼ਾਸਨ ਨੇ ਗੇਂਦ ਹੁਣ ਈਰਾਨ ਦੇ ਪਾਲੇ ਵਿੱਚ ਸੁੱਟ ਦਿੱਤੀ ਹੈ, ਪਰ ਸਵਾਲ ਇਹ ਹੈ ਕਿ ਕੀ ਈਰਾਨ ਨਾਕਾਬੰਦੀ ਦੇ ਸਾਏ ਹੇਠ ਗੱਲਬਾਤ ਦੀ ਮੇਜ਼ 'ਤੇ ਆਵੇਗਾ?

-ਰਜਿੰਦਰ ਸਿੰਘ ਪੁਰੇਵਾਲ

# 2015 ਬੰਬ ਧਮਾਕਾ: ਵਿਦੇਸ਼ ਬੈਠੇ ਠਾਕੁਰ ਦਿਲੀਪ ਸਿੰਘ ਨੂੰ ਮੋਹਾਲੀ ਅਦਾਲਤ ਨੇ ਐਲਾਨਿਆ ਭਗੌੜਾ !

## ✪ ਇੰਟਰਪੋਲ ਦੇ ਨੋਟਿਸ ਵੀ ਰਹੇ ਬੇਅਸਰ, ਅਖੀਰ ਅਦਾਲਤ ਨੇ ਦਿਖਾਈ ਸਖਤੀ ✪ ਵਧੀਆਂ ਮੁਸ਼ਕਲਾਂ, ਜਾਇਦਾਦ ਹੋ ਸਕਦੀ ਹੈ ਕੁਰਕ।

ਖਾਸ ਖਬਰ

ਮੋਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਨਾਮਧਾਰੀ ਸੰਪ੍ਰਦਾਇ ਦੇ ਠਾਕੁਰ ਦਿਲੀਪ ਸਿੰਘ ਨੂੰ 'ਭਗੌੜਾ' ਐਲਾਨਣ ਦਾ ਫੈਸਲਾ ਦੇਰੀ ਨਾਲ ਲਿਆ ਗਿਆ ਪਰ ਇੱਕ ਦਰੁਸਤ ਕਦਮ ਹੈ। ਸਾਲ 2015 ਦੇ ਕਾਰ ਬੰਬ ਧਮਾਕੇ ਵਰਗੇ ਸੰਗੀਨ ਜੁਰਮ ਵਿੱਚ ਨਾਮਜ਼ਦ ਕਿਸੇ ਵਿਅਕਤੀ ਦਾ ਇੱਕ ਦਹਾਕੇ ਤੱਕ ਕਾਨੂੰਨ ਦੀਆਂ ਅੱਖਾਂ ਵਿੱਚ ਧੂੜ ਪਾ ਕੇ ਵਿਦੇਸ਼ ਬੈਠੇ ਰਹਿਣਾ ਭਾਰਤੀ ਜਾਂਚ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਕਾਨੂੰਨੀ ਤਾਲਮੇਲ 'ਤੇ ਕਈ ਸਵਾਲ ਖੜ੍ਹੇ ਕਰਦਾ ਹੈ।

ਕਾਰ ਬੰਬ ਧਮਾਕੇ ਵਰਗੀਆਂ ਘਟਨਾਵਾਂ ਸਿਰਫ਼ ਕਿਸੇ ਇੱਕ ਵਿਅਕਤੀ ਵਿਰੁੱਧ ਜੁਰਮ ਨਹੀਂ ਹੁੰਦੀਆਂ, ਸਗੋਂ ਇਹ ਸਮਾਜਿਕ ਸ਼ਾਂਤੀ ਅਤੇ ਰਾਸ਼ਟਰੀ ਸੁਰੱਖਿਆ ਨੂੰ ਸਿੱਧੀ ਚੁਣੌਤੀ ਹੁੰਦੀਆਂ ਹਨ। ਜਦੋਂ ਅਜਿਹੇ ਅਦਾਲਤੀ ਫ਼ੈਸਲਿਆਂ ਵਿੱਚ ਕਿਸੇ ਪ੍ਰਭਾਵਸ਼ਾਲੀ ਸੰਪ੍ਰਦਾਇ ਨਾਮਧਾਰੀ ਸੰਪਰਦਾ ਨਾਲ ਜੁੜੇ ਚਿਹਰੇ ਦਾ ਨਾਮ ਸਾਹਮਣੇ ਆਉਂਦਾ ਹੈ, ਤਾਂ ਇਨਸਾਫ਼ ਦੀ ਉਮੀਦ ਹੋਰ ਵੀ ਵਧ ਜਾਂਦੀ ਹੈ। ਪਰ ਠਾਕੁਰ ਦਿਲੀਪ ਸਿੰਘ ਦੇ ਮਾਮਲੇ ਵਿੱਚ ਇਹ ਦੇਖਣ ਨੂੰ ਮਿਲਿਆ ਕਿ 2021 ਵਿੱਚ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਅਤੇ 2023 ਵਿੱਚ ਇੰਟਰਪੋਲ ਦੇ ਰੈੱਡ ਕਾਰਨਰ ਨੋਟਿਸ ਦੇ



ਬਾਵਜੂਦ, ਉਹ ਜਾਂਚ ਏਜੰਸੀਆਂ ਦੀ ਪਹੁੰਚ ਤੋਂ ਦੂਰ ਰਿਹਾ। ਅਦਾਲਤ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਮੁਲਜ਼ਮ ਨੂੰ ਪੇਸ਼ ਹੋਣ ਲਈ ਕਈ ਵਾਰ ਮੌਕੇ ਦਿੱਤੇ ਗਏ ਸਨ, ਪਰ ਉਹ ਨਿਰਧਾਰਤ ਸਮੇਂ ਦੇ ਅੰਦਰ ਹਾਜ਼ਰ ਨਹੀਂ ਹੋਇਆ।

13 ਮਈ 2021: ਅਦਾਲਤ ਵੱਲੋਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ।

ਲੁੱਕਆਊਟ ਨੋਟਿਸ: ਦੇਸ਼ ਤੋਂ ਬਾਹਰ ਜਾਣ ਤੋਂ ਰੋਕਣ ਲਈ ਲੁੱਕਆਊਟ ਸਰਕੂਲਰ ਜਾਰੀ ਕੀਤਾ ਗਿਆ।

31 ਦਸੰਬਰ 2022: ਸੀਬੀਆਈ ਨੇ ਇਸ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਕੀਤੀ।

ਦਸੰਬਰ 2023: ਅੰਤਰਰਾਸ਼ਟਰੀ ਪੱਧਰ 'ਤੇ ਸ਼ਿਕੰਜਾ ਕੱਸਣ ਲਈ ਇੰਟਰਪੋਲ ਰਾਹੀਂ 'ਰੈੱਡ ਕਾਰਨਰ ਨੋਟਿਸ' ਵੀ ਜਾਰੀ ਕੀਤਾ ਗਿਆ।

ਠਾਕੁਰ ਦਿਲੀਪ ਸਿੰਘ ਦੇ ਭਗੌੜਾ ਐਲਾਨੇ ਜਾਣ ਤੋਂ ਬਾਅਦ ਹੁਣ ਇਸ ਮਾਮਲੇ ਵਿੱਚ ਅੱਗੇ ਦੀ ਕਾਨੂੰਨੀ ਕਾਰਵਾਈ ਦਾ ਰਸਤਾ ਸਾਫ਼ ਹੋ ਗਿਆ ਹੈ। ਅਦਾਲਤ ਨੇ ਮੰਨਿਆ ਹੈ ਕਿ ਮੁਲਜ਼ਮ ਦਾ ਫਰਾਰ ਹੋਣਾ ਇਨਸਾਫ਼ ਦੀ ਪ੍ਰਕਿਰਿਆ ਵਿੱਚ ਵੱਡੀ ਰੁਕਾਵਟ ਪੈਦਾ ਕਰ ਰਿਹਾ ਸੀ। ਹੁਣ ਜਾਂਚ ਏਜੰਸੀਆਂ ਉਸ ਦੀ ਜਾਇਦਾਦ ਕੁਰਕ ਕਰਨ ਵਰਗੇ ਅਗਲੇ ਸਖ਼ਤ ਕਦਮ ਚੁੱਕ ਸਕਦੀਆਂ ਹਨ।

ਅਦਾਲਤ ਦਾ ਇਹ ਸਖ਼ਤ ਰੁਖ਼ ਇਹ ਸੁਨੇਹਾ ਦਿੰਦਾ ਹੈ ਕਿ ਕੋਈ ਵੀ ਵਿਅਕਤੀ, ਚਾਹੇ ਉਹ ਕਿੰਨਾ ਵੀ ਵੱਡਾ ਰੁਤਬਾ ਕਿਉਂ ਨਾ ਰੱਖਦਾ ਹੋਵੇ, ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਤੋਂ ਉੱਪਰ ਨਹੀਂ ਹੋ ਸਕਦਾ। ਧਾਰਮਿਕ ਜਾਂ ਸਮਾਜਿਕ ਅਹੁਦਿਆਂ ਦੀ ਆੜ ਵਿੱਚ ਅਪਰਾਧਿਕ ਜ਼ਿੰਮੇਵਾਰੀ ਤੋਂ ਬਚਣ ਦੀ ਪ੍ਰਵਿਰਤੀ ਲੋਕਤੰਤਰ ਲਈ ਘਾਤਕ ਹੈ।

ਹੁਣ ਜਦੋਂ ਅਦਾਲਤ ਨੇ ਕਾਨੂੰਨੀ ਪ੍ਰਕਿਰਿਆਵਾਂ ਪੂਰੀਆਂ ਕਰਕੇ ਉਸ ਨੂੰ ਭਗੌੜਾ ਐਲਾਨ ਦਿੱਤਾ ਹੈ, ਤਾਂ ਕੇਂਦਰੀ ਜਾਂਚ ਏਜੰਸੀਆਂ ਅਤੇ ਵਿਦੇਸ਼ ਮੰਤਰਾਲੇ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਸਿਰਫ਼ ਕਾਗਜ਼ੀ ਕਾਰਵਾਈ ਜਾਂ ਨੋਟਿਸਾਂ ਨਾਲ ਗੱਲ ਨਹੀਂ ਬਣਨੀ; ਲੋੜ ਹੈ ਕਿ ਡਿਪਲੋਮੈਟਿਕ ਚੈਨਲਾਂ ਰਾਹੀਂ ਅਜਿਹੇ ਅਨਸਰਾਂ ਨੂੰ ਵਾਪਸ ਲਿਆ ਕੇ ਮੁਕੱਦਮੇ ਦਾ ਸਾਹਮਣਾ ਕਰਵਾਇਆ ਜਾਵੇ।

ਇਨਸਾਫ਼ ਵਿੱਚ ਹੋ ਰਹੀ ਦੇਰੀ ਨਾ ਸਿਰਫ਼ ਪੀੜਤਾਂ ਦੇ ਜ਼ਖ਼ਮਾਂ ਨੂੰ ਹਰਾ ਰੱਖਦੀ ਹੈ, ਸਗੋਂ ਅਪਰਾਧਿਕ ਮਾਨਸਿਕਤਾ ਵਾਲੇ ਲੋਕਾਂ ਦੇ ਹੌਂਸਲੇ ਵੀ ਬੁਲੰਦ ਕਰਦੀ ਹੈ। ਠਾਕੁਰ ਦਿਲੀਪ ਸਿੰਘ ਦਾ ਭਗੌੜਾ ਐਲਾਨਿਆ ਜਾਣਾ ਇਸ ਗੁੰਝਲਦਾਰ ਮਾਮਲੇ ਦੇ ਨਿਪਟਾਰੇ ਦੀ ਦਿਸ਼ਾ ਵਿੱਚ ਇੱਕ ਸ਼ੁਰੂਆਤ ਮਾਤਰ ਹੈ, ਅਸਲ ਜਿੱਤ ਉਦੋਂ ਹੋਵੇਗੀ ਜਦੋਂ ਅਦਾਲਤ ਪੂਰਾ ਇਨਸਾਫ ਕਰੇਗੀ। ਪੀੜਤ ਧਿਰ ਸਤੁੰਸ਼ਟ ਹੋਵੇਗੀ।

✪ ✪ ✪

## ਕੀ ਹੈ ਪੂਰਾ ਮਾਮਲਾ ?

4 ਦਸੰਬਰ 2015 ਵਿੱਚ, ਹਾਲੋ ਮਾਜਰਾ (ਚੰਡੀਗੜ੍ਹ) ਦੇ ਨੇੜੇ ਇੱਕ ਕਾਰ ਵਿੱਚ ਜ਼ਬਰਦਸਤ ਬੰਬ ਧਮਾਕਾ ਹੋਇਆ ਸੀ। ਇਹ ਕਾਰ ਬੰਬ ਧਮਾਕਾ ਕੋਈ ਸਾਧਾਰਨ ਅਪਰਾਧ ਨਹੀਂ ਸੀ, ਸਗੋਂ ਇਹ ਨਾਮਧਾਰੀ ਸੰਪ੍ਰਦਾਇ ਦੇ ਅੰਦਰੂਨੀ ਕਲੇਸ਼ ਅਤੇ ਗੱਦੀ ਦੀ ਜੰਗ ਦਾ ਇੱਕ ਖ਼ੌਫ਼ਨਾਕ ਹਿੱਸਾ ਸੀ। ਇੱਕ ਚਲਦੀ ਕਾਰ ਵਿੱਚ ਆਈ.ਈ.ਡੀ. ਰਾਹੀਂ ਜ਼ਬਰਦਸਤ ਧਮਾਕਾ ਕੀਤਾ ਗਿਆ ਸੀ। ਇਸ ਧਮਾਕੇ ਵਿੱਚ ਕਾਰ ਦੇ ਪਰਖੱਚੇ ਉੱਡ ਗਏ ਸਨ। ਇਹ ਧਮਾਕਾ ਨਾਮਧਾਰੀ ਸੰਪ੍ਰਦਾਇ ਦੇ ਇੱਕ ਅਹਿਮ ਮੈਂਬਰ ਅਤੇ ਉਹਨਾਂ ਦੇ ਸਾਥੀਆਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ।

ਖੁਸ਼ਕਿਸਮਤੀ ਨਾਲ, ਇਸ ਵਿੱਚ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ, ਪਰ ਇਸ ਨੇ ਪੂਰੇ ਪੰਜਾਬ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਸੀ। ਸੀਬੀਆਈ ਦੀ ਜਾਂਚ ਵਿੱਚ ਇਹ ਦੋਸ਼ ਲਾਇਆ ਗਿਆ ਕਿ ਇਸ ਸਾਜ਼ਿਸ਼ ਦੇ ਪਿੱਛੇ ਮੁੱਖ ਦਿਮਾਗ ਠਾਕੁਰ ਦਿਲੀਪ ਸਿੰਘ ਦਾ ਸੀ। ਜਾਂਚ ਏਜੰਸੀ ਅਨੁਸਾਰ, ਇਸ ਧਮਾਕੇ ਦੀ ਪੂਰੀ ਪਲੈਨਿੰਗ ਅਤੇ ਫੰਡਿੰਗ ਵਿੱਚ ਉਹਨਾਂ ਦਾ ਹੱਥ ਸੀ। ਜਦੋਂ ਜਾਂਚ ਤੇਜ਼ ਹੋਈ, ਤਾਂ ਉਹ ਭਾਰਤ ਛੱਡ ਕੇ ਵਿਦੇਸ਼ ਫਰਾਰ ਹੋ ਗਏ।

# ਠਾਕੁਰ ਦਲੀਪ ਸਿੰਘ ਦਾ ਸਿੱਖ ਪੰਥ ਨਾਲ ਕੀ ਟਕਰਾਅ ਹੈ

ਠਾਕੁਰ ਦਿਲੀਪ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਵਿਚਾਲੇ ਵਿਵਾਦ ਕਾਫ਼ੀ ਪੁਰਾਣਾ ਅਤੇ ਸਿਧਾਂਤਕ ਹੈ। ਹਾਲਾਂਕਿ ਉਹ ਨਾਮਧਾਰੀ ਸੰਪ੍ਰਦਾਇ ਦੇ ਇੱਕ ਧੜੇ ਦੇ ਮੁਖੀ ਹਨ, ਪਰ ਉਹਨਾਂ ਦੀਆਂ ਕੁਝ ਗਤੀਵਿਧੀਆਂ ਅਤੇ ਬਿਆਨਾਂ ਕਾਰਨ ਸਿੱਖ ਪੰਥ ਅਤੇ ਅਕਾਲ ਤਖ਼ਤ ਸਾਹਿਬ ਨਾਲ ਉਹਨਾਂ ਦਾ ਟਕਰਾਅ ਬਣਿਆ ਹੋਇਆ ਹੈ।

ਠਾਕੁਰ ਦਿਲੀਪ ਸਿੰਘ ਨੇ ਇੱਕ ਸਮਾਗਮ ਦੌਰਾਨ ਕਥਿਤ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਮੰਨਣ ਦੀ ਬਜਾਏ ਕੇਵਲ ਇੱਕ 'ਪੁਸਤਕ' ਜਾਂ 'ਧਰਮ ਗ੍ਰੰਥ' ਕਹਿ ਕੇ ਸੰਬੋਧਨ ਕੀਤਾ ਸੀ। ਉਹਨਾਂ ਦਾ ਤਰਕ ਸੀ ਕਿ ਗੁਰੂ ਕੇਵਲ 'ਦੇਹਧਾਰੀ' (ਜੀਵਤ ਮਨੁੱਖ) ਹੀ ਹੋ ਸਕਦਾ ਹੈ। ਸਿੱਖ ਧਰਮ ਦਾ ਬੁਨਿਆਦੀ ਸਿਧਾਂਤ "ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ਹੈ।

ਜਦੋਂ ਉਹਨਾਂ ਨੇ ਗੁਰੂ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦਿੱਤੀ, ਤਾਂ ਇਸ ਨੂੰ ਸਿੱਖਾਂ ਦੀ ਆਸਥਾ 'ਤੇ ਸਿੱਧਾ ਹਮਲਾ ਮੰਨਿਆ ਗਿਆ। ਇਸ ਬਿਆਨ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਉਹਨਾਂ ਵਿਰੁੱਧ ਸਖ਼ਤ ਮੋਰਚਾ ਖੋਲ੍ਹਿਆ ਸੀ।

ਉਹਨਾਂ ਨੂੰ 'ਪੰਥ ਵਿਰੋਧੀ' ਗਤੀਵਿਧੀਆਂ ਵਿੱਚ ਸ਼ਾਮਲ ਮੰਨਿਆ ਗਿਆ। ਹਾਲਾਂਕਿ ਬਾਅਦ ਵਿੱਚ ਉਹਨਾਂ ਦੇ ਸਮਰਥਕਾਂ ਵੱਲੋਂ ਇਹ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਉਹਨਾਂ ਦੇ ਬਿਆਨ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਪਰ ਸਿੱਖ ਜਗਤ ਵਿੱਚ ਇਹ ਧਾਰਨਾ ਪੱਕੀ ਹੋ ਗਈ ਕਿ ਉਹ ਦੇਹਧਾਰੀ ਗੁਰੂਡੰਮ ਨੂੰ ਸਥਾਪਿਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ ਨੂੰ ਘਟਾ ਕੇ ਦੇਖਦੇ ਹਨ।

ਠਾਕੁਰ ਦਿਲੀਪ ਸਿੰਘ 'ਤੇ ਅਕਸਰ ਇਹ ਦੋਸ਼ ਲੱਗਦੇ ਹਨ ਕਿ ਉਹ ਸਿੱਖਾਂ ਦੀ ਪ੍ਰਮਾਣਿਤ ਅਰਦਾਸ ਅਤੇ ਮਰਯਾਦਾ ਵਿੱਚ ਬਦਲਾਅ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਵੱਲੋਂ ਨਾਮਧਾਰੀ ਮਰਯਾਦਾ ਨੂੰ ਸਿੱਖ ਮਰਯਾਦਾ ਦੇ ਬਰਾਬਰ ਜਾਂ ਉਸ ਤੋਂ ਵੱਖਰੇ ਤਰੀਕੇ ਨਾਲ ਪ੍ਰਚਾਰਨਾ ਸਿੱਖ ਸੰਸਥਾਵਾਂ ਨੂੰ ਪ੍ਰਵਾਨ ਨਹੀਂ ਹੈ।

ਠਾਕੁਰ ਦਿਲੀਪ ਸਿੰਘ ਅਕਸਰ ਅਜਿਹੇ ਬਿਆਨ ਦਿੰਦੇ ਹਨ ਜਿੱਥੇ ਉਹ ਸਿੱਖ ਧਰਮ ਅਤੇ ਹਿੰਦੂ ਧਰਮ ਦੀਆਂ ਰੀਤਾਂ ਨੂੰ ਮਿਲਾਉਣ ਦੀ ਗੱਲ ਕਰਦੇ ਹਨ (ਜਿਵੇਂ ਕਿ ਮੂਰਤੀ ਪੂਜਾ ਜਾਂ ਹਵਨ ਆਦਿ ਵਿੱਚ ਸ਼ਮੂਲੀਅਤ)।

ਅਕਾਲ ਤਖ਼ਤ ਸਾਹਿਬ ਅਤੇ ਸਿੱਖ ਵਿਦਵਾਨਾਂ ਅਨੁਸਾਰ ਸਿੱਖ ਧਰਮ ਦੀ ਇੱਕ ਵੱਖਰੀ ਪਛਾਣ ਹੈ ('ਨਿਆਰਾਪਨ'), ਅਤੇ ਇਸ ਨੂੰ ਕਿਸੇ ਹੋਰ ਧਰਮ ਵਿੱਚ ਮਿਲਾਉਣ ਦੀ ਕੋਸ਼ਿਸ਼ ਕਰਨਾ ਪੰਥਕ ਵਿਰੋਧ ਦਾ ਕਾਰਨ ਬਣਦਾ ਹੈ।

ਸਿੱਖ ਜਥੇਬੰਦੀਆਂ ਦਾ ਇੱਕ ਵੱਡਾ ਇਤਰਾਜ਼ ਇਹ ਵੀ ਹੈ ਕਿ ਠਾਕੁਰ ਦਿਲੀਪ ਸਿੰਘ ਦੀ ਆਰ.ਐਸ.ਐਸ. ਅਤੇ ਭਾਜਪਾ ਦੇ ਆਗੂਆਂ ਨਾਲ ਕਾਫ਼ੀ ਨੇੜਤਾ ਹੈ। ਸਿੱਖ ਪੰਥ ਦੇ ਕਈ ਹਿੱਸੇ ਇਸ ਨੂੰ ਸਿੱਖੀ ਦੇ ਅੰਦਰੂਨੀ ਮਾਮਲਿਆਂ ਵਿੱਚ ਬਾਹਰੀ ਦਖਲਅੰਦਾਜ਼ੀ ਵਜੋਂ ਦੇਖਦੇ ਹਨ।

ਵੱਖ-ਵੱਖ ਸਮਿਆਂ 'ਤੇ ਠਾਕੁਰ ਦਿਲੀਪ ਸਿੰਘ ਦੀਆਂ ਗਤੀਵਿਧੀਆਂ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਪਹੁੰਚਦੀਆਂ ਰਹੀਆਂ ਹਨ। ਪੰਜ ਸਿੰਘ ਸਾਹਿਬਾਨ ਨੇ ਕਈ ਵਾਰ ਉਹਨਾਂ ਦੇ ਪ੍ਰੋਗਰਾਮਾਂ ਵਿੱਚ ਸਿੱਖਾਂ ਨੂੰ ਸ਼ਾਮਲ ਨਾ ਹੋਣ ਦੀ ਹਦਾਇਤ ਵੀ ਦਿੱਤੀ ਹੈ।

ਅਕਾਲ ਤਖ਼ਤ ਸਾਹਿਬ ਦਾ ਸਪੱਸ਼ਟ ਮੰਨਣਾ ਹੈ ਕਿ ਕੋਈ ਵੀ ਵਿਅਕਤੀ ਗੁਰੂ ਸਾਹਿਬਾਨ ਦੇ ਬਰਾਬਰ ਆਪਣੀ ਸ਼ਖਸੀਅਤ ਨੂੰ ਨਹੀਂ ਉਭਾਰ ਸਕਦਾ।

ਠਾਕੁਰ ਦਿਲੀਪ ਸਿੰਘ ਦਾ ਵਿਵਾਦ ਸਿਰਫ਼ ਕਾਨੂੰਨੀ (ਕਾਰ ਬੰਬ ਧਮਾਕਾ) ਹੀ ਨਹੀਂ ਹੈ, ਸਗੋਂ ਧਾਰਮਿਕ ਵੀ ਹੈ। ਇੱਕ ਪਾਸੇ ਉਹ ਨਾਮਧਾਰੀ ਸੰਪ੍ਰਦਾਇ ਦੇ ਅੰਦਰ ਸੱਤਾ ਦੀ ਲੜਾਈ ਲੜ ਰਹੇ ਹਨ (ਠਾਕੁਰ ਉਦੇ ਸਿੰਘ ਨਾਲ ਵਿਵਾਦ), ਅਤੇ ਦੂਜੇ ਪਾਸੇ ਉਹਨਾਂ ਦੇ ਸਿਧਾਂਤਕ ਵਿਚਾਰਾਂ ਕਾਰਨ ਅਕਾਲ ਤਖ਼ਤ ਸਾਹਿਬ ਅਤੇ ਸਮੁੱਚੇ ਸਿੱਖ ਪੰਥ ਨਾਲ ਉਹਨਾਂ ਦੀ ਦੂਰੀ ਬਣੀ ਹੋਈ ਹੈ। ਅਦਾਲਤ ਵੱਲੋਂ ਹੁਣ ਉਹਨਾਂ ਨੂੰ 'ਭਗੌੜਾ' ਐਲਾਨਣਾ ਉਹਨਾਂ ਦੀਆਂ ਮੁਸ਼ਕਲਾਂ ਵਿੱਚ ਹੋਰ ਵੱਡਾ ਵਾਧਾ ਕਰੇਗਾ।

○ ○ ○

# ਗ੍ਰੇਵਜ਼ੈਂਡ ਵਿਖੇ ਖ਼ਾਲਸਾ ਸਾਜਨਾ ਦਿਵਸ ਸਬੰਧੀ ਨਗਰ ਕੀਰਤਨ ਸਜਾਇਆ ਗਿਆ






ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਇਲਾਕੇ ਕੈਂਟ ਦੇ ਸ਼ਹਿਰ ਗ੍ਰੇਵਜ਼ੈਂਡ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਵੱਲੋਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਵਿਸ਼ੇਸ਼ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਇਲਾਕੇ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਏ ਗਏ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਅਤੇ ਪੰਜ ਨਿਸ਼ਾਨਚੀ ਕਰ ਰਹੇ ਸਨ। ਗਿਆਨੀ ਮਾਹਲਾ ਸਿੰਘ ਨੇ ਅਰਦਾਸ ਕੀਤੀ ਅਤੇ ਗੁਰਬਾਣੀ ਕੀਰਤਨ ਕਰਦਿਆਂ ਟਾਊਨ ਹਾਲ ਸਮੇਤ ਵੱਖ-ਵੱਖ ਥਾਂਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਸਮਾਪਤ ਹੋਇਆ।

ਰਸਤਿਆਂ ਵਿੱਚ ਸੰਗਤਾਂ ਨੇ ਲੰਗਰ ਲਗਾਏ ਹੋਏ ਸਨ। ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ। ਸਮਾਪਤੀ ਉਪਰੰਤ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿੱਚ ਧਾਰਮਿਕ ਮੇਲੇ ਦਾ ਆਯੋਜਨ ਕੀਤਾ ਗਿਆ। ਜਿਸ ਮੌਕੇ ਮੁੱਖ ਸੇਵਾਦਾਰ ਇੰਦਰਪਾਲ ਸਿੰਘ ਸੱਲ ਪਲਾਹੀ, ਜਨਰਲ ਸਕੱਤਰ ਦਵਿੰਦਰ ਸਿੰਘ ਭਿੰਦਾ ਮੁਠੱਡਾ, ਸਥਾਨਿਕ ਮੇਅਰ, ਐਮ ਪੀ ਡਾ: ਲੌਰੇਨ ਸੁਲੀਵਾਨ, ਲੈਫ਼ਟੀਨੈਂਟ ਗੁਰਿੰਦਰ ਸੰਧਰ, ਐਮ ਪੀ ਤਨਮਨਜੀਤ ਸਿੰਘ ਢੇਸੀ, ਪੁਲਿਸ ਮੁਖੀ ਸਮੇਤ ਹੋਰ ਸ਼ਖ਼ਸੀਅਤਾਂ ਨੇ ਸੰਬੋਧਨ ਕਰਦਿਆਂ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਸਥਾਨਿਕ ਐਮ ਪੀ ਡਾ: ਲੌਰੇਨ ਸੁਲੀਵਾਨ ਅਤੇ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਸਰਕਾਰ ਪਾਸੋਂ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆ ਦੀ ਭੂਮਿਕਾ ਦੀ ਨਿਰਪੱਖ ਜਾਂਚ ਦੀ ਮੰਗ ਦੀ ਹਮਾਇਤ ਕਰਨ ਦੀ ਗੱਲ ਮੁੜ ਦੁਹਰਾਈ ਹੈ।



ਉਪਰੰਤ ਸਜੇ ਦੀਵਾਨਾਂ ਵਿੱਚ ਕਵਿਸ਼ਰੀ ਜੱਥੇ ਅਤੇ ਢਾਡੀ ਜੱਥਿਆਂ ਨੇ ਗੁਰ ਇਤਿਹਾਸ ਅਤੇ ਯੋਧਿਆਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਕਾਰਵਾਈ ਭਿੰਦਾ ਮੁਠੱਡਾ ਨੇ ਨਿਭਾਈ।

ਇਸ ਮੌਕੇ ਇੰਦਰਪ੍ਰੀਤ ਕੌਰ, ਜਗਜੀਤ ਸਿੰਘ, ਨਰਿੰਦਰਜੀਤ ਸਿੰਘ ਥਾਂਦੀ, ਸੋਹਣ ਸਿੰਘ ਭੱਟੀ, ਅਜੈਬ ਸਿੰਘ ਚੀਮਾ, ਨਾਨਕ ਸਿੰਘ, ਜਗਦੇਵ ਸਿੰਘ ਵਿਰਦੀ, ਮਨਜੀਤ ਸਿੰਘ ਛੱਤਰਾ, ਕੁਲਦੀਪ ਸਿੰਘ, ਨਿਰਮਲ ਸਿੰਘ, ਕਿਰਨ ਕੌਰ, ਤੇਜਿੰਦਰਜੀਤ ਕੌਰ, ਬਹਾਦਰ ਸਿੰਘ ਰਟੈਲਾ, ਅਵਤਾਰ ਸਿੰਘ ਮੋਰਾਂਵਾਲੀ, ਸ਼ਿੰਦਾ ਸਿੰਘ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ, ਰਸ਼ਪਾਲ ਸਿੰਘ ਪਾਲਾ ਸਹੋਤਾ, ਕੁਲਵਿੰਦਰ ਸਿੰਘ ਸਹੋਤਾ, ਸਮੀਰ ਜੱਸਲ ਆਦਿ ਸਮੇਤ ਸਮੂਹ ਪ੍ਰਬੰਧਕ ਕਮਟੀ ਅਤੇ ਗੁਰੂ ਨਾਨਕ ਸਪੋਰਟਸ ਕਲੱਬ ਦੇ ਸੇਵਾਦਾਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ।

ਐਤਵਾਰ ਨੂੰ ਭੋਗ ਉਪਰੰਤ ਗੁਰਦੁਆਰਾ ਸਾਹਿਬ ਵਿੱਚ ਬਤੌਰ ਗ੍ਰੰਥੀ ਲੰਮੇਂ ਸਮੇਂ ਤੋਂ ਸੇਵਾਵਾਂ ਕਰਨ ਵਾਲੇ ਸ: ਮਾਲ੍ਹਾ ਸਿੰਘ ਅਤੇ ਉਹਨਾਂ ਦੇ ਪ੍ਰੀਵਾਰ ਦਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

***ਨੋਟ:- ਹੋਰ ਤਸਵੀਰਾਂ, ਮੁੱਖ ਪੰਨਾ ਅਤੇ ਆਖਰੀ ਪੰਨੇ 'ਤੇ***

# ਈਲਿੰਗ ਕੌਂਸਲ ਚੋਣਾਂ ਵਿੱਚ 70 ਸੀਟਾਂ ਲਈ 363 ਉਮੀਦਵਾਰ ਮੈਦਾਨ ਵਿੱਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 7 ਮਈ ਨੂੰ ਹੋਣ ਵਾਲੀਆਂ ਕੌਂਸਲ ਚੋਣਾਂ ਵਿੱਚ ਲੰਡਨ ਦੀਆਂ 32 ਬਾਰੋ ਵਿੱਚੋਂ ਈਲਿੰਗ ਕੌਂਸਲ ਦੇ 24 ਵਾਰਡਾਂ ਦੀਆਂ 70 ਸੀਟਾਂ ਲਈ 363 ਉਮੀਦਵਾਰ ਮੈਦਾਨ ਵਿੱਚ ਹਨ। ਜਿਹਨਾਂ ਵਿੱਚੋਂ ਲੇਬਰ ਪਾਰਟੀ ਵੱਲੋਂ 70, ਲਿਬਰਲ ਡੈਮੋਕ੍ਰੇਟਿਕ ਪਾਰਟੀ ਵੱਲੋਂ 69, ਰਿਫੌਰਮ ਯੂ ਕੇ ਵੱਲੋਂ 61, ਗਰੀਨ ਪਾਰਟੀ ਵੱਲੋਂ 54, ਈਲਿੰਗ ਕਮਿਊਨਿਟੀ ਇੰਡੀਪੈਂਡਿੰਟਸ ਵੱਲੋਂ 26, ਰੀਜੋਇਨ ਈ ਯੂ ਵੱਲੋਂ 5, ਅਜ਼ਾਦ 4 ਅਤੇ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਵੱਲੋਂ ਇੱਕ ਉਮੀਦਵਾਰ ਮੈਦਾਨ ਵਿੱਚ ਹੈ। ਇਹਨਾਂ ਵਿੱਚੋਂ ਸਾਊਥਾਲ ਗਰੀਨ ਤੋਂ ਮੌਜੂਦਾ ਲੀਡਰ ਪੀਟਰ ਮੇਸਨ ਤੋਂ ਇਲਾਵਾ ਲੇਬਰ ਪਾਰਟੀ ਦੀ ਜਸਬੀਰ ਕੌਰ ਅਨੰਦ, ਕਮਲਜੀਤ ਸਿੰਘ ਢੀਂਡਸਾ, ਅਜ਼ਾਦ ਉਮੀਦਵਾਰ ਸਵਰਨ ਸਿੰਘ ਪੱਡਾ, ਕੰਜ਼ਰਵੇਟਿਵ ਵੱਲੋਂ ਸਾਬੀਕੋਨ ਨਾਹਰ, ਈਲਿੰਗ ਕਮਿਊਨਿਟੀ ਇੰਡੀਪੈਂਡੈਂਟਸ ਦੇ ਮਿੰਨੀ ਕੁਮਾਰੀ ਡੋਗਰਾ, ਜੋਅ ਭੰਗੂ, ਜਤਿੰਦਰ ਰਾਜਪੂਤ, ਰੀਫੌਰਮ ਯੂ ਕੇ ਵੱਲੋਂ ਕਮਲਜੀਤ ਤੰਬੜ, ਸੈਂਟਰਲ ਗਰੀਨ ਤੋਂ ਲੇਬਰ ਪਾਰਟੀ ਵੱਲੋਂ ਸੰਜੇ ਕੁਮਾਰ ਕੋਹਲੀ, ਡੌਰਮਰਸ ਵੈਲਸ ਤੋਂ ਲੇਬਰ ਪਾਰਟੀ ਦੇ ਕੰਵਲ ਕੌਰ ਬੈਂਸ ਅਤੇ ਰਣਜੀਤ ਲਾਲ ਧੀਰ, ਈਲਿੰਗ ਕਮਿਊਨਿਟੀ ਇੰਡੀਪੈਂਡੈਂਟਸ ਦੇ ਰਾਜ ਗਿੱਲ, ਈਲਿੰਗ ਬਰਾਡਵੇਅ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਸੀਮਾ ਕੁਮਾਰ, ਈਲਿੰਗ ਕਾਮਨ ਤੋਂ ਰੀਫੌਰਮ ਯੂ ਕੇ ਵੱਲੋਂ ਜੈ ਧਵਨ, ਲੇਬਰ ਵੱਲੋਂ ਮਹਿੰਦਰ ਕੌਰ ਮਿੱਡਾ, ਲਿਬਰਲ ਡੈਮੋਕ੍ਰੇਟਿਕ ਵੱਲੋਂ ਲਖਬੀਰ ਸਿੰਘ, ਗਰੀਨਫੋਰਡ ਬਰਾਡਵੇਅ ਤੋਂ ਲੇਬਰ ਦੀ ਹਰਭਜਨ ਕੌਰ ਧੀਰ, ਰੀਫੌਰਮ ਯੂ ਕੇ ਵੱਲੋਂ ਜੋਤੀ ਸਤਨਾਮ, ਲੇਡੀ ਮਾਰਗਟੇਟ ਤੋਂ ਰੀਫੌਰਮ ਯੂ ਕੇ ਵੱਲੋਂ ਗੁਲਸ਼ਨ ਆਹਲੂਵਾਲੀਆ, ਲੇਬਰ ਵੱਲੋਂ ਕਰਮ ਚੰਦ ਮੋਹਨ, ਪ੍ਰਵੀਨ ਕਮਲੇਸ਼ ਅਨੰਦ, ਅਜ਼ਾਦ ਉਮੀਦਵਾਰ ਗੁਰਪ੍ਰੀਤ ਸਿੰਘ ਸਹੋਤਾ, ਨੌਰਥ ਐਕਟਨ ਤੋਂ ਲੇਬਰ ਪਾਰਟੀ ਵੱਲੋਂ ਗੁਨੀਤ ਸਿੰਘ ਮਲਿਕ, ਰੀਜੋਆਇਨ ਈ ਯੂ ਵੱਲੋਂ ਕਮਲੇਸ਼ ਮਹਿਤਾ, ਨੌਰਥ ਗਰੀਨਫੋਰਡ ਤੋਂ ਲੇਬਰ ਪਾਰਟੀ ਵੱਲੋਂ ਅਮਰਜੀਤ ਕੌਰ ਜੰਮੂ, ਸ਼ੀਤਲ ਵੇਦ ਪ੍ਰਕਾਸ਼ ਮੈਨਰੋ, ਕੰਜ਼ਰਵੇਟਿਵ ਵੱਲੋਂ ਅਜੇ ਰੋਏ, ਨੌਰਥ ਹੈਨਵਲ ਤੋਂ ਟਰੇਡ ਯੂਨੀਅਨਿਸਟ ਐਂਡ ਸ਼ੋਸ਼ਲਿਸਟ ਕੋਲੀਸ਼ਨ ਵੱਲੋਂ ਟੋਨੀ ਗਿੱਲ, ਨੌਰਥ ਫੀਲਡ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਅਨੀਤਾ ਕਪੂਰ, ਨੌਰਵੁੱਡ ਗਰੀਨ ਤੋਂ ਲੇਬਰ ਪਾਰਟੀ ਦੇ ਜੈਗ ਸੰਘੇੜਾ, ਤ੍ਰਿਪਤ ਸਿੱਧੂ, ਈਲਿੰਗ ਕਮਿਊਨਿਟੀ ਇੰਡੀਪੈਂਡਿੰਟਸ ਦੇ ਹੈਪੀ ਸਿੰਘ ਧਾਲੀਵਾਲ, ਪੈਰੀਵੇਲ ਤੋਂ ਚਰਨ ਬਾਲਾ ਸ਼ਰਮਾਂ, ਸਾਊਥਾਲ ਬਰਾਡਵੇਅ ਤੋਂ ਕੰਜ਼ਰਵੇਟਿਵ ਪਾਰਟੀ ਦੇ ਦਰਸ਼ਨ ਸਿੰਘ ਭਿੰਡਰ, ਲੇਬਰ ਦੀ ਕਮਲਜੀਤ ਕੌਰ ਨਾਗਪਾਲ, ਸਾਊਥਾਲ ਵੈਸਟ ਤੋਂ ਈਲਿੰਗ ਕਮਿਊਨਿਟੀ ਇੰਡੀਪੈਂਡੈਂਟਸ ਵੱਲੋਂ ਸੁੱਖੀ ਫਲੌਰੀਆ, ਗਰੀਨ ਪਾਰਟੀ ਦੇ ਗੁਰਪਾਲ ਕੁਲਾਰ, ਲੇਬਰ ਪਾਰਟੀ ਦੀ ਕਿੰਮ ਕੌਰ ਨਾਗਪਾਲ, ਵਾਲਪੋਲ ਤੋਂ ਕੰਜ਼ਰਵੇਟਿਵ ਪਾਰਟੀ ਦੀ ਅਨੂੰ ਖੇਲਾ, ਲੇਬਰ ਪਾਰਟੀ ਦੇ ਬਿੰਦਾ ਰਾਏ ਉਮੀਦਵਾਰ ਹਨ।



ਈਲਿੰਗ ਅਤੇ ਸਾਊਥਾਲ ਤੋਂ ਵੱਖ ਵੱਖ ਪਾਰਟੀਆਂ ਲਈ ਚੋਣਾਂ ਲੜ੍ਹ ਰਹੇ ਉਮੀਦਵਾਰ

## 80 ਸਾਲਾ ਬਲਦੇਵ ਸਿੰਘ ਬੈਂਸ 26 ਅਪਰੈਲ ਨੂੰ ਪਹਿਲੀ ਲੰਡਨ ਮੈਰਾਥਨ ਦੌੜੇਗਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 26 ਅਪ੍ਰੈਲ ਨੂੰ ਲੰਡਨ ਵਿੱਚ ਹੋਣ ਜਾ ਰਹੀ ਮੈਰਾਥਨ ਵਿੱਚ ਗੜ੍ਹਸ਼ੰਕਰ ਦੇ ਪਿੰਡ ਥਾਣਾ ਦੇ ਜੰਮਪਲ 80 ਸਾਲਾ ਬਲਦੇਵ ਸਿੰਘ ਬੈਂਸ ਪਹਿਲੀ ਵਾਰ ਹਿੱਸਾ ਲੈ ਰਹੇ ਹਨ। ਸ: ਬੈਂਸ ਨੇ ਕਿਹਾ ਕਿ ਉਹਨਾਂ ਦੇ ਪ੍ਰੇਰਣਾ ਸਰੋਤ ਬਾਬਾ ਫੌਜਾ ਸਿੰਘ ਹਨ, ਅਤੇ ਉਹਨਾਂ ਦੇ ਕੋਚ ਹਰਮੰਦਰ ਸਿੰਘ ਹੀ ਸ: ਬੈਂਸ ਨੂੰ ਅਭਿਆਸ ਕਰਵਾ ਰਹੇ ਹਨ। ਗੱਲ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਉਹ ਬਾਬਾ ਫੌਜਾ ਸਿੰਘ ਦੀ ਯਾਦ ਵਿੱਚ ਬਣ ਰਹੇ ਰੈਡਬ੍ਰਿਜ਼ ਵਿੱਚ ਬਣ ਰਹੇ ਫੌਜਾ ਸਿੰਘ ਕਲੱਬ ਹਾਊਸ ਲਈ ਫੰਡ ਇਕੱਠਾ ਕਰ ਰਹੇ ਹਨ। ਇਸ ਮੈਰਾਥਨ ਵਿੱਚ ਉਹਨਾਂ ਨਾਲ 10 ਹੋਰ ਸਾਥੀ ਵੀ ਹਨ। ਬਲਦੇਵ ਸਿੰਘ ਬੈਂਸ ਅਤੇ ਬਾਬਾ ਫੌਜਾ ਸਿੰਘ ਲੰਡਨ ਵਿੱਚ ਇੱਕੋ ਸ਼ਹਿਰ ਵਿੱਚ ਰਹਿੰਦੇ ਸਨ ਅਤੇ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ। ਸ: ਬੈਂਸ ਨੇ ਕਿਹਾ ਕਿ ਸ: ਫੌਜਾ ਸਿੰਘ ਨੇ 89 ਸਾਲ ਦੀ ਉਮਰ ਵਿੱਚ ਪਹਿਲੀ ਮੈਰਾਥਨ ਦੌੜੀ ਸੀ, ਉਹਨਾਂ ਨੇ ਹੀ ਮੈਨੂੰ ਤੁਰਨਾ ਅਤੇ ਖੁਰਾਕ ਬਦਲਣ ਦਾ ਸੁਝਾਅ ਦਿੱਤਾ ਸੀ। ਉਸ ਸਮੇਂ ਮੈਂ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਨਾਲ ਜੂਝ ਰਿਹਾ ਸੀ। ਜਦ ਕਿ ਮੈਂ ਹੁਣ ਪੂਰੀ ਤਰ੍ਹਾਂ ਤਿਆਰ ਹਾਂ ਸਾਡਾ ਕੋਚ ਹਰਮੰਦਰ ਸਿੰਘ ਵੀ ਲੰਡਨ ਮੈਰਾਥਨ ਵਿੱਚ ਹਿੱਸਾ ਲੈ ਰਹੇ ਹਨ।


# ਯੂ ਕੇ ਦੇ ਪ੍ਰਧਾਨ ਮੰਤਰੀ ਸਟਾਰਮਰ ਵੱਲੋਂ ਪੀਟਰ ਮੈਂਡੇਲਸਨ ਨੂੰ ਅਮਰੀਕੀ ਰਾਜਦੂਤ ਵਜੋਂ ਨਿਯੁਕਤ ਕਰਨ ਦੀ ਗਲਤੀ 'ਤੇ ਗੁੱਸੇ ਮੈਨੂੰ ਨਹੀਂ ਦੱਸਿਆ ਗਿਆ ਕਿ ਜਰੂਰੀ ਸੁਰੱਖਿਆ ਜਾਂਚ ਵਿੱਚ ਮੈਂਡੇਲਸਨ ਅਸਫ਼ਲ ਰਿਹਾ ਸੀ – ਪ੍ਰਧਾਨ ਮੰਤਰੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਉਹ ਇੱਕ ਸੁਰੱਖਿਆ ਗਲਤੀ 'ਤੇ "ਗੁੱਸੇ" ਹਨ ਜਿਸਨੇ ਵਿਵਾਦਪੂਰਨ ਪੀਅਰ ਪੀਟਰ ਮੈਂਡੇਲਸਨ ਨੂੰ ਅਮਰੀਕਾ ਵਿੱਚ ਯੂ ਕੇ ਦੇ ਰਾਜਦੂਤ ਵਜੋਂ ਨਿਯੁਕਤ ਕਰਨ ਦੀ ਆਗਿਆ ਦਿੱਤੀ, ਜਿਸਨੂੰ ਬਾਅਦ ਵਿੱਚ ਦੋਸ਼ੀ ਠਹਿਰਾਏ ਗਏ ਜਿਣਸੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਸਬੰਧਾਂ ਕਾਰਨ ਬਰਖਾਸਤ ਕਰ ਦਿੱਤਾ ਗਿਆ ਸੀ।***

ਗਾਰਡੀਅਨ ਦੀ ਇੱਕ ਰਿਪੋਰਟ ਵਿੱਚ ਸਾਹ-ਮਣੇ ਆਇਆ ਹੈ ਕਿ ਲਾਰਡ ਮੈਂਡੇਲਸਨ ਜੋ ਉੱਚ-ਪ੍ਰੋਫਾਈਲ ਸਰਕਾਰੀ ਨਿਯੁਕਤੀਆਂ ਲਈ ਕੀਤੀ ਜਾਣ ਵਾਲੀ ਲਾਜ਼ਮੀ ਸੁਰੱਖਿਆ ਜਾਂਚ ਵਿੱਚ ਵੀ ਅਸਫਲ ਰਹੇ ਸਨ। ਇਹ ਸਾਹਮਣੇ ਆਇਆ ਕਿ ਵਿਦੇਸ਼ੀ, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਨੇ ਪਿਛਲੇ ਸਾਲ ਨਿਯੁਕਤੀ ਨੂੰ ਹਰੀ ਝੰਡੀ ਦੇਣ ਲਈ ਉਸ ਜਾਂਚ ਨੂੰ ਰੱਦ ਕਰ ਦਿੱਤਾ ਸੀ।

ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਕਿ "ਇਹ ਮੈਨੂੰ ਨਹੀਂ ਦੱਸਿਆ ਗਿਆ ਸੀ ਨਿਯੁਕਤੀ ਕਰਨ ਵੇਲੇ ਪੀਟਰ ਮੈਂਡੇਲਸਨ ਸੁਰੱਖਿਆ ਜਾਂਚ ਵਿੱਚ ਅਸਫਲ ਰਿਹਾ ਸੀ। ਸਟਾਰਮਰ ਜੋ ਹੋਰਮੁਜ਼ ਜਲਡਮਰੂ ਨੂੰ ਸੁਰੱਖਿਅਤ ਕਰਨ ਲਈ ਇੱਕ ਰੱਖਿਆਤਮਕ ਯੋਜਨਾ 'ਤੇ ਸਹਿਮਤ ਹੋਣ ਲਈ ਇੱਕ ਸੰਮੇਲਨ ਦੀ ਮੇਜ਼ਬਾਨੀ ਕਰ ਰਹੇ ਹਨ। ਜਿੱਥੇ ਉਹਨਾਂ ਨੂੰ ਇਹਨਾਂ ਸਵਾਲਾਂ ਦਾ ਸਹਮਣਾ ਕਰਨਾ ਪਿਆ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਮੈਂ ਸੰਸਦ ਨੂੰ ਦੱਸ ਰਿਹਾ ਸੀ ਕਿ ਢੁੱਕਵੀਂ ਪ੍ਰਕਿਰਿਆ ਦੀ ਪਾਲਣਾ ਕੀਤੀ ਗਈ ਸੀ ਤਾਂ ਮੈਨੂੰ ਇਹ ਨਹੀਂ



ਦੱਸਿਆ ਗਿਆ ਕਿ ਉਹ ਸੁਰੱਖਿਆ ਜਾਂਚ ਵਿੱਚ ਅਸਫਲ ਰਿਹਾ ਸੀ, ਇਹ ਮੁਆਫ਼ ਕਰਨ ਯੋਗ ਨਹੀਂ ਹੈ। ਨਾ ਸਿਰਫ਼ ਮੈਨੂੰ ਦੱਸਿਆ ਗਿਆ, ਨਾ ਹੀ ਕਿਸੇ ਮੰਤਰੀ ਨੂੰ ਦੱਸਿਆ ਗਿਆ ਅਤੇ ਮੈਂ ਇਸ ਬਾਰੇ ਪੂਰੀ ਤਰ੍ਹਾਂ ਨਿਰਾਸ਼ਾ ਵਿੱਚ ਹਾਂ। ਉਹਨਾਂ ਕਿਹਾ ਕਿ ਮੈਂ ਸੋਮਵਾਰ ਨੂੰ ਸੰਸਦ ਵਿੱਚ ਜਾ ਕੇ ਸਾਰੇ ਸੰਬੰਧਿਤ ਤੱਥਾਂ ਨੂੰ ਪਾਰਦਰਸ਼ਤਾ ਨਾਲ ਪੇਸ਼ ਕਰਾਂਗਾ, ਤਾਂ ਜੋ ਸੰਸਦ ਕੋਲ ਪੂਰਾ ਸੱਚ ਹੋਵੇ। ਸਰਕਾਰ ਨੇ ਵਿਦੇਸ਼ ਦਫ਼ਤਰ ਦੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਉਂਦਿਆਂ ਵਿਭਾਗ ਦੇ ਸਭ ਤੋਂ ਉੱਚ ਸਿਵਲ ਸੇਵਕ ਸਰ ਓਲੀ ਰੌਬਿਨਸ ਨੂੰ ਬਰਖਾਸਤ ਕੀਤਾ ਹੈ।

ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਅਤੇ ਸਟਾਰਮਰ ਦੇ ਆਪਣੇ ਲੇਬਰ ਪਾਰਟੀ ਦੇ ਕੁਝ ਸਾਥੀਆਂ ਨੇ ਦਾਅਵਿਆਂ ਦੀ ਭਰੋਸੇਯੋਗਤਾ 'ਤੇ ਸਵਾਲ ਉਠਾਏ ਹਨ। ਜਿਸ ਨੂੰ ਲੈ ਕੇ ਵਿਰੋਧੀਆਂ ਵੱਲੋਂ ਪ੍ਰਧਾਨ ਮੰਤਰੀ ਤੋਂ ਅਸਤੀਫੇ ਦੀ ਮੰਗ ਵੀ ਕੀਤੀ ਜਾ ਰਹੀ ਹੈ।

## ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵੱਲੋਂ ਡਾ. ਅੰਬੇਡਕਰ ਦੀ 136ਵੀਂ ਜਨਮ ਵਰ੍ਹੇਗੰਢ ਮਨਾਈ ਗਈ



**ਸਮਾਗਮ ਨੂੰ ਸੰਬੋਧਨ ਕਰਦੇ ਵਿਕਰਮ ਦੋਰਾਈਸਵਾਮੀ ਅਤੇ ਭਾਰਤੀ ਭਾਈਚਾਰੇ ਦੀਆਂ ਸ਼ਖਸੀਅਤਾਂ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨੇ "ਭਾਰਤ ਰਤਨ" ਡਾ. ਬੀ.ਆਰ. ਅੰਬੇਡਕਰ ਦੀ 136ਵੀਂ ਜਨਮ ਵਰ੍ਹੇਗੰਢ ਮਨਾਈ। ਬਾਬਾ ਸਾਹਿਬ ਨੂੰ ਫੁੱਲਮਾਲਾ ਭੇਟ ਕਰਕੇ ਅਤੇ ਉਹਨਾਂ ਦੇ ਭਾਰਤ ਲਈ ਅਤੇ ਖਾਸ ਕਰਕੇ ਪਛੜੇ ਵਰਗਾਂ ਨੂੰ ਸਮਾਨਤਾ ਦੇਣ ਲਈ ਪਾਏ ਯੋਗਦਾਨ ਨੂੰ ਯਾਦ ਕੀਤਾ।

ਬੀਤੇ ਕੱਲ ਬੁੱਧਵਾਰ ਸ਼ਾਮ ਨੂੰ ਇੰਡੀਆ ਹਾਊਸ ਦੇ ਅੰਬੇਡਕਰ ਹਾਲ ਵਿੱਚ ਆਯੋਜਿਤ, ਇਸ ਸਮਾਗਮ ਨੂੰ ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨਜ਼ ਯੂ ਕੇ ਦੇ ਮੈਂਬਰਾਂ, ਵਿਦਿਆਰਥੀਆਂ ਅਤੇ ਭਾਈਚਾਰਕ ਆਗੂਆਂ ਦੁਆਰਾ ਕਾਵਿਕ ਪੇਸ਼ਕਾਰੀਆਂ ਦੁਆਰਾ ਪੇਸ਼ ਕੀਤਾ ਗਿਆ, ਜਿਸ ਵਿੱਚ ਭਾਰਤੀ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ ਦੇ ਦੂਰਗਾਮੀ ਸਮਾਜਿਕ-ਆਰਥਿਕ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ।

ਅੰਬੇਡਕਰ ਦੇ ਜੀਵਨ ਅਤੇ ਪੇਸ਼ੇ ਵਿੱਚ ਕਈ ਮੁੱਖ ਘਟਨਾਵਾਂ ਨੂੰ ਦਰਸਾਉਂਦੀ ਇੱਕ ਵੀਡੀਓ ਦਿਖਾਈ ਗਈ, ਜਿਸ ਵਿੱਚ ਲੰਡਨ ਵਿੱਚ ਕਾਨੂੰਨ ਦੇ ਵਿਦਿਆਰਥੀ ਵਜੋਂ ਉਨ੍ਹਾਂ ਦਾ ਸਮੇਂ ਦੀਆਂ ਝਲਕੀਆਂ ਵੀ ਸ਼ਾਮਲ ਸਨ।ਇਸ ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ ਨੇ ਕਿਹਾ ਕਿ "ਅੰਬੇਡਕਰ ਦਾ ਸੰਦੇਸ਼ ਕਿ ਲੋਕਤੰਤਰ ਦਾ ਸਾਰ ਇਸ ਵਿਚਾਰ ਵਿੱਚ ਹੈ ਕਿ ਅਸੀਂ ਸਾਰੇ ਲੋਕਾਂ ਨਾਲ ਬਰਾਬਰ ਵਿਵਹਾਰ ਕਰਦੇ ਹਾਂ, ਇੱਕ ਆਧੁਨਿਕ ਰਾਸ਼ਟਰ ਲਈ ਬਹੁਤ ਮਹੱਤਵ ਰੱਖਦਾ ਹੈ।"ਉਨ੍ਹਾਂ ਕਿਹਾ ਕਿ ਇਹ ਇੱਕ ਯਾਤਰਾ ਹੈ ਜੋ ਸਿਰਫ਼ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆ ਭਰ ਵਿੱਚ ਜਾਰੀ ਹੈ। ਅਸੀਂ ਨਿਰੰਤਰ ਅਸਮਾਨਤਾ ਅਤੇ ਲਿੰਗ ਅਤੇ ਸਮਾਜਿਕ ਹਿੰਸਾ ਦੇ ਸਮੇਂ ਵਿੱਚ ਰਹਿੰਦੇ ਹਾਂ। ਪਰ ਬਾਬਾ ਸਾਹਿਬ ਦੁਆਰਾ ਸਾਨੂੰ ਸਿਖਾਈਆਂ ਗਈਆਂ ਸੱਚਾਈਆਂ ਤੋਂ ਇਨਕਾਰ ਜਾਂ ਭੁਲਾਇਆ ਨਹੀਂ ਜਾ ਸਕਦਾ।" ਇਸ ਮੌਕੇ ਮਨਿਸਟਰ ਕੋਆਰਡੀਨੇਟਰ ਦੀਪਕ, ਕੁਲਵਿੰਦਰ ਕੁਮਾਰ ਪੋਲ, ਤਲਵਿੰਦਰ ਸਿੰਘ ਢਿੱਲੋਂ, ਰਮੇਸ਼ ਕਲੇਰ ਆਦਿ ਹਾਜ਼ਰ ਸਨ।

## ਲੰਡਨ ਦੇ ਟ੍ਰੈਫਲਗਰ ਸੁਕੇਅਰ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ



ਲੰਡਨ ਵਿੱਚ ਵਿਸਾਖੀ ਮੌਕੇ ਗੱਤਕਾ ਅਖਾੜੇ ਦੇ ਨੌਜਵਾਨ ਅਤੇ ਲੰਡਨ ਮੇਅਰ ਸਦੀਕ ਖਾਨ ਲੰਗਰਾਂ ਦੀ ਸੇਵਾ ਕਰਨ ਮੌਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੀ ਰਾਜਧਾਨੀ ਲੰਡਨ ਵਿੱਚ ਵੱਸਦੇ ਵੱਖ ਵੱਖ ਭਾਈਚਾਰਿਆਂ ਵੱਲੋਂ ਜਦੋਂ ਕੋਈ ਖਾਸ ਮੌਕਾ ਹੁੰਦਾ ਹੈ ਤਾਂ ਕੇਂਦਰੀ ਲੰਡਨ ਦੀ ਸਭ ਤੋਂ ਵੱਧ ਅਕ੍ਰਸ਼ਿਤ ਥਾਂ ਟ੍ਰੈਫਲਗਰ ਸੁਕੇਅਰ ਵਿਖੇ ਇਕੱਠ ਕੀਤਾ ਜਾਂਦਾ ਹੈ। ਇਸ ਵਾਰ ਵੀ ਲੰਡਨ ਮੇਅਰ ਵੱਲੋਂ ਵਿਸਾਖੀ ਦਾ ਸਲਾਨਾ ਸਮਾਗਮ ਟ੍ਰੈਫਲਗਰ ਸੁਕੇਅਰ ਵਿਖੇ ਕਰਵਾਇਆ ਗਿਆ। ਜਿੱਥੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਸਿੱਖ ਸੰਗਤਾਂ ਨੇ ਨਗਰ ਕੀਰਤਨ ਦਾ ਸਵਾਗਤ ਕੀਤਾ। ਇਸ ਮੌਕੇ ਗੱਤਕਾ ਅਤੇ ਖਾਲਸਾ ਪੰਥ ਦੀ ਸਾਜਨਾ ਦਿਵਸ ਦੀ ਮਹੱਤਤਾ ਨੂੰ ਪੇਸ਼ ਕਰਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਲੰਡਨ ਦੇ ਵੱਖ ਵੱਖ ਹਿੱਸਿਆਂ ਤੋਂ ਲੋਕ ਪ੍ਰੀਵਾਰਾਂ ਸਮੇਤ ਪਹੁੰਚੇ ਹੋਏ ਸਨ। ਲੰਡਨ ਮੇਅਰ ਸਦੀਕ ਖਾਨ ਨੇ ਕਿਹਾ ਕਿ ਲੰਡਨ ਵਿੱਚ ਸਿੱਖ ਭਾਈਚਾਰੇ ਦਾ ਸਵਾਗਤ ਹੈ। ਉਹਨਾਂ ਲੰਡਨ ਵਿੱਚ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਵੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸੈਲਾਨੀਆਂ ਨੇ ਦਸਤਾਰਾਂ ਬੰਨ ਕੇ ਸਿੱਖਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ, ਬੱਚਿਆਂ ਦੀਆਂ ਗਤੀਵਿਧੀਆਂ, ਸਿੱਖ ਸਮਾਜ ਸੇਵੀ ਸੰਸਥਾਵਾਂ ਅਤੇ ਸੱਭਿਆਚਾਰਕ ਸੰਗਠਨਾਂ ਦੁਆਰਾ ਸਟਾਲ ਲਗਾਏ ਗਏ ਅਤੇ ਸਿੱਖ ਸੱਭਿਆਚਾਰ ਸਬੰਧੀ ਜਾਣਕਾਰੀ ਦਿੱਤੀ। ਪ੍ਰਬੰਧਕਾਂ ਅਤੇ ਪੁਲਿਸ ਨੇ ਕਿਹਾ ਕਿ ਇਹ ਸਮਾਗਮ ਬਹੁਤ ਹੀ ਸਦਭਾਵਨਾ ਨਾਲ ਸ਼ਾਂਤਮਈ ਮਾਹੌਲ ਵਿੱਚ ਹੋਇਆ।

# ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ ਸਥਾਪਿਤ





*ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ ਸਥਾਪਿਤ ਕਰਨ ਮੌਕੇ ਪ੍ਰਬੰਧਕ ਕਮੇਟੀ ਅਤੇ ਸੰਗਤਾਂ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਯੂਰਪ ਦੇ ਵੱਡੇ ਗੁਰੂ ਘਰਾਂ ਵਿੱਚੋਂ ਜਾਣੇਂ ਜਾਂਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ ਵੱਡ ਅਕਾਰੀ ਬੁੱਤ ਅੱਜ ਸਥਾਪਿਤ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਮੁੱਖ ਇਮਾਰਤ ਦੇ ਬਾਹਰਲੇ ਪਾਸੇ ਨਿਸ਼ਾਨ ਸਾਹਿਬ ਦੇ ਕੋਲ ਸਥਾਪਿਤ ਕੀਤੇ ਇਸ ਬੁੱਤ ਦਾ ਉਦਘਾਟਨ ਅੱਜ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ: ਇੰਦਰਪਾਲ ਸਿੰਘ ਸੱਲ ਅਤੇ ਸਾਬਕਾ ਮੁੱਖ ਸੇਵਾਦਾਰ ਸ: ਅਜੈਬ ਸਿੰਘ ਚੀਮਾ ਵੱਲੋਂ ਕੀਤਾ ਗਿਆ। ਸ: ਇੰਦਰਪਾਲ ਸਿੰਘ ਸੱਲ ਨੇ ਕਿਹਾ ਕਿ ਬੀਤੇ ਕੁਝ ਸਾਲਾਂ ਤੋਂ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਦਾ ਬੁੱਤ ਸਥਾਪਿਤ ਕਰਨ ਲਈ ਵਚਨਵੱਧ ਸੀ। ਜਿਸ ਦਾ ਮੁੱਖ ਮਕਸਦ ਸਾਡੀ ਆਉਣ ਵਾਲੀ ਪੀੜੀ ਤੋਂ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ।

ਇਤਿਹਾਸਕਾਰਾਂ ਅਤੇ ਮਾਹਰਾਂ ਨਾਲ ਮਿਲ ਕੇ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ, ਵਿਰਾਸਤ ਅਤੇ ਇਤਿਹਾਸਕ ਸੰਦਰਭ ਦਾ ਧਿਆਨ ਨਾਲ ਅਧਿਐਨ ਕਰਕੇ ਬੁੱਤ ਨੂੰ ਤਿਆਰ ਕਰਵਾਇਆ ਗਿਆ ਹੈ। ਜਿਸ ਤੋਂ ਸਿੱਖ ਰਾਜ ਦੀ ਆਰੰਭਤਾ ਹੋਈ ਮਨੁੱਖੀ ਕਦਰਾਂ ਕੀਮਤਾਂ, ਹਿੰਮਤ, ਨਿਆਂ ਅਤੇ ਬਰਾਬਰਤਾ ਦਾ ਸਭ ਨੂੰ ਸਨਮਾਨ ਮਿਲਿਆ। ਜਨਰਲ ਸਕੱਤਰ ਦਵਿੰਦਰ ਸਿੰਘ ਭਿੰਦਾ ਮੁਠੱਡਾ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਜ਼ਮੀਨਾਂ ਵਾਲੇ ਕਰਨ ਵਾਲੇ ਇਸ ਮਹਾਨ ਯੋਧੇ ਦਾ ਬੁੱਤ ਲੱਗਣਾ ਗ੍ਰੇਵਜ਼ੈਂਡ ਦੀਆਂ ਸੰਗਤਾਂ ਲਈ ਮਾਣ ਵਾਲੀ ਗੱਲ ਹੈ, ਉਹਨਾਂ ਕਿਹਾ ਕਿ ਭਵਿੱਖ ਵਿੱਚ ਅਜੇਹੇ ਹੋਰ ਬੁੱਤ ਵੀ ਸਥਾਪਿਤ ਕੀਤੇ ਜਾਣਗੇ। ਸ: ਅਜੈਬ ਸਿੰਘ ਚੀਮਾ ਨੇ ਕਿਹਾ ਕਿ ਅਸੀਂ ਕਾਫੀ ਦੇਰ ਤੋਂ ਚਹੁੰਦੇ ਸੀ ਕਿ ਇਥੇ ਸਿੱਖ ਸੂਰਬੀਰ ਯੋਧਿਆਂ ਦੇ ਬੁੱਤ ਸਥਾਪਿਤ ਕੀਤੇ ਜਾਣ ਤਾਂ ਕਿ ਸਿੱਖ ਇਤਿਹਾਸ ਨੂੰ ਨਵੇਂ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਇਆ ਜਾਵੇ। ਬੁੱਤ ਦਾ ਡਿਜ਼ਾਇਨ ਗੁਰਿੰਦਰ ਸਿੰਘ ਮਾਨ ਨੇ ਕੀਤਾ ਹੈ। ਸਟੇਜ ਦੀ ਕਾਰਵਾਈ ਤੇਜਿੰਦਰਜੀਤ ਕੌਰ ਨੇ ਨਿਭਾਈ। ਇਸ ਮੌਕੇ ਐਮ ਪੀ ਡਾ: ਲੌਰੇਨ ਸੁਲੀਵਾਨ, ਭਾਈ ਨਰਿੰਦਰਜੀਤ ਸਿੰਘ ਥਾਂਦੀ, ਜਗਦੇਵ ਸਿੰਘ ਵਿਰਦੀ, ਜੈਗ ਸਿੰਘ, ਨਾਨਕ ਸਿੰਘ, ਗੁਰਵਿੰਦਰ ਸੰਧਰ, ਕੁਲਦੀਪ ਸਿੰਘ, ਭਾਈ ਦਵਿੰਦਰਜੀਤ ਸਿੰਘ, ਸੋਹਣ ਸਿੰਘ ਭੱਟੀ, ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵੱਖ ਵੱਖ ਸ਼ਹਿਰਾਂ ਤੋਂ ਸੰਗਤਾਂ ਪਹੁੰਚੀਆਂ ਹੋਈਆਂ ਸਨ।

## ਫੈਡਰੇਸ਼ਨ ਆਫ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨਜ਼ ਐਂਡ ਐਸੋਸੀਏਸ਼ਨਜ਼ ਦੀ ਅਗਲੀ ਮੀਟਿੰਗ ਟਰਾਂਟੋ (ਕੈਨੇਡਾ) ਵਿਖੇ 25-26 ਅਪ੍ਰੈਲ ਨੂੰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਫੈਡਰੇਸ਼ਨ ਆਫ ਇੰਟਰਨੈਸ਼ਨਲ ਕਬੱਡੀ ਫੈਡਰੇਸ਼ਨਜ਼ ਐਂਡ ਐਸੋਸੀਏਸ਼ਨਜ਼ (ਫਿਕਫਾ) ਦੀ ਅਗਲੀ ਮੀਟਿੰਗ ਟਰਾਂਟੋ (ਕੈਨੇਡਾ) ਵਿਖੇ 25 ਅਪ੍ਰੈਲ ਨੂੰ 10 ਵਜੇ ਤੋਂ 4 ਵਜੇ ਤੱਕ ਅਤੇ 26 ਅਪ੍ਰੈਲ ਨੂੰ 12 ਵਜੇ ਤੋਂ 4 ਵਜੇ ਤੱਕ ਹੋਵੇਗੀ। ਫਿਕਫਾ ਵੱਲੋਂ ਭੇਜੀ ਜਾਣਕਾਰੀ ਮੁਤਾਬਿਕ ਇਸ ਦੋ ਰੋਜ਼ਾ ਮੀਟਿੰਗ ਵਿੱਚ ਕਬੱਡੀ ਦੇ ਚੰਗੇ ਭਵਿੱਖ ਲਈ ਪ੍ਰਬੰਧਕੀ ਢਾਂਚੇ, ਮੈਂਬਰਸ਼ਿਪ, ਖਿਡਾਰੀਆਂ ਦੀ ਯੋਗਤਾ ਅਨੁਸਾਰ ਸ਼੍ਰੇਣੀਬੱਧ ਕਰਨਾ ਆਦਿ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ, ਤਾਂ ਕਿ ਕਬੱਡੀ ਨੂੰ ਹੋਰ ਵੀ ਪੇਸ਼ੇਵਰ ਅਤੇ ਖੇਡ ਵਿੱਚ ਪਾਰਦਰਸ਼ਤਾ ਲਿਆਂਦੀ ਜਾ ਸਕੇ। ਦੋਵਾਂ ਸੈਸ਼ਨਾਂ ਦੌਰਾਨ, ਡੈਲੀਗੇਟ ਫਿਕਫਾ ਦੇ ਬੁਨਿਆਦੀ ਢਾਂਚੇ ਅਤੇ ਸੰਚਾਲਨ ਢਾਂਚਿਆਂ ਬਾਰੇ ਸੰਬੋਧਨ ਕਰਨਗੇ। ਜਿਸ ਵਿੱਚ ਸੰਵਿਧਾਨ ਨੂੰ ਅਪਣਾਉਣਾ ਅਤੇ ਜਨਰਲ ਅਸੈਂਬਲੀ, ਕਾਰਜਕਾਰੀ ਬੋਰਡ ਆਦਿ ਦੇ ਗਠਨ ਕਰਨ ਤੋਂ ਇਲਾਵਾ ਲੋਗੋ ਅਤੇ sdofboard@fikfa.com ਨੂੰ ਅਧਿਕਾਰਤ ਈਮੇਲ ਪਤੇ ਵਜੋਂ ਅਪਣਾਉਣਾ ਸ਼ਾਮਲ ਹੈ। ਫਿਕਫਾ ਵੱਲੋਂ ਖਿਡਾਰੀਆਂ ਲਈ ਇੱਕ ਮਿਆਰੀ ਇਕਰਾਰਨਾਮਾ ਬਣਾਇਆ ਜਾਵੇਗਾ, ਜਿਸ ਨਾਲ ਹਰ ਖਿਡਾਰੀ ਨੂੰ ਬਰਾਬਰ ਦਾ ਮੌਕਾ ਮਿਲੇ। ਫਿਕਫਾ ਦੇ ਵਿੱਤੀ ਢਾਂਚੇ ਬਾਰੇ ਵੀ ਗੱਲਬਾਤ ਕੀਤੀ ਜਾਵੇਗੀ। ਮੈਂਬਰਸ਼ਿਪ ਦੇ ਨਾਲ ਨਾਲ ਹੋਰ ਕਬੱਡੀ ਸੰਸਥਾਵਾਂ ਨੂੰ ਸ਼ਾਮਿਲ ਕਰਨ ਦੇ ਮੌਕੇ ਦੇਣ ਅਤੇ ਐਮੇਚਿਓਰ ਕਬੱਡੀ ਫੈਡਰੇਸ਼ਨ ਆਫ਼ ਇੰਡੀਆ (ਏ ਕੇ ਐਫ ਆਈ), ਪਾਕਿਸਤਾਨ ਕਬੱਡੀ ਫੈਡਰੇਸ਼ਨ ਅਤੇ ਪੰਜਾਬ ਯੂਨਾਈਟਿਡ ਕਬੱਡੀ ਫੈਡਰੇਸ਼ਨ ਬਾਰੇ ਵਿਚਾਰ ਕੀਤਾ ਜਾਵੇਗਾ। ਫਿਕਫਾ ਨੇ ਕਿਹਾ ਕਿ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਨੀਤੀ, ਫੀਸ ਅਤੇ ਯੋਗਤਾ ਅਨੁਸਾਰ ਸ਼੍ਰੇਣੀਬੱਧ ਕਰਨਾ ਅਤੇ ਕਲੱਬਾਂ ਵੱਲੋਂ ਖਿਡਾਰੀਆਂ ਨੂੰ ਸਪਾਂਸਰ ਕਰਨ ਦਾ ਵਿਧੀ ਵਿਧਾਨ ਨੂੰ ਅੰਤਿਮ ਛੋਹਾਂ ਦਿੱਤੀਆਂ ਜਾਣਗੀਆਂ ਤਾਂ ਕਿ ਨਵੇਂ ਅਤੇ ਪੁਰਾਣੇ ਖਿਡਾਰੀਆਂ ਨੂੰ ਬਰਾਬਰ ਦੇ ਮੌਕੇ ਮਿਲਣ।

ਮੀਟਿੰਗ ਵਿੱਚ 2027 ਕਬੱਡੀ ਸੀਜ਼ਨ ਲਈ ਇੱਕ ਐਂਟੀ-ਡੋਪਿੰਗ ਨੀਤੀ 'ਤੇ ਚਰਚਾ ਕੀਤੀ ਜਾਵੇਗੀ, ਜਿਸ ਵਿੱਚ ਟੈਸਟ ਕਰਨ, ਸਥਾਨ ਅਤੇ ਉਲੰਘਣਾ ਹੋਣ ਤੇ ਜੁਰਮਾਨੇ ਬਾਰੇ ਨੀਤੀ ਤੈਅ ਹੋਵੇਗੀ। ਕਾਰਜਕਾਰੀ ਬੋਰਡ ਵੱਲੋਂ ਤਕਨੀਕੀ, ਕੋਚਿੰਗ, ਮੈਡੀਕਲ ਅਤੇ ਐਂਟੀ-ਡੋਪਿੰਗ, ਸੁਰੱਖਿਆ, ਵਿੱਤੀ, ਵਪਾਰਕ ਅਤੇ ਮੀਡੀਆ ਕਮੇਟੀਆਂ ਬਣਾਉਣ ਲਈ ਸਮਾਂ ਨਿਸ਼ਚਤ ਕੀਤਾ ਜਾਵੇਗਾ। ਇਸ ਮੌਕੇ ਅਨੁਸ਼ਾਸਨੀ ਕਮੇਟੀ, ਨੈਤਿਕਤਾ ਕਮੇਟੀ ਅਤੇ ਅਪੀਲ ਕਮੇਟੀਆਂ ਦਾ ਵੀ ਗਠਨ ਕੀਤਾ ਜਾਵੇਗਾ।

ਫਿਕਫਾ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਕਬੱਡੀ ਦੇ ਪ੍ਰਬੰਧਕੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਇਸ ਨਾਲ ਖਿਡਾਰੀਆਂ ਦਾ ਭਵਿੱਖ ਸੁਰੱਖਿਅਤ ਹੋਵੇਗਾ, ਖੇਡ ਮੁਕਾਬਲੇ ਅਤੇ ਵਪਾਰਕ ਵਿਕਾਸ ਲਈ ਇੱਕ ਨਿਰਪੱਖ ਅਤੇ ਪਾਰਦਰਸ਼ਿਕ ਢਾਂਚਾ ਬਣ ਕੇ ਸਾਹਮਣੇ ਆਵੇਗਾ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਯੂ ਕੇ ਵਿੱਚ ਸ਼ਰਣ ਲੈਣ ਲਈ ਸਮਲਿੰਗੀ ਹੋਣ ਦਾ ਦਾਅਵਾ ਕਰਨ ਵਾਲਿਆਂ ਵਿੱਚ ਬਹੁ ਗਿਣਤੀ ਪਾਕਿਸਤਾਨੀ ਅਤੇ ਬੰਗਲਾਦੇਸ਼ੀ- ਰਿਪੋਰਟ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਸ਼ਰਣ ਲੈਣ ਲਈ ਸਮਲਿੰਗੀ ਹੋਣ ਦਾ ਦਾਅਵਾ ਕਰਨ ਵਾਲਿਆਂ ਵਿੱਚ ਬਹੁ ਗਿਣਤੀ ਪਾਕਿਸਤਾਨੀ ਅਤੇ ਬੰਗਲਾਦੇਸ਼ੀ ਨਾਗਰਿਕਾਂ ਦੀ ਹੈ। ਜਦ ਕਿ ਇਮੀਗ੍ਰੇਸ਼ਨ ਸਲਾਹਕਾਰਾਂ ਦੁਆਰਾ ਸਮਲਿੰਗੀ ਹੋਣ ਦਾ ਦਿਖਾਵਾ ਕਰਨ ਲਈ ਹਜ਼ਾਰਾਂ ਪੌਂਡ ਵਸੂਲੇ ਜਾ ਰਹੇ ਹਨ।**

ਬੀ ਬੀ ਸੀ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਿਹੜੇ ਪ੍ਰਵਾਸੀਆਂ ਦੇ ਵੀਜ਼ੇ ਖਤਮ ਹੋਣ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਜਾਅਲੀ ਕਹਾਣੀਆਂ ਬਣਾਉਣ ਅਤੇ ਮਨਘੜਤ ਸਬੂਤ ਬਣਾਉਣ ਲਈ ਨਿਰਦੇਸ਼ ਦਿੱਤੇ ਜਾਂਦੇ ਹਨ। ਫਿਰ ਉਹ ਸਮਲਿੰਗੀ ਹੋਣ ਦਾ ਦਾਅਵਾ ਕਰਦੇ ਹੋਏ ਅਤੇ ਪਾਕਿਸਤਾਨ ਜਾਂ ਬੰਗਲਾਦੇਸ਼ ਵਾਪਸ ਆਉਣ 'ਤੇ ਆਪਣੀ ਜਾਨ ਨੂੰ ਖ਼ਤਰਾ ਦੱਸਦੇ ਹੋਏ ਸ਼ਰਣ ਲਈ ਅਰਜ਼ੀ ਦਿੰਦੇ ਹਨ।

ਯੂ ਕੇ ਦੀ ਸ਼ਰਣ ਪ੍ਰਕਿਰਿਆ ਉਨ੍ਹਾਂ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ ਜੋ ਆਪਣੇ ਘਰੇਲੂ ਦੇਸ਼ਾਂ ਵਿੱਚ ਵਾਪਸ ਨਹੀਂ ਆ ਸਕਦੇ ਕਿਉਂਕਿ ਉਹ ਖ਼ਤਰੇ ਵਿੱਚ ਹੋਣਗੇ, ਉਦਾਹਰਣ ਵਜੋਂ ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਵਿੱਚ ਜਿੱਥੇ ਸਮਲਿੰਗਤਾ ਗੈਰ-ਕਾਨੂੰਨੀ ਹੈ।ਬੀ ਬੀ ਸੀ ਨੇ ਕਿਹਾ ਕਿ ਸ਼ੁਰੂਆਤੀ ਸਬੂਤ ਇਕੱਠੇ ਕਰਨ ਤੋਂ ਬਾਅਦ ਅਸੀਂ ਗੁਪਤ ਪੱਤਰਕਾਰਾਂ ਨੂੰ ਇਹ ਜਾਂਚ ਕਰਨ ਲਈ ਭੇਜਿਆ ਕਿ ਇਮੀਗ੍ਰੇਸ਼ਨ ਸਲਾਹਕਾਰ ਲੋਕਾਂ ਨੂੰ ਝੂਠੇ ਸ਼ਰਣ ਦੇ ਦਾਅਵੇ ਬਣਾਉਣ ਵਿੱਚ ਕਿਸ ਤਰ੍ਹਾਂ ਮਦਦ ਕਰਦੇ ਸਨ।ਰਿਪੋਰਟਰਾਂ ਨੇ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਜੋਂ ਪੇਸ਼ ਕੀਤਾ ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਖਤਮ ਹੋਣ ਵਾਲੀ ਸੀ।

ਜਾਂਚ ਵਿੱਚ ਪਤਾ ਲੱਗਾ ਕਿ ਇੱਕ ਕਾਨੂੰਨੀ ਫਰਮ ਨੇ ਇੱਕ ਝੂਠਾ ਸ਼ਰਣ ਦਾਅਵਾ ਬਣਾਉਣ ਲਈ 7,000 ਪੌਂਡ ਤੱਕ ਫੰਡ ਲਿਆ ਅਤੇ ਵਾਅਦਾ ਕੀਤਾ ਕਿ ਗ੍ਰਹਿ ਦਫ਼ਤਰ ਦੁਆਰਾ ਇਨਕਾਰ ਕਰਨ ਦੀ ਸੰਭਾਵਨਾ "ਬਹੁਤ ਘੱਟ" ਸੀ। ਨਕਲੀ ਸ਼ਰਣ ਮੰਗਣ ਵਾਲੇ ਆਪਣੇ ਕੇਸਾਂ ਨੂੰ ਮਜ਼ਬੂਤ ਕਰਨ ਲਈ ਡਾਕਟਰੀ ਸਬੂਤ ਪ੍ਰਾਪਤ ਕਰਨ ਲਈ ਉਦਾਸ ਹੋਣ ਦਾ ਦਿਖਾਵਾ ਕਰਦੇ ਹੋਏ ਜੀ ਪੀ ਕੋਲ ਜਾਂਦੇ ਸਨ, ਇੱਕ ਨੇ ਐੱਚ ਆਈ ਵੀ ਪਾਜ਼ੀਟਿਵ ਹੋਣ ਬਾਰੇ ਝੂਠ ਵੀ ਬੋਲਿਆ। ਇੱਕ ਇਮੀਗ੍ਰੇਸ਼ਨ ਸਲਾਹਕਾਰ ਨੇ ਸ਼ੇਖੀ ਮਾਰੀ ਕਿ ਉਸਨੇ 17 ਸਾਲਾਂ ਤੋਂ ਵੱਧ ਸਮਾਂ ਜਾਅਲੀ ਦਾਅਵੇ ਬਣਾਉਣ ਵਿੱਚ ਬਿਤਾਇਆ ਹੈ ਅਤੇ ਕਿਹਾ ਕਿ ਉਹ ਕਿਸੇ ਨੂੰ ਇਹ ਦਿਖਾਉਣ ਦਾ ਪ੍ਰਬੰਧ ਕਰ ਸਕਦੀ ਹੈ ਕਿ ਉਹਨਾਂ ਦਾ ਇੱਕ ਗਾਹਕ ਨਾਲ ਸਮਲਿੰਗੀ ਜਿਨਸੀ ਸਬੰਧ ਸਨ। ਸਾਡੇ ਅੰਡਰਕਵਰ ਰਿਪੋਰਟਰ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਯੂ ਕੇ ਵਿੱਚ ਸ਼ਰਣ ਮਿਲਣ ਤੋਂ ਬਾਅਦ ਆਪਣੀ ਪਤਨੀ ਨੂੰ ਪਾਕਿਸਤਾਨ ਤੋਂ ਲਿਆ ਸਕਦਾ ਹੈ ਅਤੇ ਉਹ ਫਿਰ ਇੱਕ ਲੈਸਬੀਅਨ ਹੋਣ ਦਾ ਦਿਖਾਵਾ ਕਰਕੇ ਇੱਕ ਜਾਅਲੀ ਦਾਅਵਾ ਕਰ ਸਕਦੀ ਹੈ। ਇੱਕ ਹੋਰ ਫਰਮ ਨਾਲ ਜੁੜੇ ਇੱਕ ਵਕੀਲ ਨੇ ਇੱਕ ਅੰਡਰਕਵਰ ਰਿਪੋਰਟਰ ਨੂੰ ਦੱਸਿਆ ਕਿ ਉਸਨੇ ਲੋਕਾਂ ਨੂੰ ਸਫਲਤਾਪੂਰਵਕ ਸ਼ਰਣ ਪ੍ਰਾਪਤ ਕਰਨ ਲਈ ਸਮਲਿੰਗੀ ਹੋਣ ਦਾ ਦਿਖਾਵਾ ਕਰਨ ਵਿੱਚ ਮਦਦ ਕੀਤੀ ਸੀ। ਉਸਨੇ 1,500 ਪੌਂਡ ਦੀ ਫੀਸ ਲਈ ਇੱਕ ਜਾਅਲੀ ਦਾਅਵੇ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕੀਤੀ ਅਤੇ ਕਿਹਾ ਕਿ ਸਬੂਤ ਬਣਾਉਣ ਲਈ 2,000-3,000 ਪੌਂਡ ਹੋਰ ਖਰਚ ਹੋਣਗੇ।

ਬਰਤਾਨੀਆ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਇਮੀਗ੍ਰੇਸ਼ਨ ਢਾਂਚੇ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਗ੍ਰਹਿ ਵਿਭਾਗ ਨੇ ਕਿਹਾ ਕਿ ਕਿਸੇ ਵੀ ਫਰਜ਼ੀ ਸਮਲਿੰਗੀ ਬਿਨੇਕਾਰ ਨੂੰ ਬਿਨਾਂ ਦੇਰੀ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਸਰਕਾਰ ਹੁਣ ਇਹਨਾਂ ਇਮੀਗ੍ਰੇਸ਼ਨ ਸਲਾਹਕਾਰਾਂ ਤੇ ਵੀ ਸ਼ਿਕੰਜਾ ਕੱਸਣ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ 2023 ਵਿੱਚ 578 ਪਾਕਿਸਤਾਨੀ ਨਾਗਰਿਕਾਂ ਨੇ, 175 ਬੰਗਲਾਦੇਸ਼ ਨਾਗਰਿਕਾਂ ਨੇ, 105 ਨਾਈਜੀਰੀਅਨ ਅਤੇ 39 ਭਾਰਤੀਆਂ ਨੇ ਸਮਲਿੰਗੀ ਦੱਸ ਸ਼ਰਨ ਲਈ ਸੀ।

## ਬਰਤਾਨੀਆਂ ਦੇ ਪ੍ਰਭਾਵਸ਼ਾਲੀ ਏਸ਼ੀਅਨ ਲੋਕਾਂ ਦੀ ਸੂਚੀ ਵਿੱਚ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਪਹਿਲੇ ਸਥਾਨ 'ਤੇ ਜੱਜ ਸਰ ਰਾਬਿੰਦਰ ਸਿੰਘ ਚੌਥੇ



ਬਰਤਾਨੀਆਂ ਦੇ ਪ੍ਰਭਾਵਸ਼ਾਲੀ ਏਸ਼ੀਅਨ ਲੋਕਾਂ ਦੀ ਸੂਚੀ ਵਿੱਚ ਸ਼ਾਮਿਲ ਪ੍ਰਮੁੱਖ ਸਖ਼ਸ਼ੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਭਾਵਸ਼ਾਲੀ ਏਸ਼ੀਅਨ ਲੋਕਾਂ ਦੀ 2026 ਜਾਰੀ ਸੂਚੀ ਵਿੱਚ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਪਹਿਲੇ ਸਥਾਨ ਤੇ ਹੈ, ਜਦ ਕਿ ਲੰਡਨ ਦੇ ਮੇਅਰ ਸਦੀਕ ਖਾਨ ਦੂਜੇ, ਵਿਦਿਆ ਅਲਾਕਿਸਨ ਤੀਜੇ, ਬਰਤਾਨੀਆਂ ਦੇ ਪਹਿਲੇ ਸਿੱਖ ਹਾਈਕੋਰਟ ਜੱਜ ਸਰ ਰਾਬਿੰਦਰ ਸਿੰਘ ਚੌਥੇ, ਸੀ ਐਸ ਵੈਂਨਿਕਾਟਾਕ੍ਰਿਸ਼ਨਮ 5ਵੇਂ, ਲੀਸਾ ਨੰਦੀ 6ਵੇਂ, ਰਿਸ਼ੀ ਸੁਨਕ 7ਵੇਂ, ਵਰੁਣ ਚੰਦਰਾ 8ਵੇਂ, ਸਮੀਰ ਸ਼ਾਹ 9ਵੇਂ ਅਤੇ ਚਾਰਲੀ ਐਕਸ ਈ ਐਕਸ 10 ਸਥਾਨ ਤੋਂ ਤੋਂ ਇਲਾਵਾ ਕਾਰੋਬਾਰੀ ਲਕਸ਼ਮੀ ਮਿੱਤਲ ਅਤੇ ਅਦਿੱਤਿਆ ਮਿੱਤਲ ਨੂੰ 11ਵਾਂ ਸਥਾਨ ਮਿਲਿਆ ਹੈ। ਹਿੰਦੂਜਾ ਪ੍ਰੀਵਾਰ ਨੂੰ 15ਵਾਂ ਅਤੇ ਪੰਜਾਬੀ ਮੂਲ ਦੀ ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ ਨੂੰ 16ਵਾਂ, ਕਾਰੋਬਾਰੀ ਜਸਮਿੰਦਰ ਸਿੰਘ ਅਤੇ ਇੰਦਰਨੀਲ ਸਿੰਘ ਨੂੰ 17ਵਾਂ, ਪੈਮ ਕੌਰ 54ਵੇਂ, ਕਾਰੋਬਾਰੀ ਸੁਰਿੰਦਰ ਅਰੋੜਾ 63ਵੇਂ, ਪ੍ਰੋਫੈਸਰ ਜਸਪਾਲ ਸਿੰਘ ਕੂਨਰ 83ਵੇਂ, ਪਹਿਲੇ ਸਿੱਖ ਸਾਂਸਦ ਤਨਮਨਜੀਤ ਸਿੰਘ ਢੇਸੀ 90ਵੇਂ ਸਥਾਨ ਤੇ ਰਹੇ ਹਨ। ਜੀ ਜੀ 2 ਵਿੱਚ ਉਹਨਾਂ ਪ੍ਰਭਾਵਸ਼ਾਲੀ ਲੋਕਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਹਨਾਂ ਨੇ ਕਿਸੇ ਨਾ ਕਿਸੇ ਖੇਤਰ ਵਿੱਚ ਸਮਾਜ ਵਿੱਚ ਆਪਣਾ ਯੋਗਦਾਨ ਪਾਇਆ ਹੁੰਦਾ ਹੈ। ਇਸ ਸੂਚੀ ਵਿੱਚ ਰਾਜਨੀਤਕ, ਮੀਡੀਆ, ਸੱਭਿਆਚਾਰ ਅਤੇ ਹੋਰ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

## ਫਰੈਂਕਫੋਰਟ ਏਅਰਪੋਰਟ ਤੇ ਖਾਲਸੇ ਪੰਥ ਦੇ 327ਵੇਂ ਪ੍ਰਗਟ ਦਿਹਾੜੇ ਤੇ ਲੰਗਰ ਲਗਾਇਆ



ਫਰੈਂਕਫੋਰਟ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਲੰਗਰਾਂ ਦੀ ਸੇਵਾ ਕਰਦੇ ਸੇਵਾਦਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜਰਮਨੀ ਦੇ ਫਰੈਂਕਫੋਰਟ ਦੇ ਅੰਤਰਰਾਸ਼ਟਰੀ ਹਵਾਈ ਜਹਾਜ਼ਾਂ ਦੇ ਅੱਡੇ ਤੇ ਟੈਕਸੀ ਮਾਲਕਾਂ ਤੇ ਚਾਲਕਾਂ ਨੇ ਵੱਖ ਵੱਖ ਦੂਜੇ ਦੇਸ਼ਾਂ ਦੇ ਲੋਕਾਂ ਨਾਲ ਖ਼ਾਲਸਾ ਸਾਜਨਾ ਦਿਵਸ ਮਨਾਇਆ ਗਿਆ। ਭਾਈ ਗੁਰਚਰਨ ਸਿੰਘ ਗੁਰਾਇਆ ਨੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਖਾਲਸੇ ਪੰਥ ਦੇ 327ਵੇਂ ਪ੍ਰਗਟ ਦਿਹਾੜੇ ਦੀ ਪਵਿੱਤਰ ਖੁਸ਼ੀ 'ਚ ਵਿਸ਼ੇਸ਼ ਲੰਗਰ ਸੇਵਾ ਕੀਤੀ ਗਈ, ਮਿਠਾਈ ਅਤੇ ਚਾਹ ਦੇ ਲੰਗਰਾਂ ਦੇ ਨਾਲ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਸਾਹਿਬ ਜੀ ਦੇ ਸੁਨਹਿਰੀ ਸਿਧਾਂਤ ਕਿਰਤ ਕਰੋ, ਨਾਮ ਜੱਪੋ, ਵੰਡ ਛੱਕੋ ਦੀ ਸਾਂਝ ਪਾਈ ਗਈ ਅਤੇ ਦੂਸਰੀਆਂ ਕੌਮਾਂ ਦੇ ਲੋਕਾਂ ਨੇ ਬਹੁਤ ਪਿਆਰ ਨਾਲ ਲੰਗਰ ਛੱਕਿਆਂ ਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਹ ਸੇਵਾ ਟੈਕਸੀ ਦੇ ਸੇਵਾਦਾਰਾਂ ਵਲੋਂ ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਇਸ ਵਿੱਚ ਸਹਿਯੋਗ ਕਰਨ ਵਾਲਿਆ ਦਾ ਗੁਰਚਰਨ ਸਿੰਘ ਗੁਰਾਇਆ, ਦਵਿੰਦਰ ਸਿੰਘ ਬਾਜਵਾ, ਇਕਬਾਲ ਸਿੰਘ, ਗੁਰਵਿੰਦਰ ਸਿੰਘ, ਭਾਈ ਮਨਜੀਤ ਸਿੰਘ, ਅਮਰੀਕ ਸਿੰਘ ਮੀਕਾ, ਭਾਈ ਕਮਲਜੀਤ ਸਿੰਘ ਰਾਏ, ਤਿਰਲੋਕ ਸਿੰਘ ਸੈਣੀ ਤੇ ਸਮੂਹ ਟੈਕਸੀ ਮਾਲਕਾ ਤੇ ਚਾਲਕਾਂ ਦਾ ਸਹਿਯੋਗ ਕਰਨ ਵਾਲੇ ਵੀਰਾਂ ਦਾ ਧੰਨਵਾਦ ਕੀਤਾ ਗਿਆ।**

## ਕੌਂਸਲ ਚੋਣਾਂ ਲਈ ਰਾਜੂ ਸੰਸਾਰਪੁਰੀ ਅਤੇ ਗੁਰਸ਼ਰਨ ਸਿੰਘ ਮੰਡ ਦੇ ਸਮਰਥਨ ਵਿੱਚ ਚੋਣ ਪ੍ਰਚਾਰ







ਰਾਜੂ ਸੰਸਾਰਪੁਰੀ ਅਤੇ ਗੁਰਸ਼ਰਨ ਸਿੰਘ ਮੰਡ ਦੇ ਹੱਕ ਵਿੱਚ ਪ੍ਰਚਾਰ ਕਰਦੇ ਭਾਈਚਾਰੇ ਦੇ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 7 ਮਈ ਨੂੰ ਹੋਣ ਵਾਲੀਆਂ ਕੌਂਸਲ ਚੋਣਾਂ ਮੌਕੇ ਲੰਡਨ ਬਾਰੋ ਆਫ ਹਲਿੰਗਡਨ ਦੇ ਹੇਜ਼ ਹਲਕੇ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਰਾਜੂ ਸੰਸਾਰਪੁਰੀ ਅਤੇ ਗੁਰਸ਼ਰਨ ਸਿੰਘ ਮੰਡ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ। ਚੋਣ ਪ੍ਰਚਾਰ ਮੌਕੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ ਨੇ ਹਿੱਸਾ ਲਿਆ ਅਤੇ ਲੋਕਾਂ ਨੂੰ ਬੀਤੇ ਸਾਲਾਂ ਵਿੱਚ ਦੋਵੇਂ ਉਮੀਦਵਾਰਾਂ ਵੱਲੋਂ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਭਵਿੱਖ ਵਿੱਚ ਲੇਬਰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ। ਰਾਜੂ ਸੰਸਾਰਪੁਰੀ ਨੇ ਕਿਹਾ ਕਿ ਉਹ 2006 ਵਿੱਚ ਪਹਿਲੀ ਵਾਰ ਕੌਂਸਲਰ ਬਣੇ ਸਨ ਅਤੇ ਲਗਾਤਾਰ ਲੋਕਾਂ ਵੱਲੋਂ ਭਰਪੂਰ ਹਮਾਇਤ ਮਿਲਦੀ ਰਹੀ ਹੈ, ਇਸ ਵਾਰ ਵੀ ਉਹਨਾਂ ਦੇ ਹਲਕੇ ਹੇਜ਼ ਟਾਊਨ ਤੋਂ ਭਰਵਾਂ ਸਮਰਥਨ ਮਿਲ ਰਿਹਾ ਹੈ। ਇਸੇ ਤਰ੍ਹਾਂ ਗੁਰਸ਼ਰਨ ਸਿੰਘ ਮੰਡ ਵੀ 2022 ਵਿੱਚ ਪਹਿਲੀ ਵਾਰ ਲੇਬਰ ਪਾਰਟੀ ਵੱਲੋਂ ਪਿੰਕਵਿਲ ਵਾਰਡ ਤੋਂ ਚੋਣ ਜਿੱਤੇ ਸਨ। ਇਸ ਮੌਕੇ ਜਸਵੰਤ ਸਿੰਘ ਮੰਡ, ਅਜੈਬ ਸਿੰਘ ਪਵਾਰ, ਟੋਨੀ ਗਿੱਲ ਆਦਿ ਹਾਜ਼ਰ ਸਨ।

# ਮਹਿੰਗੇ ਹੋਏ ਤੇਲ ਕਾਰਨ ਚੋਰੀਆਂ ਚ ਵਾਧਾ, ਪੰਪ ਮਾਲਕ ਪਰੇਸ਼ਾਨ

*ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇਰਾਨ ਨਾਲ ਜੰਗੀ ਹਾਲਾਤਾਂ ਕਾਰਨ ਡੀਜਲ ਅਤੇ ਪਟ੍ਰੋਲ ਦੀਆਂ ਕੀਮਤਾਂ ਚੜ੍ਹਣ ਨਾਲ ਦੇਸ਼ ਭਰ ਵਿਚ ਪੈਟਰੋਲ ਪੰਪਾਂ 'ਤੇ ਚੋਰੀਆਂ ਦੇ ਮਾਮਲੇ ਤੇਜ਼ੀ ਨਾਲ ਵਧ ਗਏ ਹਨ। ਤਾਜ਼ਾ ਅੰਕੜਿਆਂ ਮੁਤਾਬਕ ਪਿਛਲੇ ਸਾਲ ਦੇ ਮੁਕ-ਾਬਲੇ ਇਸ ਸਾਲ ਇਨ੍ਹਾਂ ਘਟਨਾਵਾਂ ਵਿਚ ਲਗਭਗ 62 ਫੀਸਦੀ ਵਾਧਾ ਹੋਇਆ ਹੈ, ਜਿਸ ਨਾਲ ਪੰਪ ਮਾਲਕਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ।*

ਦੱਖਣੀ ਇੰਗਲੈਂਡ ਦੇ ਇਕ ਪੰਪ ਮਾਲਕ ਨੇ ਦੱਸਿਆ ਕਿ ਉਸਦੇ ਪੰਜ ਪੰਪਾਂ 'ਤੇ ਹਫ਼ਤੇ ਵਿਚ ਕਰੀਬ ਪੰਜ ਵਾਰ ਗੱਡੀਆਂ ਤੇਲ ਭਰਵਾ ਕੇ ਬਿਨਾਂ ਪੈਸੇ ਦਿੱਤੇ ਚੱਲ ਜਾਂਦੀਆਂ ਹਨ। ਉਸਦੇ ਮੁਤਾਬਕ ਇਸ ਕਾਰਨ ਉਸਨੂੰ ਹਰ ਹਫ਼ਤੇ ਲਗਭਗ ਦੋ ਹਜ਼ਾਰ ਪੌਂਡ ਦਾ ਨੁਕਸਾਨ ਹੋ ਰਿਹਾ ਹੈ, ਜਦਕਿ ਪਹਿਲਾਂ ਇਹ ਗਿਣਤੀ ਕਾਫ਼ੀ ਘੱਟ ਸੀ।

ਕੈਮਰਿਆਂ ਵਿਚ ਕੈਦ ਹੋਈਆਂ ਘਟਨਾਵਾਂ ਵਿਚ ਵੇਖਿਆ ਗਿਆ ਕਿ ਲੋਕ ਦਿਨ-ਰਾਤ ਕਿਸੇ ਵੀ ਵੇਲੇ ਪੈਟਰੋਲ ਜਾਂ ਡੀਜ਼ਲ ਭਰਵਾ ਕੇ ਭੱਜ ਜਾਂਦੇ ਹਨ। ਕਈ ਵਾਰ ਮੋਟਰਸਾਈਕਲ 'ਤੇ ਆਏ ਲੋਕ ਥੋੜ੍ਹਾ ਤੇਲ ਭਰਵਾ ਕੇ ਨਿਕਲ ਜਾਂਦੇ ਹਨ, ਜਦਕਿ ਕੁਝ ਵੱਡੀਆਂ ਗੱਡੀਆਂ ਵਾਲੇ ਸੌ ਪੌਂਡ ਤੋਂ ਵੱਧ ਦਾ ਤੇਲ ਲੈ ਕੇ ਵੀ ਭੁਗਤਾਨ ਨਹੀਂ ਕਰਦੇ। ਮਾਲਕਾਂ ਦਾ ਕਹਿਣਾ ਹੈ ਕਿ ਕੁਝ ਲੋਕ ਮਜ਼ਬੂਰੀ ਕਾਰਨ ਵੀ ਐਸਾ ਕਰਦੇ ਹਨ, ਪਰ ਜ਼ਿਆਦਾਤਰ ਮਾਮਲੇ ਯੋਜਨਾ ਬੱਧ ਚੋਰੀ ਦੇ ਹੁੰਦੇ ਹਨ। ਉਨ੍ਹਾਂ ਮੁਤਾਬਕ ਹੁਣ ਲੋਕਾਂ ਵਿਚ ਇਹ ਸੋਚ ਵੀ ਬਣਦੀ ਜਾ ਰਹੀ ਹੈ ਕਿ ਚੋਰੀ ਕਰਨਾ ਕੋਈ ਵੱਡੀ ਗੱਲ ਨਹੀਂ।



ਅੰਕੜਿਆਂ ਅਨੁਸਾਰ ਹੁਣ ਇਕ ਪੰਪ 'ਤੇ ਹਫ਼ਤੇ ਵਿਚ ਔਸਤ ਤਿੰਨ ਤੋਂ ਵੱਧ ਵਾਰ ਐਸੀਆਂ ਘਟਨਾਵਾਂ ਹੋ ਰਹੀਆਂ ਹਨ, ਜਦਕਿ ਪਹਿਲਾਂ ਇਹ ਦੋ ਦੇ ਕਰੀਬ ਹੁੰਦੀਆਂ ਸਨ। ਇੱਕ ਵਾਰ ਦੀ ਚੋਰੀ ਦੀ ਰਕਮ ਵੀ ਵਧ ਕੇ ਲਗਭਗ 67 ਪੌਂਡ ਤੱਕ ਪਹੁੰਚ ਗਈ ਹੈ।

ਤੇਲ ਦੀਆਂ ਕੀਮਤਾਂ ਵੀ ਕਾਫ਼ੀ ਵਧ ਗਈਆਂ ਹਨ। ਆਮ ਪਰਿਵਾਰ ਦੀ ਗੱਡੀ ਦਾ ਟੈਂਕ ਭਰਵਾਉਣ ਦਾ ਖਰਚਾ ਕਰੀਬ 14 ਪੌਂਡ ਵਧ ਗਿਆ ਹੈ, ਜਦਕਿ ਡੀਜ਼ਲ ਲਈ ਇਹ ਵਾਧਾ ਲਗਭਗ 27 ਪੌਂਡ ਹੈ। ਇਸ ਨਾਲ ਲੋਕਾਂ 'ਤੇ ਆਰਥਿਕ ਬੋਝ ਵਧਿਆ ਹੈ। ਪੰਪ ਮਾਲਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਚੋਰੀਆਂ ਨਹੀਂ ਰੁਕੀਆਂ ਤਾਂ ਉਨ੍ਹਾਂ ਨੂੰ ਨੁਕਸਾਨ ਪੂਰਾ ਕਰਨ ਲਈ ਕੀਮਤਾਂ ਹੋਰ ਵਧਾਉਣੀਆਂ ਪੈ ਸਕਦੀਆਂ ਹਨ। ਛੋਟੇ ਪੰਪ ਮਾਲਕਾਂ ਲਈ ਇਹ ਨੁਕਸਾਨ ਸਹਿਣਾ ਔਖਾ ਹੋ ਰਿਹਾ ਹੈ।

ਇਸਦੇ ਨਾਲ ਹੀ ਕਰਮਚਾਰੀਆਂ ਨਾਲ ਬਦਸਲੂਕੀ ਦੇ ਮਾਮਲੇ ਵੀ ਵਧ ਰਹੇ ਹਨ। ਲੋਕ ਉਨ੍ਹਾਂ ਨੂੰ ਦੋਸ਼ ਦੇ ਰਹੇ ਹਨ, ਗਾਲਾਂ ਕੱਢ ਰਹੇ ਹਨ ਅਤੇ ਧਮਕੀਆਂ ਵੀ ਦੇ ਰਹੇ ਹਨ, ਜਦਕਿ ਪੰਪ ਮਾਲਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਵੱਡਾ ਲਾਭ ਨਹੀਂ ਹੁੰਦਾ ਅਤੇ ਕੀਮਤ ਦਾ ਵੱਡਾ ਹਿੱਸਾ ਟੈਕਸ ਹੁੰਦਾ ਹੈ। ਪੁਲਿਸ ਅਤੇ ਸਰਕਾਰ ਨੇ ਕਿਹਾ ਹੈ ਕਿ ਚੋਰੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਐਸੀਆਂ ਘਟਨਾਵਾਂ ਦੀ ਸੂਚਨਾ ਤੁਰੰਤ ਦਿੱਤੀ ਜਾਵੇ।

# ਕੈਨੇਡਾ ਚ ਪੰਜਾਬੀ ਪਰਿਵਾਰ ਦੇ ਲੱਖਾਂ ਰੁਪਏ ਦੇ ਗਹਿਣੇ ਚੋਰੀ

ਵੈਨਕੂਵਰ- (ਮਲਕੀਤ ਸਿੰਘ)- ਕੈਨੇਡਾ ਦੇ ਮਾਲਟਨ ਸ਼ਹਿਰ ਦੇ ਵਸਨੀਕ ਇੱਕ ਪੰਜਾਬੀ ਪਰਿਵਾਰ ਦੇ ਘਰ ਵਿੱਚੋਂ ਕੁਝ ਅਗਿਆਤ ਚੋਰਾਂ ਵੱਲੋਂ ਲੱਖਾਂ ਰੁਪਏ ਦੇ ਗਹਿਣੇ ਚੋਰੀ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ । ਪ੍ਰਾਪਤ ਵੇਰਵਿਆ ਮੁਤਾਬਿਕ ਉਕਤ ਪਰਿਵਾਰ ਦੇ ਮੈਂਬਰ ਮਾਲਟਨ ਸ਼ਹਿਰ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਚ ਸ਼ਾਮਿਲ ਹੋਣ ਲਈ ਬਾਹਰ ਗਏ ਸਨ ਅਤੇ ਜਦੋਂ ਪਰਿਵਾਰਕ ਜੀਅ ਵਾਪਸ ਪਰਤੇ ਤਾਂ ਉਹਨਾਂ ਨੇ ਆਪਣੇ ਘਰ ਦੇ ਮੇਨ ਬੈਡਰੂਮ ਵਿੱਚ ਸਮਾਨ ਖਿਲਰਿਆ ਵੇਖਿਆ ਜਿਸ ਉਪਰੰਤ ਉਹਨਾਂ ਵੱਲੋਂ ਆਪਣੇ ਘਰ ਦੇ ਬਾਹਰ ਬਾਹਰ ਲੱਗੇ ਸੀਸੀਟੀ ਕੈਮਰਿਆਂ ਦੀ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਚੋਰ ਉਹਨਾਂ ਦੀ ਕਿਚਨ ਦੀ ਖਿੜਕੀ ਤੋੜ ਕੇ ਅੰਦਰ ਵੜਨ ਚ ਕਾਮਯਾਬ ਹੋਏ ਸਨ ਅਤੇ ਲੱਖਾਂ ਦੀ ਕੀਮਤ ਦੇ ਗਹਿਣੇ ਚੋਰੀ ਕਰਕੇ ਫਰਾਰ ਹੋ ਗਏ ਹੋਰਨਾ ਵੇਰਵਿਆ ਮੁਤਾਬਿਕ ਚੋਰੀ ਹੋਏ ਇਨਾਂ ਗਹਿਣਿਆਂ ਦੀ ਕੀਮਤ 1 ਕਰੋੜ 39 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ ਘਟਨਾ ਉਪਰੰਤ ਘਰ ਵਿੱਚ ਪੁੱਜੀ ਪੁਲਿਸ ਵੱਲੋਂ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਦਾ ਭਰੋਸਾ ਦਵਾਇਆ ਗਿਆ ਹੈ

# ਫਾਲਕਿਨ ਸਕੂਲ ਦੇ ਨੰਨੇ ਮੁੰਨੇ ਬੱਚਿਆ ਨੇ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ



ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਤੋ ਜਾਣੂ ਕਰਵਾਉਦੇ ਹੋਏ ਸੇਵਾਦਾਰ, ਗਤਕੇ ਦੇ ਜੋਹਰ ਵਿਖਾਉਦੇ ਹੋਏ ਸਕੂਲ ਦੇ ਨੰਨੇ ਮੁੰਨੇ ਬੱਚੇ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਲੈਸਟਰ ਦੇ ਫਾਲਕਿਨ ਪ੍ਰਾਈਮਰੀ ਸਕੂਲ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਪਵਿੱਤਰ ਦਿਹਾੜਾ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਧਾਰਮਿਕ ਨਜ਼ਾਰੇ ਵੇਖਣ ਨੂੰ ਮਿਲੇ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਪਾਠ ਨਾਲ ਕੀਤੀ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਪਿਆਰ ਅਤੇ ਲਗਨ ਨਾਲ ਸ਼ਬਦ ਗਾਇਨ ਕਰਕੇ ਹਾਜ਼ਰੀਨ ਨੂੰ ਮੋਹ ਲਿਆ। ਇਸ ਤੋਂ ਬਾਅਦ ਗੁਰਬਾਣੀ ਉਚਾਰਣ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਬੱਚਿਆਂ ਨੇ ਬੜੇ ਚਾਵ ਨਾਲ ਹਿੱਸਾ ਲਿਆ ਅਤੇ ਆਪਣੀ ਕਾਬਲਿਯਤ ਦਾ ਪ੍ਰਦਰਸ਼ਨ ਕੀਤਾ। ਅਧਿਆਪਕਾਂ ਵੱਲੋਂ ਉਤਸ਼ਾਹ ਵਧਾਉਣ ਲਈ ਜੇਤੂ ਬੱਚਿਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਮੌਕੇ ਦਸਤਾਰ ਸਜਾਉਣ ਦੀ ਸਿਖਲਾਈ ਵੀ ਦਿੱਤੀ ਗਈ, ਜਿਸ ਦੌਰਾਨ ਬੱਚਿਆਂ ਨੂੰ ਦਸਤਾਰ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ। ਨੰਨ੍ਹੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਦਸਤਾਰ ਬੰਨ੍ਹਣਾ ਸਿੱਖਿਆ ਅਤੇ ਇਸ ਪਰੰਪਰਾ ਨਾਲ ਜੁੜਨ ਦੀ ਖ਼ੁਸ਼ੀ ਜ਼ਾਹਿਰ ਕੀਤੀ। ਸਕੂਲ ਦੀ ਪ੍ਰਿੰਸੀਪਲ ਜਸਵੀਰ ਕੌਰ ਮਾਨ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਸਾਖੀ ਸਿਰਫ਼ ਇਕ ਤਿਉਹਾਰ ਨਹੀਂ, ਸਗੋਂ ਸਿੱਖ ਇਤਿਹਾਸ ਦਾ ਮਹੱਤਵਪੂਰਨ ਦਿਹਾੜਾ ਹੈ ਜੋ ਸਾਨੂੰ ਸੱਚਾਈ, ਹਿੰਮਤ ਅਤੇ ਇਕਤਾ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮਾਂ ਰਾਹੀਂ ਬੱਚਿਆਂ ਨੂੰ ਆਪਣੇ ਧਰਮ ਅਤੇ ਸਭਿਆਚਾਰ ਨਾਲ ਜੋੜਨਾ ਬਹੁਤ ਜ਼ਰੂਰੀ ਹੈ, ਤਾਂ ਜੋ ਉਹ ਆਪਣੀ ਪਛਾਣ ਨੂੰ ਸਮਝ ਸਕਣ ਅਤੇ ਉਸ 'ਤੇ ਮਾਣ ਮਹਿਸੂਸ ਕਰ ਸਕਣ।

ਇਸ ਮੌਕੇ ਮਾਪਿਆਂ ਦੀ ਵੀ ਵੱਡੀ ਗਿਣਤੀ ਮੌਜੂਦ ਰਹੀ, ਜਿਨ੍ਹਾਂ ਨੇ ਬੱਚਿਆਂ ਦੀਆਂ ਪ੍ਰਸਤੁਤੀਆਂ ਦੀ ਖ਼ੂਬ ਸਰਾਹਨਾ ਕੀਤੀ। ਅੰਤ ਵਿੱਚ ਸਭ ਲਈ ਪ੍ਰਸਾਦ ਅਤੇ ਲੰਗਰ ਦੀ ਵਿਵਸਥਾ ਕੀਤੀ ਗਈ ਅਤੇ ਸਮਾਗਮ ਖ਼ੁਸ਼ੀ ਅਤੇ ਚੜ੍ਹਦੀ ਕਲਾ ਦੇ ਮਾਹੌਲ ਵਿੱਚ ਸੰਪੰਨ ਹੋਇਆ।


## ਕਵੈਂਟਰੀ ਵਿਖੇ 6 ਬੈਡਰੂਮ ਦਾ ਘਰ ਵਿਕਾਊ ਹੈ



**Price**
**£4,50,000**
**O.N.O.**
**ਕੀਮਤ:**
**£4,50,000**
**ਸਾਢੇ ਚਾਰ ਲੱਖ ਪੌਂਡ**
**ਕੀਮਤ ਬਾਰੇ ਵਿਚਾਰ ਵੀ ਕੀਤੀ ਜਾ ਸਕਦੀ**

## 6 BED ROOMS PROPERTY FOR SALE

6 bedrooms property in Coventry is for immediate sale. Two separate entrances to the property, 2 well fitted kitchens with own entry, rear conservatory, fully double glazed, central heated. Block paved all garden, front. All rear slated. 2 off road parking spaces and own garage. Close to city center and university, well maintained.

For viewing and more information please contat Mr. Jay.

ਕਵੈਂਟਰੀ ਦੇ ਵਧੀਆ ਇਲਾਕੇ ਵਿੱਚ ਸਿਟੀ ਸੈਂਟਰ ਅਤੇ ਕਵੈਂਟਰੀ ਯੂਨੀਵਰਸਿਟੀ ਦੇ ਨੇੜੇ 6 ਬੈਡਰੂਮ ਦਾ ਘਰ ਵਿਕਾਊ ਹੈ। ਇਸ ਦੇ ਦੋ ਵੱਖਰੇ ਦਰਵਾਜ਼ੇ ਹਨ ਤੇ ਦੋ ਰਸੋਈਆਂ ਹਨ। ਪੂਰਾ ਘਰ ਡਬਲ ਗਲੇਜ਼ਡ ਤੇ ਸੈਂਟਰਲ ਹੀਟ ਹੋਇਆ ਹੈ। ਘਰ ਦੇ ਪਿਛਲੇ ਪਾਸੇ ਕੰਨਜ਼ਰਵੇਟਰੀ ਵੀ ਹੈ। ਸਾਰਾ ਬਗੀਚਾ ਅਤੇ ਮੋਹਰਲੇ ਪਾਸੇ ਇੱਟਾਂ ਦੇ ਫਰਸ਼ ਲੱਗੇ ਹੋਏ ਹਨ ਪਿਛਲੇ ਪਾਸੇ ਸਲੇਟਾਂ ਲੱਗੀਆਂ ਹਨ। ਦੋ ਕਾਰਾਂ ਦੀ ਪਾਰਕਿੰਗ ਅਤੇ ਗੈਰਜ ਵੀ ਹੈ। ਘਰ ਦੇਖਣ ਅਤੇ ਹੋਰ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਨੰਬਰ 'ਤੇ ਮਿ: ਜੇ ਨਾਲ ਸੰਪਰਕ ਕਰੋ ਜੀ;

**Mobile: 07946 366 612**

# ਬਰੈਡਫੋਰਡ 'ਚ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਨਗਰ ਕੀਰਤਨ, ਹਜ਼ਾਰਾਂ ਸੰਗਤਾਂ ਦੀ ਸ਼ਮੂਲੀਅਤ ਨਾਲ ਗੂੰਜਿਆ ਸ਼ਹਿਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਦਿਆਂ ਬਰੈਡਫੋਰਡ ਦੀ ਸਿੱਖ ਸੰਗਤ ਵੱਲੋਂ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕੀਤਾ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਪੂਰੇ ਸਹਿਰ ਨੂੰ ਗੁਰਬਾਣੀ ਦੇ ਰੰਗ ਵਿੱਚ ਰੰਗ ਦਿੱਤਾ।

ਨਗਰ ਕੀਰਤਨ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਤੋਂ ਕੀਤੀ ਗਈ, ਜਿੱਥੇ ਪਹਿਲਾਂ ਅਰਦਾਸ ਉਪਰੰਤ ਪੰਜ ਪਿਆਰੇਆਂ ਦੀ ਅਗਵਾਈ ਹੇਠ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤ੍ਰਛਾਇਆ ਹੇਠ ਨਗਰ ਕੀਰਤਨ ਰਵਾਨਾ ਹੋਇਆ। ਰਸਤੇ ਦੌਰਾਨ ਸੰਗਤਾਂ ਵੱਲੋਂ ਵਾਹਿਗੁਰੂ ਦੇ ਜਾਪ, ਕੀਰਤਨ ਅਤੇ ਸਿਮਰਨ ਰਾਹੀਂ ਭਗਤੀਮਈ ਮਾਹੌਲ ਬਣਾਇਆ ਗਿਆ, ਜਿਸ ਨਾਲ ਸਹਿਰ ਦੀਆਂ ਗਲੀਆਂ ਗੁਰਬਾਣੀ ਦੀਆਂ ਧੁਨਾਂ ਨਾਲ ਗੂੰਜਦੀਆਂ ਰਹੀਆਂ।

ਨਗਰ ਕੀਰਤਨ ਦੌਰਾਨ ਸਹਿਰ ਦੇ ਪੰਜ ਵੱਖ-ਵੱਖ ਗੁਰੂਘਰਾਂ 'ਤੇ ਪੜਾਅ ਕੀਤੇ ਗਏ, ਜਿੱਥੇ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਨਤਮਸਤਕ ਹੋ ਕੇ ਅਸੀਸਾਂ ਪ੍ਰਾਪਤ ਕੀਤੀਆਂ ਗਈਆਂ। ਹਰ ਪੜਾਅ 'ਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਲੰਗਰਾਂ ਦਾ ਵਿਸ਼ਾਲ ਪ੍ਰਬੰਧ ਕੀਤਾ ਗਿਆ।



ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ

ਨਗਰ ਕੀਰਤਨ ਦੀ ਵਿਸ਼ੇਸ਼ ਰੌਣਕ ਉਸ ਵੇਲੇ ਦੇਖਣ ਨੂੰ ਮਿਲੀ ਜਦੋਂ ਗਤਕਾ ਪਾਰਟੀਆਂ ਵੱਲੋਂ ਰਵਾਇਤੀ ਹਥਿਆਰਾਂ ਨਾਲ ਦਿਲਚਸਪ ਅਤੇ ਰੋਮਾਂਚਕ ਜੌਹਰ ਵਿਖਾਏ ਗਏ। ਨੌਜਵਾਨਾਂ ਅਤੇ ਬੱਚਿਆਂ ਵੱਲੋਂ ਵੀ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਸਿੱਖੀ ਨਾਲ ਆਪਣੀ ਲਗਨ ਦਰਸਾਈ ਗਈ। ਇਸ ਦੇ ਨਾਲ ਹੀ ਵੱਖ-ਵੱਖ ਝਾਕੀਆਂ ਰਾਹੀਂ ਸਿੱਖ ਇਤਿਹਾਸ ਦੇ ਮਹੱਤਵਪੂਰਨ ਪੱਖਾਂ ਨੂੰ ਦਰਸਾਇਆ ਗਿਆ, ਜਿਸ ਨਾਲ ਨਵੀਂ ਪੀੜ੍ਹੀ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਦਾ ਯਤਨ ਕੀਤਾ ਗਿਆ।

ਸਮਾਗਮ ਦੌਰਾਨ ਸੇਵਾਦਾਰਾਂ ਵੱਲੋਂ ਸੰਗਤਾਂ ਲਈ ਰਸਤੇ ਵਿੱਚ ਹੀ ਲੰਗਰ, ਚਾਹ, ਪਾਣੀ ਅਤੇ ਹੋਰ ਸੇਵਾਵਾਂ ਦਾ ਵਿਸ਼ਾਲ ਪ੍ਰਬੰਧ ਕੀਤਾ ਗਿਆ। ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਵੀ ਪੂਰੀ ਸਹਿਯੋਗ ਦਿੱਤਾ ਗਿਆ, ਜਿਸ ਨਾਲ ਨਗਰ ਕੀਰਤਨ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਸੰਪੰਨ ਹੋਇਆ।

ਇਹ ਨਗਰ ਕੀਰਤਨ ਸਹਿਰ ਦੇ ਵੱਖ-ਵੱਖ ਇਲਾਕਿਆਂ 'ਚੋਂ ਗੁਜ਼ਰਦਾ ਹੋਇਆ ਮੁੜ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਵਿਖੇ ਆ ਕੇ ਸਮਾਪਤ ਹੋਇਆ, ਜਿੱਥੇ ਅੰਤਿਮ ਅਰਦਾਸ ਕੀਤੀ ਗਈ ਅਤੇ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਇਸ ਵਿਸ਼ਾਲ ਨਗਰ ਕੀਰਤਨ ਦਾ ਮੁੱਖ ਮੰਤਵ ਖਾਲਸਾ ਪੰਥ ਦੀ ਸਿਰਜਣਾ ਦੀ ਯਾਦ ਤਾਜ਼ਾ ਕਰਨਾ, ਸਿੱਖੀ ਦੇ ਉੱਚ ਆਦਰਸ਼ਾਂ ਨੂੰ ਪ੍ਰਚਾਰਿਤ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨਾ ਸੀ। ਇਸ ਮੌਕੇ ਸੰਗਤਾਂ ਵੱਲੋਂ ਭਰਪੂਰ ਉਤਸ਼ਾਹ ਦਿਖਾਇਆ ਗਿਆ ਅਤੇ ਪ੍ਰਬੰਧਕਾਂ ਨੇ ਆਸ ਜਤਾਈ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਹੋਰ ਵੱਡੇ ਪੱਧਰ 'ਤੇ ਕਰਵਾਏ ਜਾਣਗੇ।

## ਗੌਤਮ ਅਡਾਨੀ ਫਿਰ ਬਣੇ ਏਸ਼ੀਆ ਦੇ ਸੱਭ ਤੋਂ ਅਮੀਰ ਵਿਅਕਤੀ



ਨਵੀਂ ਦਿੱਲੀ : ਕਾਰੋਬਾਰੀ ਜਗਤ ਵਿਚ ਇਕ ਵੱਡਾ ਉਲਟਫੇਰ ਕਰਦਿਆਂ, ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਨੇ ਇਕ ਵਾਰ ਫਿਰ ਰਿਲਾਇੰਸ ਇੰਡਸਟਰੀਜ਼ ਦੇ ਮੁਕੇਸ਼ ਅੰਬਾਨੀ ਨੂੰ ਪਿੱਛੇ ਛੱਡ ਕੇ ਏਸ਼ੀਆ ਦੇ ਸੱਭ ਤੋਂ ਅਮੀਰ ਵਿਅਕਤੀ ਦਾ ਖ਼ਿਤਾਬ ਹਾਸਲ ਕਰ ਲਿਆ ਹੈ। ਤਾਜ਼ਾ ਰੀਪੋਰਟਾਂ ਅਨੁਸਾਰ, ਅਡਾਨੀ ਦੀ ਕੁਲ ਸੰਪਤੀ 92.6 ਅਰਬ ਡਾਲਰ ਤਕ ਪਹੁੰਚ ਗਈ ਹੈ, ਜਦਕਿ ਅੰਬਾਨੀ ਦੀ ਸੰਪਤੀ 90.8 ਅਰਬ ਡਾਲਰ ਦੱਸੀ ਜਾ ਰਹੀ ਹੈ। ਅਡਾਨੀ ਦੀ ਸੰਪਤੀ ਵਿਚ ਇਹ ਉਛਾਲ ਉਨ੍ਹਾਂ ਦੀਆਂ ਸੂਚੀਬੱਧ ਕੰਪਨੀਆਂ ਦੇ ਸ਼ੇਅਰਾਂ ਵਿਚ ਆਈ ਤੇਜ਼ੀ ਕਾਰਨ ਵੇਖਣ ਨੂੰ ਮਿਲਿਆ ਹੈ। ਅਡਾਨੀ ਗਰੁੱਪ ਮੁਤਾਬਕ, ਗੌਤਮ ਅਡਾਨੀ ਭਾਰਤ ਦੇ ਪਹਿਲੇ ਅਜਿਹੇ ਪਹਿਲੀ ਪੀੜ੍ਹੀ ਦੇ ਉੱਦਮੀ ਹਨ, ਜਿਨ੍ਹਾਂ ਨੇ 200 ਅਰਬ ਡਾਲਰ ਤੋਂ ਵੱਧ ਮਾਰਕੀਟ ਕੈਪ ਵਾਲਾ ਕਾਰੋਬਾਰੀ ਸਾਮਰਾਜ ਖੜਾ ਕੀਤਾ ਹੈ। ਪਿਛਲੇ ਕੁੱਝ ਸਾਲਾਂ ਵਿਚ ਦੋਹਾਂ ਦਿੱਗਜਾਂ ਵਿਚਕਾਰ ਨੰਬਰ ਇਕ ਦੀ ਜੰਗ ਦਿਲਚਸਪ ਰਹੀ ਹੈ। ਲੇਖ ਅਨੁਸਾਰ, ਹਿੰਡਨਬਰਗ ਦੀ ਰੀਪੋਰਟ ਤੋਂ ਬਾਅਦ ਅਡਾਨੀ ਗਰੁੱਪ ਨੂੰ ਮਾਰਕੀਟ ਕੀਮਤ ਵਿਚ 100 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ, ਜਿਸ ਕਾਰਨ ਅੰਬਾਨੀ ਮੁੜ ਸਿਖਰ ਉਤੇ ਪਹੁੰਚ ਗਏ ਸਨ। ਹਾਲਾਂਕਿ, ਊਰਜਾ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਵਿਸਥਾਰ ਕਾਰਨ ਅਡਾਨੀ ਨੇ ਮੁੜ ਵਾਪਸੀ ਕੀਤੀ ਹੈ।

## ਬੇਦੋਸੇ ਨੂੰ ਕੱਟਣੀ ਪਈ 17 ਸਾਲ ਜੇਲ, ਅਸਲੀ ਦੋਸੀ ਹੁਣ ਆਇਆ ਅੜਿੱਕੇ

### * 17 ਸਾਲ ਜੇਲ੍ਹ ਕੱਟਣ ਵਾਲਾ ਬੇਕਸੂਰ ਹੋਇਆ ਸਾਬਤ, ਅਸਲੀ ਦੋਸ਼ੀ ਨਿਕਲਿਆ ਕੋਈ ਹੋਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਵਿੱਚ ਇੱਕ ਹੈਰਾਨ ਕਰ ਦੇਣ ਵਾਲੇ ਮਾਮਲੇ ਵਿੱਚ 17 ਸਾਲ ਜੇਲ੍ਹ ਕੱਟਣ ਵਾਲੇ ਬੇਕਸੂਰ ਵਿਅਕਤੀ ਨੂੰ ਇਨਸਾਫ ਮਿਲ ਗਿਆ ਹੈ, ਜਦਕਿ ਅਸਲੀ ਦੋਸ਼ੀ ਹੁਣ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ।


17 ਸਾਲ ਨਾਜਾਇਜ ਜੇਲ ਕੱਟਣ ਵਾਲਾ ਬੇਦੋਸ਼ਾ ਅਤੇ ਅਸਲੀ ਦੋਸ਼ੀ ਦੀਆਂ ਤਸਵੀਰਾਂ,

ਮਿਲੀ ਜਾਣਕਾਰੀ ਮੁਤਾਬਕ, ਸਾਲ 2003 ਵਿੱਚ ਸੈਲਫੋਰਡ ਇਲਾਕੇ ਵਿੱਚ ਇੱਕ ਮਹਿਲਾ 'ਤੇ ਬਹੁਤ ਹੀ ਦਰਿੰਦਗੀ ਭਰਾ ਹਮਲਾ ਕੀਤਾ ਗਿਆ ਸੀ। ਉਸ ਸਮੇਂ ਉਸ ਮਹਿਲਾ ਨੂੰ ਰਾਤ ਦੇ ਵੇਲੇ ਇਕ ਸੁੰਨੇ ਇਲਾਕੇ ਵਿੱਚ ਇੱਕ ਆਦਮੀ ਨੇ ਰੋਕ ਕੇ ਧਮਕਾਇਆ, ਫਿਰ ਉਸਨੂੰ ਜ਼ਬਰਦਸਤੀ ਘਸੀਟ ਕੇ ਮਾਰਿਆ-ਪੀਟਿਆ ਅਤੇ ਉਸ ਨਾਲ ਜਬਰ ਜਨਾਹ ਕੀਤਾ।

ਇਸ ਮਾਮਲੇ ਵਿੱਚ ਪੁਲਿਸ ਨੇ ਐਂਡਰੂ ਮਾਲਕਿਨਸਨ ਨੂੰ ਦੋਸ਼ੀ ਮੰਨ ਲਿਆ ਅਤੇ ਸਿਰਫ਼ ਗਵਾਹੀ ਦੇ ਆਧਾਰ 'ਤੇ ਉਸਨੂੰ ਸਜ਼ਾ ਹੋ ਗਈ। ਉਹ ਲਗਭਗ 17 ਸਾਲ ਜੇਲ੍ਹ ਵਿੱਚ ਰਿਹਾ, ਹਾਲਾਂਕਿ ਉਹ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਬੇਕਸੂਰ ਦੱਸਦਾ ਰਿਹਾ।

ਬਾਅਦ ਵਿੱਚ ਵਿਗਿਆਨਕ ਜਾਂਚ ਵਿੱਚ ਵੱਡਾ ਮੋੜ ਆਇਆ, ਜਦੋਂ ਘਟਨਾ ਸਥਾਨ ਤੋਂ ਮਿਲੇ ਨਮੂਨਿਆਂ ਦੀ ਜਾਂਚ ਕੀਤੀ ਗਈ। ਇਸ ਜਾਂਚ ਵਿੱਚ ਪਤਾ ਲੱਗਿਆ ਕਿ ਮੌਕੇ 'ਤੇ ਮਿਲਿਆ ਜੈਨੇਟਿਕ ਨਿਸ਼ਾਨ ਮਾਲਕਿਨਸਨ ਨਾਲ ਨਹੀਂ ਮਿਲਦਾ, ਸਗੋਂ ਕਿਸੇ ਹੋਰ ਵਿਅਕਤੀ ਨਾਲ ਮਿਲਦਾ ਹੈ। ਇਸ ਤੋਂ ਬਾਅਦ ਮੁੜ ਜਾਂਚ ਕੀਤੀ ਗਈ ਅਤੇ ਆਖ਼ਰਕਾਰ ਫਉਲ ਥੁਨਿਨ ਦੀ ਪਹਿਚਾਣ ਹੋਈ। ਉਸ ਦੇ ਖ਼ਿਲਾਫ਼ ਮਜ਼ਬੂਤ ਸਬੂਤ ਮਿਲੇ ਅਤੇ ਲੰਬੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਉਸਨੂੰ ਜਬਰ ਜਨਾਹ, ਗਲਾ ਘੁੱਟਣ ਅਤੇ ਗੰਭੀਰ ਜ਼ਖ਼ਮ ਪਹੁੰਚਾਉਣ ਦੇ ਦੋਸ਼ਾਂ ਵਿੱਚ ਦੋਸ਼ੀ ਕਰਾਰ ਦਿੱਤਾ ਹੈ। ਇਸ ਮਾਮਲੇ ਵਿੱਚ ਸਭ ਤੋਂ ਵੱਡੀ ਗਲਤੀ ਇਹ ਸਾਹਮਣੇ ਆਈ ਕਿ ਸ਼ੁਰੂ ਵਿੱਚ ਪੁਲਿਸ ਗਲਤ ਵਿਅਕਤੀ 'ਤੇ ਹੀ ਟਿਕ ਗਈ ਅਤੇ ਅਸਲੀ ਦੋਸ਼ੀ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਕਾਰਨ ਇੱਕ ਬੇਕਸੂਰ ਵਿਅਕਤੀ ਨੂੰ ਲੰਬਾ ਸਮਾਂ ਜੇਲ੍ਹ ਕੱਟਣਾ ਪਿਆ।

ਹੁਣ ਇਸ ਮਾਮਲੇ ਦੀ ਵਿਆਪਕ ਜਾਂਚ ਚੱਲ ਰਹੀ ਹੈ ਕਿ ਇਹ ਗਲਤੀ ਕਿਵੇਂ ਹੋਈ ਅਤੇ ਕੌਣ ਇਸ ਲਈ ਜ਼ਿੰਮੇਵਾਰ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿੱਚ ਹੋਈ ਗਲਤੀ ਲਈ ਮਾਫ਼ੀ ਵੀ ਮੰਗੀ ਗਈ ਹੈ। ਇਸ ਘਟਨਾ ਨੇ ਨਿਆਂ ਪ੍ਰਣਾਲੀ 'ਤੇ ਵੀ ਸਵਾਲ ਖੜੇ ਕਰ ਦਿੱਤੇ ਹਨ ਅਤੇ ਇਹ ਦਰਸਾਇਆ ਹੈ ਕਿ ਕਈ ਵਾਰ ਗਲਤ ਫ਼ੈਸਲੇ ਕਿਸੇ ਦੀ ਜ਼ਿੰਦਗੀ ਬਰਬਾਦ ਕਰ ਸਕਦੇ ਹਨ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਉਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !


ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕੈਲੀਫੋਰਨੀਆ ਦੀ 'ਗੋਲਡਨ ਸਟੇਟ' ਵਿਚ ਗੈਂਗਸਟਰਾਂ ਦੀ ਦਹਿਸ਼ਤ: ਪੰਜਾਬੀ ਭਾਈਚਾਰਾ ਨਿਸ਼ਾਨੇ 'ਤੇ !

ਨਿਊਜ਼ ਸਟੋਰੀ

## ✪ ਸੈਂਟਰਲ ਵੈਲੀ ਵਿਚ ਬਿਸ਼ਨੋਈ ਗੈਂਗ ਸਰਗਰਮ, ਕੀ ਅਮਰੀਕਾ ਵਿਚ ਅਸੁਰੱਖਿਅਤ ਹੈ ਸਿੱਖ ਕਾਰੋਬਾਰੀ ? ✪ ਕੈਲੀਫੋਰਨੀਆ ਪੁਲਿਸ ਭਾਰਤੀ ਗੈਂਗਸਟਰਾਂ ਨੂੰ ਨੱਥ ਪਾਉਣ ਵਿਚ ਨਾਕਾਮ ਕਿਉਂ ਹੈ ?

ਕੈਲੀਫੋਰਨੀਆ ਦੀ ਸੈਂਟਰਲ ਵੈਲੀ, ਜੋ ਕਿ ਦਹਾਕਿਆਂ ਤੋਂ ਪੰਜਾਬੀ ਸਿੱਖਾਂ ਦੀ ਸਖ਼ਤ ਮਿਹਨਤ ਅਤੇ ਖੁਸ਼ਹਾਲੀ ਦਾ ਪ੍ਰਤੀਕ ਰਹੀ ਹੈ, ਅੱਜ ਗੈਂਗਸਟਰਾਂ ਦੀ ਦਹਿਸ਼ਤ ਹੇਠ ਹੈ। ਹਾਲ ਹੀ ਵਿੱਚ ਸਾਹਮਣੇ ਆਈਆਂ ਰਿਪੋਰਟਾਂ ਅਨੁਸਾਰ, ਭਾਰਤ ਸਥਿਤ ਅਪਰਾਧਿਕ ਗਿਰੋਹਾਂ, ਖਾਸ ਕਰਕੇ 'ਲਾਰੈਂਸ ਬਿਸ਼ਨੋਈ ਗੈਂਗ' ਵੱਲੋਂ ਉੱਥੇ ਰਹਿ ਰਹੇ ਸਿੱਖ ਕਾਰੋਬਾਰੀਆਂ ਨੂੰ ਜਬਰਨ ਉਗਰਾਹੀ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਮਹਿਜ਼ ਅਪਰਾਧ ਦਾ ਮਾਮਲਾ ਨਹੀਂ, ਸਗੋਂ 'ਟਰਾਂਸਨੈਸ਼ਨਲ ਕ੍ਰਾਈਮ' (ਅੰਤਰਰਾਸ਼ਟਰੀ ਅਪਰਾਧ) ਦੀ ਇੱਕ ਅਜਿਹੀ ਖ਼ਤਰਨਾਕ ਲਹਿਰ ਹੈ ਜੋ ਅਮਰੀਕਾ ਵਿੱਚ ਵੱਸਦੇ ਭਾਈਚਾਰੇ ਦੀ ਸੁਰੱਖਿਆ ਅਤੇ ਮਾਨਸਿਕ ਸ਼ਾਂਤੀ ਨੂੰ ਭੰਗ ਕਰ ਰਹੀ ਹੈ।

ਇਨ੍ਹਾਂ ਅਪਰਾਧੀਆਂ ਦਾ ਕੰਮ ਕਰਨ ਦਾ ਤਰੀਕਾ ਬੇਹੱਦ ਸ਼ਾਤਿਰਾਨਾ ਹੈ। ਉਹ ਸ਼ੁਰੂਆਤ ਵਿੱਚ $4,000 ਤੋਂ $7,000 ਦੇ ਵਿਚਕਾਰ ਰਕਮ ਦੀ ਮੰਗ ਕਰਦੇ ਹਨ। ਇਹ ਰਕਮ ਜਾਣਬੁੱਝ ਕੇ ਘੱਟ ਰੱਖੀ ਜਾਂਦੀ ਹੈ ਤਾਂ ਜੋ ਪੀੜਤ ਪੁਲਿਸ ਕੋਲ ਜਾਣ ਦੀ ਬਜਾਏ ਪੈਸੇ ਦੇਣਾ ਸੌਖਾ ਸਮਝਣ।

ਥੋੜ੍ਹੀ ਰਕਮ ਦੀ ਮੰਗ ਕਰਦੇ ਹਨ ਤਾਂ ਜੋ ਪੀੜਤ ਪੁਲਿਸ ਕੋਲ ਜਾਣ ਦੀ ਬਜਾਏ ਪੈਸੇ ਦੇ ਕੇ ਖਹਿੜਾ ਛੁਡਾਉਣਾ ਬਿਹਤਰ ਸਮਝੇ। ਪਰ ਇਹ ਸਿਰਫ ਸ਼ੁਰੂਆਤ ਹੁੰਦੀ ਹੈ; ਇੱਕ ਵਾਰ ਪੈਸੇ ਦੇਣ ਦਾ ਮਤਲਬ ਹੈ ਹਮੇਸ਼ਾ ਲਈ ਉਨ੍ਹਾਂ ਦੇ ਜਾਲ ਵਿੱਚ ਫਸ ਜਾਣਾ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਇਹ ਗੈਂਗ ਅਮਰੀਕਾ ਵਿੱਚ ਬੈਠੇ ਵਿਅਕਤੀਆਂ ਨੂੰ ਉਨ੍ਹਾਂ ਦੇ ਭਾਰਤ ਵਿੱਚ ਰਹਿ ਰਹੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੰਦੇ ਹਨ। ਇਹ 'ਭਾਵਨਾਤਮਕ ਬਲੈਕਮੇਲ' ਅਤੇ 'ਜਾਨੀ ਖ਼ਤਰੇ' ਦਾ ਸੁਮੇਲ ਪੀੜਤਾਂ ਨੂੰ ਚੁੱਪ ਰਹਿਣ ਲਈ ਮਜਬੂਰ ਕਰ ਦਿੰਦਾ ਹੈ।

ਐਫਬੀਆਈ ਅਤੇ ਸਥਾਨਕ ਪੁਲਿਸ ਅਨੁਸਾਰ, ਇਸ ਅਪਰਾਧਿਕ ਗਤੀਵਿਧੀ ਦੇ ਤਾਰ ਭਾਰਤ ਦੇ ਸਭ ਤੋਂ ਲੋੜੀਂਦੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ। ਇਹ ਗੈਂਗ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਸਰਗਰਮ ਹੈ। ਸਾਲ 2025 ਵਿੱਚ ਸਟਾਕਟਨ ਅਤੇ ਫਰਿਜ਼ਨੋ ਵਿੱਚ ਹੋਏ ਦੋ ਕਤਲ ਸਿੱਧੇ ਤੌਰ 'ਤੇ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਪਾਏ ਗਏ ਹਨ। ਸੈਕਰਾਮੈਂਟੋ ਕਾਊਂਟੀ ਪੁਲਿਸ ਨੇ ਪਿਛਲੇ ਚਾਰ ਸਾਲਾਂ ਵਿੱਚ ਹੋਈਆਂ ਲਗਭਗ 20 ਗੋਲੀਬਾਰੀ ਦੀਆਂ ਘਟਨਾਵਾਂ ਨੂੰ ਬਿਸ਼ਨੋਈ ਅਤੇ ਉਸ ਦੇ ਵਿਰੋਧੀ ਗੈਂਗਾਂ ਦੀ ਆਪਸੀ ਦੁਸ਼ਮਣੀ ਨਾਲ ਜੋੜਿਆ ਹੈ।

ਸੈਂਟਰਲ ਵੈਲੀ ਵਿੱਚ ਹੋਏ ਕਤਲ ਅਤੇ ਗੋਲੀਬਾਰੀ ਦੀਆਂ ਦਰਜਨਾਂ ਘਟਨਾਵਾਂ ਇਸ ਗੱਲ ਦੀ ਤਸਦੀਕ ਕਰਦੀਆਂ ਹਨ ਕਿ ਇਹ



### ਭਾਰਤੀ ਗੈਂਗਸਟਰ ਅਮਰੀਕਾ ਵਿੱਚ ਕਿਵੇਂ ਆਏ ?

ਇਹ ਅਪਰਾਧੀ ਅਮਰੀਕਾ ਵਿੱਚ ਵੱਖ-ਵੱਖ ਤਰੀਕਿਆਂ ਨਾਲ ਪਹੁੰਚ ਰਹੇ ਹਨ, ਜਿਨ੍ਹਾਂ ਵਿੱਚੋਂ ਕੁਝ ਮੁੱਖ ਰਸਤੇ ਹੇਠਾਂ ਦਿੱਤੇ ਗਏ ਹਨ:

ਬਹੁਤ ਸਾਰੇ ਅਪਰਾਧੀ ਜਾਂ ਉਨ੍ਹਾਂ ਦੇ ਗੁਰਗੇ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਉਦਾਹਰਨ ਵਜੋਂ, ਲਾਰੈਂਸ ਬਿਸ਼ਨੋਈ ਦਾ ਭਰਾ ਅਨਮੋਲ ਬਿਸ਼ਨੋਈ ਨਵੰਬਰ 2024 ਵਿੱਚ ਨੈਬਰਾਸਕਾ ਵਿੱਚ ਫੜਿਆ ਗਿਆ ਸੀ, ਜੋ ਗੈਰ-ਕਾਨੂੰਨੀ ਤਰੀਕੇ ਨਾਲ ਉੱਥੇ ਰਹਿ ਰਿਹਾ ਸੀ।

ਹਾਲ ਹੀ ਵਿੱਚ (ਅਪ੍ਰੈਲ 2026) ਅਮਰੀਕੀ ਅਧਿਕਾਰੀਆਂ ਨੇ 10 ਭਾਰਤੀ ਨਾਗਰਿਕਾਂ ਨੂੰ ਵੀਜ਼ਾ ਧੋਖਾਧੜੀ ਦੀ ਸਾਜ਼ਿਸ਼ ਲਈ ਦੋਸ਼ੀ ਠਹਿਰਾਇਆ ਹੈ। ਕਈ ਵਾਰ ਅਪਰਾਧੀ ਫਰਜ਼ੀ ਦਸਤਾਵੇਜ਼ਾਂ ਜਾਂ ਸਟੂਡੈਂਟ ਵੀਜ਼ੇ ਦੀ ਆੜ ਵਿੱਚ ਅਮਰੀਕਾ ਵੜ ਜਾਂਦੇ ਹਨ।

ਜ਼ਰੂਰੀ ਨਹੀਂ ਕਿ ਸਾਰੇ ਵੱਡੇ ਗੈਂਗਸਟਰ ਖੁਦ ਅਮਰੀਕਾ ਵਿੱਚ ਹੋਣ। ਲਾਰੈਂਸ ਬਿਸ਼ਨੋਈ ਵਰਗੇ ਆਗੂ ਭਾਰਤੀ ਜੇਲ੍ਹਾਂ ਵਿੱਚ ਬੈਠੇ ਹੋਏ ਵੀ ਸਿਗਨਲ ਜਾਂ ਟੈਲੀਗ੍ਰਾਫ ਵਰਗੀਆਂ ਐਨਕ੍ਰਿਪਟਡ ਐਪਸ ਰਾਹੀਂ ਅਮਰੀਕਾ ਵਿੱਚ ਮੌਜੂਦ ਆਪਣੇ 'ਸਲੀਪਰ ਸੈੱਲਾਂ' (ਸਥਾਨਕ ਗੁਰਗਿਆਂ) ਨੂੰ ਹਦਾਇਤਾਂ ਦਿੰਦੇ ਹਨ।

ਇਹ ਗੈਂਗਸਟਰ ਅਮਰੀਕਾ ਵਿੱਚ ਪਹਿਲਾਂ ਤੋਂ ਰਹਿ ਰਹੇ ਅਪਰਾਧਿਕ ਪ੍ਰਵਿਰਤੀ ਵਾਲੇ ਨੌਜਵਾਨਾਂ ਨੂੰ ਆਪਣੇ ਨਾਲ ਜੋੜ ਲੈਂਦੇ ਹਨ, ਜੋ ਪੈਸੇ ਜਾਂ 'ਨਾਮ' ਦੇ ਲਾਲਚ ਵਿੱਚ ਉਨ੍ਹਾਂ ਲਈ ਵਸੂਲੀ ਜਾਂ ਹਿੰਸਾ ਕਰਦੇ ਹਨ।

ਧਮਕੀਆਂ ਸਿਰਫ ਖੋਖਲੀਆਂ ਨਹੀਂ ਹਨ। ਐਫ. ਬੀ. ਆਈ. ਅਤੇ ਸਥਾਨਕ ਸ਼ੈਰਿਫ ਦਫ਼ਤਰਾਂ ਦੀ ਸਰਗਰਮੀ ਦੇ ਬਾਵਜੂਦ, ਬਹੁਤ ਸਾਰੇ ਮਾਮਲੇ ਰਿਪੋਰਟ ਨਹੀਂ ਹੋ ਰਹੇ। ਇਸ ਦਾ ਮੁੱਖ ਕਾਰਨ ਭਰੋਸੇ ਦੀ ਕਮੀ ਅਤੇ ਬਦਲੇ ਦੀ ਕਾਰਵਾਈ ਦਾ ਡਰ ਹੈ।

ਐਫਬੀਆਈ ਦੇ ਸੈਕਰਾਮੈਂਟੋ ਫੀਲਡ ਆਫਿਸ ਨੇ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਮਾਮਲਿਆਂ ਦੀ ਰਿਪੋਰਟ ਕਰਨ ਤਾਂ ਜੋ ਇਸ ਟ੍ਰਾਂਸਨੈਸ਼ਨਲ (ਅੰਤਰਰਾਸ਼ਟਰੀ) ਅਪਰਾਧਿਕ ਨੈੱਟਵਰਕ ਨੂੰ ਤੋੜਿਆ ਜਾ ਸਕੇ। ਇਹ ਮਾਮਲਾ ਦਰਸਾਉਂਦਾ ਹੈ ਕਿ ਕਿਵੇਂ ਵਿਦੇਸ਼ਾਂ ਵਿੱਚ ਬੈਠੇ ਅਪਰਾਧੀ ਅਮਰੀਕਾ ਵਿੱਚ ਵੱਸਦੇ ਭਾਰਤੀ ਭਾਈਚਾਰੇ ਦੀ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਬਣ ਗਏ ਹਨ।

ਅਮਰੀਕੀ ਅਤੇ ਭਾਰਤੀ ਸੁਰੱਖਿਆ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਹੋਣਾ ਲਾਜ਼ਮੀ ਹੈ ਤਾਂ ਜੋ ਇਨ੍ਹਾਂ ਗੈਂਗਾਂ ਦੇ ਵਿੱਤੀ ਸੋਮਿਆਂ ਅਤੇ ਸੰਚਾਰ ਪ੍ਰਣਾਲੀ ਨੂੰ ਨੱਥ ਪਾਈ ਜਾ ਸਕੇ।

ਸਿੱਖ ਜਥੇਬੰਦੀਆਂ ਅਤੇ 'ਜਕਾਰਾ ਮੂਵਮੈਂਟ' ਵਰਗੀਆਂ ਸੰਸਥਾਵਾਂ ਨੂੰ ਪੀੜਤਾਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣਾ ਚਾਹੀਦਾ ਹੈ ਜਿੱਥੇ ਉਹ ਬਿਨਾਂ ਕਿਸੇ ਡਰ ਦੇ ਆਪਣੀ ਗੱਲ ਰੱਖ ਸਕਣ।

ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਫਿਰੌਤੀ ਦੇਣਾ ਸਮੱਸਿਆ ਦਾ ਹੱਲ ਨਹੀਂ, ਸਗੋਂ ਅਪਰਾਧੀਆਂ ਦੇ ਹੌਸਲੇ ਵਧਾਉਣਾ ਹੈ।

ਅੰਤ ਵਿੱਚ, ਕੈਲੀਫੋਰਨੀਆ ਵਰਗੇ ਰਾਜ ਵਿੱਚ, ਜਿੱਥੇ ਢਾਈ ਲੱਖ ਤੋਂ ਵੱਧ ਸਿੱਖ ਵੱਸਦੇ ਹਨ, ਉੱਥੇ ਅਜਿਹੀ ਦਹਿਸ਼ਤ ਦਾ ਹੋਣਾ ਸਰਕਾਰਾਂ ਅਤੇ ਕਾਨੂੰਨ ਵਿਵਸਥਾ 'ਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਹੈ। ਜੇਕਰ ਅੱਜ ਇਸ 'ਦਹਿਸ਼ਤ' ਨੂੰ ਮੁੱਢੋਂ ਨਾ ਨਪਿਆ ਗਿਆ, ਤਾਂ ਇਹ ਆਉਣ ਵਾਲੇ ਸਮੇਂ ਵਿੱਚ ਪਰਵਾਸੀ ਪੰਜਾਬੀਆਂ ਦੀ ਆਰਥਿਕ ਅਤੇ ਸਮਾਜਿਕ ਬੁਨਿਆਦ ਨੂੰ ਖੋਖਲਾ ਕਰ ਦੇਵੇਗਾ।

### ਅਮਰੀਕਾ ਸਰਕਾਰ ਗੈਂਗਸਟਰਾਂ ਨੂੰ ਪਰ ਕਿਉਂ ਨਾ ਨਾ ਸਕੀ ?

ਅਮਰੀਕਾ ਵਿੱਚ ਕਾਨੂੰਨ ਬਹੁਤ ਸਖ਼ਤ ਹੈ, ਪਰ ਉਹ ਕਾਨੂੰਨੀ ਪ੍ਰਕਿਰਿਆ) 'ਤੇ ਚੱਲਦਾ ਹੈ। ਜਿਵੇਂ ਕਿ ਰਿਪੋਰਟ ਵਿੱਚ ਦੱਸਿਆ ਗਿਆ ਹੈ, ਬਹੁਤ ਸਾਰੇ ਪੀੜਤ ਡਰ ਦੇ ਮਾਰੇ ਪੁਲਿਸ ਕੋਲ ਨਹੀਂ ਜਾਂਦੇ। ਜਿੰਨਾ ਚਿਰ ਅਧਿਕਾਰਤ ਸ਼ਿਕਾਇਤਾਂ ਅਤੇ ਪੁਖ਼ਤਾ ਸਬੂਤ (ਜਿਵੇਂ ਕਿ ਫ਼ੋਨ ਰਿਕਾਰਡਿੰਗ, ਮਨੀ ਟ੍ਰੇਲ) ਸਾਹਮਣੇ ਨਹੀਂ ਆਉਂਦੇ, ਉਦੋਂ ਤੱਕ ਐਫ.ਬੀ.ਆਈ. ਵੱਡੀ ਕਾਰਵਾਈ ਕਰਨ ਵਿੱਚ ਅਸਮਰੱਥ ਰਹਿੰਦੀ ਹੈ। ਅਪਰਾਧੀ ਦੂਜੇ ਦੇਸ਼ (ਭਾਰਤ) ਵਿੱਚ ਬੈਠੇ ਹਨ, ਇਸ ਲਈ ਸਿਰਫ਼ ਅਮਰੀਕਾ ਵਿੱਚ ਬੈਠੇ ਉਨ੍ਹਾਂ ਦੇ ਗੁਰਗਿਆਂ ਨੂੰ ਫੜਨਾ ਪੂਰੇ ਨੈੱਟਵਰਕ ਨੂੰ ਖ਼ਤਮ ਨਹੀਂ ਕਰਦਾ।

ਅਮਰੀਕਾ ਅਤੇ ਭਾਰਤ ਦੇ ਸਬੰਧ ਇਸ ਸਮੇਂ ਬਹੁਤ ਨਾਜ਼ੁਕ ਅਤੇ ਮਹੱਤਵਪੂਰਨ ਮੋੜ 'ਤੇ ਹਨ। ਅਮਰੀਕਾ ਭਾਰਤ ਨੂੰ ਏਸ਼ੀਆ ਵਿੱਚ ਚੀਨ ਦੇ ਵਿਰੁੱਧ ਇੱਕ ਮੁੱਖ ਸਾਂਝੇਦਾਰ ਵਜੋਂ ਦੇਖਦਾ ਹੈ। ਇਸ ਵੱਡੇ ਹਿੱਤ ਕਾਰਨ, ਅਮਰੀਕਾ ਅਕਸਰ ਅਜਿਹੇ ਮੁੱਦਿਆਂ 'ਤੇ ਜਨਤਕ ਤੌਰ 'ਤੇ ਤਾੜਨਾ ਕਰਨ ਦੀ ਬਜਾਏ 'ਡਿਪਲੋਮੈਟਿਕ ਚੈਨਲਾਂ' ਰਾਹੀਂ ਗੱਲ ਕਰਨਾ ਪਸੰਦ ਕਰਦਾ ਹੈ। ਕਈ ਵਾਰ ਅਜਿਹੇ ਮਾਮਲਿਆਂ ਵਿੱਚ ਦੋਵਾਂ ਦੇਸ਼ਾਂ ਦੀਆਂ ਏਜੰਸੀਆਂ (RAW ਅਤੇ CIA/FBI) ਗੁਪਤ ਰੂਪ ਵਿੱਚ ਕੰਮ ਕਰ ਰਹੀਆਂ ਹੁੰਦੀਆਂ ਹਨ, ਜਿਸ ਬਾਰੇ ਆਮ ਜਨਤਾ ਨੂੰ ਜਾਣਕਾਰੀ ਨਹੀਂ ਦਿੱਤੀ ਜਾਂਦੀ।

ਭਾਰਤ ਸਰਕਾਰ ਦਾ ਸਟੈਂਡ ਅਕਸਰ ਇਹ ਰਿਹਾ ਹੈ ਕਿ ਕਈ ਗੈਂਗਸਟਰ ਅਮਰੀਕਾ ਜਾਂ ਕੈਨੇਡਾ ਵਿੱਚ 'ਸ਼ਰਨ' ਲੈ ਕੇ ਬੈਠੇ ਹਨ ਅਤੇ ਉਹ ਇਨ੍ਹਾਂ ਦੇਸ਼ਾਂ ਤੋਂ ਉਨ੍ਹਾਂ ਦੀ ਹਵਾਲਗੀ ਦੀ ਮੰਗ ਕਰਦਾ ਹੈ। ਦੂਜੇ ਪਾਸੇ, ਅਮਰੀਕਾ ਵਿੱਚ ਪੰਨੂ ਵਰਗੇ ਮਾਮਲਿਆਂ ਨੂੰ ਲੈ ਕੇ ਪਹਿਲਾਂ ਹੀ ਤਣਾਅ ਚੱਲ ਰਿਹਾ ਹੈ। ਅਮਰੀਕਾ ਭਾਰਤ 'ਤੇ ਦੋਸ਼ ਲਾਉਂਦਾ ਹੈ ਕਿ ਉਹ ਉਨ੍ਹਾਂ ਦੀ ਧਰਤੀ 'ਤੇ ਕਾਰਵਾਈ ਕਰ ਰਿਹਾ ਹੈ, ਜਦਕਿ ਭਾਰਤ ਅਮਰੀਕਾ 'ਤੇ ਦੋਸ਼ ਲਾਉਂਦਾ ਹੈ ਕਿ ਉਹ ਭਾਰਤ ਵਿਰੋਧੀ ਅਨਸਰਾਂ ਨੂੰ ਪਨਾਹ ਦੇ ਰਿਹਾ ਹੈ। ਇਸ ਖਿੱਚੋਤਾਣ ਵਿੱਚ 'ਗੈਂਗਸਟਰਾਂ' ਵਿਰੁੱਧ ਸਾਂਝੀ ਕਾਰਵਾਈ ਪਛੜ ਜਾਂਦੀ ਹੈ।

ਅਪਰਾਧੀ ਹੁਣ 'ਕ੍ਰਿਪਟੋਕਰੰਸੀ' ਜਾਂ 'ਹਵਾਲਾ' ਰਾਹੀਂ ਪੈਸੇ ਦਾ ਲੈਣ-ਦੇਣ ਕਰਦੇ ਹਨ, ਜਿਸ ਨੂੰ ਟਰੇਸ ਕਰਨਾ ਅਮਰੀਕੀ ਏਜੰਸੀਆਂ ਲਈ ਵੀ ਚੁਣੌਤੀਪੂਰਨ ਹੈ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਐਪਸ ਦੀ ਐਂਡ-ਟੂ-ਐਂਡ ਇਨਕ੍ਰਿਪਸ਼ਨ ਕਾਰਨ ਧਮਕੀਆਂ ਦੇਣ ਵਾਲਿਆਂ ਦੀ ਲੋਕੇਸ਼ਨ ਲੱਭਣਾ ਮੁਸ਼ਕਲ ਹੋ ਜਾਂਦਾ ਹੈ।

ਅਮਰੀਕਾ ਸਰਕਾਰ ਉਦੋਂ ਤੱਕ ਵੱਡੀ ਸਖ਼ਤੀ ਨਹੀਂ ਵਰਤ ਸਕਦੀ ਜਦੋਂ ਤੱਕ ਭਾਈਚਾਰਾ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦਾ। ਰਹੀ ਗੱਲ ਭਾਰਤ ਸਰਕਾਰ ਨੂੰ ਤਾੜਨਾ ਕਰਨ ਦੀ, ਤਾਂ ਅਮਰੀਕਾ ਇਸ ਮੁੱਦੇ ਨੂੰ 'ਅੰਦਰੂਨੀ ਸੁਰੱਖਿਆ' ਅਤੇ 'ਵਿਦੇਸ਼ ਨੀਤੀ' ਦੇ ਤੱਕੜੀ ਵਿੱਚ ਤੋਲ ਕੇ ਦੇਖ ਰਿਹਾ ਹੈ। ਜਿੰਨਾ ਚਿਰ ਇਹ ਗੈਂਗਸਟਰ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਸਿੱਧਾ ਖ਼ਤਰਾ ਨਹੀਂ ਬਣਦੇ, ਉਦੋਂ ਤੱਕ ਉਹ ਸ਼ਾਇਦ ਇਸ ਨੂੰ ਸਿਰਫ਼ 'ਲੋਕਲ ਕ੍ਰਾਈਮ' ਦੇ ਨਜ਼ਰੀਏ ਨਾਲ ਹੀ ਦੇਖਦਾ ਰਹੇਗਾ।

ੴ ਸਤਿਗੁਰ ਪ੍ਰਸਾਦਿ ॥

ਭਲੇ ਅਮਰਦਾਸ ਗੁਣ ਤੇਰੇ ॥ ਤੇਰੀ ਉਪਮਾ ਤੋਹਿ ਬਨਿ ਆਵੈ ॥

ਸੇਵਾ ਤੇ ਨਿਮਰਤਾ ਦੀ ਮੂਰਤ, ਨਿਥਾਵਿਆ ਦੇ ਥਾਵ, ਨਿਓਟਿਆ ਦੇ ਓਟ ਸਾਹਿਬ

# ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਸਮੂਹ ਸਿੱਖ ਪੰਥ ਨੂੰ ਲੱਖ ਲੱਖ ਵਧਾਈ

## ਮਹੀਨਾਵਾਰ ਪ੍ਰੋਗਰਾਮਾਂ ਦਾ ਵੇਰਵਾ:

✴ **ਅਰੰਭ ਸ੍ਰੀ ਅਖੰਡਪਾਠ ਸਾਹਿਬ**

**27-4-2026 ਸੋਮਵਾਰ ਸਵੇਰੇ 10:00 ਵਜੇ**

✴ **ਭੋਗ ਸ੍ਰੀ ਅਖੰਡਪਾਠ ਸਾਹਿਬ**

**29-4-2026 ਬੁੱਧਵਾਰ ਸਵੇਰੇ 10:00 ਵਜੇ**

ਕੀਰਤਨੀ ਜਥਾ, ਭਾਈ ਸਿਮਰਨਜੀਤ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲੇ ਤੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ



ਗੁਰੂ ਅਮਰਦਾਸ ਗੁਰਦੁਆਰਾ ਲੈਸਟਰ

✴ ***3 ਮਈ 2026 ਦਿਨ ਐਤਵਾਰ ਨੂੰ ਸਵੇਰੇ 10.00 ਵਜੇ ਤੋਂ ਲੈ ਕੇ 4.00 ਵਜੇ ਤੱਕ ਸਿੱਖੀ ਕੈਂਪ ਲਗਾਇਆ ਜਵੇਗਾ ।***

✴ **10 ਮਈ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਲੈ ਕੇ ਇਕ ਵਜੇ ਤੱਕ** ***ਪੰਜਾਬੀ ਲਿਖਣ ਤੇ ਦਸਤਾਰ ਦੇ ਮੁਕਾਬਲੇ ਕਰਵਾਏ ਜਾਣਗੇ ।***

✴ **17 ਮਈ 2026 ਦਿਨ ਐਤਵਾਰ 12.00 ਵਜੇ ਤੋਂ 3.00 ਵਜੇ ਤੱਕ ਸਿੱਖੀ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਸ਼ਬਦ ਕੀਰਤਨ, ਸਪੀਚ, ਕਵਿਤਾ ਤੇ ਢਾਡੀ ਵਾਰਾਂ ਦਾ ਪ੍ਰੋਗਰਾਮ ਹੋਵੇਗਾ ।**

***ਹਰੇਕ ਉਮਰ ਦੇ ਬੱਚੇ ਇਸ ਵਿੱਚ ਹਿੱਸਾ ਲੈ ਸਕਦੇ ਹਨ।***



**ਬੱਚਿਆਂ ਲਈ ਖਾਸ ਕਰਕੇ ਪੀਜ਼ਾ, ਚਿਪਸ, ਕੋਲਡ ਡਰਿੰਕ, ਪਾਸਟਾ ਤੇ ਸਵਿਟਸ ਦਾ ਲੰਗਰ ਵਰਤਾਇਆ ਜਾਵੇਗਾ ।**

ਗੁਰੂ ਸੰਗਤ ਦੇ ਦਾਸ – ਪ੍ਰਬੰਧਕ ਕਮੇਟੀ ਗੁਰੂ ਅਮਰਦਾਸ ਗੁਰਦੁਆਰਾ, ਲੈਸਟਰ

# GURU AMAR DAS GURDWARA LEICESTER

**219-227 CLARENDON PARK ROAD, LEICESTER LE2 3AN**

**MOB: 07444369672-07444 30807, 0777998579**

# ਈਰਾਨ-ਅਮਰੀਕਾ ਜੰਗ: ਕੀ ਟਰੰਪ ਸਰਕਾਰ ਖ਼ਤਰੇ ਵਿਚ ਹੈ ?



ਅਮਰੀਕਾ ਅਤੇ ਈਰਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ ਅਮਰੀਕੀ ਸਿਆਸਤ ਵਿੱਚ ਵੱਡਾ ਭੂਚਾਲ ਆ ਗਿਆ ਹੈ। ਰੱਖਿਆ ਮੰਤਰੀ ਪੀਟਰ ਹੇਗਸੇਥ ਵਿਰੁੱਧ 'ਹਾਊਸ ਆਫ ਰਿਪ੍ਰਜ਼ੈਂਟੇਟਿਵ' ਵਿੱਚ ਮਹਾਂਦੋਸ਼ ਪ੍ਰਸਤਾਵ ਲਿਆਉਣ ਦੀ ਤਿਆਰੀ ਪੂਰੀ ਹੋ ਚੁੱਕੀ ਹੈ। ਵਿਰੋਧੀ ਡੈਮੋਕ੍ਰੇਟਸ ਨੇ ਉਨ੍ਹਾਂ 'ਤੇ ਅਹੁਦੇ ਦੀ ਦੁਰਵਰਤੋਂ ਅਤੇ ਬਿਨਾਂ ਇਜਾਜ਼ਤ ਜੰਗ ਸ਼ੁਰੂ ਕਰਨ ਵਰਗੇ 5 ਗੰਭੀਰ ਦੋਸ਼ ਲਗਾਏ ਹਨ। ਡੈਮੋਕ੍ਰੇਟ ਸੰਸਦ ਮੈਂਬਰ ਯਾਸਮੀਨ ਅੰਸਾਰੀ ਵੱਲੋਂ ਪੇਸ਼ ਕੀਤੇ ਗਏ 7 ਪੰਨਿਆਂ ਦੇ ਪ੍ਰਸਤਾਵ ਵਿੱਚ ਹੇਠ ਲਿਖੇ ਗੰਭੀਰ ਦੋਸ਼ ਲਗਾਏ ਗਏ ਹਨ:

ਸੰਸਦ (ਕਾਂਗਰਸ) ਦੀ ਇਜਾਜ਼ਤ ਤੋਂ ਬਿਨਾਂ ਈਰਾਨ ਵਿਰੁੱਧ ਜੰਗ ਛੇੜਨਾ। ਈਰਾਨ ਵਿੱਚ ਆਮ ਨਾਗਰਿਕਾਂ ਦੇ ਟਿਕਾਣਿਆਂ 'ਤੇ ਹਮਲਾ ਕਰਨ ਦਾ ਹੁਕਮ ਦੇਣਾ। ਖੁਫ਼ੀਆ ਜਾਣਕਾਰੀਆਂ ਲੀਕ ਕਰਨ (ਸਿਗਨਲ ਗੇਟ) ਦਾ ਦੋਸ਼। ਅਮਰੀਕੀ ਫ਼ੌਜ ਦੇ ਅੰਦਰੋਂ 'ਵਿਭਿੰਨਤਾ' ਨੂੰ ਖਤਮ ਕਰਨ ਦੀ ਕੋਸ਼ਿਸ਼।

ਕੀ ਹੇਗਸੇਥ ਦੀ ਕੁਰਸੀ ਜਾਵੇਗੀ?- ਅਮਰੀਕਾ ਵਿੱਚ ਰੱਖਿਆ ਮੰਤਰੀ ਨੂੰ ਹਟਾਉਣ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ। ਇਸ ਲਈ ਸੈਨੇਟ ਅਤੇ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੋਵਾਂ ਵਿੱਚ ਦੋ-ਤਿਹਾਈ (2/3) ਬਹੁਮਤ ਦੀ ਲੋੜ ਹੁੰਦੀ ਹੈ। ਮੌਜੂਦਾ ਅੰਕੜਿਆਂ ਅਨੁਸਾਰ ਵਿਰੋਧੀ ਧਿਰ ਕੋਲ ਇੰਨੀ ਗਿਣਤੀ ਨਹੀਂ ਹੈ। ਜੇਕਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੱਗਦਾ ਹੈ ਕਿ ਹੇਗਸੇਥ ਕਾਰਨ ਸਰਕਾਰ ਦਾ ਅਕਸ ਖਰਾਬ ਹੋ ਰਿਹਾ ਹੈ, ਤਾਂ ਉਹ ਖੁਦ ਉਨ੍ਹਾਂ ਤੋਂ ਅਸਤੀਫਾ ਮੰਗ ਸਕਦੇ ਹਨ।

ਜੰਗ ਅਤੇ ਫ਼ੌਜ 'ਤੇ ਅਸਰ-ਮਾਹਿਰਾਂ ਦਾ ਮੰਨਣਾ ਹੈ ਕਿ ਜੰਗ ਦੇ ਸਮੇਂ ਰੱਖਿਆ ਮੰਤਰੀ ਵਿਰੁੱਧ ਅਜਿਹੀ ਕਾਰਵਾਈ ਨਾਲ ਫ਼ੌਜ ਦੇ ਮਨੋਬਲ 'ਤੇ ਬੁਰਾ ਅਸਰ ਪੈ ਸਕਦਾ ਹੈ। ਜੇਕਰ ਪੈਂਟਾਗਨ ਅਤੇ ਵ੍ਹਾਈਟ ਹਾਊਸ ਵਿਚਾਲੇ ਤਾਲਮੇਲ ਵਿਗੜਦਾ ਹੈ, ਤਾਂ ਇਸ ਦਾ ਸਿੱਧਾ ਫਾਇਦਾ ਈਰਾਨ ਨੂੰ ਹੋ ਸਕਦਾ ਹੈ। ਹਾਲਾਂਕਿ ਹੇਗਸੇਥ ਨੂੰ ਹਟਾਉਣ ਲਈ ਲੋੜੀਂਦਾ ਜਾਦੂਈ ਅੰਕੜਾ ਵਿਰੋਧੀ ਧਿਰ ਕੋਲ ਨਹੀਂ ਹੈ, ਪਰ ਜੇਕਰ ਟਰੰਪ ਦੀ ਆਪਣੀ ਪਾਰਟੀ (ਰਿਪਬਲਿਕਨ) ਦੇ ਕੁਝ ਮੈਂਬਰ ਵੀ ਖ਼ਿਲਾਫ਼ ਹੋ ਗਏ, ਤਾਂ ਹੇਗਸੇਥ ਦੀ ਕੁਰਸੀ ਖਤਰੇ ਵਿੱਚ ਪੈ ਸਕਦੀ ਹੈ।

ਕੀ ਅਮਰੀਕੀ ਜਨਤਾ ਟਰੰਪ ਵਿਰੁਧ ਹੈ- ਅਮਰੀਕੀ ਜਨਤਾ ਦੇ ਰੁਝਾਨ ਨੂੰ ਸਮਝਣ ਲਈ ਸਾਨੂੰ ਇਸ ਮੌਜੂਦਾ ਸਥਿਤੀ (ਅਪ੍ਰੈਲ 2026) ਦੇ ਵੱਖ-ਵੱਖ ਪਹਿਲੂਆਂ ਨੂੰ ਦੇਖਣਾ ਪਵੇਗਾ। ਇਹ ਕਹਿਣਾ ਕਿ ਪੂਰੀ ਜਨਤਾ ਟਰੰਪ ਦੇ ਵਿਰੁੱਧ ਹੈ, ਗਲਤ ਹੋਵੇਗਾ, ਕਿਉਂਕਿ ਅਮਰੀਕੀ ਸਮਾਜ ਇਸ ਸਮੇਂ ਬਹੁਤ ਜ਼ਿਆਦਾ ਵੰਡਿਆ ਹੋਇਆ ਹੈ। ਜਦੋਂ ਵੀ ਅਮਰੀਕਾ ਕਿਸੇ ਜੰਗ ਵਿੱਚ ਸ਼ਾਮਲ ਹੁੰਦਾ ਹੈ, ਤਾਂ ਜਨਤਾ ਦੀ ਰਾਏ ਬਦਲ ਜਾਂਦੀ ਹੈ। ਸ਼ੁਰੂਆਤ ਵਿੱਚ ਅਕਸਰ ਦੇਸ਼ ਭਗਤੀ ਦੀ ਲਹਿਰ ਹੁੰਦੀ ਹੈ, ਪਰ ਜੇਕਰ ਜੰਗ ਲੰਬੀ ਖਿੱਚੀ ਜਾਵੇ ਜਾਂ ਅਮਰੀਕੀ ਸੈਨਿਕਾਂ ਦੀਆਂ ਜਾਨਾਂ ਜਾਣ ਲੱਗਣ, ਤਾਂ ਜਨਤਾ ਰਾਸ਼ਟਰਪਤੀ ਦੇ ਵਿਰੁੱਧ ਹੋਣ ਲੱਗਦੀ ਹੈ। ਹੇਗਸੇਥ ਵਿਰੁੱਧ ਮਹਾਂਦੋਸ਼ ਪ੍ਰਸਤਾਵ ਇਸ ਗੱਲ ਦਾ ਸੰਕੇਤ ਹੈ ਕਿ ਵਿਰੋਧੀ ਧਿਰ ਜਨਤਾ ਦੇ ਇੱਕ ਹਿੱਸੇ ਵਿੱਚ ਫੈਲੀ ਬੇਚੈਨੀ ਨੂੰ ਵਰਤ ਰਹੀ ਹੈ।

ਟਰੰਪ ਦਾ ਇੱਕ ਬਹੁਤ ਵੱਡਾ ਅਤੇ ਵਫ਼ਾਦਾਰ ਵੋਟ ਬੈਂਕ ਹੈ ਜੋ ਮੰਨਦਾ ਹੈ ਕਿ ਉਹ 'ਅਮਰੀਕਾ ਫਸਟ' ਦੀ ਨੀਤੀ ਤਹਿਤ ਦੇਸ਼ ਦੀ ਸੁਰੱਖਿਆ ਕਰ ਰਹੇ ਹਨ। ਉਹ ਇਸ ਮਹਾਂਦੋਸ਼ ਨੂੰ ਸਿਆਸੀ ਸਾਜ਼ਿਸ਼ ਮੰਨਦੇ ਹਨ। ਅਮਰੀਕਨ ਜਨਤਾ ਲਈ ਸਭ ਤੋਂ ਵੱਡਾ ਮੁੱਦਾ ਹਮੇਸ਼ਾ ਆਰਥਿਕਤਾ ਹੁੰਦਾ ਹੈ। ਜੇਕਰ ਈਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਅਤੇ ਅਮਰੀਕਾ ਵਿੱਚ ਮਹਿੰਗਾਈ ਵਧਦੀ ਹੈ, ਤਾਂ ਮੱਧ ਵਰਗ ਦੀ ਨਾਰਾਜ਼ਗੀ ਟਰੰਪ ਲਈ ਵੱਡੀ ਮੁਸੀਬਤ ਬਣ ਸਕਦੀ ਹੈ।

ਰੱਖਿਆ ਮੰਤਰੀ 'ਤੇ ਲੱਗੇ ਦੋਸ਼, ਜਿਵੇਂ ਕਿ ਫ਼ੌਜ ਵਿੱਚ 'ਵਿਭਿੰਨਤਾ' ਨੂੰ ਖਤਮ ਕਰਨਾ, ਨੌਜਵਾਨ ਪੀੜ੍ਹੀ ਅਤੇ ਉਦਾਰਵਾਦੀ ਅਮਰੀਕੀਆਂ ਨੂੰ ਟਰੰਪ ਪ੍ਰਸ਼ਾਸਨ ਦੇ ਵਿਰੁੱਧ ਕਰ ਸਕਦੇ ਹਨ। ਵਰਤਮਾਨ ਵਿੱਚ, ਅਮਰੀਕੀ ਜਨਤਾ ਦੋ ਬਰਾਬਰ ਹਿੱਸਿਆਂ ਵਿੱਚ ਵੰਡੀ ਜਾਪਦੀ ਹੈ। ਟਰੰਪ ਪੂਰੀ ਤਰ੍ਹਾਂ ਅਲੱਗ-ਥਲੱਗ ਨਹੀਂ ਹਨ, ਪਰ ਹੇਗਸੇਥ ਵਿਰੁੱਧ ਚੱਲ ਰਹੀ ਕਾਰਵਾਈ ਅਤੇ ਜੰਗ ਦੇ ਹਾਲਾਤ ਨੇ ਉਨ੍ਹਾਂ ਦੀ ਸਰਕਾਰ 'ਤੇ ਦਬਾਅ ਬਹੁਤ ਵਧਾ ਦਿੱਤਾ ਹੈ। ਅਗਲੇ ਕੁਝ ਹਫ਼ਤਿਆਂ ਦੀਆਂ ਘਟਨਾਵਾਂ ਅਤੇ ਆਰਥਿਕ ਸਥਿਤੀ ਇਹ ਤੈਅ ਕਰੇਗੀ ਕਿ ਜਨਮਤ ਕਿਸ ਪਾਸੇ ਜਾਂਦਾ ਹੈ।

ਕੀ ਟਰੰਪ ਦੀ ਸਰਕਾਰ ਨੂੰ ਖਤਰਾ ਹੈ?- ਅਪ੍ਰੈਲ 2026 ਦੀਆਂ ਮੌਜੂਦਾ ਸਿਆਸੀ ਘਟਨਾਵਾਂ ਨੂੰ ਦੇਖਦੇ ਹੋਏ, ਇਹ ਕਿਹਾ ਜਾ ਸਕਦਾ ਹੈ ਕਿ ਡੋਨਾਲਡ ਟਰੰਪ ਦੀ ਸਰਕਾਰ ਕਾਫੀ ਦਬਾਅ ਹੇਠ ਹੈ, ਪਰ ਇਸ ਨੂੰ ਪੂਰੀ ਤਰ੍ਹਾਂ 'ਖ਼ਤਮ' ਹੋਣ ਦਾ ਖ਼ਤਰਾ ਕਹਿਣਾ ਅਜੇ ਜਲਦਬਾਜ਼ੀ ਹੋਵੇਗੀ।

ਰੱਖਿਆ ਮੰਤਰੀ ਪੀਟਰ ਹੇਗਸੇਥ ਵਿਰੁੱਧ ਲਿਆਂਦਾ ਗਿਆ ਮਹਾਂਦੋਸ਼ ਪ੍ਰਸਤਾਵ ਸਿੱਧੇ ਤੌਰ 'ਤੇ ਸਰਕਾਰ ਦੀ ਨੀਤੀ 'ਤੇ ਸਵਾਲ ਖੜ੍ਹੇ ਕਰਦਾ ਹੈ। ਜੇਕਰ ਹੇਗਸੇਥ ਨੂੰ ਹਟਾਇਆ ਜਾਂਦਾ ਹੈ, ਤਾਂ ਇਹ ਟਰੰਪ ਦੀ ਰਣਨੀਤੀ ਲਈ ਇੱਕ ਵੱਡੀ ਹਾਰ ਹੋਵੇਗੀ। ਹਾਲਾਂਕਿ, ਸੰਸਦ (ਕਾਂਗਰਸ) ਵਿੱਚ ਰਿਪਬਲਿਕਨ ਪਾਰਟੀ ਦੇ ਬਹੁਮਤ ਕਾਰਨ ਇਸ ਪ੍ਰਸਤਾਵ ਦਾ ਪਾਸ ਹੋਣਾ ਮੁਸ਼ਕਲ ਹੈ, ਪਰ ਇਹ ਸਰਕਾਰ ਦੀ ਸਾਖ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

ਹਾਲ ਹੀ ਦੇ ਸਰਵੇਖਣਾਂ (ਮਾਰਚ-ਅਪ੍ਰੈਲ 2026) ਅਨੁਸਾਰ:ਲਗਭਗ 56% ਤੋਂ 61% ਅਮਰੀਕੀ ਜਨਤਾ ਈਰਾਨ ਵਿਰੁੱਧ ਸੈਨਿਕ ਕਾਰਵਾਈ ਤੋਂ ਖੁਸ਼ ਨਹੀਂ ਹੈ। ਲੋਕਾਂ ਨੂੰ ਲੱਗਦਾ ਹੈ ਕਿ ਇਸ ਜੰਗ ਨੇ ਅਮਰੀਕਾ ਨੂੰ ਸੁਰੱਖਿਅਤ ਬਣਾਉਣ ਦੀ ਬਜਾਏ ਹੋਰ ਖ਼ਤਰੇ ਵਿੱਚ ਪਾ ਦਿੱਤਾ ਹੈ। ਕੁਝ ਅਜਿਹੇ ਵੋਟਰ ਜਿਨ੍ਹਾਂ ਨੇ 2024 ਵਿੱਚ ਟਰੰਪ ਨੂੰ ਵੋਟ ਦਿੱਤੀ ਸੀ, ਹੁਣ ਆਪਣੇ ਫੈਸਲੇ 'ਤੇ ਪਛਤਾਵਾ ਕਰ ਰਹੇ ਹਨ।

* ਜੰਗ ਕਾਰਨ ਤੇਲ ਦੀਆਂ ਕੀਮਤਾਂ $100 ਪ੍ਰਤੀ ਬੈਰਲ ਤੱਕ ਪਹੁੰਚ ਰਹੀਆਂ ਹਨ। ਜੇਕਰ ਅਮਰੀਕਾ ਵਿੱਚ ਗੈਸ ਅਤੇ ਰੋਜ਼ਾਨਾ ਦੀਆਂ ਵਸਤੂਆਂ ਦੀਆਂ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ, ਤਾਂ ਟਰੰਪ ਨੂੰ ਆਪਣੀ ਹੀ ਪਾਰਟੀ ਦੇ ਅੰਦਰੋਂ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

* ਕਈ ਯੂਰਪੀ ਦੇਸ਼ ਅਤੇ ਅਮਰੀਕਾ ਦੇ ਪੁਰਾਣੇ ਸਹਿਯੋਗੀ ਇਸ ਜੰਗ ਕਾਰਨ ਟਰੰਪ ਪ੍ਰਸ਼ਾਸਨ ਤੋਂ ਦੂਰੀ ਬਣਾ ਰਹੇ ਹਨ। ਚੀਨ ਅਤੇ ਰੂਸ ਵਰਗੇ ਦੇਸ਼ ਇਸ ਸਥਿਤੀ ਦਾ ਫਾਇਦਾ ਉਠਾ ਕੇ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਟਰੰਪ ਸਰਕਾਰ ਨੂੰ ਸੰਵਿਧਾਨਕ ਤੌਰ 'ਤੇ ਤੁਰੰਤ ਕੋਈ ਖ਼ਤਰਾ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਸੰਸਦ ਵਿੱਚ ਬਹੁਗਿਣਤੀ ਹੈ। ਪਰ ਰਾਜਨੀਤਿਕ ਤੌਰ 'ਤੇ ਸਰਕਾਰ ਕਾਫੀ ਕਮਜ਼ੋਰ ਹੋਈ ਹੈ। ਜੇਕਰ ਈਰਾਨ ਨਾਲ ਹੋਇਆ ਮੌਜੂਦਾ 'ਸੀਜ਼ਫਾਇਰ' ਫੇਲ੍ਹ ਹੁੰਦਾ ਹੈ ਅਤੇ ਜੰਗ ਦੁਬਾਰਾ ਸ਼ੁਰੂ ਹੁੰਦੀ ਹੈ, ਤਾਂ ਸਰਕਾਰ ਲਈ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ।

**ਖਾਸ ਖਬਰ** ✪ ਰੱਖਿਆ ਮੰਤਰੀ ਵਿਰੁੱਧ ਮਹਾਂਦੋਸ਼ ਦੀ ਤਿਆਰੀ ✪ ਕੀ ਅਸਤੀਫਾ ਦੇਣਗੇ ਰੱਖਿਆ ਮੰਤਰੀ ਹੇਗਸੇਥ ? ✪ ਚੀਨ ਦੇ ਹੁੰਦਿਆਂ ਅਮਰੀਕਾ ਈਰਾਨ ਨੂੰ ਕਿਵੇਂ ਝੁਕਾਏਗਾ ?

## ਕੀ ਟਰੰਪ ਇਰਾਨ ਨੂੰ ਝੁਕਾ ਸਕਣਗੇ ?

ਜੇਕਰ ਅਸੀਂ ਮੌਜੂਦਾ ਸਥਿਤੀ ਦਾ ਵਿਸ਼ਲੇਸ਼ਣ ਕਰੀਏ, ਤਾਂ ਟਰੰਪ ਦੇ ਈਰਾਨ ਨੂੰ 'ਭੁਗਤਾਉਣ' (ਕਾਬੂ ਕਰਨ) ਦੇ ਦਾਅਵੇ ਅਤੇ ਅਸਲੀਅਤ ਵਿੱਚ ਕੁਝ ਮੁੱਖ ਗੱਲਾਂ ਸਾਹਮਣੇ ਆਉਂਦੀਆਂ ਹਨ.

* ਹਾਲ ਹੀ ਵਿੱਚ (15 ਅਪ੍ਰੈਲ 2026) ਟਰੰਪ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਈਰਾਨ ਨਾਲ ਜੰਗ "ਖ਼ਤਮ ਹੋਣ ਦੇ ਬਹੁਤ ਕਰੀਬ" ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਸਾਂਝੇ ਹਮਲਿਆਂ ਨੇ ਈਰਾਨ ਦੀ ਫ਼ੌਜੀ ਤਾਕਤ ਅਤੇ ਪਰਮਾਣੂ ਸਮਰੱਥਾ ਨੂੰ ਇੰਨਾ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ ਕਿ ਹੁਣ ਈਰਾਨ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇਗਾ।

* ਅਮਰੀਕਾ ਨੇ ਈਰਾਨ ਦੇ ਕਈ ਅਹਿਮ ਟਿਕਾਣਿਆਂ ਅਤੇ ਵੱਡੇ ਲੀਡਰਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਕਾਫੀ ਪਿੱਛੇ ਧੱਕ ਦਿੱਤਾ ਹੈ। ਇਸ ਪੱਖੋਂ ਟਰੰਪ ਸਰਕਾਰ ਆਪਣੀ ਜਿੱਤ ਦਾ ਦਾਅਵਾ ਕਰ ਰਹੀ ਹੈ। ਪਰ ਈਰਾਨ ਨੇ ਅਜੇ ਤੱਕ ਪੂਰੀ ਤਰ੍ਹਾਂ ਹਾਰ ਨਹੀਂ ਮੰਨੀ। ਉਨ੍ਹਾਂ ਨੇ ਹੋਰਮੁਜ਼ ਦੀ ਜਲਡਮਰੂ ਨੂੰ ਬੰਦ ਕਰਕੇ ਦੁਨੀਆ ਭਰ ਦੀ ਤੇਲ ਸਪਲਾਈ ਰੋਕ ਦਿੱਤੀ ਹੈ, ਜਿਸ ਨਾਲ ਅਮਰੀਕਾ ਸਮੇਤ ਪੂਰੀ ਦੁਨੀਆ ਦੀ ਆਰਥਿਕਤਾ 'ਤੇ ਬੁਰਾ ਅਸਰ ਪੈ ਰਿਹਾ ਹੈ।

* ਜੇਕਰ: ਈਰਾਨ ਦੀ ਨਵੀਂ ਲੀਡਰਸ਼ਿਪ ਆਰਥਿਕ ਦਬਾਅ ਅੱਗੇ ਝੁਕ ਜਾਂਦੀ ਹੈ ਅਤੇ ਕੋਈ ਨਵਾਂ ਪਰਮਾਣੂ ਸਮਝੌਤਾ ਕਰ ਲੈਂਦੀ ਹੈ। ਜੇਕਰ ਟਰੰਪ ਜਲਦੀ ਜੰਗ ਰੋਕ ਕੇ ਤੇਲ ਦੀਆਂ ਕੀਮਤਾਂ ਘਟਾ ਲੈਂਦੇ ਹਨ, ਤਾਂ ਉਹ ਜਨਤਾ ਨੂੰ ਇਹ ਯਕੀਨ ਦਿਵਾ ਸਕਣਗੇ ਕਿ ਉਨ੍ਹਾਂ ਨੇ ਈਰਾਨ ਨੂੰ 'ਭੁਗਤਾ' ਦਿੱਤਾ ਹੈ।

* ਰੱਖਿਆ ਮੰਤਰੀ ਹੇਗਸੇਥ ਵਿਰੁੱਧ ਮਹਾਂਦੋਸ਼ ਅਤੇ ਅਮਰੀਕੀ ਜਨਤਾ ਦਾ ਵਧਦਾ ਵਿਰੋਧ (ਜਿੱਥੇ ਸਿਰਫ 27% ਲੋਕ ਇਸ ਜੰਗ ਦਾ ਸਮਰਥਨ ਕਰ ਰਹੇ ਹਨ) ਟਰੰਪ ਲਈ ਵੱਡੀਆਂ ਰੁਕਾਵਟਾਂ ਹਨ।

* ਚੀਨ ਦੀ ਮੌਜੂਦਗੀ ਅਮਰੀਕਾ ਲਈ ਈਰਾਨ ਨੂੰ ਪੂਰੀ ਤਰ੍ਹਾਂ 'ਝੁਕਾਉਣ' ਜਾਂ ਆਪਣੀਆਂ ਸ਼ਰਤਾਂ ਮਨਾਉਣ ਵਿੱਚ ਇੱਕ ਬਹੁਤ ਵੱਡੀ ਰੁਕਾਵਟ ਹੈ।

ਚੀਨ, ਈਰਾਨੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਅਮਰੀਕਾ ਵੱਲੋਂ ਲਗਾਈਆਂ ਗਈਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ, ਚੀਨ ਲਗਾਤਾਰ ਈਰਾਨ ਤੋਂ ਤੇਲ ਖਰੀਦ ਰਿਹਾ ਹੈ। ਇਹ ਪੈਸਾ ਈਰਾਨੀ ਆਰਥਿਕਤਾ ਨੂੰ ਡਿੱਗਣ ਤੋਂ ਬਚਾਉਂਦਾ ਹੈ, ਜਿਸ ਕਾਰਨ ਈਰਾਨ 'ਤੇ ਅਮਰੀਕੀ ਪਾਬੰਦੀਆਂ ਦਾ ਉਹ ਅਸਰ ਨਹੀਂ ਹੁੰਦਾ ਜੋ ਅਮਰੀਕਾ ਚਾਹੁੰਦਾ ਹੈ।

ਹਾਲੀਆ ਰਿਪੋਰਟਾਂ ਅਨੁਸਾਰ ਚੀਨ ਈਰਾਨ ਨੂੰ ਸਿੱਧੇ ਤੌਰ 'ਤੇ ਜੰਗ ਵਿੱਚ ਸ਼ਾਮਲ ਹੋ ਕੇ ਮਦਦ ਨਹੀਂ ਕਰ ਰਿਹਾ, ਪਰ ਉਹ 'ਦੋਹਰੀ ਵਰਤੋਂ' ਵਾਲੀ ਤਕਨਾਲੋਜੀ ਮੁਹੱਈਆ ਕਰਵਾ ਰਿਹਾ ਹੈ: ਚੀਨ ਤੋਂ ਮਿਜ਼ਾਈਲ ਬਣਾਉਣ ਲਈ ਜ਼ਰੂਰੀ ਕੈਮੀਕਲ ਅਤੇ ਚਿਪਸ ਈਰਾਨ ਪਹੁੰਚ ਰਹੇ ਹਨ। ਈਰਾਨ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਚੀਨ ਦੇ 'ਬੇਈਡੂ' ਨੇਵੀਗੇਸ਼ਨ ਸਿਸਟਮ ਦੀ ਵਰਤੋਂ ਕਰ ਰਿਹਾ ਹੈ।

ਚੀਨ ਸੰਯੁਕਤ ਰਾਸ਼ਟਰ ਅਤੇ ਹੋਰ ਕੌਮਾਂਤਰੀ ਮੰਚਾਂ 'ਤੇ ਅਮਰੀਕੀ ਕਾਰਵਾਈਆਂ ਦਾ ਵਿਰੋਧ ਕਰਦਾ ਹੈ। ਉਹ ਇਸ ਜੰਗ ਨੂੰ ਅਮਰੀਕੀ ਹਮਲਾਵਰਤਾ ਵਜੋਂ ਪੇਸ਼ ਕਰਕੇ ਦੁਨੀਆ ਦੇ ਹੋਰ ਦੇਸ਼ਾਂ ਨੂੰ ਅਮਰੀਕਾ ਦੇ ਵਿਰੁੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਚੀਨ ਲਈ ਈਰਾਨ ਨੂੰ ਬਚਾਉਣਾ ਉਸ ਦੀ ਆਪਣੀ ਊਰਜਾ ਸੁਰੱਖਿਆ ਲਈ ਜ਼ਰੂਰੀ ਹੈ। ਜੇਕਰ ਟਰੰਪ ਈਰਾਨ ਵਿੱਚ ਸੱਤਾ ਬਦਲ ਦਿੰਦੇ ਹਨ, ਤਾਂ ਚੀਨ ਨੂੰ ਡਰ ਹੈ ਕਿ ਉੱਥੇ ਇੱਕ ਅਮਰੀਕਾ-ਪੱਖੀ ਸਰਕਾਰ ਆ ਜਾਵੇਗੀ, ਜੋ ਚੀਨ ਨੂੰ ਤੇਲ ਦੀ ਸਪਲਾਈ ਰੋਕ ਸਕਦੀ ਹੈ।

ਜਿੰਨਾ ਚਿਰ ਚੀਨ ਈਰਾਨ ਦੇ ਪਿੱਛੇ ਖੜ੍ਹਾ ਹੈ, ਟਰੰਪ ਲਈ ਈਰਾਨ ਨੂੰ 'ਆਤਮ-ਸਮਰਪਣ' ਲਈ ਮਜਬੂਰ ਕਰਨਾ ਲਗਭਗ ਅਸੰਭਵ ਹੈ। ਅਮਰੀਕਾ ਈਰਾਨ ਨੂੰ ਫ਼ੌਜੀ ਤੌਰ 'ਤੇ ਕਮਜ਼ੋਰ ਤਾਂ ਕਰ ਸਕਦਾ ਹੈ, ਪਰ ਚੀਨੀ ਮਦਦ ਕਾਰਨ ਈਰਾਨ ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣ ਦੇ ਯੋਗ ਰਹੇਗਾ।

# ਨਿਊਜ਼ੀਲੈਂਡ ਵਿੱਚ ਸਿੱਖ ਨਗਰ ਕੀਰਤਨਾਂ ਵਿਚ ਵਿਘਨ: ਭਾਰਤ ਸਰਕਾਰ ਨੇ ਜਤਾਈ ਚਿੰਤਾ

ਨਵੀਂ ਦਿੱਲੀ-ਨਿਊਜ਼ੀਲੈਂਡ ਦੇ ਟੌਰੰਗਾ ਅਤੇ ਸਾਊਥ ਆਕਲੈਂਡ ਵਿੱਚ ਸਿੱਖ ਭਾਈਚਾਰੇ ਵੱਲੋਂ ਕੱਢੇ ਗਏ ਧਾਰਮਿਕ ਨਗਰ ਕੀਰਤਨਾਂ ਵਿੱਚ ਹੋਏ ਵਿਘਨ ਦਾ ਮਾਮਲਾ ਹੁਣ ਕੌਮਾਂਤਰੀ ਪੱਧਰ 'ਤੇ ਗੂੰਜ ਰਿਹਾ ਹੈ। ਭਾਰਤ ਸਰਕਾਰ ਨੇ ਇਨ੍ਹਾਂ ਘਟਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਨਿਊਜ਼ੀਲੈਂਡ ਸਰਕਾਰ ਕੋਲ ਇਹ ਮੁੱਦਾ ਰਸਮੀ ਤੌਰ 'ਤੇ ਉਠਾਇਆ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਦੋ ਵੱਖ-ਵੱਖ ਨਗਰ ਕੀਰਤਨਾਂ (ਮਨੂਰੇਵਾ ਅਤੇ ਟੌਰੰਗਾ) ਨੂੰ 'ਡੈਸਟਿਨੀ ਚਰਚ' ਨਾਲ ਜੁੜੇ ਪ੍ਰਦਰਸ਼ਨਕਾਰੀਆਂ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਸੀ। ਭਾਰਤ ਦੇ ਵਿਦੇਸ਼ ਰਾਜ ਮੰਤਰੀ ਪਵਿੱਤਰ ਮਾਰਘੇਰੀਟਾ ਨੇ ਲੋਕ ਸਭਾ ਵਿੱਚ ਇੱਕ ਸਵਾਲ ਦਾ ਜਵਾਬ ਦਿੰਦਿਆਂ ਦੱਸਿਆ ਕਿ ਇਹ ਮਾਮਲਾ ਨਿਊਜ਼ੀਲੈਂਡ ਦੇ ਅਧਿਕਾਰੀਆਂ ਕੋਲ ਉਠਾਇਆ ਗਿਆ ਹੈ। ਵੈਲਿੰਗਟਨ ਸਥਿਤ ਭਾਰਤੀ ਹਾਈ ਕਮਿਸ਼ਨ ਲਗਾਤਾਰ ਸਿੱਖ ਆਗੂਆਂ ਦੇ ਸੰਪਰਕ ਵਿੱਚ ਹੈ। ਇਹ ਮੁੱਦਾ ਪੰਜਾਬ ਤੋਂ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਵੱਲੋਂ ਭਾਰਤੀ ਸੰਸਦ ਵਿੱਚ ਚੁੱਕਿਆ ਗਿਆ ਸੀ।

### ਕੀ ਹੋਇਆ ਸੀ ?

ਮਨੂਰੇਵਾ (20 ਦਸੰਬਰ): ਨਾਨਕਸਰ ਸਿੱਖ ਮੰਦਰ ਵੱਲੋਂ ਕੱਢੇ ਗਏ ਨਗਰ ਕੀਰਤਨ ਦੌਰਾਨ 'ਟਰੂ ਪੈਟ੍ਰੀਅਟਸ' ਨਾਮਕ ਸੰਸਥਾ ਦੇ ਪ੍ਰਦਰਸ਼ਨਕਾਰੀਆਂ ਨੇ ਵਿਘਨ ਪਾਇਆ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਵਿੱਚ ਪ੍ਰਦਰਸ਼ਨਕਾਰੀ "This is New Zealand, not India" (ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ) ਲਿਖੇ ਬੈਨਰ ਫੜੇ ਨਜ਼ਰ ਆਏ।

ਟੌਰੰਗਾ (11 ਜਨਵਰੀ): ਗੁਰਦੁਆਰਾ ਸਿੱਖ ਸੰਗਤ ਵੱਲੋਂ ਕੱਢੇ ਗਏ ਨਗਰ ਕੀਰਤਨ ਨੂੰ ਵੀ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਜਦਕਿ ਇਸ ਸਮਾਗਮ ਲਈ ਕੌਂਸਲ ਅਤੇ ਪੁਲਿਸ ਤੋਂ ਪਹਿਲਾਂ ਹੀ ਮਨਜ਼ੂਰੀ ਲਈ ਗਈ ਸੀ।

### ਨਿਊਜ਼ੀਲੈਂਡ ਸਰਕਾਰ ਦਾ ਪੱਖ

ਨਿਊਜ਼ੀਲੈਂਡ ਦੇ ਵਿਦੇਸ਼ ਅਤੇ ਵਪਾਰ ਮੰਤਰਾਲੇ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਹੈ ਕਿ ਭਾਰਤ ਸਰਕਾਰ ਨੇ ਆਪਣੀਆਂ ਚਿੰਤਾਵਾਂ ਦਰਜ ਕਰਵਾਈਆਂ ਹਨ। ਉਨ੍ਹਾਂ ਕਿਹਾ ਕਿ "ਨਿਊਜ਼ੀਲੈਂਡ ਵਿੱਚ ਭਾਰਤੀ ਭਾਈਚਾਰਾ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਅਸੀਂ ਹਰ ਕਿਸੇ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦੇ ਅਧਿਕਾਰ ਦਾ ਸਮਰਥਨ ਕਰਦੇ ਹਾਂ। ਹਾਲਾਂਕਿ, ਨਿਊਜ਼ੀਲੈਂਡ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤੀਪੂਰਨ ਵਿਰੋਧ ਦਾ ਵੀ ਹੱਕ ਹੈ।"

ਕਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਨਿਊਜ਼ੀਲੈਂਡ ਦੇ Bill of Rights Act 1990 ਦੇ ਤਹਿਤ ਹਰ ਇਨਸਾਨ ਨੂੰ ਆਪਣੇ




ਵਿਚਾਰ ਪ੍ਰਗਟ ਕਰਨ ਅਤੇ ਸ਼ਾਂਤਮਈ ਢੰਗ ਨਾਲ ਇਕੱਠੇ ਹੋਣ ਦਾ ਹੱਕ ਹੈ। ਜਿਵੇਂ ਸਿੱਖਾਂ ਨੂੰ ਆਪਣਾ ਨਗਰ ਕੀਰਤਨ ਕੱਢਣ ਦਾ ਸੰਵਿਧਾਨਕ ਹੱਕ ਹੈ, ਉਵੇਂ ਹੀ ਵਿਰੋਧ ਕਰਨ ਵਾਲਿਆਂ ਕੋਲ ਵੀ ਆਪਣਾ ਪੱਖ ਰੱਖਣ ਦੀ ਕਾਨੂੰਨੀ ਇਜਾਜ਼ਤ ਹੁੰਦੀ ਹੈ, ਜਦੋਂ ਤੱਕ ਉਹ ਹਿੰਸਾ ਨਹੀਂ ਕਰਦੇ। ਜੇਕਰ ਵਿਰੋਧ ਪ੍ਰਦਰਸ਼ਨ ਦੌਰਾਨ ਕੋਈ ਵਿਅਕਤੀ ਜਾਂ ਗਰੁੱਪ ਅਜਿਹੀ ਭਾਸ਼ਾ ਵਰਤਦਾ ਹੈ ਜੋ ਕਿਸੇ ਧਰਮ ਜਾਂ ਜਾਤ ਵਿਰੁੱਧ ਨਫ਼ਰਤ ਫੈਲਾਉਂਦੀ ਹੋਵੇ, ਤਾਂ Human Rights Act 1993 ਦੇ ਤਹਿਤ ਕਾਰਵਾਈ ਹੋ ਸਕਦੀ ਹੈ। ਪਰ ਨਿਊਜ਼ੀਲੈਂਡ ਦੇ ਕਾਨੂੰਨ ਵਿੱਚ "ਨਫ਼ਰਤੀ ਭਾਸ਼ਣ" ਦੀ ਪਰਿਭਾਸ਼ਾ ਬਹੁਤ ਸਖ਼ਤ ਹੈ। ਸਿਰਫ਼ ਵਿਰੋਧ ਕਰਨਾ ਕਾਨੂੰਨੀ ਅਪਰਾਧ ਨਹੀਂ ਮੰਨਿਆ ਜਾਂਦਾ, ਜਦੋਂ ਤੱਕ ਉਹ ਸਿੱਧੇ ਤੌਰ 'ਤੇ ਹਿੰਸਾ ਲਈ ਨਾ ਉਕਸਾਉਣ।

ਨਿਊਜ਼ੀਲੈਂਡ ਵਿੱਚ ਪੁਲਿਸ ਸਿਆਸੀ ਤੌਰ 'ਤੇ ਸੁਤੰਤਰ ਹੁੰਦੀ ਹੈ। ਪੁਲਿਸ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ?ਨਗਰ ਕੀਰਤਨ ਸ਼ਾਂਤੀ ਨਾਲ ਸੰਪੰਨ ਹੋਵੇ। ਦੋਵੇਂ ਧਿਰਾਂ (ਵਿਰੋਧ ਕਰਨ ਵਾਲੇ ਅਤੇ ਨਗਰ ਕੀਰਤਨ ਵਾਲੇ) ਆਪਸ ਵਿੱਚ ਨਾ ਭਿੜਨ। ਜੇਕਰ ਕੋਈ ਕਾਨੂੰਨ ਤੋੜਦਾ ਹੈ ਜਾਂ ਰਸਤਾ ਰੋਕਦਾ ਹੈ, ਤਾਂ ਹੀ ਪੁਲਿਸ ਦਖਲ ਦਿੰਦੀ ਹੈ। ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਸਿੱਧੇ ਤੌਰ 'ਤੇ ਪੁਲਿਸ ਜਾਂ ਅਦਾਲਤ ਨੂੰ ਇਹ ਹੁਕਮ ਨਹੀਂ ਦੇ ਸਕਦਾ ਕਿ ਕਿਸੇ ਦਾ ਵਿਰੋਧ ਪ੍ਰਦਰਸ਼ਨ ਰੋਕ ਦਿੱਤਾ ਜਾਵੇ। ਜੇਕਰ ਸਰਕਾਰ ਅਜਿਹਾ ਕਰਦੀ ਹੈ, ਤਾਂ ਇਸ ਨੂੰ "ਲੋਕਤੰਤਰੀ ਹੱਕਾਂ ਦਾ ਘਾਣ" ਮੰਨਿਆ ਜਾਂਦਾ ਹੈ, ਜਿਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ। ਨਿਊਜ਼ੀਲੈਂਡ ਸਰਕਾਰ ਉਦੋਂ ਤੱਕ ਦਖਲ ਨਹੀਂ ਦਿੰਦੀ ਜਦੋਂ ਤੱਕ ਕੋਈ ਕਾਨੂੰਨ ਭੰਗ ਨਾ ਹੋਵੇ। ਸਿੱਖ ਭਾਈਚਾਰਾ ਅਜਿਹੇ ਮੌਕਿਆਂ 'ਤੇ ਹਿਊਮਨਰਾਈਟਸ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਮਾਓਰੀ ਭਾਈਚਾਰੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਕੀਤਾ ਨਿੱਘਾ ਸਵਾਗਤ

**✪ ਸਿੱਖ ਵਿਰੋਧੀ ਪ੍ਰਦਰਸ਼ਨਾਂ ਤੋਂ ਬਣਾਈ ਦੂਰੀ**



ਆਕਲੈਂਡ/ਅੰਮ੍ਰਿਤਸਰ-ਨਿਊਜ਼ੀਲੈਂਡ ਵਿੱਚ ਪਿਛਲੇ ਦਿਨੀਂ ਨਗਰ ਕੀਰਤਨਾਂ ਦੌਰਾਨ ਹੋਏ ਵਿਵਾਦ ਤੋਂ ਬਾਅਦ ਹੁਣ ਸਿੱਖ ਅਤੇ ਮਾਓਰੀ (ਨਿਊਜ਼ੀਲੈਂਡ ਦੇ ਮੂਲ ਨਿਵਾਸੀ) ਭਾਈਚਾਰੇ ਦਰਮਿਆਨ ਸਾਂਝ ਹੋਰ ਗੂੜ੍ਹੀ ਹੁੰਦੀ ਨਜ਼ਰ ਆ ਰਹੀ ਹੈ। ਮਾਓਰੀ ਆਗੂਆਂ ਨੇ ਪਾਪਾਕੁਰਾ ਮਾਰਾਏ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗਰਗਜ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਸਿੱਖ ਭਾਈਚਾਰੇ ਨਾਲ ਆਪਣੀ ਇਕਜੁੱਟਤਾ ਪ੍ਰਗਟਾਈ। ਮਾਓਰੀ ਪਰੰਪਰਾ ਅਨੁਸਾਰ ਆਪਣੇ ਪਵਿੱਤਰ ਅਸਥਾਨਾਂ (ਮਾਰਾਏ) ਅੰਦਰ ਹਥਿਆਰ ਲੈ ਕੇ ਜਾਣ ਦੀ ਮਨਾਹੀ ਹੈ, ਪਰ ਸਿੱਖ ਧਰਮ ਪ੍ਰਤੀ ਸਤਿਕਾਰ ਵਜੋਂ ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਸ੍ਰੀ ਸਾਹਿਬ (ਕਿਰਪਾਨ) ਸਮੇਤ ਅੰਦਰ ਆਉਣ ਦੀ ਵਿਸ਼ੇਸ਼ ਇਜਾਜ਼ਤ ਦਿੱਤੀ। ਮਾਓਰੀ ਆਗੂਆਂ ਨੇ ਸਪੱਸ਼ਟ ਕੀਤਾ ਕਿ ਪਿਛਲੇ ਮਹੀਨਿਆਂ ਵਿੱਚ ਜਿਨ੍ਹਾਂ ਲੋਕਾਂ ਨੇ 'ਹਾਕਾ' (ਮਾਓਰੀ ਜੰਗੀ ਨਾਚ) ਦੀ ਦੁਰਵਰਤੋਂ ਕਰਕੇ ਨਗਰ ਕੀਰਤਨਾਂ ਦਾ ਵਿਰੋਧ ਕੀਤਾ ਸੀ, ਉਨ੍ਹਾਂ ਦਾ ਮਾਓਰੀ ਭਾਈਚਾਰੇ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਸੱਜੇ-ਪੱਖੀ ਸੰਗਠਨਾਂ ਨੇ ਉਨ੍ਹਾਂ ਦੀ ਪਰੰਪਰਾ ਦਾ ਗਲਤ ਇਸਤੇਮਾਲ ਕੀਤਾ ਸੀ।

ਮਾਓਰੀ ਪ੍ਰਤੀਨਿਧੀਆਂ ਨੇ ਸਿੱਖ ਸਿਧਾਂਤਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹ ਸਿੱਖਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਜ਼ਿਕਰਯੋਗ ਹੈ ਕਿ ਦਸੰਬਰ 2025 ਅਤੇ ਜਨਵਰੀ 2026 ਵਿੱਚ ਬ੍ਰਾਇਨ ਤਾਮਾਕੀ ਦੀ 'ਡੈਸਟਿਨੀ ਚਰਚ' ਨਾਲ ਜੁੜੇ ਕੁਝ ਲੋਕਾਂ ਨੇ ਨਗਰ ਕੀਰਤਨ ਰੋਕ ਕੇ "ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ" ਦੇ ਨਾਅਰੇ ਲਗਾਏ ਸਨ। ਇਸ ਤਾਜ਼ਾ ਮਿਲਣੀ ਨੇ ਉਨ੍ਹਾਂ ਕੱਟੜਪੰਥੀ ਤੱਤਾਂ ਨੂੰ ਕਰਾਰਾ ਜਵਾਬ ਦਿੱਤਾ ਹੈ ਜੋ ਦੋਵਾਂ ਭਾਈਚਾਰਿਆਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਦੌਰੇ ਦੌਰਾਨ ਜਥੇਦਾਰ ਸਾਹਿਬ ਨੇ 'ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ' ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਟਾਕਾਨਿਨੀ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਵੀ ਸ਼ਿਰਕਤ ਕੀਤੀ। ਇੱਥੇ ਸਿੱਖ ਰਵਾਇਤਾਂ ਅਨੁਸਾਰ 1,000 ਤੋਂ ਵੱਧ ਰਾਸ਼ਨ ਕਿੱਟਾਂ ਵੰਡੀਆਂ ਗਈਆਂ, ਜੋ ਲੋੜਵੰਦਾਂ ਪ੍ਰਤੀ ਸਿੱਖਾਂ ਦੀ ਨਿਰਸਵਾਰਥ ਸੇਵਾ ਨੂੰ ਦਰਸਾਉਂਦੀਆਂ ਹਨ।

## ਹੱਦਬੰਦੀ ਪ੍ਰਸਤਾਵ 'ਤੇ ਭੜਕੇ ਸੁਖਬੀਰ ਬਾਦਲ

### ✪ ਕੇਂਦਰ ਦੇ ਫੈਸਲੇ ਨੂੰ ਪੰਜਾਬ ਲਈ ਦੱਸਿਆ ਵੱਡਾ 'ਧੱਕਾ', ਸਰਬ-ਪਾਰਟੀ ਮੀਟਿੰਗ ਸੱਦਣ ਦਾ ਐਲਾਨ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਸੰਸਦੀ ਹਲਕਿਆਂ ਦੀ ਆਬਾਦੀ-ਅਧਾਰਤ ਹੱਦਬੰਦੀ ਕਰਨ ਦੇ ਪ੍ਰਸਤਾਵਿਤ ਕਦਮ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਬਾਦਲ ਨੇ ਇਸ ਪ੍ਰਸਤਾਵ ਨੂੰ ਪੰਜਾਬ ਅਤੇ ਦੇਸ਼ ਦੇ ਸੰਘੀ ਢਾਂਚੇ ਲਈ ਇੱਕ ਘਾਤਕ ਹਮਲਾ ਕਰਾਰ ਦਿੱਤਾ ਹੈ। ਸੁਖਬੀਰ ਬਾਦਲ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਔਰਤਾਂ ਦੇ ਰਾਖਵੇਂਕਰਨ ਦੇ ਪੂਰਨ ਹੱਕ ਵਿੱਚ ਹੈ, ਪਰ ਇਸ ਦੀ ਆੜ ਵਿੱਚ ਕੀਤੀ ਜਾ ਰਹੀ ਹੱਦਬੰਦੀ ਦਾ ਤਰੀਕਾ ਬਿਲਕੁਲ ਗਲਤ ਹੈ। ਉਹਨਾਂ ਅਨੁਸਾਰ ਇਹ ਹੱਦਬੰਦੀ ਪੰਜਾਬ ਵਰਗੇ ਘੱਟ ਗਿਣਤੀ ਸੂਬੇ ਲਈ ਵੱਡਾ ਨੁਕਸਾਨ ਸਾਬਤ ਹੋਵੇਗੀ। ਆਬਾਦੀ ਨੂੰ ਹੱਦਬੰਦੀ ਦਾ ਆਧਾਰ ਬਣਾਉਣਾ ਉਨ੍ਹਾਂ ਸੂਬਿਆਂ ਨੂੰ ਸਜ਼ਾ ਦੇਣ ਵਾਂਗ ਹੈ, ਜਿਨ੍ਹਾਂ ਨੇ ਦੇਸ਼ ਦੇ ਆਬਾਦੀ ਕੰਟਰੋਲ ਦੇ ਏਜੰਡੇ ਨੂੰ ਸਫਲਤਾਪੂਰਵਕ ਲਾਗੂ ਕੀਤਾ ਹੈ। ਬਾਦਲ ਨੇ ਅੰਕੜਿਆਂ ਦੀ ਦਲੀਲ ਦਿੰਦੇ ਹੋਏ ਕਿਹਾ ਕਿ ਇਸ ਨਵੀਂ ਹੱਦਬੰਦੀ ਨਾਲ ਪੰਜਾਬ ਦੀਆਂ ਸੀਟਾਂ ਵਿੱਚ ਬਹੁਤ ਮਾਮੂਲੀ ਵਾਧਾ ਹੋਵੇਗਾ। ਹਰਿਆਣਾ ਵਿੱਚ ਪ੍ਰਤੀਨਿਧਤਾ ਲਗਭਗ 100% ਵਧ ਕੇ ਦੁੱਗਣੀ ਹੋ ਜਾਵੇਗੀ। ਚਾਰ ਹਿੰਦੀ ਭਾਸ਼ੀ ਸੂਬੇ (ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ)



ਦੇ ਸਾਂਸਦਾਂ ਦੀ ਗਿਣਤੀ ਇੰਨੀ ਵੱਧ ਜਾਵੇਗੀ ਕਿ ਦੇਸ਼ ਦੀ 40% ਤੋਂ ਵੱਧ ਤਾਕਤ ਸਿਰਫ਼ ਇਨ੍ਹਾਂ ਕੋਲ ਹੀ ਸੀਮਤ ਰਹਿ ਜਾਵੇਗੀ।

ਸੁਖਬੀਰ ਸਿੰਘ ਬਾਦਲ ਨੇ ਚਿੰਤਾ ਪ੍ਰਗਟਾਈ ਕਿ ਇਸ ਕਦਮ ਨਾਲ ਦੇਸ਼ ਦਾ ਸੰਘੀ ਢਾਂਚਾ ਪੂਰੀ ਤਰ੍ਹਾਂ ਕਮਜ਼ੋਰ ਹੋ ਜਾਵੇਗਾ। ਇਸ ਸਥਿਤੀ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ ਉਹ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਸਰਬ-ਪਾਰਟੀ ਮੀਟਿੰਗ ਦੀ ਅਗਵਾਈ ਕਰਨਗੇ।

ਉਨ੍ਹਾਂ ਮੁੜ ਦੁਹਰਾਇਆ ਕਿ ਪਾਰਟੀ ਮਹਿਲਾ ਰਿਜ਼ਰਵੇਸ਼ਨ ਬਿੱਲ ਦਾ ਸਮਰਥਨ ਕਰਦੀ ਹੈ, ਪਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਨ ਵਾਲੀ ਪੱਖਪਾਤੀ ਹੱਦਬੰਦੀ ਪ੍ਰਕਿਰਿਆ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਨਿਊਜ਼ੀਲੈਂਡ ਦੀ ਸਿਆਸਤ ਵਿੱਚ ਵਧਿਆ ਸਿੱਖ ਪੰਥ ਦਾ ਕੱਦ

## ✪ ਪ੍ਰਧਾਨ ਮੰਤਰੀ ਖ਼ੁਦ ਪਹੁੰਚੇ ਜਥੇਦਾਰ ਅਕਾਲ ਤਖ਼ਤ ਨੂੰ ਮਿਲਨ ✪ ਕੀਵੀ ਪ੍ਰਧਾਨ ਮੰਤਰੀ ਨੇ ਜਥੇਦਾਰ ਵਲੋਂ ਦਰਬਾਰ ਸਾਹਿਬ ਆਉਣ ਦਾ ਸੱਦਾ ਕੀਤਾ ਸਵੀਕਾਰ ✪ "ਸਿੱਖਾਂ ਤੋਂ ਬਿਨਾਂ ਅਧੂਰਾ ਹੈ ਨਿਊਜ਼ੀਲੈਂਡ": ਪੀ.ਐਮ. ਕ੍ਰਿਸਟੋਫਰ ਲਕਸਨ

### ਕਵਰ ਸਟੋਰੀ



ਬਲਵਿੰਦਰ ਪਾਲ ਸਿੰਘ ਪ੍ਰੋਫੈਸਰ





ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਅੱਜ ਆਕਲੈਂਡ ਦੇ ਓਟਾਹੂਹੂ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੱਖ ਸੰਗਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗਰਗੱਜ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਨਿਊਜ਼ੀਲੈਂਡ ਦੇ ਵਿਕਾਸ ਵਿੱਚ ਸਿੱਖ ਭਾਈਚਾਰੇ ਵੱਲੋਂ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਗੁਰਦੁਆਰਾ ਸਾਹਿਬ ਪਹੁੰਚਣ 'ਤੇ ਪ੍ਰਧਾਨ ਮੰਤਰੀ ਲਕਸਨ ਦਾ ਸਿੱਖ ਰੀਤੀ-ਰਿਵਾਜਾਂ ਅਨੁਸਾਰ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਦਰਬਾਰ ਸਾਹਿਬ ਵਿੱਚ ਨਤਮਸਤਕ ਹੋ ਕੇ ਅਸ਼ੀਰਵਾਦ ਲਿਆ।

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਅਤੇ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ (ਕਾਰਜਕਾਰੀ) ਵਿਚਕਾਰ ਹੋਈ ਤਾਜ਼ਾ ਮੁਲਾਕਾਤ ਸਿਰਫ਼ ਇੱਕ ਰਸਮੀ ਮਿਲਣੀ ਨਹੀਂ, ਸਗੋਂ ਇਹ ਵਿਦੇਸ਼ੀ ਧਰਤੀ 'ਤੇ ਸਿੱਖ ਭਾਈਚਾਰੇ ਦੇ ਵਧਦੇ ਪ੍ਰਭਾਵ ਅਤੇ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਦੀ ਅਹਿਮ ਪ੍ਰਵਾਨਗੀ ਹੈ। ਆਕਲੈਂਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਇਸ ਗੱਲਬਾਤ ਨੇ ਜਿੱਥੇ ਨਿਊਜ਼ੀਲੈਂਡ ਵਿੱਚ ਵਸਦੇ ਸਿੱਖਾਂ ਦੇ ਹੌਸਲੇ ਬੁਲੰਦ ਕੀਤੇ ਹਨ, ਉੱਥੇ ਹੀ ਦੋਵਾਂ ਸਭਿਆਚਾਰਾਂ ਵਿਚਾਲੇ ਆਪਸੀ ਸਮਝ ਅਤੇ ਭਾਈਚਾਰਕ ਸਾਂਝ ਨੂੰ ਹੋਰ ਗੂੜ੍ਹਾ ਕੀਤਾ ਹੈ। ਮੁਲਾਕਾਤ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਅਤੇ ਪ੍ਰਧਾਨ ਮੰਤਰੀ ਵਿਚਾਲੇ ਨਿਊਜ਼ੀਲੈਂਡ ਵਿੱਚ ਵਸਦੇ ਪੰਜਾਬੀਆਂ ਅਤੇ ਸਿੱਖਾਂ ਦੇ ਮਸਲਿਆਂ 'ਤੇ ਚਰਚਾ ਹੋਈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿੱਖ ਭਾਈਚਾਰਾ ਨਿਊਜ਼ੀਲੈਂਡ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਦਾ ਇੱਕ ਮਜ਼ਬੂਤ ਹਿੱਸਾ ਹੈ।

ਨਿਊਜ਼ੀਲੈਂਡ ਦੀ ਤਰੱਕੀ ਵਿੱਚ ਸਿੱਖ ਭਾਈਚਾਰੇ ਨੇ ਆਪਣੀ ਸਖ਼ਤ ਮਿਹਨਤ, ਇਮਾਨਦਾਰੀ ਅਤੇ 'ਸਰਬੱਤ ਦੇ ਭਲੇ' ਦੇ ਸੰਕਲਪ ਨਾਲ ਇੱਕ ਖ਼ਾਸ ਮੁਕਾਮ ਹਾਸਲ ਕੀਤਾ ਹੈ। ਪ੍ਰਧਾਨ ਮੰਤਰੀ ਲਕਸਨ ਦਾ ਖ਼ੁਦ ਗੁਰਦੁਆਰਾ ਸਾਹਿਬ ਪਹੁੰਚ ਕੇ ਜਥੇਦਾਰ ਅਕਾਲ ਤਖਤ ਨਾਲ ਵਿਚਾਰ-ਵਟਾਂਦਰਾ ਕਰਨਾ ਇਹ ਦਰਸਾਉਂਦਾ ਹੈ ਕਿ ਉੱਥੋਂ ਦੀ ਸਰਕਾਰ ਸਿੱਖਾਂ ਨੂੰ ਦੇਸ਼ ਦੀ ਆਰਥਿਕ ਅਤੇ ਸਮਾਜਿਕ ਬੁਣਤਰ ਦਾ ਇੱਕ ਅਨਿੱਖੜਵਾਂ ਅੰਗ ਮੰਨਦੀ ਹੈ। ਮੀਟਿੰਗ ਦੌਰਾਨ ਨਿਊਜ਼ੀਲੈਂਡ ਵਿੱਚ ਸਿੱਖਾਂ ਦੁਆਰਾ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਧਰਮ ਦੇ ਮੂਲ ਸਿਧਾਂਤ ਅੱਜ ਦੇ ਆਧੁਨਿਕ ਅਤੇ ਬਹੁ-ਸਭਿਆਚਾਰਕ ਸਮਾਜ ਲਈ ਕਿੰਨੇ ਪ੍ਰਸੰਗਿਕ ਹਨ।

ਇਸ ਮੁਲਾਕਾਤ ਦਾ ਇੱਕ ਮਹੱਤਵਪੂਰਨ ਪਹਿਲੂ ਜਥੇਦਾਰ ਸਾਹਿਬ ਵੱਲੋਂ ਪ੍ਰਧਾਨ ਮੰਤਰੀ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਆਉਣ ਦਾ ਦਿੱਤਾ ਗਿਆ ਸੱਦਾ ਹੈ। ਪ੍ਰਧਾਨ ਮੰਤਰੀ ਲਕਸਨ ਵੱਲੋਂ ਇਸ ਸੱਦੇ ਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕੀਤਾ ਗਿਆ ਜ਼ੋ ਸਿਖ ਪੰਥ ਲਈ ਮਹੱਤਵਪੂਰਨ ਗਲ ਹੈ। ਸਿੱਖ ਨੁਮਾਇੰਦਿਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਲਕਸਨ ਨੇ ਵੀ ਆਪਣੀ ਤਰਫ਼ੋਂ ਜਥੇਦਾਰ ਸਾਹਿਬ ਨੂੰ ਇੱਕ ਯਾਦਗਾਰੀ ਘੜੀ ਭੇਟ ਕੀਤੀ।

ਅਜਿਹੀਆਂ ਮੁਲਾਕਾਤਾਂ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਵੱਖਰੀ ਪਛਾਣ ਅਤੇ ਉਨ੍ਹਾਂ ਦੇ ਸ਼ਾਂਤੀਪੂਰਨ ਸਹਿ-ਹੋਂਦ ਦੇ ਜਜ਼ਬੇ ਨੂੰ ਮਜ਼ਬੂਤ ਕਰਦੀਆਂ ਹਨ। ਜਿਸ ਤਰ੍ਹਾਂ ਨਿਊਜ਼ੀਲੈਂਡ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ, ਉਹ ਦੂਜੇ ਮੁਲਕਾਂ ਲਈ ਵੀ ਇੱਕ ਮਿਸਾਲ ਹੈ। ਲੋੜ ਇਸ ਗੱਲ ਦੀ ਹੈ ਕਿ ਵਿਦੇਸ਼ਾਂ ਵਿੱਚ ਵਸਦੇ ਸਿੱਖ ਆਗੂ ਅਤੇ ਧਾਰਮਿਕ ਸੰਸਥਾਵਾਂ ਇਸ ਸੁਖਾਵੇਂ ਮਾਹੌਲ ਦੀ ਵਰਤੋਂ ਕਰਕੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਅਤੇ ਸਥਾਨਕ ਭਾਈਚਾਰਿਆਂ ਵਿੱਚ ਸਿੱਖੀ ਦੀ ਮਹਿਕ ਫੈਲਾਉਣ ਲਈ ਹੋਰ ਵੀ ਸਰਗਰਮ ਹੋਣ। ਦੁਨੀਆ ਸਿਰਫ਼ ਕਿਤਾਬੀ ਗੱਲਾਂ ਨਾਲ ਨਹੀਂ ਬਦਲਦੀ, ਸਗੋਂ ਜੀਉਂਦੇ-ਜਾਗਦੇ ਕਿਰਦਾਰਾਂ ਨਾਲ ਬਦਲਦੀ ਹੈ। ਜਿੰਨੀ ਦੇਰ ਸਿੱਖ ਗੁਰਬਾਣੀ ਦੇ ਅਸੂਲਾਂ-ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ-ਨੂੰ ਆਪਣੀ ਰਾਜਨੀਤਿਕ ਅਤੇ ਸਮਾਜਿਕ ਜ਼ਿੰਦਗੀ ਦਾ ਆਧਾਰ ਬਣਾ ਕੇ ਰੱਖਣਗੇ, ਦੁਨੀਆ ਦੇ ਨਕਸ਼ੇ 'ਤੇ ਉਨ੍ਹਾਂ ਦਾ ਪ੍ਰਭਾਵ ਹਮੇਸ਼ਾ ਵਧਦਾ ਰਹੇਗਾ।

ਕਿਰਦਾਰ ਹੀ ਉਹ 'ਪ੍ਰਚਾਰ' ਹੈ ਜਿਸ ਨੂੰ ਕਿਸੇ ਭਾਸ਼ਾ ਦੀ ਲੋੜ ਨਹੀਂ ਪੈਂਦੀ, ਇਹ ਆਪਣੇ ਆਪ ਦੁਨੀਆ ਦੀਆਂ ਸਰਕਾਰਾਂ ਦੇ ਦਿਲਾਂ ਵਿੱਚ ਜਗ੍ਹਾ ਬਣਾ ਲੈਂਦਾ ਹੈ।

ਇਹ ਮੀਟਿੰਗ ਸਿੱਖ ਕੌਮ ਦੀ ਵਿਸ਼ਵ-ਵਿਆਪੀ ਚੜ੍ਹਦੀ ਕਲਾ ਦਾ ਇੱਕ ਹੋਰ ਪ੍ਰਤੱਖ ਪ੍ਰਮਾਣ ਹੈ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪਵੇਗਾ ਕਿ ਦੁਨੀਆ ਭਰ ਵਿੱਚ ਸਿੱਖਾਂ ਦੀ ਪਛਾਣ ਹੋਰ ਨਿਖਰ ਕੇ ਸਾਹਮਣੇ ਆਵੇਗੀ ਅਤੇ ਉਹ ਕੌਮਾਂਤਰੀ ਫੈਸਲਿਆਂ ਵਿੱਚ ਆਪਣਾ ਪ੍ਰਭਾਵ ਪਾਉਣ ਦੇ ਯੋਗ ਹੋਣਗੇ। ਵਿਸ਼ਵ ਰਾਜਨੀਤੀ ਵਿੱਚ ਅੱਜ-ਕੱਲ੍ਹ 'ਸਾਫਟ ਪਾਵਰ' ਦੀ ਬਹੁਤ ਅਹਿਮੀਅਤ ਹੈ। ਸਿੱਖਾਂ ਨੇ ਆਪਣੇ ਲੰਗਰ, ਸੇਵਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਰਾਹੀਂ ਦੁਨੀਆ ਵਿੱਚ ਆਪਣਾ ਅਕਸ ਬਹੁਤ ਮਜ਼ਬੂਤ ਕੀਤਾ ਹੈ। ਪੀ.ਐਮ. ਲਕਸਨ ਦੀ ਇਹ ਮੁਲਾਕਾਤ ਇਹ ਸਿੱਧ ਕਰਦੀ ਹੈ ਕਿ ਪੱਛਮੀ ਦੇਸ਼ ਹੁਣ ਸਿੱਖਾਂ ਨੂੰ ਸਿਰਫ਼ ਇੱਕ ਘੱਟ ਗਿਣਤੀ ਭਾਈਚਾਰੇ ਵਜੋਂ ਨਹੀਂ, ਸਗੋਂ ਇੱਕ 'ਗਲੋਬਲ ਪਾਰਟਨਰ' ਵਜੋਂ ਦੇਖ ਰਹੇ ਹਨ।

## ਨਿਊਜ਼ੀਲੈਂਡ ਦੀ ਰਾਜਨੀਤੀ ਤੇ ਸਰਕਾਰ ਵਿਚ ਸਿੱਖਾਂ ਦਾ ਪ੍ਰਭਾਵ ਕਿਵੇਂ ਵਧਿਆ

ਸਿੱਖ ਭਾਈਚਾਰੇ ਨੇ ਨਿਊਜ਼ੀਲੈਂਡ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਇਆ ਹੈ। ਖੇਤੀਬਾੜੀ (ਖ਼ਾਸ ਕਰਕੇ ਕੀਵੀਫਰੂਟ ਅਤੇ ਡੇਅਰੀ ਫਾਰਮਿੰਗ), ਟਰਾਂਸਪੋਰਟ, ਰੀਅਲ ਅਸਟੇਟ ਅਤੇ ਆਈ. ਟੀ. ਸੈਕਟਰ ਵਿੱਚ ਸਿੱਖਾਂ ਨੇ ਆਪਣੀ ਮਿਹਨਤ ਸਦਕਾ ਵੱਡੇ ਕਾਰੋਬਾਰ ਸਥਾਪਿਤ ਕੀਤੇ ਹਨ। ਕਿਸੇ ਵੀ ਦੇਸ਼ ਦੀ ਸਰਕਾਰ ਉਸ ਭਾਈਚਾਰੇ ਨੂੰ ਅਹਿਮੀਅਤ ਦਿੰਦੀ ਹੈ ਜੋ ਦੇਸ਼ ਦੇ ਜੀ.ਡੀ.ਪੀ. ਵਿੱਚ ਸਰਗਰਮ ਹਿੱਸਾ ਪਾਉਂਦਾ ਹੈ।

ਕੋਵਿਡ-19 ਮਹਾਮਾਰੀ ਦੌਰਾਨ ਅਤੇ ਕੁਦਰਤੀ ਆਫ਼ਤਾਂ (ਜਿਵੇਂ ਚੱਕਰਵਾਤ ਗੈਬਰੀਏਲ) ਵੇਲੇ ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਨੇ ਬਿਨਾਂ ਕਿਸੇ ਭੇਦਭਾਵ ਦੇ ਸਥਾਨਕ ਲੋਕਾਂ ਨੂੰ ਮੁਫ਼ਤ ਲੰਗਰ ਅਤੇ ਰਾਸ਼ਨ ਵੰਡਿਆ। ਇਸ ਨਿਰਸਵਾਰਥ ਸੇਵਾ ਨੇ ਨਿਊਜ਼ੀਲੈਂਡ ਦੇ ਆਮ ਲੋਕਾਂ ਅਤੇ ਸਰਕਾਰ ਦੇ ਮਨ ਵਿੱਚ ਸਿੱਖਾਂ ਲਈ ਬਹੁਤ ਵੱਡਾ ਸਤਿਕਾਰ ਪੈਦਾ ਕੀਤਾ ਹੈ।

ਸਿੱਖ ਭਾਈਚਾਰਾ ਨਿਊਜ਼ੀਲੈਂਡ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ (ਨੈਸ਼ਨਲ ਪਾਰਟੀ ਅਤੇ ਲੇਬਰ ਪਾਰਟੀ) ਵਿੱਚ ਬਹੁਤ ਸਰਗਰਮ ਹੈ। ਕੰਵਲਜੀਤ ਸਿੰਘ ਬਖਸ਼ੀ ਅਤੇ ਪਰਮਜੀਤ ਸਿੰਘ ਪਰਮਾਰ ਵਰਗੇ ਆਗੂਆਂ ਨੇ ਸੰਸਦ ਮੈਂਬਰ ਵਜੋਂ ਸੇਵਾ ਨਿਭਾਈ ਹੈ।ਸਥਾਨਕ ਕੌਂਸਲਾਂ ਅਤੇ ਕਮਿਊਨਿਟੀ ਬੋਰਡਾਂ ਵਿੱਚ ਸਿੱਖਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਨੇ ਉਨ੍ਹਾਂ ਨੂੰ ਨੀਤੀ-ਘੜਨੀ ਪ੍ਰਕਿਰਿਆ ਵਿੱਚ ਸਿੱਧਾ ਪ੍ਰਭਾਵ ਪਾਉਣ ਦੇ ਯੋਗ ਬਣਾਇਆ ਹੈ।

ਨਿਊਜ਼ੀਲੈਂਡ ਵਿੱਚ ਸਿੱਖ ਧਰਮ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਧਰਮਾਂ ਵਿੱਚੋਂ ਇੱਕ ਹੈ। ਆਕਲੈਂਡ, ਹੈਮਿਲਟਨ ਅਤੇ ਤੌਰੰਗਾ ਵਰਗੇ ਸ਼ਹਿਰਾਂ ਦੀਆਂ ਕਈ ਸੀਟਾਂ 'ਤੇ ਸਿੱਖ ਅਤੇ ਪੰਜਾਬੀ ਵੋਟਰ ਹਾਰ-ਜਿੱਤ ਦਾ ਫ਼ੈਸਲਾ ਕਰਨ ਦੀ ਤਾਕਤ ਰੱਖਦੇ ਹਨ। ਇਸ ਕਾਰਨ ਹਰ ਸਿਆਸੀ ਪਾਰਟੀ ਸਿੱਖਾਂ ਦੇ ਸਮਾਗਮਾਂ ਵਿੱਚ ਸ਼ਾਮਲ ਹੋਣਾ ਅਤੇ ਉਨ੍ਹਾਂ ਦੀਆਂ ਮੰਗਾਂ ਸੁਣਨਾ ਜ਼ਰੂਰੀ ਸਮਝਦੀ ਹੈ।

ਨਵੀਂ ਪੀੜ੍ਹੀ ਦੇ ਸਿੱਖ ਨਿਊਜ਼ੀਲੈਂਡ ਵਿੱਚ ਉੱਚ ਵਿੱਦਿਆ ਹਾਸਲ ਕਰਕੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਣ ਰਹੇ ਹਨ। ਇਹ ਬੌਧਿਕ ਪ੍ਰਭਾਵ ਸਰਕਾਰੀ ਅਦਾਰਿਆਂ ਵਿੱਚ ਸਿੱਖਾਂ ਦੀ ਭਰੋਸੇਯੋਗਤਾ ਨੂੰ ਹੋਰ ਵਧਾਉਂਦਾ ਹੈ।

ਨਿਊਜ਼ੀਲੈਂਡ ਸਰਕਾਰ ਵੱਲੋਂ ਸਿੱਖਾਂ ਨੂੰ ਮਿਲਣ ਵਾਲਾ ਮਾਣ ਉਨ੍ਹਾਂ ਦੀ "ਵਿਸ਼ਵਵਿਆਪੀ ਸਾਂਝੀਵਾਲਤਾ" ਅਤੇ "ਕਿਰਤ ਕਰੋ, ਵੰਡ ਛਕੋ" ਦੇ ਸਿਧਾਂਤਾਂ 'ਤੇ ਚੱਲਣ ਦਾ ਨਤੀਜਾ ਹੈ। ਪੀ.ਐਮ. ਕ੍ਰਿਸਟੋਫਰ ਲਕਸਨ ਦਾ ਜਥੇਦਾਰ ਸਾਹਿਬ ਨੂੰ ਮਿਲਣਾ ਇਸੇ ਪ੍ਰਭਾਵ ਦੀ ਇੱਕ ਕੜੀ ਹੈ।ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਸਿਧਾਂਤ ਹੈ-"ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ"। ਜਦੋਂ ਸਿੱਖ ਸਿਆਸਤਦਾਨ ਇਸ ਸਿਧਾਂਤ 'ਤੇ ਅਮਲ ਕਰਦਾ ਹੈ, ਤਾਂ ਉਹ ਸਿਰਫ਼ ਆਪਣੇ ਭਾਈਚਾਰੇ ਲਈ ਨਹੀਂ, ਸਗੋਂ ਹਰ ਮਜ਼ਲੂਮ ਅਤੇ ਲੋੜਵੰਦ ਲਈ ਲੜਦਾ ਹੈ। ਦੁਨੀਆ ਦੇ ਦੇਸ਼ਾਂ (ਜਿਵੇਂ ਕੈਨੇਡਾ ਜਾਂ ਨਿਊਜ਼ੀਲੈਂਡ) ਵਿੱਚ ਸਿੱਖਾਂ ਦੀ ਸਿਆਸੀ ਸਫ਼ਲਤਾ ਦਾ ਰਾਜ਼ ਇਹੀ ਹੈ ਕਿ ਉਹ ਸਾਰਿਆਂ ਦੀ ਭਲਾਈ ਦੀ ਗੱਲ ਕਰਦੇ ਹਨ, ਜਿਸ ਨਾਲ ਦੂਜੇ ਭਾਈਚਾਰਿਆਂ ਦਾ ਭਰੋਸਾ ਵੀ ਉਨ੍ਹਾਂ 'ਤੇ ਬਣਦਾ ਹੈ।

# ਕਮਲ ਭਾਬੀ ਹੱਤਿਆ ਮਾਮਲਾ: ਮੁੱਖ ਸਾਜ਼ਿਸ਼ਘਾੜਾ ਅੰਮ੍ਰਿਤਪਾਲ ਮਹਿਰੋਂ ਜੇਲ੍ਹ ਭੇਜਿਆ

## ✪ ਪੁਲਿਸ ਹੁਣ 'ਵੌਇਸ ਸੈਂਪਲ' ਰਾਹੀਂ ਖੋਲ੍ਹੇਗੀ ਭੇਤ

ਬਠਿੰਡਾ-ਲੁਧਿਆਣਾ ਦੀ ਮਸ਼ਹੂਰ ਸੋਸ਼ਲ ਮੀਡੀਆ ਸਟਾਰ ਕੰਚਨ ਕੁਮਾਰੀ, ਜੋ ਕਿ 'ਕਮਲ ਭਾਬੀ' ਦੇ ਨਾਂ ਨਾਲ ਜਾਣੀ ਜਾਂਦੀ ਸੀ, ਦੇ ਕਤਲ ਮਾਮਲੇ ਵਿੱਚ ਪੁਲਿਸ ਦੀ ਜਾਂਚ ਹੁਣ ਅਗਲੇ ਪੜਾਅ ਵਿੱਚ ਦਾਖ਼ਲ ਹੋ ਗਈ ਹੈ। ਇਸ ਕਤਲ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਅੰਮ੍ਰਿਤਪਾਲ ਸਿੰਘ ਮਹਿਰੋਂ ਦਾ 5 ਦਿਨਾਂ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ, ਅਦਾਲਤ ਨੇ ਉਸ ਨੂੰ 29 ਅਪ੍ਰੈਲ ਤੱਕ ਨਿਆਇਕ ਹਿਰਾਸਤ ਤਹਿਤ ਕੇਂਦਰੀ ਜੇਲ੍ਹ ਬਠਿੰਡਾ ਭੇਜ ਦਿੱਤਾ ਹੈ।

ਪੁਲਿਸ ਰਿਮਾਂਡ ਦੌਰਾਨ ਜਾਂਚ ਟੀਮ ਨੂੰ ਵੱਡੀ ਕਾਮਯਾਬੀ ਅੰਮ੍ਰਿਤਪਾਲ ਕੋਲੋਂ ਤਿੰਨ ਮੋਬਾਈਲ ਫ਼ੋਨ ਬਰਾਮਦ ਹੋਣ ਦੇ ਰੂਪ ਵਿੱਚ ਮਿਲੀ ਹੈ। ਪੁਲਿਸ ਮੁਤਾਬਕ ਇਨ੍ਹਾਂ ਫ਼ੋਨਾਂ ਵਿੱਚ ਮੌਜੂਦ ਡਾਟਾ ਅਤੇ ਕਾਲ ਡਿਟੇਲਜ਼ ਇਸ ਕਤਲ ਦੀ ਸਾਜ਼ਿਸ਼ ਦੀਆਂ ਕੜੀਆਂ ਜੋੜਨ ਵਿੱਚ



ਅਹਿਮ ਸਾਬਤ ਹੋ ਸਕਦੀਆਂ ਹਨ। ਫਿਲਹਾਲ ਡਾਟੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਥਾਣਾ ਕੈਂਟ ਦੇ ਮੁੱਖ ਅਧਿਕਾਰੀ ਰਘਬੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਅਦਾਲਤ ਵਿੱਚ ਦੋ ਅਹਿਮ ਅਰਜ਼ੀਆਂ ਦਾਖ਼ਲ ਕੀਤੀਆਂ ਹਨ। ਮੁਲਜ਼ਮ ਦੀ ਆਵਾਜ਼ ਦੇ ਨਮੂਨੇ ਲੈਣ ਦੀ ਮੰਗ ਕੀਤੀ ਗਈ ਹੈ ਤਾਂ ਜੋ ਸੋਸ਼ਲ ਮੀਡੀਆ ਜਾਂ ਕਾਲ ਰਿਕਾਰਡਿੰਗਾਂ ਰਾਹੀਂ ਉਸਦੀ ਭੂਮਿਕਾ ਦੀ ਫੋਰੈਂਸਿਕ ਪੁਸ਼ਟੀ ਹੋ ਸਕੇ। ਮ੍ਰਿਤਕਾ ਕੰਚਨ ਕੁਮਾਰੀ ਦੀ ਮਾਂ ਵੱਲੋਂ ਮੁਲਜ਼ਮ ਦੀ ਰਸਮੀ ਪਛਾਣ ਕਰਵਾਉਣ ਲਈ ਸ਼ਨਾਖਤ ਦੀ ਪ੍ਰਕਿਰਿਆ ਦੀ ਮੰਗ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਸ ਹੱਤਿਆ ਕਾਂਡ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਮਹਿਰੋਂ ਵਿਦੇਸ਼ ਫ਼ਰਾਰ ਹੋ ਗਿਆ ਸੀ। ਲੰਬੀ ਜੱਦੋ-ਜਹਿਦ ਅਤੇ ਪੁਲਿਸ ਦੀ ਘੇਰਾਬੰਦੀ ਤੋਂ ਬਾਅਦ ਉਹ ਹਾਲ ਹੀ ਵਿੱਚ ਕਾਨੂੰਨ ਦੇ ਸ਼ਿਕੰਜੇ ਵਿੱਚ ਆਇਆ ਹੈ।

## ਤਰਨਤਾਰਨ ਪੁਲਸ ਵਲੋਂ 20 ਕਰੋੜ ਦੀ ਹੈਰੋਇਨ ਸਣੇ ਸਮੱਗਲਰ ਗ੍ਰਿਫ਼ਤਾਰ

ਤਰਨਤਾਰਨ-ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਤਰਨਤਾਰਨ ਪੁਲਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ ਜਦੋਂ ਸੀ. ਆਈ. ਏ. ਸਟਾਫ਼ ਨੇ ਇੱਕ ਨੌਜਵਾਨਆਕਾਸ਼ਦੀਪ ਸਿੰਘ ਉਰਫ਼ ਆਕਾਸ਼ (ਪੁੱਤਰ ਸੁਖਵਿੰਦਰ ਸਿੰਘ) ਨੂੰ ਕਰੋੜਾਂ ਰੁਪਏ ਦੀ ਹੈਰੋਇਨ ਸਮੇਤ ਕਾਬੂ ਕੀਤਾ। ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 20 ਕਰੋੜ ਰੁਪਏ ਦੇ ਕਰੀਬ ਦੱਸੀ ਜਾ ਰਹੀ ਹੈ। ਪੁਲਸ ਨੇ ਹੈਰੋਇਨ ਦੇ ਨਾਲ-ਨਾਲ ਇੱਕ ਮੋਟਰਸਾਈਕਲ ਅਤੇ ਇੱਕ ਮੋਬਾਈਲ ਫ਼ੋਨ ਵੀ ਜ਼ਬਤ ਕੀਤਾ ਹੈ। ਐੱਸ. ਐੱਸ. ਪੀ. ਲਾਂਬਾ ਅਨੁਸਾਰ ਪੁੱਛਗਿੱਛ ਦੌਰਾਨ ਕਈ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਨਸ਼ਾ ਤਸਕਰਾਂ ਦੇ ਹੋਰ ਲਿੰਕ ਵੀ ਸਾਹਮਣੇ ਆ ਸਕਦੇ ਹਨ।

# ਪੰਜਾਬ ਪੁਲਿਸ ਵੱਲੋਂ ਅੰਤਰਰਾਜੀ ਸਾਈਬਰ ਠੱਗ ਗਿਰੋਹ ਦਾ ਪਰਦਾਫਾਸ਼; 10 ਮੁਲਜ਼ਮ ਗ੍ਰਿਫਤਾਰ

ਜ਼ੀਰਕਪੁਰ (ਮੋਹਾਲੀ)-ਪੰਜਾਬ ਪੁਲਿਸ ਨੇ ਸਾਈਬਰ ਅਪਰਾਧ ਵਿਰੁੱਧ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਇੱਕ ਅੰਤਰਰਾਜੀ ਸਾਈਬਰ ਠੱਗ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ 10 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਪੰਜਾਬ ਵਿੱਚ ਬੈਠ ਕੇ ਵਿਦੇਸ਼ੀ ਨਾਗਰਿਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਸਨ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਗਿਰੋਹ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਕੰਮ ਕਰਦਾ ਸੀ। ਮੁਲਜ਼ਮ ਆਪਣੇ ਸਰਗਨਾ ਦੇ ਨਿਰਦੇਸ਼ਾਂ 'ਤੇ ਚੱਲਦਿਆਂ ਵਿਦੇਸ਼ਾਂ ਵਿੱਚ ਬੈਠੇ ਲੋਕਾਂ ਨਾਲ ਆਨਲਾਈਨ ਸੰਪਰਕ ਕਰਦੇ ਸਨ। ਉਨ੍ਹਾਂ ਨੂੰ ਘੱਟ ਵਿਆਜ 'ਤੇ ਲੋਨ ਦੇਣ ਦਾ ਲਾਲਚ ਦਿੰਦੇ ਸਨ। ਫਾਈਲ ਚਾਰਜ ਜਾਂ ਹੋਰ ਪ੍ਰਕਿਰਿਆਵਾਂ ਦੇ ਨਾਂ 'ਤੇ ਡਾਲਰਾਂ ਵਿੱਚ ਰਕਮ ਵਸੂਲ ਕੇ ਠੱਗੀ ਮਾਰਦੇ ਸਨ। ਪੁਲਿਸ ਨੇ ਛਾਪੇਮਾਰੀ ਦੌਰਾਨ ਮੁਲਜ਼ਮਾਂ ਕੋਲੋਂ ਅਪਰਾਧ ਵਿੱਚ ਵਰਤੇ ਜਾਣ ਵਾਲੇ ਉਪਕਰਣ 09 ਲੈਪਟਾਪ ਤੇ 12 ਮੋਬਾਈਲ ਫੋਨ ਬਰਾਮਦ ਕੀਤੇ ਹਨ। ਪੁਲਿਸ ਦਾ ਕਹਿਣਾ ਹੈ: "ਮੁਲਜ਼ਮਾਂ ਕੋਲ ਕਿਸੇ ਵੀ ਮਾਨਤਾ ਪ੍ਰਾਪਤ ਵਿੱਤੀ ਸੰਸਥਾ ਦਾ ਲਾਇਸੰਸ ਨਹੀਂ ਸੀ। ਇਹ ਪੂਰੀ ਤਰ੍ਹਾਂ ਨਾਜਾਇਜ਼ ਤਰੀਕੇ ਨਾਲ ਇੱਕ ਫਰਜ਼ੀ ਕਾਲ ਸੈਂਟਰ ਵਾਂਗ ਕੰਮ ਕਰ ਰਹੇ ਸਨ।" ਇਹ ਗਿਰੋਹ ਵੱਖ-ਵੱਖ ਰਾਜਾਂ ਨਾਲ ਸਬੰਧਤ ਹੈ, ਜਿਸ ਵਿੱਚ ਗੁਜਰਾਤ, ਬੰਗਾਲ ਅਤੇ ਹਿਮਾਚਲ ਦੇ ਲੋਕ ਸ਼ਾਮਲ ਹਨ।




# ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਮਾਮਲੇ 'ਚ ਸਿਖ ਫਾਰ ਜਸਟਿਸ ਨਾਲ ਜੁੜੇ 3 ਨੌਜਵਾਨ ਗ੍ਰਿਫ਼ਤਾਰ

ਹੁਸ਼ਿਆਰਪੁਰ-ਜ਼ਿਲ੍ਹਾ ਹੁਸ਼ਿਆਰਪੁਰ ਪੁਲਿਸ ਨੇ ਪਿੰਡ ਨੂਰਪੁਰ ਜੱਟਾਂ ਵਿੱਚ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਘਟਨਾ ਦੇ ਤਾਰ ਸਿੱਧੇ ਤੌਰ 'ਤੇ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਅਤੇ ਇਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨਾਲ ਜੁੜੇ ਹੋਏ ਹਨ। ਸੀਨੀਅਰ ਪੁਲਿਸ ਕਪਤਾਨ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ 30 ਅਤੇ 31 ਮਾਰਚ 2026 ਦੀ ਦਰਮਿਆਨੀ ਰਾਤ ਨੂੰ ਪਿੰਡ ਨੂਰਪੁਰ ਜੱਟਾਂ ਵਿਖੇ ਨਹਿਰ ਦੇ ਨੇੜੇ ਸਥਿਤ ਇੱਕ ਕਮਰੇ ਦੀ ਛੱਤ 'ਤੇ ਲੱਗੇ ਡਾ. ਅੰਬੇਡਕਰ ਦੇ ਬੁੱਤ ਦੀ ਭੰਨ-ਤੋੜ ਕੀਤੀ ਗਈ ਸੀ। ਇਸ ਘਟਨਾ ਨਾਲ ਇਲਾਕੇ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਸੀ, ਜਿਸ ਤੋਂ ਬਾਅਦ ਥਾਣਾ ਮਾਹਿਲਪੁਰ ਵਿੱਚ ਭਾਰਤੀ ਨਿਆਏ ਸੰਹਿਤਾ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਪੁਲਿਸ ਦੀ ਜਾਂਚ ਦੌਰਾਨ ਇਹ ਸਨਸਨੀਖ਼ੇਜ਼ ਖੁਲਾਸਾ ਹੋਇਆ ਕਿ ਇਹ ਵਾਰਦਾਤ ਸਿਰਫ਼ ਸ਼ਰਾਰਤ ਨਹੀਂ ਸੀ, ਸਗੋਂ ਵਿਦੇਸ਼ੀ ਤੱਤਾਂ ਵੱਲੋਂ ਘੜੀ ਗਈ ਇੱਕ ਸਾਜ਼ਿਸ਼ ਸੀ। ਮੁੱਖ ਮੁਲਜ਼ਮਾਂ ਗੁਰਕੀਰਤ ਸਿੰਘ (26): ਨਿਵਾਸੀ ਬਾੜੀਆਂ ਕਲਾਂ (ਮੁੱਖ ਮੁਲਜ਼ਮ),



ਬਬਨਦੀਪ ਸਿੰਘ (20) ਨਿਵਾਸੀ ਐਸ. ਏ. ਐਸ. ਨਗਰ (ਮੋਹਾਲੀ), ਸਾਹਿਲਪ੍ਰੀਤ ਸਿੰਘ (22) ਨਿਵਾਸੀ ਐਸ. ਏ. ਐਸ. ਨਗਰ (ਮੋਹਾਲੀ) ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਨੂੰ ਇਸ ਕੰਮ ਲਈ 50 ਹਜ਼ਾਰ ਰੁਪਏ ਦਾ ਲਾਲਚ ਦਿੱਤਾ ਗਿਆ ਸੀ।

ਅਮਰੀਕਾ ਤੋਂ ਡਿਪੋਰਟ ਹੋ ਕੇ ਆਇਆ ਸੀ ਮੁੱਖ ਦੋਸ਼ੀ-ਐਸਐਸਪੀ ਮਲਿਕ ਨੇ ਦੱਸਿਆ ਕਿ ਮੁੱਖ ਦੋਸ਼ੀ ਗੁਰਕੀਰਤ ਸਿੰਘ 2023 ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਗਿਆ ਸੀ। ਉੱਥੇ ਰਹਿਣ ਦੌਰਾਨ ਉਹ ਸਿਖ ਫਾਰ ਜਸਟਿਸ ਦੇ ਮੈਂਬਰਾਂ ਦੇ ਸੰਪਰਕ ਵਿੱਚ ਆਇਆ। 2025 ਵਿੱਚ ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਵੀ ਉਹ ਪੰਨੂ ਅਤੇ ਉਸਦੇ ਸਾਥੀਆਂ ਦੇ ਸੰਪਰਕ ਵਿੱਚ ਰਿਹਾ, ਜਿਨ੍ਹਾਂ ਨੇ ਉਸਨੂੰ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਲਈ ਉਕਸਾਇਆਗਿਆ ਸੀ। ਪੁਲਿਸ ਨੇ ਦੋਸ਼ੀਆਂ ਕੋਲੋਂ ਵਾਰਦਾਤ ਵਿੱਚ ਵਰਤੀ ਗਈ ਆਲਟੋ ਕੇ-10 ਕਾਰ, ਲੋਹੇ ਦੀ ਰਾਡ ਅਤੇ ਮੋਬਾਈਲ ਫੋਨ ਬਰਾਮਦ ਕਰ ਲਏ ਹਨ।

## ਪੰਜਾਬ ਪੁਲਿਸ ਦੀ ਵੱਡੀ ਕਾਰਵਾਈ

# ਪਾਕਿਸਤਾਨ-ਪੁਰਤਗਾਲ ਨਾਲ ਜੁੜਿਆ ਅੰਤਰਰਾਸ਼ਟਰੀ ਨਸ਼ਾ ਨੈੱਟਵਰਕ ਤਬਾਹ

## ✪ 448 ਕਰੋੜ ਦੀ ਹੈਰੋਇਨ ਬਰਾਮਦ

ਚੰਡੀਗੜ੍ਹ/ਅੰਮ੍ਰਿਤਸਰ-ਪੰਜਾਬ ਵਿੱਚ ਨਸ਼ਾ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੁਲਿਸ ਨੂੰ ਉਸ ਸਮੇਂ ਇੱਕ ਬਹੁਤ ਵੱਡੀ ਕਾਮਯਾਬੀ ਮਿਲੀ ਜਦੋਂ ਉਨ੍ਹਾਂ ਨੇ ਪਾਕਿਸਤਾਨ ਤੋਂ ਯੂਰਪ ਤੱਕ ਫੈਲੇ ਇੱਕ ਅੰਤਰਰਾਸ਼ਟਰੀ ਨਸ਼ਾ ਨੈੱਟਵਰਕ ਦਾ ਪਰਦਾਫਾਸ਼ ਕੀਤਾ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਜਾਣਕਾਰੀ ਦਿੱਤੀ ਕਿ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ 64.62 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਲਗਭਗ 448 ਕਰੋੜ ਰੁਪਏ ਹੈ।



ਇਹ ਵੱਡੀ ਕਾਰਵਾਈ ਕਾਊਂਟਰ ਇੰਟੈਲੀਜੈਂਸ ਅਤੇ ਸਟੇਟ ਸਪੈਸ਼ਲ ਆਪ੍ਰੇਸ਼ਨ ਯੂਨਿਟ ਅੰਮ੍ਰਿਤਸਰ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਦੌਰਾਨ ਤਿੰਨ ਮੁੱਖ ਤਸਕਰਾਂ ਸਵਰਨ ਸਿੰਘ, ਮੱਖਣ ਸਿੰਘ, ਸ਼ਮਸ਼ੇਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਇਸ ਪੂਰੇ ਗਿਰੋਹ ਦਾ ਮੁੱਖ ਸੰਚਾਲਕ ਪਾਕਿਸਤਾਨੀ ਤਸਕਰ ਮੂਸਾ ਹੈ। ਦੱਸਣਯੋਗ ਹੈ ਕਿ ਮੂਸਾ ਦਾ ਨਾਮ ਪਹਿਲਾਂ ਵੀ 532 ਕਿਲੋ ਹੈਰੋਇਨ ਦੀ ਵੱਡੀ ਖੇਪ ਦੇ ਮਾਮਲੇ ਵਿੱਚ ਸਾਹਮਣੇ ਆ ਚੁੱਕਾ ਹੈ। ਇਸ ਵਾਰ ਉਸ ਨੇ ਪੁਰਤਗਾਲ (ਯੂਰਪ) ਵਿੱਚ ਬੈਠੇ ਆਪਣੇ ਸਾਥੀਆਂ ਰਾਹੀਂ ਪੰਜਾਬ ਦੇ ਸਥਾਨਕ ਤਸਕਰਾਂ ਨਾਲ ਸੰਪਰਕ ਸਾਧਿਆ ਹੋਇਆ ਸੀ।

ਡੀਜੀਪੀ ਗੌਰਵ ਯਾਦਵ ਅਨੁਸਾਰ "ਇਹ ਨੈੱਟਵਰਕ ਬੇਹੱਦ ਸੰਗਠਿਤ ਸੀ। ਪਾਕਿਸਤਾਨ ਤੋਂ ਆਉਣ ਵਾਲੀ ਨਸ਼ੇ ਦੀ ਖੇਪ ਨੂੰ ਯੂਰਪੀਅਨ ਦੇਸ਼ਾਂ ਵਿੱਚ ਬੈਠੇ ਸਾਥੀਆਂ ਰਾਹੀਂ ਕੋਆਰਡੀਨੇਟ ਕੀਤਾ ਜਾਂਦਾ ਸੀ ਅਤੇ ਫਿਰ ਪੰਜਾਬ ਦੇ ਸਥਾਨਕ ਤਸਕਰਾਂ ਰਾਹੀਂ ਇਸ ਦੀ ਸਪਲਾਈ ਕੀਤੀ ਜਾਂਦੀ ਸੀ।"

ਪੁਲਿਸ ਅਨੁਸਾਰ ਇਹ ਕਾਰਵਾਈ ਸਰਹੱਦ ਪਾਰੋਂ ਚੱਲ ਰਹੇ ਨਸ਼ਾ ਤਸਕਰੀ ਦੇ ਚੈਨਲ ਨੂੰ ਤੋੜਨ ਲਈ ਇੱਕ ਵੱਡਾ ਝਟਕਾ ਹੈ। ਫਿਲਹਾਲ ਮੁਲਜ਼ਮਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਸ ਨੈੱਟਵਰਕ ਦੇ ਹੋਰ ਲਿੰਕਸ ਦਾ ਪਤਾ ਲਗਾਇਆ ਜਾ ਸਕੇ।

# ਜੰਗ ਕਾਰਨ ਗਲੋਬਲ ਸੰਕਟ ਮੰਡਰਾਇਆ, ਪਰ ਭਾਰਤ ਵਿਚ ਸਿਰਫ਼ ਕੁਰਸੀ ਦੀ ਚਰਚਾ !

ਖਾਸ ਖ਼ਬਰ

## ✪ ਅਸਲ ਮੁੱਦਿਆਂ ਤੋਂ ਹਟ ਕੇ ਰਾਖਵੇਂਕਰਨ ਅਤੇ ਚੋਣਾਂ 'ਤੇ ਕੇਂਦਰਿਤ ਹੋਈ ਚਰਚਾ

## ✪ ਰੁਜ਼ਗਾਰ ਤੇ ਫੈਕਟਰੀਆਂ 'ਤੇ ਜਿੰਦਰੇ, ਪਰ ਸੱਤਾਧਾਰੀ ਰੁੱਝੇ ਵੋਟਾਂ ਦੀ ਗਣਿਤ ਵਿਚ !




ਜਿੱਥੇ ਇੱਕ ਪਾਸੇ ਪੂਰੀ ਦੁਨੀਆ ਪੱਛਮੀ ਏਸ਼ੀਆ ਦੇ ਸੰਕਟ, ਤੇਲ-ਗੈਸ ਦੀ ਸਪਲਾਈ ਅਤੇ ਵਧਦੀ ਮਹਿੰਗਾਈ ਨੂੰ ਲੈ ਕੇ ਚਿੰਤਤ ਹੈ, ਉੱਥੇ ਹੀ ਭਾਰਤ ਵਿੱਚ ਸਿਆਸੀ ਚਰਚਾ ਦਾ ਵਿਸ਼ਾ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਦੇਸ਼ ਵਿੱਚ ਇਸ ਸਮੇਂ ਊਰਜਾ ਸੁਰੱਖਿਆ ਜਾਂ ਰੁਜ਼ਗਾਰ ਦੀ ਬਜਾਏ ਲੋਕ ਸਭਾ ਸੀਟਾਂ ਦੇ ਵਾਧੇ, ਮਹਿਲਾ ਰਾਖਵੇਂਕਰਨ ਅਤੇ ਆਗਾਮੀ ਚੋਣਾਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ। ਰਿਪੋਰਟ ਮੁਤਾਬਕ, 28 ਫਰਵਰੀ ਨੂੰ ਪੱਛਮੀ ਏਸ਼ੀਆ ਵਿੱਚ ਜੰਗ ਛਿੜਨ ਤੋਂ ਬਾਅਦ ਦੇਸ਼ ਦੇ ਹਾਲਾਤ ਕਾਫੀ ਗੰਭੀਰ ਹੋ ਗਏ ਸਨ, ਪਰ ਹੁਣ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਜਿਵੇਂ ਸਭ ਕੁਝ ਆਮ ਹੋਵੇ। ਹਕੀਕਤ ਇਹ ਹੈ ਕਿ ਗੈਸ ਦੀ ਕਿੱਲਤ ਦਿੱਲੀ ਵਰਗੇ ਸ਼ਹਿਰਾਂ ਵਿੱਚ ਰਸੋਈ ਗੈਸ ਸਿਲੰਡਰ ਦੀ ਕਾਲਾ -ਬਾਜ਼ਾਰੀ ਜਾਰੀ ਹੈ ਅਤੇ ਕੀਮਤਾਂ 5,000 ਰੁਪਏ ਤੱਕ ਪਹੁੰਚ ਗਈਆਂ ਹਨ।

ਗੁਜਰਾਤ ਦੇ ਸੂਰਤ ਤੋਂ ਲੈ ਕੇ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੱਕ ਛੋਟੀਆਂ ਫੈਕਟਰੀਆਂ ਬੰਦ ਹੋ ਰਹੀਆਂ ਹਨ। ਬਰਾਮਦ 'ਤੇ ਆਧਾਰਿਤ ਇਕਾਈਆਂ ਦਾ ਉਤਪਾਦਨ ਘਟ ਗਿਆ ਹੈ। ਕੰਮ-ਧੰਦੇ ਠੱਪ ਹੋਣ ਕਾਰਨ ਮਜ਼ਦੂਰ ਮੁੜ ਆਪਣੇ ਪਿੰਡਾਂ ਵੱਲ ਜਾਣ ਲਈ ਮਜਬੂਰ ਹਨ। ਨੋਇਡਾ ਵਿੱਚ ਮਜ਼ਦੂਰਾਂ ਦਾ ਗੁੱਸਾ ਮਹਿੰਗੇ ਰਾਸ਼ਨ ਅਤੇ ਤੇਲ ਕਾਰਨ ਫੁੱਟ ਰਿਹਾ ਹੈ।

### ਸਿਆਸੀ ਨਿਸ਼ਾਨੇ 'ਤੇ ਮਹਿਲਾ ਰਾਖਵਾਂਕਰਨ ਅਤੇ ਪਰਿਸੀਮਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਹਿਲਾ ਸ਼ਕਤੀ ਨੂੰ ਉਤਸ਼ਾਹਿਤ ਕਰਨ ਦੇ ਲਗਾਤਾਰ ਸੁਨੇਹੇ ਦਿੱਤੇ ਜਾ ਰਹੇ ਹਨ। ਹਾਲਾਂਕਿ, ਆਲੋਚਕਾਂ ਦਾ ਕਹਿਣਾ ਹੈ ਕਿ 12 ਸਾਲਾਂ ਦੇ ਸ਼ਾਸਨ ਦੌਰਾਨ ਪਾਰਟੀ ਅੰਦਰ ਔਰਤਾਂ ਨੂੰ ਲੋੜੀਂਦੀ ਪ੍ਰਤੀਨਿਧਤਾ ਨਹੀਂ ਮਿਲੀ, ਪਰ ਹੁਣ ਚੋਣਾਂ ਦੇ ਮੱਦੇਨਜ਼ਰ ਇਸ ਨੂੰ ਵੱਡਾ ਮੁੱਦਾ ਬਣਾਇਆ ਜਾ ਰਿਹਾ ਹੈ।

ਮੋਦੀ ਸਰਕਾਰ ਦਾ ਮੌਜੂਦਾ ਫੋਕਸ ਊਰਜਾ ਸੁਰੱਖਿਆ ਅਤੇ ਰੁਜ਼ਗਾਰ ਦੀ ਬਜਾਏ ਪਰਿਸੀਮਨ ਅਤੇ ਮਹਿਲਾ ਰਾਖਵੇਂਕਰਨ 'ਤੇ ਹੈ। ਮੋਦੀ ਸਰਕਾਰ ਜਾਣਦੀ ਹੈ ਕਿ ਜੇਕਰ ਚਰਚਾ ਮਹਿੰਗਾਈ, ਬੇਰੁਜ਼ਗਾਰੀ ਅਤੇ ਫੈਕਟਰੀਆਂ ਦੇ ਬੰਦ ਹੋਣ 'ਤੇ ਰਹੀ, ਤਾਂ ਸਰਕਾਰ ਨੂੰ ਜਵਾਬ ਦੇਣਾ ਔਖਾ ਹੋ ਜਾਵੇਗਾ। ਇਸ ਲਈ, ਮਹਿਲਾ ਰਾਖਵਾਂਕਰਨ ਵਰਗੇ ਭਾਵੁਕ ਅਤੇ ਵੱਡੇ ਮੁੱਦੇ ਨੂੰ ਸਾਹਮਣੇ ਲਿਆਂਦਾ ਗਿਆ ਹੈ ਤਾਂ ਜੋ ਮੀਡੀਆ ਅਤੇ ਜਨਤਾ ਦੀ ਬਹਿਸ ਦਾ ਵਿਸ਼ਾ ਬਦਲ ਜਾਵੇ।

ਪਿਛਲੀਆਂ ਕਈ ਚੋਣਾਂ ਵਿੱਚ ਦੇਖਿਆ ਗਿਆ ਹੈ ਕਿ ਔਰਤਾਂ ਇੱਕ ਸੁਤੰਤਰ ਵੋਟ ਬੈਂਕ ਵਜੋਂ ਉੱਭਰੀਆਂ ਹਨ। ਭਾਜਪਾ ਇਹ ਦਿਖਾਉਣਾ ਚਾਹੁੰਦੀ ਹੈ ਕਿ ਜੋ ਕੰਮ ਦਹਾਕਿਆਂ ਤੋਂ ਲਟਕਿਆ ਹੋਇਆ ਸੀ, ਉਹ ਸਿਰਫ਼ ਮੋਦੀ ਸਰਕਾਰ ਨੇ ਕੀਤਾ। ਇਸ ਮੁੱਦੇ ਰਾਹੀਂ ਵਿਰੋਧੀ ਧਿਰਾਂ (ਇੰਡੀਆ ਗੱਠਜੋੜ) ਵਿੱਚ ਫੁੱਟ ਪਾਈ ਜਾ ਸਕਦੀ ਹੈ, ਕਿਉਂਕਿ ਕਈ ਖੇਤਰੀ ਪਾਰਟੀਆਂ ਰਾਖਵੇਂਕਰਨ ਦੇ ਅੰਦਰ ਕੋਟੇ ਦੀ ਮੰਗ ਨੂੰ ਲੈ ਕੇ ਸਹਿਮਤ ਨਹੀਂ ਹਨ।

ਪਰਿਸੀਮਨ ਅਤੇ ਲੋਕ ਸਭਾ ਸੀਟਾਂ ਵਧਾਉਣ ਦੀ ਚਰਚਾ ਪਿੱਛੇ ਇੱਕ ਡੂੰਘੀ ਸਿਆਸਤ ਹੈ। ਪਰਿਸੀਮਨ ਦਾ ਸਰਲ ਮਤਲਬ ਹੈ - ਚੋਣ ਹਲਕਿਆਂ ਦੀਆਂ ਹੱਦਾਂ ਨੂੰ ਦੁਬਾਰਾ ਨਿਰਧਾਰਿਤ ਕਰਨਾ। ਜੇਕਰ ਜਨਸੰਖਿਆ ਦੇ ਆਧਾਰ 'ਤੇ ਸੀਟਾਂ ਵਧਦੀਆਂ ਹਨ, ਤਾਂ ਉੱਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਵਿੱਚ ਸੀਟਾਂ ਵਧਣਗੀਆਂ ਜਿੱਥੇ ਭਾਜਪਾ ਮਜ਼ਬੂਤ ਹੈ ਇਹ ਦੱਖਣੀ ਰਾਜਾਂ (ਜਿੱਥੇ ਭਾਜਪਾ ਕਮਜ਼ੋਰ ਹੈ) ਦੀ ਸਿਆਸੀ ਤਾਕਤ ਨੂੰ ਘੱਟ ਕਰਨ ਅਤੇ ਕੇਂਦਰ ਵਿੱਚ ਆਪਣੀ ਪਕੜ ਹੋਰ ਮਜ਼ਬੂਤ ਕਰਨ ਦੀ ਰਣਨੀਤੀ ਹੋ ਸਕਦੀ ਹੈ।

ਪੱਛਮ ਬੰਗਾਲ ਅਤੇ ਤਾਮਿਲਨਾਡੂ ਵਰਗੇ ਰਾਜਾਂ ਵਿੱਚ ਚੋਣਾਂ ਨੇੜੇ ਹਨ। ਇਨ੍ਹਾਂ ਰਾਜਾਂ ਵਿੱਚ ਮਹਿਲਾ ਵੋਟਰਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮਹਿਲਾ ਰਾਖਵੇਂਕਰਨ ਦਾ ਕਾਰਡ ਖੇਡ ਕੇ ਭਾਜਪਾ ਉੱਥੋਂ ਦੇ ਸਥਾਨਕ ਮੁੱਦਿਆਂ (ਜਿਵੇਂ ਕਿ ਬੰਗਾਲ ਵਿੱਚ ਕਾਨੂੰਨ ਵਿਵਸਥਾ ਜਾਂ ਤਾਮਿਲਨਾਡੂ ਵਿੱਚ ਖੇਤਰੀ ਪਛਾਣ) ਨੂੰ ਪਿੱਛੇ ਧੱਕਣਾ ਚਾਹੁੰਦੀ ਹੈ।

ਜਦੋਂ ਸਰਕਾਰ ਊਰਜਾ ਸੁਰੱਖਿਆ ਜਾਂ ਰੁਜ਼ਗਾਰ 'ਤੇ ਗੱਲ ਨਹੀਂ ਕਰਦੀ, ਤਾਂ ਉਹ 'ਨਵੇਂ ਭਾਰਤ' ਅਤੇ 'ਵੱਡੇ ਸੁਧਾਰਾਂ' ਦਾ ਨੈਰੇਟਿਵ ਸਿਰਜਦੀ ਹੈ। ਮਹਿਲਾ ਰਾਖਵਾਂਕਰਨ ਨੂੰ ਇੱਕ "ਇਤਿਹਾਸਕ ਕਦਮ" ਵਜੋਂ ਪੇਸ਼ ਕਰਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਰਕਾਰ ਸੰਕਟ ਵਿੱਚ ਵੀ ਡਰੀ ਨਹੀਂ ਹੋਈ, ਸਗੋਂ ਦੇਸ਼ ਦਾ ਭਵਿੱਖ ਸਵਾਰ ਰਹੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਦੀ ਸਿਆਸਤ 'ਰੱਖਿਆਤਮਕ' ਹੋਣ ਦੀ ਬਜਾਏ 'ਹਮਲਾਵਰ' ਹੈ। ਉਹ ਅਸਲ ਸਮੱਸਿਆਵਾਂ (ਮਹਿੰਗਾਈ, ਤੇਲ ਸੰਕਟ) 'ਤੇ ਸਫਾਈ ਦੇਣ ਦੀ ਬਜਾਏ ਨਵੇਂ ਏਜੰਡੇ ਸੈੱਟ ਕਰਕੇ ਵਿਰੋਧੀ ਧਿਰ ਨੂੰ ਆਪਣੇ ਪਿੱਛੇ ਲਗਾ ਲੈਂਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੇ ਦੋ ਮੁੱਖ ਫਾਇਦੇ ਹਨ। ਵਿਸ਼ਵ ਵਿਆਪੀ ਆਰਥਿਕ ਸੰਕਟ ਤੋਂ ਜਨਤਾ ਦਾ ਧਿਆਨ ਭਟਕਾਉਣਾ। ਆਗਾਮੀ ਰਾਜਾਂ ਦੀਆਂ ਚੋਣਾਂ ਅਤੇ 2029 ਦੀਆਂ ਤਿਆਰੀਆਂ ਵਿੱਚ ਸਿਆਸੀ ਲਾਹਾ ਲੈਣਾ।

ਆਉਣ ਵਾਲੇ ਸੰਸਦ ਸੈਸ਼ਨ ਵਿੱਚ ਵੀ ਇਨ੍ਹਾਂ ਹੀ ਮੁੱਦਿਆਂ ਦੇ ਛਾਏ ਰਹਿਣ ਦੀ ਉਮੀਦ ਹੈ, ਜਿਸ ਕਾਰਨ ਆਮ ਆਦਮੀ ਨਾਲ ਜੁੜੇ ਜ਼ਰੂਰੀ ਮੁੱਦੇ ਪਿੱਛੇ ਰਹਿ ਸਕਦੇ ਹਨ।

## ਜੰਗ ਦਾ ਪੰਜਾਬ ਉਪਰ ਕੀ ਪ੍ਰਭਾਵ ਹੈ

ਪੰਜਾਬ ਦੇ ਹਾਲਾਤ ਵੀ ਗੁਜਰਾਤ ਅਤੇ ਉੱਤਰ ਪ੍ਰਦੇਸ਼ ਨਾਲੋਂ ਬਹੁਤੇ ਵੱਖਰੇ ਨਹੀਂ ਹਨ। ਹਾਲਾਂਕਿ ਪੰਜਾਬ ਦੀ ਇੰਡਸਟਰੀ ਦੀ ਬਣਤਰ ਥੋੜ੍ਹੀ ਵੱਖਰੀ ਹੈ, ਪਰ ਪੱਛਮੀ ਏਸ਼ੀਆ ਦੇ ਸੰਕਟ ਅਤੇ ਤੇਲ-ਗੈਸ ਦੀਆਂ ਵਧਦੀਆਂ ਕੀਮਤਾਂ ਨੇ ਇੱਥੇ ਵੀ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਉਦਯੋਗਿਕ ਕੇਂਦਰਾਂ ਦੀ ਕਮਰ ਤੋੜ ਦਿੱਤੀ ਹੈ। ਪੰਜਾਬ ਦੇ ਉਦਯੋਗਾਂ ਦੇ ਮੌਜੂਦਾ ਹਾਲਾਤ ਨੂੰ ਤੁਸੀਂ ਹੇਠ ਦਿੱਤੇ ਨੁਕਤਿਆਂ ਤੋਂ ਸਮਝ ਸਕਦੇ ਹੋ:

ਲੁਧਿਆਣਾ, ਜਿਸ ਨੂੰ 'ਭਾਰਤ ਦਾ ਮੈਨਚੈਸਟਰ' ਕਿਹਾ ਜਾਂਦਾ ਹੈ, ਇਸ ਸਮੇਂ ਗੰਭੀਰ ਸੰਕਟ ਵਿੱਚ ਹੈ। ਪੋਲਿਸਟਰ ਅਤੇ ਹੋਰ ਸਿੰਥੈਟਿਕ ਧਾਗੇ (ਜੋ ਪੈਟਰੋਲੀਅਮ ਤੋਂ ਬਣਦੇ ਹਨ) ਦੀਆਂ ਕੀਮਤਾਂ 20-30% ਤੱਕ ਵਧ ਗਈਆਂ ਹਨ। ਡਾਈਂਗ (ਰੰਗਾਈ) ਅਤੇ ਫਿਨਿਸ਼ਿੰਗ ਯੂਨਿਟਾਂ ਵਿੱਚ ਵਰਤੀ ਜਾਣ ਵਾਲੀ ਗੈਸ ਦੀ ਘਾਟ ਕਾਰਨ ਕਈ ਫੈਕਟਰੀਆਂ ਆਪਣੀ ਸਮਰੱਥਾ ਤੋਂ ਅੱਧੇ 'ਤੇ ਕੰਮ ਕਰ ਰਹੀਆਂ ਹਨ ਯੂਰਪ ਅਤੇ ਅਮਰੀਕਾ ਵਿੱਚ ਆਰਥਿਕ ਮੰਦੀ ਕਾਰਨ ਬਰਾਮਦ ਦੇ ਆਰਡਰ ਰੁਕ ਗਏ ਹਨ।

ਸਾਈਕਲ ਦੇ ਪੁਰਜ਼ੇ ਬਣਾਉਣ ਲਈ ਵਰਤੇ ਜਾਣ ਵਾਲੇ ਕੱਚੇ ਮਾਲ ਜਿਵੇਂ ਕਿ ਰਬੜ, ਪਲਾਸਟਿਕ ਅਤੇ ਸਟੀਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ।

ਉਦਯੋਗਿਕ ਗੈਸ ਨਾ ਮਿਲਣ ਕਾਰਨ ਕਈ ਵੱਡੀਆਂ ਕੰਪਨੀਆਂ (ਜਿਵੇਂ ਹੀਰੋ ਈਕੋਟੈਕ) ਨੂੰ ਮਹਿੰਗੇ ਡੀਜ਼ਲ 'ਤੇ ਨਿਰਭਰ ਹੋਣਾ ਪੈ ਰਿਹਾ ਹੈ, ਜਿਸ ਨਾਲ ਉਤਪਾਦਨ ਦੀ ਲਾਗਤ ਵਧ ਗਈ ਹੈ।

ਪੰਜਾਬ ਦੀ ਇੰਡਸਟਰੀ ਲਈ ਸਭ ਤੋਂ ਵੱਡੀ ਚੁਣੌਤੀ ਮਜ਼ਦੂਰਾਂ ਦੀ ਕਮੀ ਹੈ। ਰਸੋਈ ਗੈਸ ਸਿਲੰਡਰ ਦਾ 5,000 ਰੁਪਏ ਤੱਕ ਪਹੁੰਚਣਾ ਪ੍ਰਵਾਸੀ ਮਜ਼ਦੂਰਾਂ ਲਈ ਵੱਡੀ ਸੱਟ ਹੈ। ਮਜ਼ਦੂਰ ਕਹਿ ਰਹੇ ਹਨ ਕਿ "ਜੇ ਖਾਣਾ ਹੀ ਇੰਨਾ ਮਹਿੰਗਾ ਹੈ, ਤਾਂ ਕਮਾਈ ਦਾ ਕੀ ਫਾਇਦਾ ਬਹੁਤ ਸਾਰੇ ਮਜ਼ਦੂਰ ਹੋਲੀ ਅਤੇ ਕਣਕ ਦੀ ਵਾਢੀ ਦੇ ਬਹਾਨੇ ਗਏ ਸਨ, ਪਰ ਹੁਣ ਉਦਯੋਗਿਕ ਮੰਦੀ ਕਾਰਨ ਵਾਪਸ ਨਹੀਂ ਆ ਰਹੇ।"

# ਮਾਰਕ ਕਾਰਨੀ ਦੀ ਦਿੱਲੀ ਫੇਰੀ: ਭਾਰਤ ਨਾਲ ਰਿਸ਼ਤੇ ਸੁਧਰੇ ਤੇ ਕੈਨੇਡਾ ਵਿਚ ਸਿਖਾਂ ਲਈ ਖ਼ਤਰੇ ਵਧੇ ?

## • ਨਿਊਜ਼ ਵਿਸ਼ਲੇਸ਼ਣ • ✪ ਨਿੱਝਰ ਤੋਂ ਬਾਅਦ ਹੁਣ ਰੰਧਾਵਾ-ਕੀ ਕੈਨੇਡਾ ਦੀ ਧਰਤੀ ’ਤੇ ਸਿੱਖ ਸੁਰੱਖਿਅਤ ਨਹੀਂ ?

ਕੈਨੇਡਾ ਅਤੇ ਭਾਰਤ ਦੇ ਸਬੰਧ ਇੱਕ ਅਜਿਹੇ ਮੋੜ ’ਤੇ ਖੜ੍ਹੇ ਹਨ ਜਿੱਥੇ ਇੱਕ ਪਾਸੇ ਸਿਆਸੀ ਪੱਧਰ ’ਤੇ ਰਿਸ਼ਤਿਆਂ ਨੂੰ ਮੁੜ ਲੀਹ ’ਤੇ ਲਿਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਪਰ ਦੂਜੇ ਪਾਸੇ ਕੈਨੈਡਾ ਵਿਚ ਜ਼ਮੀਨੀ ਹਕੀਕਤਾਂ ਅਤੇ ਸਿੱਖਾਂ ਲਈ ਸੁਰੱਖਿਆ ਚਿੰਤਾਵਾਂ ਇਨ੍ਹਾਂ ਕੋਸ਼ਿਸ਼ਾਂ ’ਤੇ ਸਵਾਲੀਆ ਨਿਸ਼ਾਨ ਲਗਾ ਰਹੀਆਂ ਹਨ। ਸਰੀ ਦੇ ਸਿੱਖ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਨੂੰ ਪੁਲਿਸ ਵੱਲੋਂ ਦਿੱਤੀ ਗਈ ‘ਜਾਨਲੇਵਾ ਖ਼ਤਰੇ’ ਦੀ ਤਾਜ਼ਾ ਚਿਤਾਵਨੀ ਨੇ ਓਟਵਾ ਅਤੇ ਦਿੱਲੀ ਦੇ ਗਲਿਆਰਿਆਂ ਵਿੱਚ ਮੁੜ ਹਲਚਲ ਪੈਦਾ ਕਰ ਦਿੱਤੀ ਹੈ। ਭਾਈ ਹਰਦੀਪ ਸਿੰਘ ਨਿੱਝਰ ਦੇ ਕਰੀਬੀ ਸਾਥੀ ਅਤੇ ਖਾਲਿਸਤਾਨ ਪੱਖੀ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਨੇ ਖੁਲਾਸਾ ਕੀਤਾ ਹੈ ਕਿ ਕੈਨੇਡੀਅਨ ਪੁਲਿਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਜਾਨ ’ਤੇ ਮੰਡਰਾ ਰਹੇ ਗੰਭੀਰ ਖਤਰੇ ਬਾਰੇ ਚਿਤਾਵਨੀ ਦਿੱਤੀ ਹੈ।

ਰੰਧਾਵਾ ਮੁਤਾਬਕ, ਪੁਲਿਸ ਨੇ ਉਨ੍ਹਾਂ ਨੂੰ “ਡਿਊਟੀ ਟੂ ਵਾਰਨ” ਤਹਿਤ ਸੁਚੇਤ ਕੀਤਾ ਹੈ, ਜਿਸਦਾ ਮਤਲਬ ਹੈ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਕੋਈ ਵੱਡੀ ਸਾਜ਼ਿਸ਼ ਹੋ ਸਕਦੀ ਹੈ।ਨਰਿੰਦਰ ਸਿੰਘ ਰੰਧਾਵਾ ਨੂੰ ਵੈਨਕੂਵਰ ਵਿਖੇ ਵਿਸਾਖੀ ਪਰੇਡ ਦੌਰਾਨ ਪੁਲਿਸ ਦਾ ਫੋਨ ਆਇਆ ਸੀ। ਰੰਧਾਵਾ ਭਾਰਤ ਸਰਕਾਰ ਵਿਰੁੱਧ ਲਗਾਤਾਰ ਪ੍ਰਦਰਸ਼ਨ ਅਤੇ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿੱਚ ਇਨਸਾਫ਼ ਦੀ ਮੰਗ ਕਰ ਰਿਹਾ ਸੀ। ਰੰਧਾਵਾ ਉਸੇ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਵਿੱਚ ਸੇਵਾ ਨਿਭਾਉਂਦੇ ਹਨ, ਜਿੱਥੇ ਜੂਨ 2023 ਵਿੱਚ ਨਿੱਝਰ ਦਾ ਕਤਲ ਹੋਇਆ ਸੀ।

ਪੁਲਿਸ ਦੀ ਚਿਤਾਵਨੀ ਦੇ ਬਾਵਜੂਦ ਰੰਧਾਵਾ ਨੇ ਦਲੇਰੀ ਦਿਖਾਉਂਦੇ ਹੋਏ ਕਿਹਾ ਕਿ “ਉਹ ਭਾਰਤ ਸਰਕਾਰ ਦੇ ਖਿਲਾਫ ਆਪਣਾ ਵਿਰੋਧ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਮੈਂ ਬਿਲਕੁਲ ਠੀਕ ਮਹਿਸੂਸ ਕਰ ਰਿਹਾ ਹਾਂ। ਮੇਰੀ ਜ਼ਿੰਦਗੀ ਰੁਕਣ ਵਾਲੀ ਨਹੀਂ ਹੈ। ਮੈਂ ਆਪਣੀ ਮੁਹਿੰਮ ਨੂੰ ਹੋਰ ਵੀ ਜ਼ੋਰ-ਸ਼ੋਰ ਅਤੇ ਬੁਲੰਦ ਆਵਾਜ਼ ਵਿੱਚ ਜਾਰੀ ਰੱਖਾਂਗਾ।” ਰੰਧਾਵਾ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਇਸ ਲਈ ਬਣਾਇਆ ਜਾ ਰਿਹਾ ਹੈ ਕਿਉਂਕਿ ਉਹ ਮੋਦੀ ਸਰਕਾਰ ਵਿਰੁੱਧ ਕੈਨੇਡਾ ਦੀਆਂ ਸੜਕਾਂ ’ਤੇ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੇ ਹਨ।

‘ਸਿੱਖਸ ਫਾਰ ਜਸਟਿਸ’ ਦੇ ਆਗੂ ਇੰਦਰਜੀਤ ਸਿੰਘ ਗੋਸਲ ਨੇ ਕਿਹਾ ਕਿ ਰੰਧਾਵਾ ਦਾ ਮਾਮਲਾ ਕੋਈ ਇਕੱਲੀ ਘਟਨਾ ਨਹੀਂ ਹੈ। ਉਨ੍ਹਾਂ ਮੁਤਾਬਕ ਇਹ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦਾ ਇੱਕ ਡੂੰਘਾ ਪੈਟਰਨ ਹੈ। ਗੋਸਲ ਨੂੰ ਵੀ ਖੁਦ ਅਜਿਹੀਆਂ ਚਿਤਾਵਨੀਆਂ ਮਿਲ ਚੁੱਕੀਆਂ ਹਨ ਅਤੇ ਗਵਾਹ ਸੁਰੱਖਿਆ ਦੀ ਪੇਸ਼ਕਸ਼ ਕੀਤੀ ਗਈ ਹੈ। ਹਰਦੀਪ ਸਿੰਘ ਨਿੱਝਰ ਨੂੰ ਵੀ ਉਸ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਹੀ ਪੁਲਿਸ ਨੇ ਚਿਤਾਵਨੀ ਦਿੱਤੀ ਸੀ। ਰੰਧਾਵਾ ਤੋਂ ਪਹਿਲਾਂ ਸਿੱਖ ਫੈਡਰੇਸ਼ਨ ਆਫ ਕੈਨੇਡਾ ਦੇ ਮੁਖੀ ਮਨਿੰਦਰ ਸਿੰਘ ਨੂੰ ਵੀ ਅਜਿਹੀ ਹੀ ਚਿਤਾਵਨੀ ਦਿੱਤੀ ਗਈ ਸੀ।

ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸਬੰਧ ਵਿੱਚ ਹੁਣ ਤੱਕ ਚਾਰ ਭਾਰਤੀ ਨਾਗਰਿਕਾਂ-ਕਰਨ ਬਰਾੜ, ਕਮਲਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ-ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਹਿਲਾਂ ਹੀ ਇਸ ਕਤਲ ਵਿੱਚ ਭਾਰਤ ਸਰਕਾਰ ਦਾ ਹੱਥ ਹੋਣ ਦੇ ਇਲਜ਼ਾਮ ਲਗਾਏ ਸਨ, ਜਿਸ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕਾਫੀ ਤਣਾਅ ਆ ਗਿਆ ਸੀ। ਹਾਲਾਂਕਿ ਸਰੀ ਪੁਲਿਸ ਨੇ ਜਾਂਚ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੰਦੇ ਹੋਏ ਇਸ ਚਿਤਾਵਨੀ ਬਾਰੇ ਅਧਿਕਾਰਤ ਤੌਰ ’ਤੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਸਿੱਖ ਭਾਈਚਾਰੇ ਨੇ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਰਤ ਦੇ ਕਥਿਤ “ਟਰਾਂਸਨੈਸ਼ਨਲ ਰੈਪ੍ਰੇਸ਼ਨ” (ਦੇਸ਼ ਤੋਂ ਬਾਹਰ ਦਮਨਕਾਰੀ ਨੀਤੀਆਂ) ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ।

ਕੈਨੇਡੀਅਨ ਖੁਫੀਆ ਏਜੰਸੀ (ਸੀ ਐਸ ਆਈ ਐਸ) ਦੇ ਬੁਲਾਰੇ ਐਰਿਕ ਬਾਲਸਮ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਮੁਲਾਂਕਣ ਨਹੀਂ ਬਦਲਿਆ-ਭਾਰਤ ਅਜੇ ਵੀ ਕੈਨੇਡਾ ਵਿੱਚ “ਵਿਦੇਸ਼ੀ ਦਖਲਅੰਦਾਜ਼ੀ” ਕਰਨ ਵਾਲੇ ਚੋਟੀ ਦੇ ਦੇਸ਼ਾਂ ਵਿੱਚ ਸ਼ਾਮਲ ਹੈ।

ਸਭ ਤੋਂ ਦਿਲਚਸਪ ਅਤੇ ਚਿੰਤਾਜਨਕ ਪਹਿਲੂ ਇਹ ਹੈ ਕਿ ਇਹ ਘਟਨਾ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਫੇਰੀ ਦੇ ਮਹਿਜ਼ ਇੱਕ ਮਹੀਨੇ ਬਾਅਦ ਵਾਪਰੀ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਨਵੀਂ ਦਿੱਲੀ ਵਿੱਚ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਵਪਾਰਕ ਅਤੇ ਸੁਰੱਖਿਆ ਸਬੰਧਾਂ ਵਿੱਚ “ਪ੍ਰਗਤੀ” ਦਾ ਦਾਅਵਾ ਕੀਤਾ ਸੀ। ਪਰ ਜਿਸ ਵਕਤ ਕੈਨੇਡੀਅਨ ਕੈਬਨਿਟ ਭਾਰਤ ਨਾਲ ਤਣਾਅ ਘਟਾਉਣ ਦੀਆਂ ਗੱਲਾਂ ਕਰ ਰਹੀ ਸੀ, ਉਸੇ ਵਕਤ ਕੈਨੇਡਾ ਦੀਆਂ ਖੁਫੀਆ ਏਜੰਸੀਆਂ (ਸੀਐਸਆਈਐਸ) ਅਤੇ ਪੁਲਿਸ ਆਪਣੇ ਨਾਗਰਿਕਾਂ ਨੂੰ ‘ਵਿਦੇਸ਼ੀ ਦਖਲਅੰਦਾਜ਼ੀ’ ਅਤੇ ‘ਟਰਾਂਸਨੈਸ਼ਨਲ ਰੈਪ੍ਰੇਸ਼ਨ’ (ਦੇਸ਼ ਤੋਂ ਬਾਹਰ ਦਮਨ) ਦੇ ਖ਼ਤਰਿਆਂ ਬਾਰੇ ਸੁਚੇਤ ਕਰ ਰਹੀਆਂ ਸਨ। ਇਹ ਸਰਕਾਰ ਦੇ ਸਿਆਸੀ ਰੁਖ਼ ਅਤੇ ਸੁਰੱਖਿਆ ਏਜੰਸੀਆਂ ਦੇ ਮੁਲਾਂਕਣ ਵਿਚਾਲੇ ਇੱਕ ਵੱਡੇ ਪਾੜੇ ਨੂੰ ਦਰਸਾਉਂਦਾ ਹੈ।

ਪ੍ਰਗਟਾਵੇ ਦੀ ਆਜ਼ਾਦੀ ਬਨਾਮ ਕੌਮੀ ਸੁਰੱਖਿਆ-ਨਰਿੰਦਰ ਸਿੰਘ ਰੰਧਾਵਾ ਅਤੇ ਹਰਦੀਪ ਸਿੰਘ ਨਿੱਝਰ ਵਰਗੇ ਖਾਲਿਸਤਾਨੀ ਕਾਰਕੁਨਾਂ ਦਾ ਮਾਮਲਾ ਸਿਰਫ਼ ਦੋ ਦੇਸ਼ਾਂ ਦਾ ਝਗੜਾ ਨਹੀਂ ਰਹਿ ਗਿਆ, ਸਗੋਂ ਇਹ ਕੈਨੇਡੀਅਨ ਲੋਕਤੰਤਰ ਦੇ ਬੁਨਿਆਦੀ ਸਿਧਾਂਤਾਂ ਦੀ ਪਰਖ ਬਣ ਗਿਆ ਹੈ। ਭਾਰਤ ਇਨ੍ਹਾਂ ਕਾਰਕੁਨਾਂ ਨੂੰ ‘ਅੱਤਵਾਦੀ’ ਜਾਂ ‘ਵੱਖਵਾਦੀ’ ਮੰਨਦਾ ਹੈ ਅਤੇ ਕੈਨੇਡਾ ’ਤੇ ਨਰਮ ਰੁਖ਼ ਅਪਣਾਉਣ ਦੇ ਦੋਸ਼ ਲਗਾਉਂਦਾ ਹੈ। ਦੂਜੇ ਪਾਸੇ, ਕੈਨੇਡੀਅਨ ਸੰਵਿਧਾਨ ਆਪਣੇ ਹਰ ਨਾਗਰਿਕ ਨੂੰ ਸ਼ਾਂਤਮਈ ਪ੍ਰਦਰਸ਼ਨ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੈ। ਜਦੋਂ ਕਿਸੇ ਕਾਰਕੁਨ ਨੂੰ ਉਸ ਦੇ ਸਿਆਸੀ ਵਿਚਾਰਾਂ ਕਾਰਨ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਹਨ, ਤਾਂ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਕੈਨੇਡਾ ਆਪਣੀ ਧਰਤੀ ’ਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਸਮਰੱਥ ਹੈ ?

ਕੀ ਹੈ ਭਾਰਤ ਦਾ ਪ੍ਰਤੀਕਰਮ -ਭਾਰਤ ਨੇ ਹਮੇਸ਼ਾ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਿਆ ਹੈ ਅਤੇ ਇਸ ਨੂੰ ਕੈਨੇਡਾ ਦੀ ਅੰਦਰੂਨੀ ਵੋਟ ਬੈਂਕ ਰਾਜਨੀਤੀ ਦਾ ਹਿੱਸਾ ਦੱਸਿਆ ਹੈ। ਹਾਲਾਂਕਿ, ਜੇਕਰ ਕੈਨੇਡੀਅਨ ਪੁਲਿਸ ਕੋਲ “ਤੁਰੰਤ ਖ਼ਤਰੇ” ਦੇ ਪੁਖ਼ਤਾ ਸਬੂਤ ਹਨ, ਤਾਂ ਇਹ ਕੈਨੇਡਾ-ਭਾਰਤ ਸਬੰਧਾਂ ਦੇ ਨਵੇਂ ਅਧਿਆਏ ਲਈ ਇੱਕ ਵੱਡੀ ਰੁਕਾਵਟ ਸਾਬਤ ਹੋਵੇਗਾ। ਮਾਰਕ ਕਾਰਨੀ ਦੀ ਸਰਕਾਰ ਲਈ ਇਹ “ਦੋਧਾਰੀ ਤਲਵਾਰ” ’ਤੇ ਚੱਲਣ ਵਾਂਗ ਹੈ-ਉਹ ਨਾ ਤਾਂ ਭਾਰਤ ਵਰਗੀ ਵੱਡੀ ਆਰਥਿਕ ਸ਼ਕਤੀ ਨੂੰ ਨਾਰਾਜ਼ ਕਰਨਾ ਚਾਹੁੰਦੇ ਹਨ ਅਤੇ ਨਾ ਹੀ ਦੇਸ਼ ਦੇ ਅੰਦਰ ਮਨੁੱਖੀ ਅਧਿਕਾਰਾਂ ਅਤੇ ਸੁਰੱਖਿਆ ਦੇ ਮੁੱਦੇ ’ਤੇ ਸਮਝੌਤਾ ਕਰ ਸਕਦੇ ਹਨ।

ਸਰੀ ਪੁਲਿਸ ਵੱਲੋਂ ਦਿੱਤੀ ਗਈ ‘ਡਿਊਟੀ ਟੂ ਵਾਰਨ’ ਸਿਰਫ਼ ਇੱਕ ਚਿਤਾਵਨੀ ਨਹੀਂ, ਸਗੋਂ ਇੱਕ ਸੰਕੇਤ ਹੈ ਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਇਆ ਖ਼ੌਫ਼ ਅਜੇ ਵੀ ਬਰਕਰਾਰ ਹੈ। ਜਿੰਨਾ ਚਿਰ ਦੋਵੇਂ ਦੇਸ਼ ਸੁਰੱਖਿਆ ਅਤੇ ਖੁਫੀਆ ਜਾਣਕਾਰੀ ਦੇ ਪੱਧਰ ’ਤੇ ਪਾਰਦਰਸ਼ੀ ਤਰੀਕੇ ਨਾਲ ਇੱਕ-ਦੂਜੇ ਦਾ ਵਿਸ਼ਵਾਸ ਨਹੀਂ ਜਿੱਤਦੇ, ਉਦੋਂ ਤੱਕ ਪ੍ਰਧਾਨ ਮੰਤਰੀਆਂ ਦੀਆਂ ਮੁਲਾਕਾਤਾਂ ਅਤੇ ਹੱਥ ਮਿਲਾਉਣ ਦੀਆਂ ਤਸਵੀਰਾਂ ਸਿਰਫ਼ ਦਿਖਾਵਾ ਹੀ ਰਹਿਣਗੀਆਂ। ਅਸਲੀ ਪ੍ਰਗਤੀ ਉਦੋਂ ਹੋਵੇਗੀ ਜਦੋਂ ਕੈਨੇਡਾ ਦੀਆਂ ਸੜਕਾਂ ’ਤੇ ਕੋਈ ਵੀ ਨਾਗਰਿਕ ਆਪਣੇ ਸਿਆਸੀ ਵਿਚਾਰਾਂ ਕਾਰਨ ਜਾਨ ਦੇ ਖ਼ਤਰੇ ਵਿੱਚ ਮਹਿਸੂਸ ਨਹੀਂ ਕਰੇਗਾ।

## ਕੈਨੇਡਾ ਸਰਕਾਰ ਨੇ ਹੁਣ ਤਕ ਸਿੱਖ ਸੁਰਖਿਆ ਲਈ ਕੀ ਉਪਰਾਲੇ ਕੀਤੇ

ਕੈਨੇਡਾ ਸਰਕਾਰ ਨੇ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਵਿਦੇਸ਼ੀ ਦਖਲਅੰਦਾਜ਼ੀ ਨੂੰ ਰੋਕਣ ਲਈ ਹੁਣ ਤੱਕ ਕਈ ਅਹਿਮ ਕਾਨੂੰਨੀ, ਪ੍ਰਸ਼ਾਸਨਿਕ ਅਤੇ ਸੁਰੱਖਿਆ ਕਦਮ ਚੁੱਕੇ ਹਨ। ਇੱਥੇ ਮੁੱਖ ਉਪਰਾਲਿਆਂ ਦਾ ਵੇਰਵਾ ਦਿੱਤਾ ਗਿਆ ਹੈ:

ਸਰਕਾਰ ਨੇ ਬਿੱਲ ਸੀ-70 (ਕਾਊਂਟਰਿੰਗ ਫਾਰਨ ਇੰਟਫੀਅਰੈਂਸ ਐਕਟ) ਵਰਗੇ ਸਖ਼ਤ ਕਾਨੂੰਨ ਪੇਸ਼ ਕੀਤੇ ਹਨ, ਜੋ ਖਾਸ ਤੌਰ ’ਤੇ ’ਟਰਾਂਸਨੈਸ਼ਨਲ ਰੈਪ੍ਰੇਸ਼ਨ’ (ਵਿਦੇਸ਼ੀ ਦਮਨ) ਨੂੰ ਨੱਥ ਪਾਉਣ ਲਈ ਬਣਾਏ ਗਏ ਹਨ। ਹੁਣ ਹਰ ਉਸ ਵਿਅਕਤੀ ਜਾਂ ਸੰਸਥਾ ਨੂੰ ਆਪਣਾ ਨਾਮ ਦਰਜ ਕਰਵਾਉਣਾ ਪਵੇਗਾ ਜੋ ਵਿਦੇਸ਼ੀ ਸਰਕਾਰਾਂ ਦੇ ਇਸ਼ਾਰੇ ’ਤੇ ਕੈਨੇਡਾ ਵਿੱਚ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਵਿਦੇਸ਼ੀ ਤਾਕਤਾਂ ਵੱਲੋਂ ਕੈਨੇਡੀਅਨ ਨਾਗਰਿਕਾਂ ਨੂੰ ਡਰਾਉਣ-ਧਮਕਾਉਣ ਜਾਂ ਹਿੰਸਾ ਕਰਨ ਦੀਆਂ ਗਤੀਵਿਧੀਆਂ ਨੂੰ ਗੰਭੀਰ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

ਸਰਕਾਰ ਕੈਨੇਡਾ ਕਮਿਊਨਟੀ ਸਿਕਊਰਟੀ ਪਰੋਗਰਾਮ (ਸੀਸੀਐਸਪੀ) ਤਹਿਤ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਸਿੱਧੀ ਮਦਦ ਦੇ ਰਹੀ ਹੈ: ਉਦਾਹਰਣ ਵਜੋਂ, ਜੂਨ 2025 ਵਿੱਚ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਨੂੰ ਲਗਭਗ $145,000 ਦੀ ਗ੍ਰਾਂਟ ਦਿੱਤੀ ਗਈ ਸੀ ਤਾਂ ਜੋ ਉੱਥੇ ਸੀਸੀਟੀਵੀ ਕੈਮਰੇ, ਬਾਹਰੀ ਲਾਈਟਾਂ ਅਤੇ ਮਜ਼ਬੂਤ ਵਾੜ ਲਗਾਈ ਜਾ ਸਕੇ। ਇਸ ਦਾ ਮਕਸਦ ਨਫ਼ਰਤੀ ਅਪਰਾਧਾਂ ਨੂੰ ਰੋਕਣਾ ਅਤੇ ਸੰਗਤ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਹੈ।

ਕੈਨੇਡੀਅਨ ਪੁਲਿਸ ਨੇ ਸੁਰੱਖਿਆ ਪ੍ਰੋਟੋਕੋਲ ਨੂੰ ਹੋਰ ਤੇਜ਼ ਕਰ ਦਿੱਤਾ ਹੈ: ਜਦੋਂ ਵੀ ਖੁਫੀਆ ਏਜੰਸੀਆਂ ਨੂੰ ਕਿਸੇ ਸਿੱਖ ਕਾਰਕੁਨ ਦੀ ਜਾਨ ’ਤੇ ਖ਼ਤਰੇ ਦੀ ਸੂਚਨਾ ਮਿਲਦੀ ਹੈ, ਤਾਂ ਪੁਲਿਸ ਤੁਰੰਤ ‘ਡਿਊਟੀ ਟੂ ਵਾਰਨ’ ਤਹਿਤ ਉਸ ਵਿਅਕਤੀ ਨੂੰ ਸੁਚੇਤ ਕਰਦੀ ਹੈ। ਨਰਿੰਦਰ ਸਿੰਘ ਰੰਧਾਵਾ ਅਤੇ ਮਨਿੰਦਰ ਸਿੰਘ ਵਰਗੇ ਕਾਰਕੁਨਾਂ ਨੂੰ ਦਿੱਤੀਆਂ ਗਈਆਂ ਤਾਜ਼ਾ ਚਿਤਾਵਨੀਆਂ ਇਸੇ ਮੁਸਤੈਦੀ ਦਾ ਹਿੱਸਾ ਹਨ।

ਜਸਟਿਸ ਮੈਰੀ-ਜੋਸੀ ਹੋਗ ਦੀ ਅਗਵਾਈ ਹੇਠ ਇੱਕ ਕਮਿਸ਼ਨ ਬਣਾਇਆ ਗਿਆ ਹੈ ਜੋ ਕੈਨੇਡਾ ਦੀਆਂ ਲੋਕਤੰਤਰੀ ਸੰਸਥਾਵਾਂ ਅਤੇ ਭਾਈਚਾਰਿਆਂ (ਖਾਸ ਕਰਕੇ ਸਿੱਖਾਂ) ਵਿੱਚ ਭਾਰਤ ਅਤੇ ਹੋਰ ਦੇਸ਼ਾਂ ਦੇ ਕਥਿਤ ਦਖਲ ਦੀ ਜਾਂਚ ਕਰ ਰਿਹਾ ਹੈ। ਇਸ ਦੀ ਅੰਤਿਮ ਰਿਪੋਰਟ 2025-26 ਵਿੱਚ ਪੇਸ਼ ਕੀਤੀ ਜਾਣੀ ਹੈ।

ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਗੁਰਦੁਆਰਿਆਂ ਦੇ ਆਲੇ-ਦੁਆਲੇ ‘ਸੁਰੱਖਿਅਤ ਜ਼ੋਨ’ ਬਣਾਉਣ ਲਈ ਕਾਨੂੰਨ ਲਿਆਂਦਾ ਹੈ। ਇਹ ਕਾਨੂੰਨ ਕਿਸੇ ਵੀ ਅਜਿਹੀ ਗਤੀਵਿਧੀ ਨੂੰ ਰੋਕਦਾ ਹੈ ਜੋ ਸੰਗਤ ਨੂੰ ਗੁਰਦੁਆਰਾ ਸਾਹਿਬ ਜਾਣ ਤੋਂ ਰੋਕੇ ਜਾਂ ਡਰਾਵੇ-ਧਮਕਾਵੇ।

ਸਰਕਾਰ ਨੇ ‘ਕੰਬੈਟਿੰਗ ਹੇਟ ਐਕਟ ਰਾਹੀਂ ਨਫ਼ਰਤ ਫੈਲਾਉਣ ਵਾਲੇ ਅਨਸਰਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਹੈ, ਤਾਂ ਜੋ ਸਿੱਖ ਭਾਈਚਾਰੇ ਵਿਰੁੱਧ ਸੋਸ਼ਲ ਮੀਡੀਆ ਜਾਂ ਜਨਤਕ ਥਾਵਾਂ ’ਤੇ ਹੋਣ ਵਾਲੇ ਭੰਡੀ-ਪ੍ਰਚਾਰ ਨੂੰ ਰੋਕਿਆ ਜਾ ਸਕੇ।

ਕੈਨੇਡਾ ਸਰਕਾਰ ਦਾ ਮੁੱਖ ਜ਼ੋਰ ਹੁਣ ਸਿਰਫ਼ ਬਿਆਨਬਾਜ਼ੀ ’ਤੇ ਨਹੀਂ, ਸਗੋਂ ਕਾਨੂੰਨ ਨੂੰ ਸਖ਼ਤ ਕਰਨ ਅਤੇ ਗੁਰਦੁਆਰਿਆਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ’ਤੇ ਹੈ। ਹਾਲਾਂਕਿ, ਸਿੱਖ ਜਥੇਬੰਦੀਆਂ ਅਜੇ ਵੀ ਭਾਰਤ ਸਰਕਾਰ ਵਿਰੁਧ ਹੋਰ ਵਧੇਰੇ ਸਖ਼ਤ ਕੂਟਨੀਤਕ ਕਾਰਵਾਈ ਦੀ ਮੰਗ ਕਰ ਰਹੀਆਂ ਹਨ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**687. ਪ੍ਰਭੂ ਨੂੰ ਕਿਹੜਾ ਹਰੀ ਜਨ ਭਾਉਂਦਾ ਹੈ?**

ਉਹ ਹਰੀ ਜਨ ਪ੍ਰਭੂ ਨੂੰ ਪਿਆਰਾ ਲੱਗਦਾ ਹੈ ਜੋ ਰਾਤ ਦਿਨ ਪ੍ਰਭੂ ਦੀ ਭਗਤੀ ਕਰਦਾ ਹੈ ਤੇ ਲੋਕ-ਲਾਜ ਛੱਡ ਕੇ ਪ੍ਰਭੂ ਦੇ ਗੁਣ ਗਾਉਂਦਾ ਹੈ ।1।ਰਹਾਉ। "ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਲਾਜ ਛੋਡਿ ਹਰਿ ਕੇ ਗੁਣ ਗਾਵੈ॥1॥ ਰਹਾਉ ॥ ਅੰਗ 879" ।

**688. ਸਭ ਤੋਂ ਉਂਚਾ ਤੇ ਸੁੱਚਾ ਕੌਣ ਹੈ?**

ਜਿਸਦੇ ਹਿਰਦੇ ਵਿਚ ਸ੍ਰੀ ਭਗਵਾਨ ਦਾ ਵਾਸਾ ਹੈ! "ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥ ਅੰਗ 861" । ਅਤੇ "ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਅੰਗ 1156" । ਕਿਉਂਕਿ ਉਹ ਪਰਮੇਸ਼ਰ ਰੂਪ ਹੋ ਜਾਂਦਾ ਹੈ ਤੇ ਪਰਮੇਸ਼ਰ ਸਭ ਤੋਂ ਉੱਚਾ ਤੇ ਸੁੱਚਾ ਹੁੰਦਾ ਹੈ। "ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ॥ ਅੰਗ 534" ।

**689. ਵੇਗਾਰ ਕੀ ਹੈ? ਘਰ ਦਾ ਕੰਮ ਕੀ ਹੈ?**

ਵੇਗਾਰ ਉਹ ਕੰਮ ਹੁੰਦਾ ਹੈ, ਜੋ ਅਸੀਂ ਦੂਸਰਿਆਂ ਲਈ ਕਰਦੇ ਹਾਂ ਤੇ ਜਿਸਦੀ ਸਾਨੂੰ ਦਿਹਾੜੀ ਨਹੀਂ ਮਿਲਦੀ! ਜਿਹੜਾ ਮਨੁੱਖ ਦਿਨ ਰਾਤ (ਮਾਇਆ ਦਾ) ਲਾਲਚ ਕਰਦਾ ਰਹਿੰਦਾ ਹੈ, ਮਾਇਆ ਦਾ ਭਰਮਾਇਆ ਹੋਇਆ ਮਾਇਆ ਦੀ ਖ਼ਾਤਰ ਭਟਕਦਾ ਫਿਰਦਾ ਹੈ, ਉਹ ਉਸ ਵੇਗਾਰੀ ਵਾਂਗ ਹੈ ਜੋ ਆਪਣੇ ਸਿਰ ਉੱਤੇ (ਬਿਗਾਨਾ) ਭਾਰ ਚੁੱਕ ਕੇ ਵੇਗਾਰ ਕੱਢਦਾ ਫਿਰਦਾ ਹੈ, ਕਿਉਂਕਿ ਇਹ ਮਾਇਆ ਮਰਨ ਉਪਰੰਤ ਨਾਲ ਨਹੀਂ ਜਾਣੀ । ਪਰ ਜੇਹੜਾ ਜਨ/ਸੇਵਕ ਗੁਰੂ ਦੀ ਸੇਵਾ (ਸ਼ਬਦ ਵਿਚਾਰ) ਕਰਦਾ ਹੈ ਉਸ ਨੂੰ ਪ੍ਰਭੂ ਨੇ ਗੁਰੂ ਸ਼ਬਦ ਦੀ ਕਮਾਈ ਵਿਚ ਲਾ ਦਿੱਤਾ ਹੈ, ਜੋ ਉਸ ਦਾ ਅਸਲ ਆਪਣਾ ਕੰਮ ਹੈ, ਕਿਉਂਕਿ ਉਹ ਮਰਨ ਉਪਰੰਤ ਨਾਲ ਜਾਣਾ ਹੈ । ਇਸ ਕਰਕੇ ਸਤਿਗੁਰੂ ਜੀ ਸਾਨੂੰ ਅਰਦਾਸ ਕਰਨਾ ਸਿਖਾਉਂਦੇ ਹਨ ਕਿ ਹੇ ਮੇਰੇ ਸਰਬ ਵਿਆਪਕ ਵਾਹਿਗੁਰੂ! ਮੇਰੇ ਮਾਇਆ ਦੇ ਬੰਧਨ ਤੋੜ ਕਿ ਮੈਨੂੰ ਘਰ (ਆਪਣੇ ਨਿਜ) ਦੇ ਕੰਮ ਲਾਓ । ਉਹ ਕਿਹੜਾ ਕੰਮ ਹੈ? ਨਿਤ ਪ੍ਰਭੂ ਦੇ ਗੁਣ ਗਾਵਾਂ ਤੇ ਪ੍ਰਭੂ ਦੇ ਨਾਮ ਵਿਚ ਹੀ ਸਮਾ ਜਾਵਾਂ । "ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥ ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥1॥ ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥ ਨਿਤ ਹਰਿਗੁਣ ਗਾਵਹ ਹਰਿਨਾਮਿ ਸਮਾਇ ॥1॥ਰਹਾਉ॥ ਅੰਗ 166" ॥

**690. ਭੁੱਖ ਕਿੱਦਾਂ ਵਧਦੀ ਹੈ ਤੇ ਦੁਬਾਰਾ ਭੁੱਖ ਕਿੱਦਾਂ ਨਹੀਂ ਲੱਗਦੀ?**

ਜਿਤਨੇ ਵੀ ਹੋਰ ਹੋਰ ਰਸਾਂ ਦੇ ਸੁਆਦ ਹਨ (ਜੋ ਅਸੀਂ ਮਾਣਦੇ ਹਾਂ), ਉਤਨੀ ਹੀ ਭੁੱਖ (ਤ੍ਰਿਸ਼ਨਾ) ਹੋਰ ਲੱਗਦੀ ਹੈ (ਮਾਇਕ ਰਸਾਂ ਵਲੋਂ ਮਨੁੱਖ ਕਦੇ ਭੀ ਰੱਜਦਾ ਨਹੀਂ) । ਜਿਸ ਮਨੁੱਖ ਉਤੇ ਪ੍ਰਭੂ ਆਪ ਕਿਰਪਾ ਕਰਦਾ ਹੈ, ਉਹ ਮਨੁੱਖ ਗੁਰੂ ਅੱਗੇ ਆਪਣਾ ਸਿਰ ਵੇਚ ਦਿੰਦਾ ਹੈ (ਭਾਵ ਆਪਣੀ ਮਰਜ਼ੀ ਕਰਨਾ ਤਿਆਗ ਦਿੰਦਾ ਹੈ); ਹੇ ਦਾਸ ਨਾਨਕ! ਉਹ ਮਨੁੱਖ ਪ੍ਰਭੂ ਦੇ ਨਾਮ-ਰਸ ਨਾਲ ਰੱਜ ਜਾਂਦਾ ਹੈ, ਫਿਰ ਉਸ ਨੂੰ ਮਾਇਆ ਦੀ ਭੁੱਖ ਨਹੀਂ ਲੱਗਦੀ । "ਜਿਤਨੀ ਭੂਖ ਅਨ ਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥ ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ॥ ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥4॥4॥10॥48॥ ਅੰਗ 167" । ਮਾਇਆ ਦੀ ਭੁੱਖ ਨੂੰ ਗੁਰਬਾਣੀ ਵਿਚ ਤ੍ਰਿਸ਼ਨਾ ਕਿਹਾ ਗਿਆ ਹੈ । ਤ੍ਰਿਸ਼ਨਾ ਵਾਰੇ ਵਧੇਰੇ ਜਾਣਕਾਰੀ ਲਈ ਪ੍ਰਸ਼ਨ ਉਤਰ 790 ਤੋਂ 803 ਦੇਖੋ!

**691. ਮੇਰੇ ਵਰਗੇ ਬਹੁਤ ਬਹੁਤ ਅਵਗੁਣ ਭਰਿਆਂ ਦਾ ਛੁਟਕਾਰਾ ਕਿੱਦਾਂ ਹੋਵੇ?**

ਪ੍ਰਭੂ ਦੀ ਸ਼ਰਨ ਪੈ ਕੇ ਉਸਦੀ ਕਿਰਪਾ ਲਈ ਅਰਦਾਸ ਕਰੀਏ! ਹੇ ਮੇਰੇ ਰਾਮ! ਮੈਂ ਪਾਪੀ ਤੇਰੇ ਦਰ ਤੇ ਤੇਰੀ ਸ਼ਰਨ 'ਚ ਆਇਆ ਹਾਂ। ਮੇਰੀ ਮਤਿ ਨਿਰਗੁਣੀ ਹੈ, ਮੈਂ ਮੈਲ਼ਾ ਹਾਂ, ਆਪਣੀ ਕਿਰਪਾ ਕਰ (ਮੈਨੂੰ ਨਿਰਮਲ ਕਰ) । ਮੇਰੇ ਅੰਦਰ ਬੇਅੰਤ ਅਵਗੁਣ ਹਨ, ਗਿਣੇ ਨਹੀਂ ਜਾ ਸਕਦੇ, ਮੈਂ ਮੁੜ ਮੁੜ ਔਗੁਣ ਕਰਦਾ ਹਾਂ । ਤੂੰ ਗੁਣਾਂ ਦਾ ਮਾਲਕ ਹੈਂ, ਦਇਆ ਦਾ ਘਰ ਹੈਂ, ਜਦੋਂ ਤੈਨੂੰ ਭਾਉਂਦਾ ਹੈ ਤੂੰ ਆਪ ਹੀ (ਅਵਗੁਣ) ਬਖ਼ਸ਼ ਲੈਂਦਾ ਹੈਂ। ਮੇਰੇ ਵਰਗੇ ਪਾਪੀਆਂ ਨੂੰ ਗੁਰੂ ਦੀ ਸੰਗਤਿ ਵਿਚ ਰੱਖ ਕੇ, ਤੂੰ (ਨਾਮ ਜਪਣ ਦਾ) ਉਪਦੇਸ਼ ਦਿੱਤਾ ਹੈ, ਤੇ ਨਾਮ ਨੇ ਮੈਨੂੰ ਅਵਗੁਣਾਂ ਤੋਂ ਛੁਡਾ ਲਿਆ ਹੈ । "ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ॥ ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥1॥ ਰਹਾਉ ॥ ਹਮਰੇ ਅਵਗੁਣ ਬਹੁਤ ਬਹੁਤ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿਨਾਮੁ ਛਡਾਵੈ ॥2॥ ਅੰਗ 167" ।

**692. ਗੁਰਬਾਣੀ ਮੁਤਾਬਿਕ ਨੀਚ ਕਰਮ ਕਿਹੜੇ ਹਨ?**

ਪ੍ਰਭੂ ਨੂੰ ਭੁੱਲ ਕੇ ਹੋਰ (ਦੁਨਿਆਵੀ) ਰਸਾਂ 'ਚ ਖਚਿਤ ਹੋਣਾ ਨੀਚ ਕਰਮ ਹਨ! ਮੇਰੀ ਜਿੰਦ ਸੋਨੇ ਤੇ ਇਸਤ੍ਰੀ (ਦੇ ਮੋਹ) ਵਿਚ ਲੁਭਾਇਮਾਨ ਹੋਈ ਹੈ, ਮਾਇਆ ਦਾ ਮੋਹ ਮੈਨੂੰ ਮਿੱਠਾ ਲੱਗ ਰਿਹਾ ਹੈ । ਘਰ, ਮਹਿਲ ਤੇ ਘੋੜੇ (ਵੇਖ ਵੇਖ ਕੇ) ਮੇਰਾ ਮਨ ਖੁਸ਼ ਹੁੰਦਾ ਹੈ ਤੇ (ਨਾਮ ਤੋਂ ਬਿਨਾ) ਹੋਰ ਹੋਰ ਰਸਾਂ ਵਿਚ ਲੱਗਾ ਹੋਇਆ ਹੈ । ਹੇ ਮੇਰੇ ਹਰੀ ਪਾਤਿਸ਼ਾਹ! ਤੂੰ ਮੈਨੂੰ ਕਦੇ ਚਿੱਤ ਨਹੀਂ ਆਉਂਦਾ, ਮੈਂ ਇਸ ਮੋਹ/ਹੋਰ ਰਸਾਂ ਵਿਚੋਂ ਕਿਵੇਂ ਛੁੱਟਾਂ ? ਹੇ ਮੇਰੇ ਰਾਮ! ਮੇਰੇ ਹਰੀ ! ਮੇਰੇ ਇਹ ਨੀਚ ਕੰਮ ਹਨ । ਹੇ ਗੁਣਾਂ ਦੇ ਮਾਲਕ ਦਇਆਲ ਪ੍ਰਭੂ ਮਿਹਰ ਕਰ ਤੇ ਮੇਰੇ ਸਾਰੇ ਅਉਗਣ ਬਖ਼ਸ਼ ਲੈ । "ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ॥ ਘਰ ਮੰਦਰ ਘੋੜੇ ਖੁਸੀ ਮਨੁ ਅਨ ਰਸਿ ਲਾਇਆ ॥ ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ॥1॥ ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥ ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥1॥ ਰਹਾਉ ॥ ਅੰਗ 167"।

ਚਲਦਾ...


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME............................................................................

ADDRESS.......................................................................

..............................................POST CODE...........................

TEL..................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*



## ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ ਚਾਰ ਧਾਰਮਿਕ ਸੇਵਾਦਾਰਾਂ ਦੀ ਲੋੜ ਹੈ

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ 2 ਕੀਰਤਨ ਕਰਨ ਵਾਲੇ ਅਤੇ 2 ਤਬਲਾ ਵਾਦਕਾਂ ਦੀ ਤੁਰੰਤ ਲੋੜ ਹੈ। ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਨਿੱਤਨੇਮ, ਕੀਰਤਨ, ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀਆਂ ਅਰਜ਼ੀਆਂ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ ਉੱਤੇ ਭੇਜਣ ਦੀ ਕ੍ਰਿਪਾਲਤਾ ਕਰਨ । ਅਰਜ਼ੀਆਂ ਭੇਜਣ ਦੀ ਆਖ਼ਰੀ ਤਰੀਕ 8 ਮਈ 2026 ਹੈ ।

## 4 VACANCIES for Tier-5 Religious Workers

***4 Religious Workers Required:*** Role includes reciting from Guru Granth Sahib Ji. Perform Keertan (Singing Hymns) Tabla (drums), Serving Langer within Gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have right to work in U.K. and 3 years experience.

***Pay and Conditions:*** Required to be residing within the Gurdwara. Work 25 hours per week, statuary minimum wage and statuary holiday pay. ***Closing Date: 8th may 2026***

***For an application or more information contact:***

**President or General Secretary**

**SHRI GURU RAVIDASS TEMPLE**
**282 WESTERN ROAD, SOUTHALL, MIDDX. UB2 5JT**
**Tel: 020 8574 0245 / Fax: 020 8574 8967**

# ਗੁਰੂ ਬੈਠਾ ਅਮਰੁ ਸਰੂਪ ਹੋਇ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743


**ਕਿਸ਼ਤ-34**

ਇਤਨੇ ਬਚਨ ਕਰ ਕੇ ਸੰਤੁਸ਼ਟਤਾ ਨਾਲ ਸਾਰੇ ਵਿਦਾ ਹੋਏ।

ਅਜਿਹੇ ਕੌਤਕਾਂ ਨੂੰ ਯਾਦ ਕਰਦਿਆਂ ਕਦੀ ਭੱਟ ਕਲ੍ਹਸਹਾਰ ਜੀ ਨੇ ਬਚਨ ਕੀਤਾ:

ਤਿਤੁ ਨਾਮਿ ਲਾਗਿ ਤੇਤੀਸ
ਧਿਆਵਹਿ ਜਤੀ ਤਪੀਸੁਰ ਮਨਿ ਵਸਿਆ॥
ਸੋਈ ਨਾਮੁ ਸਿਮਰਿ ਗੰਗੇਵ
ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ॥
ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ
ਸਤਿ ਕਰਿ ਸੰਗਤਿ ਉਧਰੀਆ॥
ਸੋਈ ਨਾਮੁ ਅਛਲ ਭਗਤਹ ਭਵਤਾਰਣੁ
ਅਮਰਦਾਸ ਗੁਰ ਕਉ ॥
ਗੁ.ਗ੍ਰ.ਸਾ. ਪੰਨਾ 1393

**ਇਤਿਹਾਸਕ ਹਵਾਲੇ:**

ਤਬ ਉਨੋ ਨੇ ਪਰਸੰਨ ਕੀਆ। ਜੋ ਤੁਮਰੇ ਮਾਰਗ ਮੇ ਬਹੁਤ ਕਿਰਿਆ ਬੇਦ ਕੀ ਨਾਹੀ। ਅਰ ਵਾਹਿਗੁਰੂ ਕਾ ਨਾਮ ਜਪੀਤਾ ਹੈ ਤਾ ਇਨ ਕਾ ਸੰਸਾ ਹੈ। ਸੋ ਹਮਾਰਾ ਨਿਵਿਰਤ ਕਰੀਏ। ਤਬ ਸਤਿਗੁਰੂ ਨੇ ਆਗਿਆ ਕੀਤੀ -ਅਮਕਾ ਪੁਰਾਨ ਲਿਆਵੋ ਤਿਸ ਮੋ ਜੋ ਨਿਰੰਜਨੀ ਅਉਤਾਰ ਕੀ ਜੋ ਮਹਮਾ ਬ੍ਰਹਮ ਕੇ ਬਚਨ ਕਰਕੇ ਜੋ ਬਰਕਤ ਥੀ ਸੋ ਸਭ ਦਿਖਾਇ ਦੀਆ, ਭਵਿਖੋਤਮ ਪੁਰਾਨ ਮੋ ਸਭ ਪੰਡਤ ਬਾਚ ਕਰ ਕੇ ਹੈਰਾਨ ਹੋਇ ਗਏ। ਅਰ ਸ਼ਾਸਤ੍ਰ ਕਰ ਕੇ ਸਹੀ ਕੀਤੀ। ਤਬ ਆਦ ਰਾਮ ਜੀ ਕੇ ਅਉਤਾਰ ਕਰ ਕੇ ਅਰ ਕ੍ਰਿਸ਼ਨ ਅਉਤਾਰ ਬਿਖੇ ਅਰ ਪਹਲਾਦਿ ਨਾਰਦ ਸੁਕਦੇਵ ਕੇ ਬਚਨਨ ਕਰ ਕੇ ਜੋ ਗੁਰੂ ਕੀ ਮਹਮਾ ਥੀ ਸੋ ਸਭ ਕਰ ਕੇ ਦਿਖਲਾ ਦੀਆ, ਸਹੀ ਕੀਆ।...ਤਬ ਸਭ ਨੇ ਨਮਸਕਾਰ ਕੀਆ। ਸਤਗੁਰ ਕਾ ਜਾਪ ਜਪਨੇ ਲਗੇ।36॥ ਮ.ਪ੍ਰ. ਵਾਰਤਕ

ਨਗਰ ਸਗਲ ਮਿਲਿ ਦਰਸਨ ਆਏ।
ਸੰਤ ਮਹੰਤ ਅਤੀਤ ਸਬਾਏ।
ਰਿਖਿ ਮੁਨਿ ਪੰਡਿਤ ਤੀਰਥ ਬਾਸੀ।
ਸਭ ਆਏ ਗੁਰ ਦਰਸਨ ਜਗਿਆਸੀ।37॥
ਦੋਹਰਾ॥ ਸਕਲ ਲੋਕ ਉਸਤਤਿ
ਸਤਿਗੁਰ ਭਏ ਦਿਆਲ।
ਤਿਨ ਕੋ ਪ੍ਰੀਤ ਪ੍ਰਤੀਤ ਦੇ
ਦੀਆ ਪ੍ਰਤਛ ਦਿਖਾਲ।53॥8॥ ਮ.ਪ੍ਰ.
ਸਭ ਨੇ ਜਾਨੇ ਗਹਿਰ ਗੰਭੀਰ।
(ਸਭਨਾਂ ਨੇ ਸਤਿਗੁਰਾਂ ਨੂੰ ਮਹਾਨ ਜਾਣਿਆ)
ਇਨ ਕੋ ਥਾਹ ਨ ਦੀਰਘ ਧੀਰ।
(ਕਿ ਇਨ੍ਹਾਂ ਦੀ ਵਡਿਆਈ ਦਾ ਅੰਤ ਨਹੀਂ)
ਕਰਿ ਕਰਿ ਨਮੋ ਬਿਦਾ ਹੋਇ ਗਏ।
(ਸਾਰੇ ਨਮਸਕਾਰ ਕਰ ਕੇ ਵਿਦਾ ਹੋਏ)
ਕਰਤਿ ਸਤੁਤਿ ਮਗ
ਗਮਨਤ ਭਏ।।40॥49॥ ਰਾਸ 1
(ਸਾਰੇ ਰਾਹ ਵਡਿਆਈ ਕਰਦੇ ਗਏ)

ਸਤਿਗੁਰੂ ਜੀ ਤਕਰੀਬਨ 8 ਦਿਨ ਏਥੇ ਰਹਿ ਕੇ ਨਾਮ-ਬਾਣੀ ਦੀ ਬਰਖਾ ਕਰਦਿਆਂ ਜੀਵਾਂ ਨੂੰ ਨਿਹਾਲ ਕਰ ਕੇ ਸ੍ਰੀ ਗੋਇੰਦਵਾਲ ਨੂੰ ਚਾਲੇ ਪਾ ਦਿੱਤੇ। ਜਿਥੇ ਪਾਤਸ਼ਾਹ ਜੀ ਨੇ ਡੇਰਾ ਕੀਤਾ ਸੀ, ਸਮਾਂ ਪਾ ਕੇ ਇਥੇ ਪ੍ਰੇਮੀਆਂ ਨੂੰ ਗੁਰੂ ਕੇ ਪਿਆਰ ਵਿਚ ਸਥਾਨ ਕਾਇਮ ਕੀਤਾ ਜਿਥੇ ਅੱਜ ਸੁੰਦਰ ਅਸਥਾਨ 'ਗੁਰਦੁਆਰਾ ਤਪ ਅਸਥਾਨ ਗੁਰੂ ਅਮਰਦਾਸ ਜੀ, ਸਤੀ ਘਾਟ, ਕੰਨਖਲ' ਸੁਭਾਇਮਾਨ ਹੈ ਜਿਸ ਦੇ ਮੁਖ ਦੁਆਰ 'ਤੇ ਭਲੋ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥ ਉਕਰਿਆ ਹੋਇਆ ਹੈ। ਹਰ ਸਮੇਂ ਸਤਸੰਗ ਅਰ ਗੁਰੂ ਕਾ ਲੰਗਰ ਚਲਦਾ ਹੈ।



ਗੁ. ਤਪ ਅਸਥਾਨ ਸਤੀ ਘਾਟ ਜਿਥੇ ਗੁਰੂ ਅਮਰਦਾਸ ਜੀ ਕੁਝ ਦਿਨ ਠਹਿਰੇ ਅਰ ਭਰਮੀ ਲੋਕਾਂ ਨੂੰ ਨਾਮ-ਬਾਣੀ ਨਾਲ ਜੋੜਿਆ। ਗੁ. ਤਪ ਅਸਥਾਨ ਦੀ ਤਸਵੀਰ

**ਮਿਹੜੇ ਦਾ ਬ੍ਰਾਹਮਣ**

ਸਾਡੇ ਇਤਿਹਾਸਕਾਰਾਂ ਦਾ ਵਰਨਣ ਹੈ ਕਿ ਵਾਪਸੀ ਦੇ ਰਾਹ 'ਤੇ ਅੰਬਾਲੇ ਦੇ ਕੋਲ ਇਕ ਨਗਰ ਮਿਹੜੇ ਆਣ ਰੁਕੇ ਜਿਥੇ ਕਈ ਸਾਲ ਪਹਿਲਾਂ 1597 ਸੰਮਤ/ 1540 ਸੰਨ ਨੂੰ ਹਰਿਦੁਆਰ ਤੋਂ ਵਾਪਸੀ 'ਤੇ ਇਕ ਧਰਮਸਾਲ ਵਿਚ ਰੁਕੇ ਸਨ। ਓਦੋਂ ਇਥੇ ਮੰਜੇ ਬਿਸਤਰੇ ਦੇ ਨਾਲ ਭੋਜਨ-ਪਾਣੀ ਦੀ ਸਹੂਲਤ ਵੀ ਸੀ। ਇਹ ਧਰਮਸਾਲ ਦੁਰਗਾ ਭੰਭੀ (ਸਾਰਸੁਤ) ਨਾਮ ਦੇ ਇਕ ਬ੍ਰਾਹਮਣ ਦੀ ਸੀ ਜੋ ਹੱਥ-ਰੇਖਾ ਗਣਿਤ (ਸਾਮੁਦ੍ਰਿਕ) ਦੀ ਚੰਗੀ ਸੋਝੀ ਰੱਖਦਾ ਸੀ। ਉਸ ਦੀ ਧਰਮਸਾਲ ਵਿਚ ਆਰਾਮ ਕਰ ਕੇ ਅੱਗੇ ਬਾਸਰ ਕੇ ਨੂੰ ਰਵਾਨਾ ਹੋਣ ਲਗਿਆਂ ਇਨ੍ਹਾਂ ਉਸ ਦਾ ਕਿਰਾਇਆ ਦੇਣਾ ਚਾਹਿਆ ਤਾਂ ਉਸ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ,

'ਮੈਂ ਹੁਣ ਕੁਝ ਨਹੀਂ ਲੈਣਾ ਪਰ, ਵਾਅਦਾ ਕਰ ਦਿਉ ਕਿ ਯੋਗ ਸਮਾਂ ਆਉਣ 'ਤੇ ਜਦੋਂ ਮੈਂ ਮੰਗਾਂ ਤੁਸੀਂ ਦਿਉਗੇ'। ਸੁਣ ਕੇ ਹੈਰਾਨ ਹੁੰਦਿਆਂ ਇਨ੍ਹਾਂ ਕਿਹਾ,

'ਪੰਡਤ ਜੀ! ਸਾਨੂੰ ਕੁਝ ਸਮਝ ਨਹੀਂ ਆਇਆ ਤੁਸੀਂ ਕੀ ਕਹਿ ਰਹਿ ਓ'?

'ਮੈਂ ਹਸਤਰੇਖਾ ਦਾ ਹਿਸਾਬ ਬਹੁਤ ਜਾਣਦਾ ਹਾਂ', ਦੁਰਗਾ ਕਹਿ ਰਿਹਾ ਸੀ, 'ਤੁਹਾਡੇ ਆਰਾਮ ਕਰਦਿਆਂ ਜਦੋਂ ਮੇਰਾ ਧਿਆਨ, ਲੰਘਦਿਆਂ ਹੋਇਆਂ, ਤੁਹਾਡੇ ਪੈਰਾਂ ਦੀਆਂ ਰੇਖਾਵਾਂ ਵੱਲ ਗਿਆ ਤਾਂ ਮੈਂ ਦੰਗ ਰਹਿ ਗਿਆ ਕਿ ਅਜਿਹੀਆਂ ਰੇਖਾਵਾਂ ਤਾਂ ਬਹੁਤ ਖ਼ਾਸ ਵਿਅਕਤੀਆਂ ਦੇ ਹੁੰਦੀਆਂ ਹਨ'।

'ਖ਼ਾਸ ਤੋਂ ਤੁਹਾਡਾ ਕੀ ਭਾਵ ਹੈ'? ਬਾਬਾ ਜੀ ਨੇ ਸੁਆਲ ਕੀਤਾ ਤਾਂ ਦੁਰਗਾ ਕਹਿਣ ਲੱਗਾ,

'ਜੀ! ਅਜਿਹੀਆਂ ਰੇਖਾਵਾਂ ਨੂੰ ਪਦਮ/ਕਮਲ/ਬਾਰਿਜ ਆਖਿਆ ਜਾਂਦਾ ਹੈ ਅਰ ਜਿਸ ਦੇ ਹੱਥਾਂ ਜਾਂ ਪੈਰਾਂ ਵਿਚ ਹੋਵੇ, ਉਹ ਚੱਕ੍ਰਵਰਤੀ ਰਾਜਾ ਜਾਂ ਅਵਤਾਰ ਹੁੰਦਾ ਹੈ'। ਇਹ ਸੁਣ ਆਪ ਜੀ ਹੱਸ ਪਏ ਤੇ ਆਖਣ ਲੱਗੇ,

'ਅਜਿਹਾ ਕੁਝ ਨਹੀਂ ਹੈ, ਤੁਹਾਡਾ ਜੋ ਬਣਦਾ ਹੈ ਹੁਣੇ ਲੈ ਲਵੋ'। ਸੁਣ ਕੇ ਦੁਰਗਾ ਕਹਿਣ ਲੱਗਾ,

'ਜੀ! ਮੈਨੂੰ ਆਪਣੀ ਵਿਦਿਆ 'ਤੇ ਵਿਸ਼ਵਾਸ਼ ਹੈ, ਜੇ ਅੱਜ ਨਹੀਂ ਤਾਂ ਭਲਕੇ ਅਜਿਹਾ ਜ਼ਰੂਰ ਵਰਤੇਗਾ। ਤੁਸੀਂ ਬੱਸ ਚੇਤਾ ਰੱਖਣਾ ਕਿ ਓਦੋਂ ਜੋ ਮੰਗਾਂ ਤੁਸੀਂ ਦਿਉਗੇ'। ਇਨ੍ਹਾਂ ਕਿਹਾ,

'ਜਿਵੇਂ ਠੀਕ ਸਮਝੋ'।

ਇਉਂ ਕਹਿ ਕੇ ਆਪ ਜੀ ਘਰ ਨੂੰ ਰਵਾਨਾ ਹੋ ਗਏ।

**ਹੋਰ ਇਤਿਹਾਸਕ ਹਵਾਲੇ:**

ੳ. ਤਬ ਸਾਹਿਬ ਜਬ ਜਾਗੇ ਤਬ ਤਿਆਰ ਹੋ ਕਰ ਘਰ ਕੋ ਚਲੇ। ਤਬ ਦੁਰਗੋ ਭੰਭੀ ਸੋ ਬਿਦਾ ਹੋਨੇ ਲਗੇ। ਤਬ ਦੁਰਗੋ ਨੇ ਕਹਾ- ਜੋ ਹਮ ਮੰਗੇਗੇ ਸੋ ਮਿਲੇਗਾ? ਤਬ ਸਾਹਿਬ ਕਹਿਆ- ਜੋ ਹਮਾਰੇ ਪਾਸ ਹੋਵੈਗਾ ਸੋ ਦੇਵੈਗਾ। ਤਬ ਦੁਰਗੋ ਕਹਿਆ- ਜੋ ਤੁਮਾਰੀ ਜਿਭਉ (ਜ਼ਬਾਨ/ਵਾਅਦਾ) ਹੋਇ। ਤਬ ਜੋ ਮਾਂਗੇਗੇ ਸੋ ਤੁਮ ਦੇਵਾ। ਤਬ ਬਚਨ ਹੋਇਆ-ਸੋ ਦੇਵੇਗੇ। ਤਬ ਘਰ ਕੋ ਚਲੇ। ਮ.ਪ੍ਰ.ਵਾ.

ਅ. ਦਿਜ ਭਾਖਯੋ 'ਤੁਮ ਪਦ ਪਦਮ ਪਦਮਾਪਤਿ ਜੈਸੇ।(ਬ੍ਰਹਮਣ ਕਿਹਾ 'ਤੁਹਾਡੇ ਪੈਰ ਵਿਚ ਵਿਸ਼ਨੂੰ ਵਾਂਗ ਕਮਲ ਹੈ)

ਅਤਿ ਉੱਤਮ ਲੱਛਨ ਇਹੀ ਫ਼ਲ ਭਯੋ ਨ ਕੈਸੇ! (ਇਹ ਬਹੁਤ ਉੱਤਮ ਚਿੰਨ੍ਹ ਅਜੇ ਤਕ ਵੀ ਪ੍ਰਗਟਿਆ ਨਹੀਂ!)

ਤਉ ਅਗਾਰੀ ਹੋਹਿਗੋ ਪ੍ਰਭੁ ਜੋਤਿ ਮਿਲੈ ਹੈ।(ਤਾਂ ਹੁਣ ਜ਼ਰੂਰ ਰੱਬੀ ਜੋਤ ਦੇ ਮਾਲਕ ਹੋਵੋਗੇ)

ਚੱਕ੍ਰਵਰਤਿ ਰਾਜਾ ਕਿਧੌਂ ਕਿਸ ਕਾਲ ਬਨੈ ਹੈ।23॥(ਜਾਂ ਚਕ੍ਰਵਰਤੀ ਰਾਜਾ ਕਿਸੇ ਸਮੇਂ ਵੀ ਤੁਸੀਂ ਹੋ ਸਕਦੇ ਓ)

ਨਿਰਸੰਸੈ ਮਮ ਬਾਰਤਾ ਨਿਸ਼ਚੈ ਕਰਿ ਲੀਜੈ।(ਬਿਨਾਂ ਸ਼ੰਕਾ ਮੇਰੇ ਕਹੇ ਤੇ ਭਰੋਸਾ ਕਰਨਾ)

ਐਸ਼ਵਰਜ ਹੋਇ ਤ ਜਾਚ ਹੌਂ ਤਬਹੂੰ ਤੁਮ ਦੀਜੈ'।(ਜਦੋਂ ਅਜਿਹਾ ਹੋਇਆ ਤਾਂ ਮੈਨੂੰ ਮੂੰਹ ਮੰਗਿਆ ਦੇਣਾ')

ਸੁਨਿ ਪ੍ਰਸੰਨ ਚਿਤ ਅਤਿ ਭਏ 'ਹੋਵਹੁ ਬਚ ਸਾਚਾ।(ਬਾਬਾ ਜੀ ਖੁਸ਼ ਹੋ ਕੇ ਕਿਹਾ,'ਅਜਿਹਾ ਹੀ ਹੋ ਜਾਵੇ, ਜੇ)

ਮਿਲਹੁ ਹਮੈਂ ਤਬ ਆਨਿ ਕੈ ਲਿਹੁ ਜੋ ਕਰਿ ਜਾਚਾ'।24॥14॥ (ਤੁਸੀਂ ਆ ਕੇ ਮੂੰਹ ਮੰਗਿਆ ਲੈ ਲੈਣਾ) ਗੁ.ਪ੍ਰ.ਸੂ.

ਅੱਜ ਪਾਤਸ਼ਾਹ ਜੀ ਇਥੇ ਫਿਰ ਠਹਿਰੇ। ਅੱਜ ਨਾਲ ਬੇਅੰਤ ਸੰਗਤ ਸੀ। ਜਦੋਂ ਦੁਰਗਾ ਪੰਡਿਤ ਸੇਵਾ ਵਿਚ ਹਾਜ਼ਰ ਹੋਇਆ ਤਾਂ ਉਸ ਦਾ ਚਿਹਰਾ ਖਿੜ ਗਿਆ ਅਰ ਬਿਨਾਂ ਢਿੱਲ ਉਸ ਨੇ ਹੱਥ ਜੋੜ ਕੇ ਸਤਿਗੁਰਾਂ ਨੂੰ ਪਿਛਲਾ ਦਿੱਤਾ ਬਚਨ ਚੇਤੇ ਕਰਾਇਆ। ਚੇਤਾ ਕਰਦਿਆਂ ਸਤਿਗੁਰੂ ਮੁਸਕਰਾਏ ਅਰ ਬਚਨ ਕੀਤਾ,

'ਪੰਡਿਤ ਜੀ! ਬੋਲੋ, ਲੋਕ ਚਾਹੀਦਾ ਹੈ ਕਿ ਪ੍ਰਲੋਕ? ਜੋ ਇੱਛਾ ਹੈ ਮੰਗ ਲਵੋ'। ਸੁਣ ਕੇ ਦੁਰਗਾ ਦੁਬਿਧਾ ਵਿਚ ਪੈ ਗਿਆ। ਗੁਰੂ ਸਾਹਿਬ ਕਿਹਾ,

'ਬੋਲੋ, ਕੀਹ ਚਾਹੁੰਦੇ ਹੋ'? ਦੁਰਗਾ ਹੱਥ ਜੋੜ ਕਹਿਣ ਲੱਗਾ,

'ਪਾਤਸ਼ਾਹ ਜੀ! ਮਨ ਕਰਦਾ ਹੈ ਧਨ ਮੰਗਾਂ ਤਾਂ ਕਿ ਲੋਕ ਸਫ਼ਲ ਹੋ ਜਾਏ। ਤੁਹਾਡੀ ਕਿਰਪਾ ਸਦਕਾ ਜੇ ਏਵੇਂ ਹੋ ਜਾਏ ਪਰ, ਤੁਹਾਡੇ ਦਰਸ਼ਨ ਕਰ ਕੇ ਵੀ ਪ੍ਰਲੋਕ ਨਾ ਸਫ਼ਲ ਹੋਵੇ ਤਾਂ ਲੋਕ ਦਾ ਸਫ਼ਲ ਹੋਣਾ ਕੀਹ ਹੋਇਆ। ਤੁਸਾਂ ਕਿਹਾ ਹੈ ਇਕ ਮੰਗ ਲੈ, ਮੈਂ ਕੀਹ ਮੰਗਾਂ? ਪ੍ਰਭੂ! ਤੁਸੀਂ ਸਭ ਕੁਝ ਜਾਣਦੇ ਹੋ ਮੈਂ ਕੁਝ ਨਹੀਂ ਕਹਿ ਸਕਦਾ'।

ਕਬਿੱਤ॥'ਜੇ ਨਾਮ ਦੇਂਹ, ਧਨ ਦੇਂਹ ਨ ਜਨ ਕਉ (ਜੇ ਤੁਸੀਂ ਨਾਮ ਬਖ਼ਸ਼ੋ ਪਰ ਧਨ ਨ ਬਖ਼ਸ਼ੋ)
ਧਨ ਬਿਹੀਨ ਜਨ ਜਗ ਨ ਸੁਹਾਇ।(ਤਾਂ ਧਨ ਤੋਂ ਬਿਨਾਂ ਮਨੁਖ ਜਗਤ ਵਿਚ ਸੋਭਦਾ ਨਹੀਂ)
ਜੇ ਧਨ ਦੇਂਹ ਨਾਮ ਨਹਿੰ ਦੇਵਹਿੰ (ਜੇ ਤੁਸੀਂ ਧਨ ਦੇ ਦਿਹੁ ਪਰ ਨਾਮ ਨ ਦਿਹੁ)
ਨਾਮ ਬਿਨਾ ਜਨ ਜਮਪੁਰਿ ਜਾਇ।(ਤਾਂ ਨਾਮ ਬਿਨਾਂ ਮਨੁਖ ਦਾ ਪ੍ਰਲੋਕ ਸਫ਼ਲ ਨਹੀਂ ਹੁੰਦਾ)
ਤੁਮ ਪਹਿ ਕਹੀ ਨਹੀਂ ਬਨਿ ਆਵੈ (ਆਪ ਜੀ ਨੂੰ ਕੁਝ ਕਿਹਾ ਨਹੀਂ ਜਾ ਸਕਦਾ)
ਜਿਉ ਭਾਵੈ ਤਿਉ ਬਨਤਿ ਬਨਾਇ।(ਜਿਵੇਂ ਆਪ ਨੂੰ ਚੰਗਾ ਲਗੇ, ਕਿਰਪਾ ਕਰ ਦਿਹੁ)
ਗੁਰੁ ਅਮਰਦਾਸ ਤੇਜੋ ਕੇ ਨੰਦਨ
(ਹੇ ਗੁਰੂ ਅਮਰਦਾਸ ਜੀ)
ਦੋਨਹੁੰ ਨਿਰਮਲ ਪੱਖ ਚਲਾਇ।24॥
(ਤੁਸੀਂ ਲੋਕ ਪ੍ਰਲੋਕ ਬਖ਼ਸ਼ਣ ਵਾਲੇ ਹੋ)
ਗੁ.ਪ੍ਰ.ਸੂ

ਸੁਣ ਕੇ ਹਜ਼ੂਰ ਹੱਸ ਪਏ ਅਰ ਫ਼ੁਰਮਾਇਆ, 'ਪੰਡਿਤ ਜੀ! ਤੁਹਾਨੂੰ ਦੋਵੇਂ ਦਿੱਤੇ।

ਚੌਪਈ॥ ਪਿਖ ਸਤਿਗੁਰ ਦਿਜ ਕੀ ਚਤੁਰਾਈ।(ਪੰਡਿਤ ਦੀ ਚਤੁਰਾਈ ਜਾਣ ਕੇ)
ਭਏ ਪ੍ਰਸੰਨ ਤਨਿਕ ਮੁਸਕਾਈ।(ਪ੍ਰਸੰਨ ਹੋ ਕੇ ਸਤਿਗੁਰ ਮੁਸਕਰਾਏ)
ਕਹਯੋ ਬਾਕ, 'ਦੋਨਹੁੰ ਤੁਮ ਲੇਹੁ।
(ਅਤੇ ਕਿਹਾ, 'ਤੁਸੀਂ ਦੋਵੇਂ ਲੈ ਲਵੋ)
ਪ੍ਰਾਪਤ ਹੁਇ ਸੁਖ ਅਬਹਿ ਅਛੇਹੁ॥30॥
(ਤੁਹਾਨੂੰ ਸਭ ਪਦਾਰਥ ਪ੍ਰਾਪਤ ਹੋਣ)
ਜਬ ਲੌ ਜੀਵਹੁ ਧਨ ਬਹੁ ਪਾਵਹੁ।
(ਸਾਰਾ ਜੀਵਨ ਧਨ ਦਾ ਆਨੰਦ ਮਾਣੋ)
ਸਿਮਰਹੁ ਸਤਿਨਾਮੁ ਲਿਵਲਾਵਹੁ...।
31॥50॥ ਰਾਸ 1 ਗੁ.ਪ੍ਰ.ਸੂ.
(ਅਰ ਕਰਤਾਰ ਦਾ ਸਿਮਰਨ ਕਰਦੇ ਰਹੋ)

ਚਲਦਾ.....

# ਸਿੱਖ ਰਾਜ ਦੇ ਥੰਮ੍ਹ ਸਨ - ਜਰਨੈਲ ਸਰਦਾਰ ਹਰੀ ਸਿੰਘ ਨਲੂਆ

## ਸ਼ਹੀਦੀ ਦਿਹਾੜੇ ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ



ਸਿੱਖ ਇਤਿਹਾਸ ਦੇ ਕੁਰਬਾਨੀ ਅਤੇ ਵੀਰਤਾ ਦੇ ਸੁਨਹਿਰੀ ਪੰਨਿਆਂ ਉੱਪਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਸੂਰਬੀਰ ਜਰਨੈਲ ਸਰਦਾਰ ਹਰੀ ਸਿੰਘ ਨਲੂਆ (ਨਲਵਾ) ਦੀ ਅਦੁੱਤੀ ਬਹਾਦਰੀ ਦਾ ਜ਼ਿਕਰ ਬੜੇ ਸਤਿਕਾਰ ਨਾਲ ਦਰਜ ਹੈ। ਇਸ ਮਹਾਨ ਜਰਨੈਲ ਅਤੇ ਅਦੁੱਤੀ ਯੋਧੇ ਦਾ ਜਨਮ 1791 ਈ: ਵਿੱਚ ਗੁਜਰਾਂਵਾਲਾ ਨਿਵਾਸੀ ਸਰਦਾਰ ਗੁਰਦਿਆਲ ਸਿੰਘ ਦੇ ਗ੍ਰਹਿ ਵਿਖੇ ਬੀਬੀ ਧਰਮ ਕੌਰ ਦੀ ਕੁੱਖ ਤੋਂ ਹੋਇਆ। ਇਸ ਮਹਾਨ ਜਰਨੈਲ ਦੇ ਦਾਦਾ ਸਰਦਾਰ ਹਰਦਾਸ ਸਿੰਘ 1762 ਈ: ਵਿੱਚ ਅਹਿਮਦ ਸ਼ਾਹ ਦੁਰਾਨੀ ਦੀ ਫੌਜ ਨਾਲ ਹੋਈ ਗਹਿਗੱਚ ਲੜਾਈ ਵਿੱਚ ਸ਼ਹੀਦੀ ਜਾਮ ਪੀ ਗਏ ਸਨ। ਸਰਦਾਰ ਹਰੀ ਸਿੰਘ ਨੂੰ ਕੁਰਬਾਨੀ ਅਤੇ ਬਹਾਦਰੀ ਵਰਗੇ ਮਹਾਨ ਗੁਣ ਵਿਰਸੇ ਵਿੱਚੋਂ ਹੀ ਮਿਲੇ ਸਨ। ਆਪ ਜੀ ਦੇ ਪਿਤਾ ਸਰਦਾਰ ਗੁਰਦਿਆਲ ਸਿੰਘ ਨੇ ਸ਼ੁਕਰਚੱਕੀ ਮਿਸਲ ਦੇ ਸਰਦਾਰਾਂ ਨਾਲ ਕਈ ਮੁਹਿੰਮਾਂ ਵਿੱਚ ਆਪਣੀ ਅਣਖ ਤੇ ਦਲੇਰੀ ਵਰਗੇ ਗੁਣਾਂ ਨੂੰ ਉਜਾਗਰ ਕੀਤਾ ਸੀ। ਇਹ ਗੱਲ ਇਸ ਬਹਾਦਰ ਯੋਧੇ ਦੀ ਅਣਖ, ਦਲੇਰੀ, ਸੂਰਬੀਰਤਾ, ਪਰਉਪਕਾਰ ਅਤੇ ਕੁਰਬਾਨੀ ਦੀ ਗਾਥਾ ਨੂੰ ਪ੍ਰਗਟ ਕਰਦੀ ਹੈ, ਜਿਸ ਨੂੰ ਅਜਿਹੀ ਗੁੜ੍ਹਤੀ ਵਿਰਾਸਤ ਵਿੱਚ ਹੀ ਪ੍ਰਾਪਤ ਹੋ ਗਈ ਸੀ। ਸੱਤ ਸਾਲ ਦੀ ਬਾਲੜੀ ਉਮਰ ਵਿੱਚ ਹੀ ਪਿਤਾ ਜੀ ਅਕਾਲ ਚਲਾਣਾ ਕਰ ਗਏ। ਨਾਨਕੇ ਪਰਿਵਾਰ ਵਿੱਚ ਮਾਮਾ ਜੀ ਕੋਲ ਰਹਿ ਕੇ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖੇ। ਸਰਦਾਰ ਹਰੀ ਸਿੰਘ ਨੂੰ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਹਾਸਲ ਕਰਨ ਦੀ ਤਮੰਨਾ ਬਚਪਨ ਤੋਂ ਹੀ ਸੀ। ਜਵਾਨੀ ਵਿੱਚ ਪੈਰ ਧਰਨ ਤੋਂ ਪਹਿਲਾਂ 15 ਸਾਲ ਦੀ ਉਮਰ ਵਿੱਚ ਬਿਨਾਂ ਕਿਸੇ ਚੰਗੀ ਸਿਖਲਾਈ ਤੋਂ ਯੁੱਧ ਨੀਤੀ ਵਿੱਚ ਨਿਪੁੰਨਤਾ ਹਾਸਲ ਕਰ ਲਈ।

ਸਿੱਖ ਇਤਿਹਾਸ ਦੇ ਪੰਨੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਖ਼ਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਹਰ ਸਾਲ ਬਸੰਤ ਪੰਚਮੀ ਵਾਲੇ ਦਿਨ ਵਿਸ਼ੇਸ਼ ਦਰਬਾਰ ਲਾ ਕੇ ਹੋਣਹਾਰ ਨੌਜਵਾਨਾਂ ਦੀ ਸਰੀਰਕ ਤਾਕਤ ਨੂੰ ਪਰਖਣ ਲਈ ਬਹਾਦਰੀ, ਸ਼ਸ਼ਤਰ ਵਿੱਦਿਆ ਅਤੇ ਘੋੜ ਸਵਾਰੀ ਵਿੱਚ ਸਖਤ ਮਿਹਨਤ ਕਰਨ ਵਾਲੇ ਨੌਜਵਾਨਾਂ ਦੇ ਮੁਕਾਬਲੇ ਕਰਵਾਇਆ ਕਰਦੇ ਸਨ। 1805 ਈ: ਵਿੱਚ ਲਾਹੌਰ ਦੀ ਧਰਤੀ 'ਤੇ ਹੋਏ ਇਕ ਬਸੰਤ ਦਰਬਾਰ ਵਿੱਚ ਸ। ਹਰੀ ਸਿੰਘ ਨੂੰ ਵੀ ਆਪਣੀ ਤਾਕਤ ਅਤੇ ਹਥਿਆਰ ਚਲਾਉਣ ਦੀ ਕਲਾ ਦੇ ਕਰਤੱਬ ਦਿਖਾਉਣ ਦਾ ਮੌਕਾ ਮਿਲ ਗਿਆ। ਇਥੇ ਹੀ ਬਹਾਦਰੀ ਤੇ ਕਲਾ ਦੇ ਜੌਹਰ ਦਿਖਾਉਂਦਿਆਂ ਸਰਦਾਰ ਹਰੀ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਛਾਤੀ ਨਾਲ ਲਾ ਕੇ ਬੱਚਿਆਂ ਵਾਂਗ ਪਿਆਰ ਦਿੱਤਾ ਤੇ ਬੇਸ਼ਕੀਮਤੀ ਕੈਂਠਾ ਪਹਿਨਾਇਆ। ਨਾਲ ਹੀ



ਸਰਦਾਰ ਹਰੀ ਸਿੰਘ ਨੇ ਸ਼ੇਰ ਦਾ ਸ਼ਿਕਾਰ ਕਰਨ ਸਮੇਂ ਬੜੀ ਫੁਰਤੀ ਨਾਲ ਸ਼ੇਰ ਨੂੰ ਮਾਰ ਮੁਕਾਇਆ। ਮਹਾਰਾਜੇ ਨੇ ਸਰਦਾਰ ਹਰੀ ਸਿੰਘ ਦੀ ਬਹਾਦਰੀ ਅਤੇ ਸੂਰਬੀਰਤਾ ਨੂੰ ਦੇਖ ਕੇ ਉਸ ਨੂੰ ਨਲ ਦਾ ਖਿਤਾਬ ਦਿੱਤਾ। ਕਿਉਂਕਿ ਹਿੰਦੁਸਤਾਨ ਦੇ ਇਤਿਹਾਸ ਵਿੱਚ ਰਾਜਾ ਨਲ ਜਿਸ ਨਿਡਰਤਾ ਨਾਲ ਸ਼ੇਰ ਦਾ ਸ਼ਿਕਾਰ ਕਰਦਾ ਸੀ, ਉਹੋ ਜਿਹੀ ਨਿਡਰਤਾ ਤੇ ਸੂਰਬੀਰਤਾ ਸਰਦਾਰ ਹਰੀ ਸਿੰਘ ਨੇ ਦਿਖਾਈ ਸੀ। ਇਸ ਘਟਨਾ ਤੋਂ ਪਿੱਛੋਂ ਨਲ ਜਾਂ ਨਲਵਾ ਸ਼ਬਦ ਪੱਕੇ ਤੌਰ 'ਤੇ ਇਸ ਮਹਾਨ ਜਰਨੈਲ ਨਾਲ ਜੁੜ ਗਿਆ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨਾਲ ਅਨੇਕਾਂ ਯੁੱਧਾਂ ਵਿੱਚ ਸਰਦਾਰ ਹਰੀ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। 1807 ਵਿੱਚ ਕਸੂਰ ਦੀ ਲੜਾਈ ਅਤੇ 1810 ਈ: ਵਿੱਚ ਸਿਆਲਕੋਟ ਦੀ ਲੜਾਈ ਵਿੱਚ ਆਪਣੀ ਯੁੱਧ ਕਲਾ ਵਾਲੀ ਪ੍ਰਪੱਕਤਾ ਦਾ ਸਬੂਤ ਸਰਦਾਰ ਹਰੀ ਸਿੰਘ ਨੇ ਪ੍ਰਤੱਖ ਰੂਪ ਵਿੱਚ ਦਿੱਤਾ।

15 ਕੁ ਸਾਲ ਦੀ ਉਮਰ ਵਿੱਚ ਹੀ ਆਪਣੀ ਨਿੱਜੀ ਫੌਜ ਵਿੱਚ ਸ਼ਾਮਿਲ ਕਰ ਲਿਆ। ਇਕ ਵਾਰ ਸਰਦਾਰ ਹਰੀ ਸਿੰਘ ਮਹਾਰਾਜੇ ਨਾਲ ਸ਼ੇਰ ਦਾ ਸ਼ਿਕਾਰ ਕਰਨ ਗਿਆ। ਸਰਦਾਰ ਹਰੀ ਸਿੰਘ ਨੇ ਸ਼ੇਰ ਦਾ ਸ਼ਿਕਾਰ ਕਰਨ ਸਮੇਂ ਬੜੀ ਫੁਰਤੀ ਨਾਲ ਸ਼ੇਰ ਨੂੰ ਮਾਰ ਮੁਕਾਇਆ। ਮਹਾਰਾਜੇ ਨੇ ਸਰਦਾਰ ਹਰੀ ਸਿੰਘ ਦੀ ਬਹਾਦਰੀ ਅਤੇ ਸੂਰਬੀਰਤਾ ਨੂੰ ਦੇਖ ਕੇ ਉਸ ਨੂੰ ਨਲ ਦਾ ਖਿਤਾਬ ਦਿੱਤਾ। ਕਿਉਂਕਿ ਹਿੰਦੁਸਤਾਨ ਦੇ ਇਤਿਹਾਸ ਵਿੱਚ ਰਾਜਾ ਨਲ ਜਿਸ ਨਿਡਰਤਾ ਨਾਲ ਸ਼ੇਰ ਦਾ ਸ਼ਿਕਾਰ ਕਰਦਾ ਸੀ, ਉਹੋ ਜਿਹੀ ਨਿਡਰਤਾ ਤੇ ਸੂਰਬੀਰਤਾ ਸਰਦਾਰ ਹਰੀ ਸਿੰਘ ਨੇ ਦਿਖਾਈ ਸੀ। ਇਸ ਘਟਨਾ ਤੋਂ ਪਿੱਛੋਂ ਨਲ ਜਾਂ ਨਲਵਾ ਸ਼ਬਦ ਪੱਕੇ ਤੌਰ 'ਤੇ ਇਸ ਮਹਾਨ ਜਰਨੈਲ ਨਾਲ ਜੁੜ ਗਿਆ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨਾਲ ਅਨੇਕਾਂ ਯੁੱਧਾਂ ਵਿੱਚ ਸਰਦਾਰ ਹਰੀ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। 1807 ਵਿੱਚ ਕਸੂਰ ਦੀ ਲੜਾਈ ਅਤੇ 1810 ਈ: ਵਿੱਚ ਸਿਆਲਕੋਟ ਦੀ ਲੜਾਈ ਵਿੱਚ ਆਪਣੀ ਯੁੱਧ ਕਲਾ ਵਾਲੀ ਪ੍ਰਪੱਕਤਾ ਦਾ ਸਬੂਤ ਸਰਦਾਰ ਹਰੀ ਸਿੰਘ ਨੇ ਪ੍ਰਤੱਖ ਰੂਪ ਵਿੱਚ ਦਿੱਤਾ।

ਇਸੇ ਸਾਲ ਮੁਲਤਾਨ ਨੂੰ ਫਤਹਿ ਕਰਨ ਸਮੇਂ ਉਸ ਨੂੰ ਗਹਿਰੇ ਜ਼ਖ਼ਮ ਵੀ ਲੱਗੇ। 1813 ਈ: ਵਿੱਚ ਹਜਰੋਂ ਵਿੱਚ ਪਠਾਣਾਂ ਨਾਲ ਯੁੱਧ ਹੋਇਆ। 1815 ਈ: ਵਿੱਚ ਪਹਾੜੀ ਇਲਾਕਿਆਂ ਨੂੰ ਫਤਹਿ ਕਰਨ ਤੋਂ ਪਿੱਛੋਂ ਕਸ਼ਮੀਰ ਵਿੱਚ ਜਿੱਤ ਦਾ ਪਰਚਮ ਲਹਿਰਾਇਆ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲੂਆ ਨੂੰ ਇਥੋਂ ਦਾ ਗਵਰਨਰ ਨਿਯੁਕਤ ਕੀਤਾ। ਇਸ ਤੋਂ ਬਾਅਦ 1821 ਈ: ਵਿੱਚ ਹਜ਼ਾਰਾ ਇਲਾਕੇ ਦੇ ਖ਼ੂੰ-ਖਾਰ ਅਫ਼ਗਾਨਾਂ ਨੂੰ ਪੱਕੇ ਤੌਰ 'ਤੇ ਨੇਸਤੋ-ਨਾਬੂਦ ਕਰਕੇ ਗਵਰਨਰ ਬਣੇ। ਇਸ ਤੋਂ ਬਾਅਦ ਆਪਣੇ ਨਾਂਅ 'ਤੇ ਹਰੀ ਨਗਰ ਵੀ ਵਸਾਇਆ। ਹੁਣ ਅਟਕ ਦਰਿਆ ਦੇ ਪਾਰਲੇ ਇਲਾਕੇ ਨੂੰ ਫਤਹਿ ਕੀਤਾ। 1834 ਈ: ਵਿੱਚ ਪਿਸ਼ਾਵਰ ਨੂੰ ਜਿੱਤ ਕੇ ਇਥੇ ਵੀ ਸਥਾਈ ਤੌਰ 'ਤੇ ਸਿੱਖ ਰਾਜ ਕਾਇਮ ਕੀਤਾ। ਇਥੇ ਵੀ ਗਵਰਨਰ ਦੀ ਡਿਊਟੀ ਸਰਦਾਰ ਨਲੂਆ ਨੇ ਹੀ ਨਿਭਾਈ। ਪਿਸ਼ਾਵਰ ਦੇ ਇਰਦ-ਗਿਰਦ ਕੱਟੜ ਸ਼ਰਈ ਪਠਾਣਾਂ ਨੂੰ ਸੋਧ ਕੇ ਈਨ ਮੰਨਣ ਲਈ ਮਜ਼ਬੂਰ ਕੀਤਾ। ਸਰਦਾਰ ਹਰੀ ਸਿੰਘ ਨਲੂਆ ਦਾ ਨਾਂਅ ਸੁਣ ਕੇ ਪਠਾਨ ਭੱਜ ਜਾਂਦੇ ਸਨ। ਸਰਦਾਰ ਨਲੂਆ ਦਾ ਡਰ ਪਠਾਣੀਆਂ ਦੇ ਮਨ ਵਿੱਚ ਏਨਾ ਘਰ ਕਰ ਗਿਆ ਕਿ ਇਹ ਆਪਣੇ ਬੱਚਿਆਂ ਨੂੰ ਨਲਵਾ ਰਾਂਗਲੇ ਭਾਵ ਨਲੂਆ ਆ ਗਿਆ ਕਹਿ ਕੇ ਸੁਆਉਂਦੀਆਂ ਸਨ।

1837 ਈ: ਵਿੱਚ ਮੁਹੰਮਦ ਖਾਨ ਨੇ ਸਿੱਖਾਂ ਵਿਰੁੱਧ ਜਹਾਦ ਛੇੜਿਆ ਅਤੇ ਜਮਰੌਦ ਦੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਦੀ ਅਗਵਾਈ ਇਸ ਦਾ ਸਪੁੱਤਰ ਅਕਬਰ ਖ਼ਾਨ ਕਰ ਰਿਹਾ ਸੀ। ਸਿੱਖ ਫੌਜਾਂ ਦੇ ਜਰਨੈਲ ਸਰਦਾਰ ਹਰੀ ਸਿੰਘ ਸਨ। ਇਥੇ ਵੀ ਆਪਣੀ ਲਾਸਾਨੀ ਯੁੱਧ ਕਲਾ ਨਾਲ ਉਨ੍ਹਾਂ ਅਫ਼ਗਾਨਾਂ ਨੂੰ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ। ਅਫ਼ਗਾਨੀਆਂ ਦੀਆਂ 14 ਵੱਡੀਆਂ ਤੋਪਾਂ ਖੋਹ ਲਈਆਂ। ਸਰਦਾਰ ਹਰੀ ਸਿੰਘ ਦਾ ਪਿੱਛਾ ਕਰਦਿਆਂ ਇਕ ਪਹਾੜੀ ਗੁਫਾ ਵਿੱਚ ਲੁਕੇ ਪਠਾਣਾਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਗੋਲੀ ਸਰਦਾਰ ਹਰੀ ਸਿੰਘ ਨਲੂਆ ਦੀ ਛਾਤੀ ਵਿੱਚ ਤੇ ਦੂਜੀ ਵੱਖੀ ਵਿੱਚ ਲੱਗੀ। ਆਪਣੇ ਆਪ ਨੂੰ ਜ਼ਖ਼ਮੀ ਹਾਲਤ ਵਿੱਚ ਸੰਭਾਲ ਕੇ ਘੋੜਾ ਜਮਰੌਦ ਦੇ ਕਿਲ੍ਹੇ ਵਿੱਚ ਲੈ ਗਏ। ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਕਿਲ੍ਹੇਦਾਰ ਸਰਦਾਰ ਮਹਾਂ ਸਿੰਘ ਨੂੰ ਕਿਹਾ, ਜਦੋਂ ਤੱਕ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨਹੀਂ ਪਹੁੰਚ ਜਾਂਦੇ, ਤਦ ਤੱਕ ਮੇਰੀ ਸ਼ਹੀਦੀ ਦੀ ਖਬਰ ਕਿਸੇ ਨੂੰ ਪਤਾ ਨਹੀਂ ਲੱਗਣੀ ਚਾਹੀਦੀ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ 30 ਅਪ੍ਰੈਲ 1837 ਨੂੰ ਸ਼ਹਾਦਤ ਦਾ ਜਾਮ ਪੀਤਾ।

ਇਸ ਅਦੁੱਤੀ ਸੂਰਬੀਰ ਯੋਧੇ ਦੀ ਸ਼ਹਾਦਤ ਸਮੇਂ ਮਹਾਰਾਜੇ ਨੇ ਅੱਥਰੂ ਕੇਰਦਿਆਂ ਕਿਹਾ ਅੱਜ ਮੈਨੂੰ ਸਿੱਖ ਰਾਜ ਦਾ ਥੰਮ੍ਹ ਡਿੱਗਣ ਦਾ ਅਹਿਸਾਸ ਹੋਇਆ ਹੈ। ਜਦੋਂ ਸਰਦਾਰ ਹਰੀ ਸਿੰਘ ਨਲੂਆ ਸ਼ਹੀਦ ਹੋਇਆ, ਉਸ ਸਮੇਂ ਉਹ 3 ਲੱਖ 67 ਹਜ਼ਾਰ ਦੀ ਸਾਲਾਨਾ ਆਮਦਨ ਵਾਲੀ ਜਗੀਰ ਦਾ ਮਾਲਕ ਸੀ। ਕਲਗੀਧਰ ਪਾਤਸ਼ਾਹ ਦੇ ਸੱਚੇ ਸਿੱਖ, ਇਸ ਮਹਾਨ ਯੋਧੇ ਦੀ ਕੁਰਬਾਨੀ ਦਾ ਜ਼ਿਕਰ ਅੱਜ ਵੀ ਬੜੇ ਮਾਣ ਨਾਲ ਕੀਤਾ ਜਾਂਦਾ ਹੈ। ਅੱਜ ਸ਼ਹਾਦਤ ਦੇ ਦਿਹਾੜੇ 'ਤੇ ਉਸ ਦੀ ਮਹਾਨ ਸ਼ਹੀਦੀ ਸਾਡਾ ਮਾਰਗ ਦਰਸ਼ਨ ਕਰਦਿਆਂ ਸਮੁੱਚੀ ਕੌਮ ਨੂੰ ਪ੍ਰੇਰਿਤ ਕਰ ਰਹੀ ਹੈ। ਇਸ ਮਹਾਨ ਜਰਨੈਲ ਨੂੰ ਸਾਡਾ ਪ੍ਰਣਾਮ।

ਲੜੀਵਾਰ ਨਾਵਲ


ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–4

# ਬੰਦੂਕ ਤੋਂ ਕਲਮ ਤੱਕ

**ਕੁਲਵਿੰਦਰ ਨੇ ਕੋਈ ਜਵਾਬ ਨਾ ਦਿੱਤਾ ਤੇ ਕਮਰੇ ਵਿੱਚੋਂ ਬਾਹਰ ਨਿਕਲ ਗਿਆ। ਉਸ ਦੇ ਦਿਲ ਵਿੱਚ ਇਕੋ ਚਿੰਤਾ ਸੀ– ਜਿਸ ਦੇ ਸਿਰ 'ਤੇ ਦੁੱਖ ਪੈਂਦਾ ਹੈ ਉਸ ਦੀ ਪੀੜ ਉਹ ਆਪ ਹੀ ਜਾਣਦਾ ਹੈ । ਇਸ ਵੇਲੇ ਇਸ ਨੂੰ ਇਕੱਲਾ ਛੱਡਣਾ ਹੀ ਵਧੀਆ ਹੈ । ਕਈ ਘੰਟਿਆਂ ਬਾਅਦ ਕੁਲਵਿੰਦਰ ਮੁੜ ਕਮਰੇ ਵਿੱਚ ਆਇਆ । ਇਕ ਹੱਥ ਵਿੱਚ ਚਾਹ ਦਾ ਕੱਪ ਸੀ ਤੇ ਦੂਜੇ ਵਿੱਚ ਇਕ ਕਿਤਾਬ । ਕੰਵਲ ਅੱਖਾਂ ਬੰਦ ਕੀਤਿਆਂ ਬੈੱਡ ਦੀ ਢੋਅ ਨਾਲ ਲੱਗ ਕੇ ਬੈਠਾ ਹੋਇਆ ਸੀ । ਕੰਵਲ, ਕੁਲਵਿੰਦਰ ਨੇ ਹੌਲੇ ਜਿਹੇ ਕਿਹਾ, ਫੜ੍ਹ ਚਾਹ ਪੀ ਲੈ । ਕੰਵਲ ਨੇ ਕੱਪ ਫੜ ਲਿਆ। ਫੇਰ ਕੁਲਵਿੰਦਰ ਨੇ ਕਿਤਾਬ ਉਸ ਦੇ ਹੱਥ ਵਿੱਚ ਰੱਖੀ । ਇਹ ਪੰਜਾਬੀ ਨਾਵਲ ਹੈ–ਪਵਿੱਤਰ ਪਾਪੀ, ਲੇਖਕ ਨਾਨਕ ਸਿੰਘ । ਇਸ ਨੂੰ ਜ਼ਰੂਰ ਪੜ੍ਹੀਂ । ਤੇਰਾ ਸਫ਼ਰ ਆਸਾਨ ਹੋ ਜਾਏਗਾ ਤੇ ਜ਼ਿੰਦਗੀ ਨੂੰ ਨਵਾਂ ਮਕਸਦ ਮਿਲੇਗਾ ।**




## ਭਾਗ 4

ਕੰਵਲ ਨੇ ਡੂੰਘਾ ਸਾਹ ਭਰਿਆ ਅਤੇ ਬਿਨਾਂ ਕਿਸੇ ਤਾਰੁਫ਼ ਦੇ ਬੋਲਿਆ, ਵੀਰ, ਮੈਂ ਇਥੋਂ ਪੰਜਾਬ ਤੋਂ ਬਾਹਰ ਜਾਣਾ ਚਾਹੁੰਦਾ ਹਾਂ। ਕਿਸੇ ਹੋਰ ਸੂਬੇ ਵਿੱਚ। ਮੈਨੂੰ ਪਤਾ ਹੈ ਇਹ ਕੰਮ ਸਿਰਫ਼ ਤੂੰ ਹੀ ਕਰ ਸਕਦਾ ਹੈਂ।

ਕੁਲਵਿੰਦਰ ਦੀਆਂ ਅੱਖਾਂ ਵਿੱਚ ਚਮਕ ਆਈ। ਜਿਵੇਂ ਉਸ ਨੂੰ ਇਹ ਗੱਲ ਪਹਿਲਾਂ ਤੋਂ ਹੀ ਪਤਾ ਸੀ। ਉਹ ਹੌਲੀ ਜਿਹੀ ਬੋਲਿਆ, ਉਏ, ਇਹ ਵੱਡੀ ਗੱਲ ਨਹੀਂ। ਸਭ ਕੁਝ ਹੋ ਜਾਏਗਾ ਪਰ ਇਕ ਗੱਲ ਦੱਸ ਜੋ ਮੈਂ ਕਹਾਂਗਾ, ਕੀ ਤੂੰ ਉਹ ਕਰੇਂਗਾ ?

ਕੰਵਲ ਦੇ ਬੁੱਲਾਂ 'ਤੇ ਮੁਸਕਰਾਹਟ ਖਿੜੀ। ਕੰਵਲ ਬੋਲਿਆ, ਯਾਰ, ਹੁਣ ਕਰਨ ਕਰਾਉਣ ਲਈ ਰਹਿ ਹੀ ਕੀ ਗਿਆ ਹੈ ? ਹੁਣ ਤੂੰ ਜੋ ਕਹੇਂਗਾ, ਉਹ ਵੀ ਕਰ ਲਵਾਂਗਾ।

ਕੁਲਵਿੰਦਰ ਨੇ ਉਸ ਦਾ ਹੱਥ ਘੁੱਟਿਆ ਅਤੇ ਗੰਭੀਰਤਾ ਨਾਲ ਕਿਹਾ, ਤਾਂ ਫਿਰ ਸਭ ਤੋਂ ਪਹਿਲਾਂ ਏਹ ਰਾਹ ਛੱਡ ਦੇ।

ਕੰਵਲ ਸਿਰ ਝੁਕਾ ਕੇ ਮਿੰਨ੍ਹਾ ਜਿਹਾ ਮੁਸਕਰਾਇਆ ਪਰ ਉਸ ਦੀ ਮੁਸਕਰਹਾਟ ਦੇ ਪਿੱਛੇ ਇਕ ਦਰਦ ਛੁਪਿਆ ਸੀ, ਯਾਰ, ਮੈਂ ਕੀ ਛੱਡਣਾ ਇਹ ਰਾਹ ਪਹਿਲਾਂ ਹੀ ਮੈਨੂੰ ਛੱਡ ਗਿਆ ਹੈ। ਮੈਂ ਤਾਂ ਪਹਿਲਾਂ ਹੀ ਲਵਾਰਸਾਂ ਵਾਂਗ ਭਟਕਦਾ ਫਿਰ ਰਿਹਾ ਹਾਂ।

ਕੁਲਵਿੰਦਰ ਨੇ ਇਕ ਪਲ ਚੁੱਪ ਰਹਿ ਕੇ ਅਗਲੀ ਗੱਲ ਕੀਤੀ, ਪਰ ਇਕ ਸ਼ਰਤ ਹੋਰ ਵੀ ਹੈ।

ਕੰਵਲ ਨੇ ਤੁਰੰਤ ਪੁੱਛਿਆ, ਉਹ ਕਿਹੜੀ ਯਾਰ ?

ਕੁਲਵਿੰਦਰ ਨੇ ਕੰਵਲ ਦੀਆਂ ਅੱਖਾਂ ਵਿੱਚ ਵੇਖਦਿਆਂ ਹੌਲੀ ਕਿਹਾ ਇਹ ਸ਼ਰਤ ਸ਼ਾਇਦ ਤੂੰ ਨਿਭਾ ਨਾ ਸਕੇਂ ?

ਕੰਵਲ ਨੇ ਉਸ ਦੀ ਗੱਲ ਕੱਟ ਦਿੱਤੀ, ਜਿਵੇਂ ਉਹ ਪਹਿਲਾਂ ਹੀ ਤਿਆਰ ਸੀ, ਮੈਨੂੰ ਪਤਾ ਹੈ, ਤੂੰ ਕੇਸ ਕਟਵਾਉਣ ਲਈ ਕਹੇਂਗਾ। ਇਹ ਤਾਂ ਮੇਰੀ ਮਜ਼ਬੂਰੀ ਹੈ, ਜੇ ਮੈਂ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿੱਚ ਰਹਿਣਾ ਹੈ ਤਾਂ ਸਰੂਪ ਤਾਂ ਬਦਲਣਾ ਹੀ ਪਵੇਗਾ। ਇਹ ਵੀ ਤਾਂ ਗੁਰੀਲਾ ਯੁੱਧ ਨੀਤੀ ਦਾ ਇਕ ਹਿੱਸਾ ਹੈ। ਮੈਂ ਤਿਆਰ ਹਾਂ।

ਰਾਤ ਦੀ ਰੋਟੀ ਖਾਣ ਤੋਂ ਬਾਅਦ ਕੁਲਵਿੰਦਰ, ਕੰਵਲ ਨੂੰ ਆਪਣੀ ਕਲੋਨੀ ਦੇ ਨਾਈ ਦੀ ਦੁਕਾਨ 'ਤੇ ਲੈ ਗਿਆ। ਇਸ ਵੇਲੇ ਦੁਕਾਨ ਵਿੱਚ ਹੋਰ ਕੋਈ ਗਾਹਕ ਨਹੀਂ ਸੀ। ਨਾਈ ਉਸ ਦਾ ਦੋਸਤ ਸੀ।

ਕੰਵਲ ਸ਼ੀਸ਼ੇ ਸਾਹਮਣੇ ਪਈ ਕੁਰਸੀ 'ਤੇ ਬੈਠ ਗਿਆ। ਕੁਲਵਿੰਦਰ ਦੇ ਕਹਿਣ 'ਤੇ ਨਾਈ ਨੇ ਕੈਂਚੀ ਚਲਾਉਣੀ ਸ਼ੁਰੂ ਕਰ ਦਿੱਤੀ। ਜਿਵੇਂ–ਜਿਵੇਂ ਕੰਵਲ ਦੇ ਕੇਸ ਕੱਟੀ ਜਾਂਦਾ ਉਸ ਦੀਆਂ ਅੱਖਾਂ ਨਮ ਹੋਣ ਲੱਗੀਆਂ। ਕੰਨਾਂ ਵਿੱਚ ਮਾਂ ਦੀ ਨਸੀਹਤ ਗੂੰਜਣ ਲੱਗੀ, ਕਾਕਾ...ਵਾਹ ਲਗਦੇ ਕੇਸ ਨਾ ਕਟਾਈਂ...

ਉਸ ਪਲ ਕੰਵਲ ਨੂੰ ਲੱਗਿਆ ਜਿਵੇਂ ਕੇਸਾਂ ਦੇ ਨਾਲ ਉਸ ਦੀ ਪਹਿਚਾਣ, ਉਸ ਦਾ ਇਤਿਹਾਸ, ਉਸ ਦੀ ਆਤਮਾ ਵੀ ਕੱਟੀ ਜਾ ਰਹੀ ਹੋਵੇ।

ਅਗਲੀ ਸਵੇਰ ਕੁਲਵਿੰਦਰ ਹਮੇਸ਼ਾ ਦੀ ਤਰ੍ਹਾਂ ਟਰਾਂਸਪੋਰਟ ਨਗਰ ਦੇ ਆਪਣੇ ਦਫ਼ਤਰ ਚਲਾ ਗਿਆ। ਦਫ਼ਤਰ ਪਹੁੰਚ ਕੇ ਵੀ ਉਸ ਦਾ ਮਨ ਕਿਸੇ ਹੋਰ ਹੀ ਸੋਚ ਵਿੱਚ ਗੁਆਸਿਆ ਰਿਹਾ। ਉਹ ਵਾਰ–ਵਾਰ ਏਹੀ ਸੋਚਦਾ ਸੀ ਕਿ ਕੰਵਲ ਨੂੰ ਕਿਥੇ ਭੇਜਿਆ ਜਾਵੇ, ਕਿਸ ਕੋਲ ਭੇਜਿਆ ਜਾਵੇ ਤਾਂ ਜੋ ਉਹ ਸੁਰੱਖਿਅਤ ਰਹੇ। ਲੰਬੀ ਸੋਚ–ਵਿਚਾਰ ਤੋਂ ਬਾਅਦ ਉਸ ਨੇ ਫੈਸਲਾ ਕੀਤਾ, ਕੰਵਲ ਨੂੰ ਕਲਕੱਤਾ ਭੇਜਣਾ ਸਭ ਤੋਂ ਠੀਕ ਰਹੇਗਾ।

ਇਹ ਫੈਸਲਾ ਉਸ ਲਈ ਸੌਖਾ ਨਹੀਂ ਸੀ, ਪਰ ਕਾਰਨ ਵਾਜਬ ਸਨ। ਇਕ ਪਾਸੇ ਉਸ ਦੀ ਵੱਡੀ ਭੈਣ ਉਥੇ ਵਿਆਹੀ ਹੋਈ ਸੀ ਅਤੇ ਜੀਜਾ ਜੀ ਹੁਰਾਂ ਦਾ ਵੀ ਟਰਾਂਸਪੋਰਟ ਦਾ ਵੱਡਾ ਕਾਰੋਬਾਰ ਚੱਲ ਰਿਹਾ ਸੀ। ਦੂਜੇ ਪਾਸੇ ਜੀਜਾ ਜੀ ਦਾ ਫੋਨ ਵੀ ਆਇਆ ਸੀ ਕਿ ਉਨ੍ਹਾਂ ਲਈ ਇਕ ਭਰੋਸੇਯੋਗ ਮੁਨੀਮ ਲੱਭ ਕੇ ਭੇਜਾਂ।

ਇਹ ਸੋਚਾਂ ਹੀ ਚੱਲ ਰਹੀਆਂ ਸਨ ਕਿ ਦਫ਼ਤਰ ਦੇ ਦਰਵਾਜ਼ੇ ਤੋਂ ਆਵਾਜ਼ ਆਈ, ਸਤਿ ਸ੍ਰੀ ਅਕਾਲ ਸਰਦਾਰ ਜੀ! ਸਾਹਮਣੇ ਨਿਰਮਲ ਸਿੰਘ, ਉਸ ਦਾ ਪੁਰਾਣਾ ਡਰਾਈਵਰ ਖੜ੍ਹਾ ਸੀ। ਕੁਲਵਿੰਦਰ ਨੇ ਉਸ ਦਾ ਸਵਾਗਤ ਕੀਤਾ, ਸਤਿ ਸ੍ਰੀ ਅਕਾਲ ਨਿਰਮਲ। ਆ ਗਿਆ, ਕਿਵੇਂ ਰਿਹਾ ਕਲਕੱਤੇ ਦਾ ਸਫ਼ਰ ? ਜੀਜਾ ਜੀ ਮਿਲੇ ਸੀ?

ਨਿਰਮਲ ਖੁਸ਼ੀਨੁਮਾ ਲਹਿਜ਼ੇ ਵਿੱਚ ਬੋਲਿਆ, ਬਹੁਤ ਕਿਰਪਾ ਰਹੀ ਬਾਬੇ ਦੀ। ਸਰਦਾਰ ਸਾਹਿਬ ਤਾਂ ਨਹੀਂ ਮਿਲੇ ਇਸ ਵਾਰ, ਕਿਧਰੇ ਬਾਹਰ ਗਏ ਹੋਏ ਸੀ।

ਅੰਦਰ ਆ ਨਿਰਮਲ। ਕੁਲਵਿੰਦਰ ਨੇ ਹੌਲੀ ਜਿਹੇ ਕਿਹਾ। ਨਿਰਮਲ ਅੰਦਰ ਆ ਉਸ ਦੇ ਸਾਹਮਣੇ ਕੁਰਸੀ 'ਤੇ ਬੈਠ ਗਿਆ। ਕੁਲਵਿੰਦਰ ਨੇ ਆਪਣੀਆਂ ਬਾਹਾਂ ਮੇਜ਼ 'ਤੇ ਟਿਕਾ ਲਈਆਂ ਤੇ ਸੋਚਦੇ ਹੋਏ ਕਿਹਾ, ਨਿਰਮਲ, ਮੇਰਾ ਇਕ ਦੋਸਤ ਹੈ...ਦੋਸਤ ਹੀ ਨਹੀਂ ਭਰਾ ਹੀ ਹੈ। ਉਸ ਨੂੰ ਕਲਕੱਤਾ ਭੇਜਣਾ ਹੈ, ਕਿਵੇਂ ਕਰੀਏ ?

ਨਿਰਮਲ ਨੇ ਹੱਸਦੇ ਹੋਏ ਕਿਹਾ, ਸਰਦਾਰ ਜੀ, ਕਲਕੱਤਾ ਜਾਣ ਲਈ ਕਿਹੜਾ ਵੀਜ਼ੇ ਦੀ ਲੋੜ ਹੈ, ਐਥੋਂ ਪੰਜਾਹ ਰੇਲ–ਗੱਡੀਆਂ ਜਾਂਦੀਆਂ ਹਨ। ਕਿਸੇ ਵਿੱਚ ਵੀ ਸੀਟ ਬੁੱਕ ਕਰਵਾ ਕੇ ਭੇਜ ਦਿਉ।

ਕੁਲਵਿੰਦਰ ਗੰਭੀਰ ਹੋ ਕੇ ਬੋਲਿਆ, ਨਿਰਮਲ, ਇਹ ਗੱਲ ਤਾਂ ਮੈਨੂੰ ਵੀ ਪਤਾ ਹੈ। ਪਰ ਗੱਲ ਇਹ ਹੈ ਕਿ ਉਹ ਆਮ ਬੰਦਾ ਨਹੀਂ...।

ਕੁਲਵਿੰਦਰ ਦੀ ਗੱਲ ਹਾਲੇ ਪੂਰੀ ਵੀ ਨਹੀਂ ਹੋਈ ਸੀ। ਨਿਰਮਲ ਪਹਿਲਾਂ ਹੀ ਬੋਲ ਪਿਆ, ਮੈਂ ਸਮਝ ਗਿਆ ਸਰਦਾਰ ਜੀ। ਉਹ ਖਾੜਕੂ ਹੈ, ਹੈ ਨਾ ? ਹੁਣ ਇਥੋਂ ਦੂਰ ਜਾਣਾ ਚਾਹੁੰਦਾ ਹੈ। ਪਰ ਅੱਜ–ਕੱਲ੍ਹ ਇਥੇ ਸਖ਼ਤੀ ਬਹੁਤ ਵੱਧ ਗਈ ਹੈ। ਖ਼ੈਰ, ਤੁਸੀਂ ਫ਼ਿਕਰ ਨਾ ਕਰੋ। ਹੁਕਮ ਕਰੋ, ਮੈਂ ਕੀ ਸੇਵਾ ਕਰ ਸਕਦਾ ਹਾਂ ?

ਦੋਵਾਂ ਦੀਆਂ ਇਨ੍ਹਾਂ ਗੱਲਾਂ ਵਿੱਚਕਾਰ ਹੀ ਅਚਾਨਕ ਟੈਲੀਫ਼ੋਨ ਦੀ ਘੰਟੀ ਵੱਜੀ। ਸਾਹਮਣੇ ਇਕ ਵਪਾਰੀ ਸੀ। ਉਸ ਨੇ ਖ਼ਬਰ ਦਿੱਤੀ, ਕਲਕੱਤਾ ਦੇ ਨੇੜੇ ਆਸਨਸੋਲ ਦਾ ਮਾਲ ਲੈ ਕੇ ਜਾਣਾ ਹੈ।

ਅਖ਼ੀਰ ਫੈਸਲਾ ਇਹ ਹੋਇਆ ਕਿ ਨਿਰਮਲ ਫੈਕਟਰੀ ਤੋਂ ਟਰੱਕ ਭਰ ਕੇ ਲੈ ਆਵੇਗਾ। ਫਿਰ ਰਾਤ ਨੂੰ ਉਹ ਢੰਡਾਰੀ ਵਿਖੇ ਜੀ.ਟੀ. ਰੋਡ ਉੱਤੇ ਇਕ ਛੋਟੇ ਢਾਬੇ 'ਤੇ ਮਿਲਣਗੇ। ਨਿਰਮਲ ਨੇ ਕਿਹਾ, ਮੈਂ ਢਾਬੇ 'ਤੇ ਪਹੁੰਚ ਕੇ ਉਥੋਂ ਐਸ.ਟੀ.ਡੀ. ਬੂਥ ਤੋਂ ਤੁਹਾਡੇ ਘਰ ਫ਼ੋਨ ਕਰ ਦਿਆਂਗਾ। ਤੁਸੀਂ ਆਪਣੇ ਦੋਸਤ ਨੂੰ ਲੈ ਕੇ ਆ ਜਾਣਾ।

ਕੁਲਵਿੰਦਰ ਨੇ ਉਸ ਨਾਲ ਹੱਥ ਮਿਲਾਇਆ ਤੇ ਕਿਹਾ, ਠੀਕ ਹੈ ਨਿਰਮਲ। ਮੈਂ ਘਰ ਜਾ ਕੇ ਉਸ ਦੇ ਜਾਣ ਦੀ ਤਿਆਰੀ ਕਰਦਾ ਹਾਂ।

## ਭਾਗ 5

ਸ਼ਾਮ ਹੋ ਰਹੀ ਸੀ। ਕੁਲਵਿੰਦਰ ਨਿਰਮਲ ਨਾਲ ਸਲਾਹ–ਮਸ਼ਵਰਾ ਕਰਕੇ ਘਰ ਵਾਪਸ ਮੁੜਿਆ। ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਕੰਵਲ ਸੋਫੇ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ ਤੇ ਥੋੜ੍ਹਾ ਪ੍ਰੇਸ਼ਾਨ ਲੱਗ ਰਿਹਾ ਸੀ।

ਕੰਵਲ... ਕੀ ਹੋਇਆ ? ਤੂੰ ਕੁਝ ਪ੍ਰੇਸ਼ਾਨ ਲੱਗ ਰਿਹੈਂ ?

ਕੰਵਲ ਨੇ ਅਖ਼ਬਾਰ ਉਸ ਦੇ ਹੱਥ ਵਿੱਚ ਫੜਾਉਂਦਿਆਂ ਕਿਹਾ, ਏਹ ਖ਼ਬਰ ਪੜ੍ਹ।

ਕੁਲਵਿੰਦਰ ਨੇ ਅਖ਼ਬਾਰ ਖੋਲ੍ਹਿਆ। ਪਹਿਲੇ ਸਫ਼ੇ 'ਤੇ ਇਕ ਤਸਵੀਰ ਨੇ ਉਸ ਨੂੰ ਝੰਜੋੜ ਦਿੱਤਾ। ਤਸਵੀਰ ਵਿੱਚ ਸਿੱਖ ਨੌਜਵਾਨ–ਅੱਖਾਂ ਖੁੱਲ੍ਹੀਆਂ, ਵਾਲ ਬੇਤਰਤੀਬੇ, ਸਾਹਮਣੇ ਏਕੇ–47 ਪਈ ਸੀ। ਸਰੀਰ ਦਾ ਹਾਲ ਵੇਖ ਕੇ ਸਾਫ਼ ਕਿ ਉਸ ਨੂੰ ਬੇਰਹਿਮੀ ਨਾਲ ਤੜਪਾ ਕੇ ਮਾਰਿਆ ਗਿਆ ਸੀ, ਪਰ ਅਖ਼ਬਾਰ ਨੇ ਉਸ ਨੂੰ ਪੁਲਸ ਮੁਕਾਬਲੇ ਵਿੱਚ ਮਾਰਿਆ ਦਿਖਾਇਆ ਸੀ।

ਸੁਰਖੀ ਮੋਟੀ ਕਰਕੇ ਛਪੀ ਸੀ– ਦੁਆਬੇ ਦਾ ਚੋਟੀ ਦਾ ਅੱਤਵਾਦੀ ਜਸਵਿੰਦਰ ਸਿੰਘ ਜੱਸਾ ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ।

ਕੁਲਵਿੰਦਰ ਦੀਆਂ ਅੱਖਾਂ ਖ਼ਬਰ 'ਤੇ ਟਿੱਕ ਗਈਆਂ, ਕੱਲ੍ਹ ਰਾਤ ਕਮਾਂਡੋ ਫੋਰਸ ਦਾ ਚੋਟੀ ਦਾ ਦੂਜੀ ਕਤਾਰ ਦਾ ਅੱਤਵਾਦੀ ਜਸਵਿੰਦਰ ਸਿੰਘ ਜੱਸਾ ਫਗਵਾੜਾ–ਹੁਸ਼ਿਆਰਪੁਰ ਸੜਕ 'ਤੇ ਪਿੰਡ ਰਿਹਾਣਾ ਜੱਟਾਂ ਦੇ ਨੇੜੇ ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ। ਉਸ ਦਾ ਇਕ ਸਾਥੀ ਹਨੇਰੇ ਦਾ ਫਾਇਦਾ ਚੁੱਕ ਕੇ ਭੱਜਣ ਵਿੱਚ ਕਾਮਯਾਬ ਹੋ ਗਿਆ, ਜਿਸ ਦੀ ਭਾਲ ਜਾਰੀ ਹੈ।

ਅਖ਼ਬਾਰ ਹੌਲੇ ਜਿਹੇ ਮੇਜ਼ 'ਤੇ ਰੱਖਦਿਆਂ ਕੁਲਵਿੰਦਰ ਨੇ ਕੰਵਲ ਵੱਲ ਵੇਖਿਆ। ਇਹ ਜੱਸਾ ਕੌਣ ਸੀ ?

ਕੰਵਲ ਦੁਖੀ ਹੁੰਦਿਆਂ ਬੋਲਿਆ– ਇਹ ਮੇਰਾ ਸਾਥੀ ਸੀ... ਮੇਰਾ ਭਰਾ... ਮੇਰਾ ਯਾਰ... ਮੇਰਾ ਸਭ ਕੁਝ। ਜੱਸੇ ਨੇ ਹੀ ਮੈਨੂੰ ਕਿਹਾ ਸੀ ਕਿ ਮੈਂ ਪੰਜਾਬ ਛੱਡ ਦਿਆਂ। ਪਰ ਸਮਝ ਨਹੀਂ ਆਉਂਦੀ... ਉਹ ਪੁਲਸ ਦੇ ਹੱਥ ਕਿਵੇਂ ਚੜ੍ਹ ਗਿਆ ? ਤੇ ਇਕ ਗੱਲ ਹੋਰ–ਸਾਡੇ ਕੋਲ ਤਾਂ ਏਕੇ–47 ਹੈ ਹੀ ਨਹੀਂ ਹੈ। ਇਨ੍ਹਾਂ ਨੇ ਝੂਠਾ ਮੁਕਾਬਲਾ ਦਿਖਾ ਕੇ ਉਸ ਨੂੰ ਸ਼ਹੀਦ ਕਰ ਦਿੱਤਾ।


ਕੰਵਲ ਦੀਆਂ ਅੱਖਾਂ ਗੁੱਸੇ ਵਿੱਚ ਲਾਲ ਹੋ ਰਹੀਆਂ ਸਨ। ਉਹ ਅਚਾਨਕ ਉੱਠਿਆ ਤੇ ਕਮਰੇ ਵਿੱਚ ਚਲਾ ਗਿਆ।

**ਬਾਕੀ ਹਿਸਾ ਅਗਲੇ ਸਫ਼ੇ 30 ਤੇ ਪੜ੍ਹੋ**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ ! –ਸੰਪਾਦਕ

# ਸਿੱਖ ਧਰਮ ਤੇ ਅਜੋਕੀ ਸਿਆਸਤ

ਡਾ. ਸਤਿੰਦਰ ਪਾਲ ਸਿੰਘ



**ਸਿਆਸੀ ਸ਼ਖਸੀਅਤਾਂ ਨੂੰ ਪੱਗਾਂ ਬੰਨ ਕੇ ਗੁਰਦੁਆਰਿਆਂ ਵਿੱਚ ਮਹਿਮਾਨ ਵਾਂਗੂੰ ਸਤਿਕਾਰ ਦੇਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਉਨ੍ਹਾਂ ਦੀ ਸ਼ਾਨ ਵਿੱਚ ਕਸੀਦੇ ਪੜ੍ਹਨੇ ਗੁਰੂ ਤੇ ਗੁਰ ਸੰਗਤ ਦੁਹਾਂ ਦਾ ਨਿਰਾਦਰ ਹੈ। ਤੰਗ ਸਿਆਸੀ ਨਜਰੀਏ ਦੀ ਪੂਰਤੀ ਲਈ ਗੁਰ ਇਤਿਹਾਸ ਵਿਗਾੜਨ ਵਿੱਚ ਸਹਿਯੋਗ ਦਿੱਤਾ ਜਾ ਰਿਹਾ ਹੈ। ਇਹ ਸਿਲਸਿਲਾ ਵੱਧਦਾ ਹੀ ਜਾ ਰਿਹਾ ਹੈ ਕਿਉਂਕਿ ਲੋਭ ਵਿੱਚ ਨਿਵਾਨ ਦੀ ਕੋਈ ਸੀਮਾ ਨਹੀਂ ਹੁੰਦੀ ।**



ਮੀਰੀ ਤੇ ਪੀਰੀ ਦੇ ਸਿਧਾਂਤ ਦੀ ਮੂਲ ਭਾਵਨਾ ਨੂੰ ਨਾ ਸਮਝਣ ਕਾਰਨ ਸਿੱਖ ਜਗਤ ਵਿੱਚ ਗੁੰਝਲਦਾਰ ਸਥਿਤੀਆਂ ਪੈਦਾ ਹੋ ਗਈਆਂ ਹਨ। ਜਿਆਦਾ ਘਾਣ ਧਾਰਮਕ ਸਿਧਾਂਤਾਂ ਦਾ ਹੋ ਰਿਹਾ ਹੈ ਕਿਉਂਕਿ ਅਜੋਕੀ ਰਾਜਨੀਤੀ ਦਾ ਤਾਂ ਕੋਈ ਮਿਆਰ ਬਚਿਆ ਹੀ ਨਹੀਂ ਹੈ । ਸੰਸਦੀ ਲੋਕਤੰਤ੍ਰ ਵਿੱਚ ਰਾਜਨੀਤੀ ਦਾ ਇੱਕੋ ਮਨੋਰਥ ਹੈ ਰਾਜਸੀ ਤਾਕਤ ਪ੍ਰਾਪਤ ਕਰਨਾ 'ਤੇ ਉਸ ਨੂੰ ਬਣਾਈ ਰੱਖਣਾ। ਰਾਜਨੀਤੀ ਰਾਜ ਲਈ ਹੈ , ਜਰੀਆ ਕੋਈ ਵੀ ਹੋ ਸਕਦਾ ਹੈ। ਧਰਮ ਮਨੁੱਖੀ ਭਾਵਨਾ ਦਾ ਸੰਚਾਲਕ ਤੱਤ ਹੋਣ ਕਾਰਨ ਰਾਜਨੀਤੀ ਨੂੰ ਧਰਮ ਦੀ ਵਰਤੋਂ ਆਦਿ ਕਾਲ ਤੋਂ ਹੀ ਭਾਉਂਦੀ ਰਹੀ ਹੈ। ਧਾਰਮਿਕ ਹਿੱਤਾਂ ਦੇ ਨਾਮ ਤੇ ਆਪਣੇ ਨਿਜੀ ਹਿੱਤ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਧਰਮ ਦੀ ਮਰਿਆਦਾ ਤਾਰ ਤਾਰ ਕਰਦਿਆਂ ਰਹੀਆਂ ਹਨ। ਇਹ ਅੱਜ ਵੀ ਹੋ ਰਿਹਾ ਹੈ ਪਰ ਫਰਕ ਇਹ ਹੈ ਕਿ ਕੋਈ ਹੱਦ ਨਹੀਂ ਰਹੀ , ਕੋਈ ਸੰਗ ਨਹੀਂ ਆ ਰਹੀ। ਅੱਜ ਦਾ ਪਰਿਦ੍ਰਿਸ਼ ਇਹ ਹੈ ਕਿ ਇੱਕ ਹੀ ਵਿਅਕਤੀ ਹੈ ਜੋ ਧਾਰਮਿਕ ਸਟੇਜ ਤੇ ਸਿੱਖੀ ਸਿਧਾਂਤਾਂ ਦਾ ਆਪ ਹੁੱਦਰਾ ਵਿਆਖਿਆਕਾਰ ਬਣਿਆ ਹੁੰਦਾ ਹੈ, ਅਗਲੇ ਪਲ ਉਹ ਹੀ ਸਿਆਸੀ ਮੰਚ ਤੇ ਦਾਂਵ ਪੈਂਚ ਚੱਲ ਰਿਹਾ ਹੁੰਦਾ ਹੈ। ਉਹ ਗੁਰਦੁਆਰੇ ਦਾ ਪ੍ਰਬੰਧਕਾਰ ਵੀ ਹੈ, ਰਾਜਨੀਤਿਕ ਦਲ ਦਾ ਔਹਦੇਦਾਰ ਵੀ ਹੈ। ਇਸ ਰਲਗੱਡ ਨੇ ਧਰਮ ਜਗਤ ਲਈ ਗੰਭੀਰ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ, ਪਰ ਸਿੱਖ ਜਗਤ ਇਸ ਤੋਂ ਅਵੇਸਲਾ, ਅਣਜਾਣ ਜਿਹਾ ਬਣਿਆ ਹੋਇਆ ਹੈ । ਆਮ ਸਿੱਖ ਦੀ ਰੁਚੀ ਹੀ ਨਹੀਂ ਹੈ ਕਿ ਪੰਥ ਕਿਸ ਦੌਰ ਤੋਂ ਗੁਜਰ ਰਿਹਾ ਹੈ। ਕੁੱਝ ਸਮਾਂ ਪਹਿਲਾਂ ਸਿੱਖ ਪੰਥ ਦੀ ਇੱਕ ਸਿਰਮੌਰ ਸੰਸਥਾ ਦੇ ਮੁਖੀ ਦਾ ਬਿਆਨ ਆਇਆ ਕਿ ਉਹ ਇੱਕ ਰਾਜਨੀਤਿਕ ਦਲ ਦੇ ਆਮ ਸਿਪਾਹੀ ਹਨ। ਇਸ ਬਿਆਨ ਤੇ ਕੁੱਝ ਸਿਆਸੀ ਤੀਰ ਚੱਲੇ ਪਰ ਮਸਲਾ ਆਇਆ ਗਿਆ ਹੋ ਗਿਆ। ਉਨ੍ਹਾਂ ਕੁੱਝ ਗਲਤ ਜਾਂ ਅਣਹੋਣੀ ਗੱਲ ਨਹੀਂ ਕਹੀ। ਇਹ ਹਕੀਕਤ ਹੈ ਕਿ ਧਾਰਮਿਕ ਸੰਸਥਾਵਾਂ, ਧਾਰਮਿਕ ਮੁੱਦੇ ਸਿਆਸੀ ਤਾਕਤਾਂ ਦੇ ਮੁਥਾਜ ਹੁੰਦੇ ਜਾ ਰਹੇ ਹਨ। ਸਿਆਸਤ ਦਾ ਧਰਮ ਤੇ ਪੈ ਰਿਹਾ ਸਾਇਆ ਸਪਸ਼ਟ ਵਿਖਾਈ ਦੇ ਰਿਹਾ ਹੈ। ਇੱਕ ਸਮਾਂ ਸੀ ਜਦੋਂ ਵਿਸ਼ਾਲ ਸਿੱਖ ਰਾਜ ਦਾ ਤਾਕਤਵਰ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਦਾ ਨਾਮ ਸੁਪਨੇ ਵਿੱਚ ਵੀ ਡਰਾਉਂਦਾ ਸੀ।ਉਹ ਸਮਾਂ ਹੁਣ ਨਹੀਂ ਰਿਹਾ। ਰਾਜ ਤੇ ਧਰਮ ਦੇ ਵਿਚਕਾਰ ਦਾ ਸੰਤੁਲਨ ਬਿੰਦੂ ਜੋ ਮਹਾਰਾਜਾ ਰਣਜੀਤ ਸਿੰਘ 'ਤੇ ਅਕਾਲੀ ਫੂਲਾ ਸਿੰਘ ਨੇ ਕਾਇਮ ਕੀਤਾ ਸੀ, ਪੂਰੀ ਤਰਾਂ ਅਲੋਪ ਹੋ ਗਿਆ ਹੈ। ਧਰਮ ਤੇ ਸਿਆਸਤ ਦੇ ਸਬੰਧ ਨੂੰ ਸਮਝਣਾ ਔਖਾ ਹੋ ਗਿਆ ਹੈ।

ਪੰਥ ਵਿੱਚ ਧਰਮ ਤੇ ਸਿਆਸਤ ਦੇ ਮੇਲ ਦੇ ਪੈਰੋਕਾਰ ਬਹੁਤ ਸਾਰੇ ਮਿਲ ਜਾਣਗੇ ਜੋ ਆਪਣੇ ਪੱਖ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਤੇ ਪੀਰੀ ਦੇ ਸਿਧਾਂਤ ਦਾ ਹਵਾਲਾ ਦਿੰਦਿਆਂ ਨਹੀਂ ਥੱਕਦੇ। ਗੁਰੂ ਸਾਹਿਬ ਨੇ ਬੇਸ਼ੱਕ ਰਾਜ ਤੇ ਧਰਮ ਦੇ ਸਬੰਧ ਦੀ ਗੱਲ ਕੀਤੀ ਪਰ ਇਹ ਸਬੰਧ ਤਾਲਮੇਲ ਦਾ ਸੀ ਰਲਗੱਡ ਦਾ ਨਹੀਂ। ਗੁਰੂ ਸਾਹਿਬ ਨੇ ਸੈਨਿਕ ਸ਼ਕਤੀ ਕਾਇਮ ਕੀਤੀ ਪਰ ਰਾਜ ਸਥਾਪਿਤ ਕਰਨ ਲਈ ਨਹੀਂ, ਧਾਰਮਿਕ ਕਦਰਾਂ ਕੀਮਤਾਂ ਦੀ ਰੱਖਿਆ ਲਈ। ਉਨ੍ਹਾਂ ਸਿੱਖਾਂ ਅੰਦਰ ਧਰਮ ਦੇ ਨਾਲ ਹੀ ਰਾਜਸੀ ਚੇਤਨਾ ਵੀ ਪੈਦਾ ਕੀਤੀ ਪਰ ਉਸ ਚੇਤਨਾ ਦਾ ਮਨੋਰਥ ਆਪਣੇ ਧਰਮ ਦਾ ਨਿਰਵਿਘਨ 'ਤੇ ਸੁਚੱਜਾ ਨਿਰਬਾਹ ਕਰਨ ਜੋਗ ਸਥਿਤੀਆਂ ਵਿਕਸਿਤ ਕਰਨਾ ਸੀ। ਰਾਜ ਤੇ ਧਰਮ ਨੂੰ ਲੈ ਕੇ ਗੁਰਬਾਣੀ ਵਿੱਚ ਕੋਈ ਭੁਲੇਖਾ ਨਹੀਂ ਨਜਰ ਆਉਂਦਾ, ਸਗੋਂ ਸਪਸ਼ਟ ਚਿੰਤਨ ਪ੍ਰਗਟ ਹੋਇਆ ਹੈ। ਰਾਜ ਸਦਾ ਹੀ ਜ਼ੋਰ, ਹਠ, ਹੰਕਾਰ ਤੇ ਚੱਲੇ ਹਨ। ਗੁਰੂ ਸਾਹਿਬਾਨ ਆਪ ਇਸ ਸੱਚ ਦੇ ਪ੍ਰਤੱਖ ਗਵਾਹ ਸਨ। ਰਾਜ ਦੀ ਇਸ ਪ੍ਰਵ੍ਰਿਤੀ ਨਾਲ ਗੁਰੂ ਕਾਲ ਵਿੱਚ ਵੀ ਤੇ ਉਸ ਤੋਂ ਬਾਅਦ ਵੀ ਸਦਾ ਟਕਰਾਵ ਹੁੰਦਾ ਰਿਹਾ ਕਿਉਂਕਿ ਗੁਰਮਤਿ ਗੁਣਾਂ ਨੂੰ ਜੀਵਨ ਦੇ ਕੇਂਦਰ ਵਿੱਚ ਰੱਖਦੀ ਸੀ ਪਰ ਰਾਜ ਵਿਵਸਥਾ ਗੁਣਾਂ ਤੋਂ ਵਿਹੂਣੀ, ਜਾਬਰ, ਮਨੁੱਖੀ ਹੱਕਾਂ ਦੀ ਵੈਰੀ ਸੀ। ਮੁਗਲ ਕਾਲ, ਅੰਗਰੇਜ ਸ਼ਾਸਨ ਕਾਲ, ਉਸ ਤੋਂ ਬਾਅਦ ਵੀ ਸੱਤਾ ਦਾ ਇਹੋ ਕਿਰਦਾਰ ਬਣਿਆ ਰਿਹਾ ਹੈ ਜੋ ਗੁਰਮਤਿ 'ਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਅਪ੍ਰਵਾਨ ਰਿਹਾ ਹੈ। ਗੁਰਮਤਿ ਮੁੱਢਲੇ ਪੱਧਰ ਤੇ ਹੀ ਰਾਜ ਨੂੰ ਗੁਣਾਂ ਨਾਲ ਜੋੜਦੀ ਹੈ ।

ਤਖਤਿ ਬਹੈ ਤਖਤੈ ਕੀ ਲਾਇਕ। .
ਪੰਚ ਸਮਾਏ ਗੁਰਮਤਿ ਪਾਇਕ। .
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1038)

ਜਿੰਮੇਵਾਰੀ ਉਸ ਨੂੰ ਹੀ ਮਿਲੇ ਜਿਸ ਅੰਦਰ ਜਿੰਮੇਵਾਰੀ ਨਿਭਾਉਣ ਦੀ ਯੋਗਤਾ ਹੋਵੇ। ਇਹ ਯੋਗਤਾ ਗੁਰਮਤਿ ਅਨੁਸਾਰ, ਧਰਮ ਅਨੁਸਾਰ ਆਚਾਰ, ਵਿਚਾਰ ਦਾ ਸੰਕਲਪ ਧਾਰਨ ਕਰਨ ਵਾਲੇ ਅੰਦਰ ਹੀ ਆ ਸਕਦੀ ਹੈ।ਇਹ ਕੋਰੀ ਕਲਪਨਾ ਜਾਂ ਵਿਚਾਰ ਹੀ ਨਹੀਂ ਇੱਕ ਵਿਵਹਾਰ ਸਿੱਧ ਆਦਰਸ਼ ਹੈ ਜਿਸ ਤੇ ਗੁਰਸਿੱਖਾਂ ਨੇ ਚੱਲ ਕੇ ਵਿਖਾਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਅਦ ਸਿੱਖਾਂ ਨੇ ਬਾਬਾ ਬੰਦਾ ਸਿੰਘ ਦੀ ਅਗੁਆਈ ਵਿੱਚ ਆਪਣੇ ਬਲ ਤੇ ਸਿੱਖ ਰਾਜ ਕਾਇਮ ਕੀਤਾ। ਰਾਜ ਚਲੇ ਜਾਣ ਤੋਂ ਬਾਅਦ ਸਿੱਖਾਂ ਨੇ ਜ਼ੁਲਮ, ਜਬਰ ਸਹੇ, ਜੰਗਲਾਂ ਵਿੱਚ ਚਲੇ ਗਏ ਪਰ ਆਪਣੇ ਅਸੂਲਾਂ ਤੋਂ ਨਾ ਡਿੱਗੇ। ਮੁੜ ਵਾਪਿਸ ਆਉਣ ਤੋਂ ਬਾਅਦ ਜੱਥੇਬੰਦ ਹੋਏ। ਸਿੱਖਾਂ ਨੂੰ ਮਿਟਾਉਣ ਦਾ ਸਾਰਾ ਜ਼ੋਰ ਲਾਉਣ ਤੋਂ ਬਾਅਦ ਥੱਕ ਹਾਰ ਕੇ ਸੁਲਹ ਲਈ ਪੰਜਾਬ ਦੇ ਸੂਬੇਦਾਰ ਜਕਰੀਆ ਖਾਨ ਨੇ ਦਿੱਲੀ ਸਲਤਨਤ ਤੋਂ ਮੰਜੂਰੀ ਲੈ ਕੇ ਸਿੱਖਾਂ ਨੂੰ ਨਵਾਬੀ 'ਤੇ ਇੱਕ ਲੱਖ ਰੁਪਏ ਦੀ ਸਾਲਾਨਾ ਆਮਦਨੀ ਵਾਲੀ ਦੀਪਾਲਪੁਰ, ਕੰਗਣਵਾਲ ਤੇ ਝਬਾਲ ਦੀ ਜਾਗੀਰ ਦੀ ਪੇਸ਼ਕਸ਼ ਭੇਜੀ। ਉਸ ਸਮੇਂ ਦੇ ਪ੍ਰਸਿੱਧ ਸਿੱਖ ਆਗੂ ਦੀਵਾਨ ਦਰਬਾਰਾ ਸਿੰਘ ਸਮੇਤ ਸਾਰੇ ਪ੍ਰਮੁੱਖ ਆਗੂਆਂ ਨੇ ਨਵਾਬੀ ਤੇ ਜਾਗੀਰ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ " ਇਸ ਨਵਾਬੀ ਵਿੱਚ ਕੀ ਪਿਆ ਹੈ। ਸਾਨੂੰ ਤਾਂ ਗੁਰੂ ਨੇ ਰਾਜ ਦੇਣ ਦਾ ਵਚਨ ਕੀਤਾ ਹੋਇਆ ਹੈ। ਗੁਰੂ ਦਾ ਵਚਨ ਪੂਰਾ ਜਰੂਰ ਹੋਵੇਗਾ। ਖਾਲਸਾ ਜੋ ਸੁਤੰਤਰ ਹੋ ਕੇ ਰਾਜ ਕਰੇਗਾ ਉਹ ਇਕ ਅਧੀਨ ਪਦਵੀ ਨੂੰ ਸਵੀਕਾਰ ਨਹੀਂ ਕਰ ਸਕਦਾ "। ਫਿਰ ਵਿਚਾਰ ਹੋਇਆ ਕਿ ਇਹ ਨਵਾਬੀ ਕਿਸੇ ਅਜਿਹੇ ਸਿੱਖ ਨੂੰ ਦੇ ਦਿੱਤੀ ਜਾਵੇ ਜੋ ਸੇਵਾ ਨਾਲ ਜੁੜਿਆ ਹੋਵੇ। ਉਸ ਸਮੇਂ ਪੱਖਾਂ ਝੱਲ ਰਹੇ ਸਰਦਾਰ ਕਪੂਰ ਸਿੰਘ ਫੈਜਲਪੁਰੀਆ ਨੂੰ ਇਹ ਨਵਾਬੀ ਸੌਂਪ ਦਿੱਤੀ ਗਈ। ਸਰਦਾਰ ਕਪੂਰ ਸਿੰਘ ਨੇ ਵੀ ਪੰਜਾਂ ਸਿੰਘਾਂ ਦੀ ਚਰਨ ਛੋਹ ਨਾਲ ਪਵਿੱਤਰ ਕਰਨ ਤੋਂ ਬਾਅਦ ਹੀ ਪੇਸ਼ਕਸ਼ ਪ੍ਰਵਾਨ ਕੀਤੀ ਸੀ। ਇਹ ਗੁਰੂ ਨੂੰ ਸਮਰਪਿਤ, ਗੁਰਮਤਿ ਤੇ ਚੱਲਣ ਲਈ ਸੰਕਲਪ ਬੱਧ ਸਿੱਖ ਸਨ ਜਿਨ੍ਹਾਂ ਅੰਦਰ ਰਾਜ ਦਾ ਕੋਈ ਮੋਹ, ਲੋਭ ਨਹੀਂ ਸ, ਕੋਈ ਉਤਾਵਲੀ ਨਹੀਂ ਸੀ, ਮਰਿਆਦਾ ਸੀ ਜੋ ਉਨ੍ਹਾਂ ਨੂੰ ਸੱਚਾ ਸਿੱਖ ਸਿੱਧ ਕਰਦੀ ਸੀ। ਮੀਰੀ ਤੇ ਪੀਰੀ ਦਾ ਸਿਧਾਂਤ ਇਸ ਭਾਵਨਾ ਤੇ ਟਿਕਿਆ ਹੋਇਆ ਸੀ। ਧਰਮ ਉੱਪਰ ਸੀ ਰਾਜ, ਨਵਾਬੀ ਸਦਾ ਧਰਮ ਦੀ ਛਾਇਆ ਹੇਠ ਪ੍ਰਫੁੱਲਿਤ ਹੋਈ। ਸਮਾਂ ਆਇਆ ਤਾਂ ਨਵਾਬ ਕਪੂਰ ਸਿੰਘ ਨੂੰ ਨਵਾਬੀ ਛੱਡਣ ਵਿੱਚ ਇਕ ਪਲ ਵੀ ਨਾ ਲਗਿਆ। ਸਿੱਖ ਤਖ਼ਤ ਤੇ ਬੈਠਣ ਲਾਇਕ ਸਨ ਤਾਂ ਹੀ ਮੁੜ ਖਾਲਸਾ ਰਾਜ ਕਾਇਮ ਹੋਇਆ ਤੇ ਮਹਾਰਾਜ ਰਣਜੀਤ ਸਿੰਘ ਨੇ ਲੰਮੀ ਰਾਜਸ਼ਾਹੀ ਦਾ ਇੱਕ ਇਤਿਹਾਸ ਰਚਿਆ। ਇਹ ਭਾਵਨਾ ਅੱਜ ਪੂਰੀ ਤਰਹ ਅਦ੍ਰਿਸ਼ ਹੋ ਚੁਕੀ ਹੈ। ਅੱਜ ਸੱਤਾ ਲਈ ਬੇਚੈਨੀ ਹੈ, ਸੱਤਾ ਦੇ ਲੋਭ ਹੇਠ ਸਾਰੀ ਮਰਿਆਦਾ ਵਿਸਾਰ ਦਿੱਤੀ ਗਈ ਹੈ। ਧਰਮ ਨੂੰ ਸੱਤਾ ਪ੍ਰਾਪਤੀ ਦੀ ਪੌੜੀ ਸਮਝ ਲਿਆ ਗਿਆ ਹੈ। ਅੱਜ ਜਿਤਨੇ ਵੀ ਸਿੱਖ ਕਿਸੇ ਵੀ ਪੱਧਰ ਤੇ ਸਿਆਸਤ ਵਿੱਚ ਸਰਗਰਮ ਹਨ ਉਤਨੇ ਹੀ ਪੰਥਕ ਹਨ ਜਿਤਨਾ ਉਨ੍ਹਾਂ ਨੂੰ ਸਿਆਸਤ ਵਿਚ ਸਫਲ ਹੋਣ ਲਈ ਜਰੂਰੀ ਲੱਗਦਾ ਹੈ।

ਸਿੱਖ ਪੰਥ ਪੂਰੀ ਤਰਾਂ ਧਾਰਮਿਕ ਆਗੂ ਵਿਹੀਨ ਹੋ ਚੁੱਕਿਆ ਹੈ। ਆਸ ਜਾਂ ਸੰਸਥਾਵਾਂ ਤੋਂ ਹੁੰਦੀ ਹੈ ਜਾਂ ਵਿਅਕਤੀਆਂ ਤੋਂ। ਬਹੁਤ ਸਾਰਿਆਂ ਸੰਸਥਾਵਾਂ ਪੰਥਕ ਹੋਣ ਦਾ ਦਾਅਵਾ ਕਰਦਿਆਂ ਹਨ । ਇਨ੍ਹਾਂ ਸੰਸਥਾਵਾਂ ਵਿੱਚ ਮੁੱਖ ਤੌਰ ਤੇ ਪ੍ਰਬੰਧਕ ਕਮੇਟੀਆਂ ਤੇ ਸਿਆਸੀ ਦਲ ਹਣ । ਗੁਰਦੁਆਰਿਆਂ ਦਾ ਪ੍ਰਬੰਧ ਦੇਖਣ ਵਾਲਿਆਂ ਕਮੇਟੀਆਂ ਦੀ ਆਪਣੀ ਹੱਦ ਤੇ ਕੰਮ ਕਰਨ ਦਾ ਆਪਣਾ ਢੰਗ ਹੈ । ਸੰਸਥਾਵਾਂ ਚਲਾਉਣ ਲਈ ਸਮਝੌਤੇ ਕਰਨੇ ਪੈਂਦੇ ਹਨ ਜਿਸ ਕਾਰਨ ਉਹ ਨੈਤਿਕ ਰੂਪ ਨਾਲ ਕਮਜੋਰ ਹੋ ਜਾਂਦੀਆਂ ਹਨ । ਧਾਰਮਿਕ ਹਿੱਤਾਂ ਲਈ ਲੋੜੀਂਦੀ ਅਡੋਲਤਾ, ਹਿੰਮਤ ਦੀ ਆਸ ਉਨ੍ਹਾਂ ਤੋਂ ਨਹੀਂ ਕੀਤੀ ਜਾ ਸਕਦੀ। ਅਜਿਹੀਆਂ ਸੰਸਥਾਵਾਂ ਲਗਾਤਾਰ ਰਾਜਸੀ, ਸਮਾਜਕ , ਆਰਥਕ ਦਬਾਅ ਹੇਠ ਕੰਮ ਕਰਦੀਆਂ ਹਨ। ਪੰਜਾਬ ਦੇ ਬਹੁਤ ਸਾਰੇ ਸਿਆਸੀ ਦਲ ਪੰਥਕ ਹਿੱਤਾਂ ਦਾ ਪਹਿਰੇਦਾਰ ਹੋਣ ਦਾ ਦਾਅਵਾ ਕਰਦੇ ਹਨ ਪਰ ਇਹ ਦਾਅਵਾ ਸੱਤਾ ਪ੍ਰਾਪਤੀ , ਚੋਣਾਂ ਜਿੱਤਣ ਦੇ ਮਕਸਦ ਨਾਲ ਹੀ ਸਬੰਧ ਰੱਖਦਾ ਹੈ। ਸੰਸਦੀ ਲੋਕਤੰਤਰ ਵਿੱਚ ਇਸ ਸੱਚ ਨੂੰ ਖੁੱਲੇ ਦਿਲ ਦਿਮਾਗ ਨਾਲ ਸਵੀਕਾਰ ਕੀਤਾ ਜਾਣਾ ਚਾਹੀਦੇ। ਸਮੱਸਿਆ ਇਹ ਹੈ ਕਿ ਸਿੱਖ ਕੌਮ ਨੇ ਇਸ ਹਕੀਕਤ ਨੂੰ ਅਣਦੇਖਾ ਕੀਤਾ ਹੈ ਜਿਸ ਦਾ ਪੂਰਾ ਲਾਭ ਸਿਆਸੀ ਦਲ ਅੱਜ ਵੀ ਚੁੱਕ ਰਹੇ ਹਨ ਤੇ ਧਰਮ ਨੂੰ ਸੱਤਾ ਪ੍ਰਾਪਤੀ ਲਈ ਵਰਤਣ ਦਾ ਸਾਹਸ ਕਰ ਰਹੇ ਹਨ । ਦਹਾਕਿਆਂ ਤੋਂ ਧਰਮ ਦੇ ਮਸਲੇ ਅਣ ਸੁਲਝੇ ਪਏ ਹਨ, ਮਰਿਆਦਾ ਨਾਲ ਵੱਖ ਖੇਡਿਆ ਜਾ ਰਿਹਾ ਹੈ। ਇਹੋ ਸੱਚ ਵਿਅਕਤੀਆਂ ਨਾਲ ਜੁੜਿਆ ਹੋਇਆ ਹੈ, ਖਾਸ ਤੋਰ ਤੇ ਪੰਜਾਬ ਤੋਂ ਬਾਹਰ । ਜਿਨ੍ਹਾਂ ਕੋਲ ਦੌਲਤ ਹੈ ਉਹ ਗੁਰਦੁਆਰਿਆਂ ਦੇ ਪ੍ਰਬੰਧ ਤੇ ਕਾਬਿਜ ਹੋ ਗਏ ਹਨ। ਆਪਣੀ ਦੌਲਤ ਬਚਾਉਣ ਲਈ ਸਿਆਸੀ ਦਲਾਂ ਵਿੱਚ ਸ਼ਾਮਿਲ ਹੋ ਗਏ ਹਨ। ਸਿਆਸੀ ਦਲਾਂ ਵਿੱਚ ਉਨ੍ਹਾਂ ਦੀ ਥਾਂ ਗੁਰਦੁਆਰਿਆਂ ਵਿੱਚ ਮਹੱਤਾ ਮੁਤਾਬਿਕ ਤੈ ਹੋ ਰਹੀ ਹੈ। ਅਜਿਹੇ ਲੋਗਾਂ ਦੀ ਜੱਦੋ ਜਹਿਦ ਗੁਰਦੁਆਰਿਆਂ ਵਿੱਚ ਆਪਣਾ ਕਬਜਾ ਬਣਾਈ ਰੱਖਣ 'ਤੇ ਉਸ ਦੀ ਕੀਮਤ ਤੇ ਸਿਆਸੀ ਹੈਸੀਅਤ ਬਣਾਉਣ ਦੀ ਹੈ। ਇਸ ਲਈ ਉਹ ਕੋਈ ਵੀ ਸਮਝੌਤਾ ਕਰਨ ਨੂੰ ਤਿਆਰ ਹੋ ਜਾਂਦੇ ਹਨ।ਸਿੱਖ ਮਿਸਲਾਂ ਦੀ ਦਿੱਲੀ ਫਤਿਹ ਤੋਂ ਬਾਅਦ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਲ ਕਿਲੇ ਵਿੱਚ ਤਾਜਪੋਸ਼ੀ ਕਰ ਤਖਤ ਤੇ ਬਿਠਾਇਆ ਗਿਆ। ਇਹ ਕਿਸੇ ਇੱਕ ਮਿਸਲ ਦੇ ਜੱਥੇਦਾਰ ਨੂੰ ਪਸੰਦ ਨਹੀਂ ਆਇਆ ਤਾਂ ਬਿਨਾ ਦੇਰ ਕੀਤੀਆਂ

ਬਾਕੀ ਹਿਸਾ ਸਫਾ 30 ਤੇ ਪੜ੍ਹੋ

→ 29 ਸਫੇ ਦੀ ਬਾਕੀ

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਤਖ਼ਤ ਤਿਆਗ ਦਿੱਤਾ ਸੀ ਸਿਰਫ ਇਸ ਲਈ ਕਿ ਪੰਥਕ ਏਕਤਾ ਬਣੀ ਰਹੇ। ਅੱਜ ਤਾਂ ਪੰਥਕ ਏਕਤਾ ਦੀ ਰਾਹ ਵਿੱਚ ਅੜਿੱਕਾ ਹੀ ਇਹ ਹੈ ਕਿ ਕੋਈ ਕੁਰਸੀ ਛੱਡਣਾ ਨਹੀਂ ਚਾਹੁੰਦਾ, ਸਾਰੇ ਹੀ ਕੁਰਸੀ ਦੇ ਦਾਅਵੇਦਾਰ ਹਨ, ਭਾਵੇਂ ਕਿਸੇ ਵੀ ਕੀਮਤ ਤੇ ਮਿਲੇ। ਧਰਮ ਦੀ ਚਿੰਤਾ ਉੱਥੇ ਤੱਕ ਹੀ ਹੈ ਜਿੱਥੇ ਤੱਕ ਆਪਣੀ ਚਿੰਤਾ ਪੂਰੀ ਹੁੰਦੀ ਹੈ। ਇਹ ਗੱਲ ਆਮ ਸਿੱਖ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਸਿਆਸੀ ਦਲਾਂ ਨਾਲ ਜੁੜੇ ਲੋਗਾਂ ਲਈ ਆਪਣਾ ਹਿੱਤ ਪਹਿਲਾਂ ਹੁੰਦਾ ਹੈ। ਸਿਆਸਤ ਦਾ ਮਿਆਰ ਜਿੰਨਾ ਡਿੱਗ ਗਿਆ ਹੈ ਨਿਜੀ ਹਿੱਤ ਵੀ ਉਤਨਾ ਹੀ ਸੌੜਾ ਹੋ ਗਿਆ ਹੈ। ਅਜਿਹੇ ਲੋਗਾਂ ਦੇ ਵੱਡੇ ਵੱਡੇ ਬੋਲ ਲੁਭਾਉਣੇ ਹੋ ਸਕਦੇ ਹਨ ਪਰ ਨਿਰੇ ਖੋਖਲੇ ਕਿਉਂਕਿ ਭਾਵਨਾ ਤੋਂ ਵਿਹੀਨ ਹੁੰਦੇ ਹਨ "ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ। ਬਾਤਨ ਹੀ ਅਸਮਾਨੁ ਗਿਰਾਵਹਿ।" ਇਨ੍ਹਾਂ ਤੋਂ ਕੋਈ ਆਸ ਰੱਖਣਾ ਆਪਣੇ ਆਪ ਨੂੰ ਭੁਲੇਖੇ ਵਿੱਚ ਰੱਖਣਾ ਹੈ।

ਇਹ ਸਾਫ ਤੌਰ ਤੇ ਸਮਝਣ ਦੀ ਗੱਲ ਹੈ ਕਿ ਜਿਸ ਸੰਸਥਾ ਜਾਂ ਵਿਅਕਤੀ ਦਾ ਧਰਮ ਤੋਂ ਵੱਖ ਕੋਈ ਹਿੱਤ ਹੈ ਉਹ ਧਰਮ ਲਈ ਖੜੇ ਹੋਣ ਯੋਗ ਨਹੀਂ ਰਹਿ ਜਾਂਦਾ। ਵਿਅਕਤੀਗਤ ਲੋਭ, ਮੋਹ ਧਰਮ ਦੇ ਮਾਰਗ ਤੋਂ ਦੂਰ ਕਰਦਾ ਹੈ। ਧਰਮ ਨਿਰਲੇਪ ਅਵਸਥਾ ਦਾ ਵਿਸ਼ਾ ਹੈ। ਲੋਭ, ਮੋਹ ਸਮਾਜਕ, ਆਰਥਕ, ਸਿਆਸੀ ਕਾਮਨਾਵਾਂ ਨੂੰ ਜਨਮ ਦਿੰਦਾ ਹੈ ਜਬਕਿ ਧਰਮ ਮਨੁੱਖ ਨੂੰ ਨਿਸ਼ਕਾਮ, ਨਿਰਲੇਪ ਬਣਾਉਂਦਾ ਹੈ। ਸਿਆਸਤ ਵਿੱਚ ਖੁਸ਼ਾਮਦ ਹੈ, ਮੌਕਾ ਪ੍ਰਸਤੀ ਹੈ, ਹੰਕਾਰ ਹੈ ਜਬਕਿ ਧਰਮ ਵਿੱਚ ਸਹਿਜ ਹੈ , ਸਮਰਪਣ ਹੈ, ਹਲੀਮੀ ਹੈ। ਸਿਆਸਤ ਦਾ ਜੋੜ ਪ੍ਰਾਪਤੀ ਨਾਲ ਹੈ ਜਬਕਿ ਧਰਮ ਦਾ ਜੋੜ ਤਿਆਗ ਨਾਲ ਹੈ ।

ਕੁੱਝ ਦਿਨ ਪਹਿਲਾਂ ਇੱਕ ਵੈਬਿਨਾਰ ਵਿੱਚ ਸੁਝਾਅ ਆਇਆ ਸੀ ਕਿ ਗੁਰਦੁਆਰਿਆਂ ਦੇ ਗ੍ਰੰਥੀ ਅੱਗੇ ਹੋ ਕੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਤੇ ਵਰਤਮਾਨ ਪ੍ਰਬੰਧਕ ਕਤਾਰ ਨੂੰ ਬੇਦਖਲ ਕਰਨ ਜਿਵੇਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਘਰਾਂ ਨੂੰ ਮਹੰਤਾਂ ਤੋਂ ਮੁਕਤ ਕਰਾਇਆ ਗਿਆ ਸੀ। ਦਰਅਸਲ ਗੁਰਦੁਆਰਿਆਂ ਵਿੱਚ ਸੇਵਾ ਨਿਭਾਉਣ ਵਾਲਿਆਂ ਨੇ ਵੀ ਆਪਣੀ ਸੇਵਾ ਨੂੰ ਨੌਕਰੀ ਮੰਨ ਲਿਆ ਹੈ। ਸੇਵਾ ਦੀ ਭਾਵਨਾ ਘੱਟ ਹੋ ਗਈ ਹੈ। ਆਰਥਿਕ ਦਬਾਵ ਇਸ ਦਾ ਵੱਡਾ ਕਾਰਨ ਹੈ। ਪ੍ਰਬੰਧਕ ਇਸ ਦਾ ਲਾਭ ਉਠਾ ਕੇ ਨਿਰੰਕੁਸ਼ ਹੋ ਗਏ ਹਨ ਤੇ ਗੁਰੂ ਘਰਾਂ ਦੀ ਮਰਿਆਦਾ ਦੇ ਵੀ ਸੰਚਾਲਕ ਬਣ ਬੈਠੇ ਹਨ। ਇਸ ਨਾਲ ਧਾਰਮਿਕ ਮਰਿਆਦਾ ਦਾ ਘੋਰ ਘਾਣ ਹੋ ਰਿਹਾ ਹੈ। ਸਿਆਸੀ ਸ਼ਖਸੀਅਤਾਂ ਨੂੰ ਪੱਗਾਂ ਬੰਨ ਕੇ ਗੁਰਦੁਆਰਿਆਂ ਵਿੱਚ ਮਹਿਮਾਨ ਵਾਂਗੂੰ ਸਤਿਕਾਰ ਦੇਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਉਨ੍ਹਾਂ ਦੀ ਸ਼ਾਨ ਵਿੱਚ ਕਸੀਦੇ ਪੜ੍ਹਨੇ ਗੁਰੂ ਤੇ ਗੁਰ ਸੰਗਤ ਦੁਹਾਂ ਦਾ ਨਿਰਾਦਰ ਹੈ। ਤੰਗ ਸਿਆਸੀ ਨਜਰੀਏ ਦੀ ਪੂਰਤੀ ਲਈ ਗੁਰ ਇਤਿਹਾਸ ਵਿਗਾੜਨ ਵਿੱਚ ਸਹਿਯੋਗ ਦਿੱਤਾ ਜਾ ਰਿਹਾ ਹੈ। ਇਹ ਸਿਲਸਿਲਾ ਵੱਧਦਾ ਹੀ ਜਾ ਰਿਹਾ ਹੈ ਕਿਉਂਕਿ ਲੋਭ ਵਿੱਚ ਨਿਵਾਨ ਦੀ ਕੋਈ ਸੀਮਾ ਨਹੀਂ ਹੁੰਦੀ ।

ਦੌਲਤ ਤੇ ਸਿਆਸਤ ਦੇ ਇਸ ਧਾਰਮਿਕ ਹਿੱਤਾਂ ਵਿਰੋਧੀ ਗਠਜੋੜ ਨੂੰ ਤੋੜਨ ਲਈ ਆਮ ਸਿੱਖ ਨੂੰ ਵਿਚਾਰ ਕਰਨਾ ਚਾਹੀਦੇ। ਸਿੱਖ ਧਰਮ ਦਾ ਮੂਲ ਸਵਰੂਪ ਬਚਾਉਣਾ ਹੈ ਤਾਂ ਇਸ ਨੂੰ ਸਿਆਸਤ ਤੋਂ ਇਕੱਦਮ ਵੱਖ ਕਰਨ ਦੀ ਲੋੜ ਹੈ। ਅੱਜ ਦੀ ਸਿਆਸਤ ਨੂੰ ਮੀਰੀ ਨਹੀਂ ਕਿਹਾ ਜਾ ਸਕਦਾ। ਗੁਰੂ ਹਰਿਗੋਬਿੰਦ ਸਾਹਿਬ ਨੇ ਜਿਸ ਮੀਰੀ ਦੀ ਗੱਲ ਕੀਤੀ ਉਹ ਇੱਕ ਆਦਰਸ਼ ਰਾਜ ਦੀ ਸੱਤਾ ਵਿਵਸਥਾ ਸੀ ਜਿਸ ਨੂੰ ਬੇਗਮਪੁਰਾ ਜਾਂ ਅੰਮ੍ਰਿਤਸਰ ਸਿਫਤੀ ਦਾ ਘਰ ਕਿਹਾ ਗਿਆ। ਅੱਜ ਦੀ ਮੀਰੀ ਨੂੰ ਤਾਂ ਉਦੋਂ ਹੀ ਨਕਾਰ ਦਿੱਤਾ ਗਿਆ ਸੀ ਜਦੋਂ ਗੁਰੂ ਅਮਰਦਾਸ ਸਾਹਿਬ ਨੇ ਅਕਬਰ ਦੀ ਮਦਦ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਸੀ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਔਰੰਗਜੇਬ ਨੂੰ ਮਿਲਣ ਤੋਂ ਇੰਨਕਾਰ ਕਰ ਦਿੱਤਾ ਸੀ, ਗੁਰਦੁਆਰਾ ਸੁਧਾਰ ਲਹਿਰ ਹੇਠ ਮੋਰਚੇ ਲਾਏ ਗਏ ਸਨ।

ਈ ਮੇਲ - akaalpurkh.7@gmail.com

## ਕੌਮਾਂਤਰੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਵੱਲੋਂ ਮੈਨੀਟੋਬਾ ਚ ਰੋਸ ਪ੍ਰਦਰਸ਼ਨ




ਵੈਨਕੂਵਰ, 18 ਅਪ੍ਰੈਲ (ਮਲਕੀਤ ਸਿੰਘ) - ਕੈਨੇਡਾ ਦੇ ਮੈਨਿਟੋਬਾ ਸੂਬੇ ਵਿੱਚ ਇੰਟਰਨੈਸ਼ਨਲ ਵਿਦਿਆਰਥੀਆਂ ਅਤੇ ਵਰਕ ਪਰਮਿਟ ਤੇ ਰਹਿ ਰਹੇ ਪ੍ਰਵਾਸੀਆਂ ਵੱਲੋਂ ਆਪਣੇ ਸਮਰਥਕਾਂ ਸਮੇਤ ਆਪਣੀਆਂ ਮੰਗਾਂ ਨੂੰ ਲੈ ਕੇ ਇੱਕ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀ ਸੂਬਾ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਉਨਾਂ ਦੇ ਸੁਰੱਖਿਅਤ ਭਵਿੱਖ ਲਈ ਫੈਡਰਲ ਸਰਕਾਰ ਤੇ ਦਬਾਅ ਬਣਾਇਆ ਜਾਵੇ ਉਨ੍ਹਾਂ ਦਾ ਕਹਿਣਾ ਹੈ ਕਿ ਕਈ ਲੋਕ ਸਾਲਾਂ ਤੋਂ ਇਥੇ ਕੰਮ ਕਰ ਰਹੇ ਹਨ ਅਤੇ ਸਥਾਨਕ ਅਰਥਵਿਵਸਥਾ ਵਿੱਚ ਯੋਗਦਾਨ ਪਾ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਇਹ ਵੀ ਦਲੀਲ ਦਿੱਤੀ ਕਿ ਵਰਕ ਪਰਮਿਟਾਂ ਦੀ ਮਿਆਦ ਖਤਮ ਹੋਣ ਨਾਲ ਉਹ ਨਾ ਸਿਰਫ਼ ਆਪਣੀ ਨੌਕਰੀ ਗੁਆ ਸਕਦੇ ਹਨ, ਸਗੋਂ ਆਪਣੇ ਪਰਿਵਾਰਾਂ ਲਈ ਵੀ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਕਾਰਨ ਉਹ ਸਰਕਾਰ ਤੋਂ ਤੁਰੰਤ ਹੱਲ ਦੀ ਮੰਗ ਕਰ ਰਹੇ ਹਨ। ਉਧਰ, ਮਾਮਲੇ ’ਤੇ ਅਧਿਕਾਰੀਆਂ ਵੱਲੋਂ ਹਾਲੇ ਤੱਕ ਕੋਈ ਵੱਡਾ ਫੈਸਲਾ ਸਾਹਮਣੇ ਨਹੀਂ ਆਇਆ, ਪਰ ਉਮੀਦ ਜਤਾਈ ਜਾ ਰਹੀ ਹੈ ਕਿ ਸੂਬਾ ਅਤੇ ਕੇਂਦਰੀ ਸਰਕਾਰ ਇਸ ਮਸਲੇ ’ਤੇ ਵਿਚਾਰ ਕਰ ਸਕਦੀਆਂ ਹਨ।

### ਲੜੀਵਾਰ ਨਾਵਲ

28 ਸਫ਼ੇ ਦੀ ਬਾਕੀ

ਕੁਲਵਿੰਦਰ ਚੁੱਪ-ਚਾਪ ਉਸ ਦੇ ਪਿੱਛੇ ਹੋ ਗਿਆ। ਕੰਵਲ ਨੇ ਗੁੱਸੇ ਵਿੱਚ ਕਿਹਾ-ਮੈਂ ਹੁਣ ਕਿਧਰੇ ਨਹੀਂ ਜਾਣਾ। ਜੇ ਮੌਤ ਆਉਣੀ ਹੈ ਤਾਂ ਇਥੇ ਹੀ ਆ ਜਾਵੇ। ਮੈਂ ਇਥੇ ਰਹਿ ਕੇ ਪੁਲਸ ਨਾਲ ਸਿੱਧੀ ਟੱਕਰ ਲਵਾਂਗਾ।

ਕੁਲਵਿੰਦਰ ਨੇ ਕੋਈ ਜਵਾਬ ਨਾ ਦਿੱਤਾ ਤੇ ਕਮਰੇ ਵਿੱਚੋਂ ਬਾਹਰ ਨਿਕਲ ਗਿਆ। ਉਸ ਦੇ ਦਿਲ ਵਿੱਚ ਇਕੋ ਚਿੰਤਾ ਸੀ-ਜਿਸ ਦੇ ਸਿਰ ‘ਤੇ ਦੁੱਖ ਪੈਂਦਾ ਹੈ ਉਸ ਦੀ ਪੀੜ ਉਹ ਆਪ ਹੀ ਜਾਣਦਾ ਹੈ। ਇਸ ਵੇਲੇ ਇਸ ਨੂੰ ਇਕੱਲਾ ਛੱਡਣਾ ਹੀ ਵਧੀਆ ਹੈ। ਕਈ ਘੰਟਿਆਂ ਬਾਅਦ ਕੁਲਵਿੰਦਰ ਮੁੜ ਕਮਰੇ ਵਿੱਚ ਆਇਆ। ਇਕ ਹੱਥ ਵਿੱਚ ਚਾਹ ਦਾ ਕੱਪ ਸੀ ਤੇ ਦੂਜੇ ਵਿੱਚ ਇਕ ਕਿਤਾਬ। ਕੰਵਲ ਅੱਖਾਂ ਬੰਦ ਕੀਤਿਆਂ ਬੈਡ ਦੀ ਢੋਅ ਨਾਲ ਲੱਗ ਕੇ ਬੈਠਾ ਹੋਇਆ ਸੀ।

ਕੰਵਲ, ਕੁਲਵਿੰਦਰ ਨੇ ਹੌਲੇ ਜਿਹੇ ਕਿਹਾ, ਫੜ੍ਹ ਚਾਹ ਪੀ ਲੈ।

ਕੰਵਲ ਨੇ ਕੱਪ ਫੜ ਲਿਆ। ਫੇਰ ਕੁਲਵਿੰਦਰ ਨੇ ਕਿਤਾਬ ਉਸ ਦੇ ਹੱਥ ਵਿੱਚ ਰੱਖੀ। ਇਹ ਪੰਜਾਬੀ ਨਾਵਲ ਹੈ-ਪਵਿੱਤਰ ਪਾਪੀ, ਲੇਖਕ ਨਾਨਕ ਸਿੰਘ। ਇਸ ਨੂੰ ਜ਼ਰੂਰ ਪੜ੍ਹੀਂ। ਤੇਰਾ ਸਫ਼ਰ ਆਸਾਨ ਹੋ ਜਾਏਗਾ ਤੇ ਜ਼ਿੰਦਗੀ ਨੂੰ ਨਵਾਂ ਮਕਸਦ ਮਿਲੇਗਾ।

ਕੰਵਲ ਨੇ ਬੇਧਿਆਨੀ ਨਾਲ ਕਿਤਾਬ ਵੇਖੀ, ਫੇਰ ਬੈਡ ‘ਤੇ ਰੱਖ ਦਿੱਤੀ, ਮੇਰੇ ਤੋਂ ਇਹ ਖਿਆਲੀ ਕਹਾਣੀਆਂ ਨਹੀਂ ਪੜ੍ਹੀਆਂ ਜਾਂਦੀਆਂ ਯਾਰ। ਪਰ ਤੇਰਾ ਦਿਲ ਨਹੀਂ ਦੁਖਾਵਾਂਗਾ... ਨਿਸ਼ਾਨੀ ਵਾਂਗ ਰੱਖ ਲਵਾਂਗਾ।

ਕੁਲਵਿੰਦਰ ਹੌਲੀ ਜਿਹੇ ਮੁਸਕੁਰਾਇਆ। ਧੰਨਵਾਦ... ਤੋਹਫ਼ਾ ਕਬੂਲ ਕਰਨ ਲਈ।

ਉਸ ਰਾਤ ਦੋਵਾਂ ਨੇ ਇਕੱਠੇ ਰੋਟੀ ਖਾਧੀ। ਖਾਣੇ ਤੋਂ ਬਾਅਦ ਕੁਲਵਿੰਦਰ ਨੇ ਗੰਭੀਰਤਾ ਨਾਲ ਕਿਹਾ, ਤਿਆਰ ਰਹੀਂ। ਕਿਸੇ ਵੀ ਵੇਲੇ ਫੋਨ ਆ ਸਕਦਾ ਹੈ। ਤੈਨੂੰ ਕਲਕੱਤੇ ਭੇਜਣ ਦੀ ਸਾਰੀ ਤਿਆਰੀ ਕਰ ਲਈ ਹੈ।

ਕੰਵਲ ਨੇ ਨਵਾਂ ਕੁੜਤਾ-ਪਜਾਮਾ ਪਾਇਆ, ਮੋਢੇ ‘ਤੇ ਸਾਫਾ ਰੱਖਿਆ। ਜਦੋਂ ਬੈਗ ਵਿੱਚ ਕੱਪੜੇ ਰੱਖ ਰਿਹਾ ਸੀ ਤਾਂ ਉਸ ਦੀ ਨਜ਼ਰ ਉਸ ਨਾਵਲ ‘ਤੇ ਪਈ। ਕੁਝ ਸੋਚੇ ਬਿਨਾਂ ਹੀ ਉਸ ਨੇ ਕਿਤਾਬ ਵੀ ਬੈਗ ਵਿੱਚ ਪਾ ਲਈ।

ਦਿਲ ਦੇ ਕਿਸੇ ਕੋਨੇ ਵਿੱਚ ਇੱਛਾ ਸੀ ਕਿ ਮਾਂ ਨੂੰ ਮਿਲ ਲਵੇ, ਪਰ ਫੇਰ ਯਾਦ ਆਇਆ-ਪੁਲਸ ਦੇ ਰੋਜ਼-ਰੋਜ਼ ਤੰਗ ਕਰਨ ਕਾਰਨ ਬਾਪੂ, ਮਾਂ ਤੇ ਭਰਾ ਘਰ ਵੇਚ ਕੇ ਵਿਦੇਸ਼ ਚਲੇ ਗਏ ਸਨ, ਸ਼ਾਇਦ ਇੰਗਲੈਂਡ। ਨਾ ਉਨ੍ਹਾਂ ਨੇ ਕਦੇ ਉਸ ਨੂੰ ਫ਼ੋਨ ਕੀਤਾ, ਨਾ ਹੀ ਕੋਈ ਪਤਾ ਦਿੱਤਾ। ਕੰਵਲ ਹੁਣ ਪੂਰੀ ਤਰ੍ਹਾਂ ਇਕੱਲਾ ਸੀ।

ਉਸ ਦੇ ਮਨ ਵਿੱਚ ਸਵਾਲਾਂ ਦਾ ਤੂਫ਼ਾਨ ਸੀ-ਕੀ ਮੈਂ ਮੰਜ਼ਿਲ ਤੱਕ ਪਹੁੰਚਾਂਗਾ? ਪਹੁੰਚ ਵੀ ਗਿਆ ਤਾਂ ਕਰਾਂਗਾ ਕੀ? ਜਿਉਣਾ ਕਿਸ ਲਈ ਹੈ?

ਪਰ ਅਗਲੇ ਹੀ ਪਲ ਉਸ ਦੇ ਅੰਦਰੋਂ ਇਕ ਦ੍ਰਿੜ੍ਹ ਆਵਾਜ਼ ਉੱਠੀ-ਮੈਂ ਜਲਦੀ ਵਾਪਸ ਆਵਾਂਗਾ। ਫੇਰ ਲੜਾਂਗਾ ਇਸ ਜ਼ਾਲਮ ਪੁਲਸ ਤੇ ਸਰਕਾਰ ਨਾਲ। ਇਨ੍ਹਾਂ ਦੇ ਕਿੰਗਰੇ ਇਕ-ਇਕ ਕਰਕੇ ਢਾਹ ਦਿਆਂਗਾ... ਚਲਦਾ ...

## ਅਗਿਆਤ ਵਿਅਕਤੀਆਂ ਵੱਲੋਂ ਲਗਾਈ ਗਈ ਅੱਗ ਕਾਰਨ ਵੈਨ ਅਤੇ ਕਾਰ ਸੜ ਕੇ ਸੁਆਹ- ਅੱਗ ਲਾਉਣ ਤੋਂ ਪਹਿਲਾਂ ਗਰਾਜ ਦੇ ਦਰਵਾਜ਼ੇ ਤੇ ਲਿਖਿਆ 'ਗੋ ਬੈਕ'!



ਸੀਸੀਟੀਵੀ ਕੈਮਰੇ ਚ ਕੈਦ ਹੋਈ ਅੱਗ ਲਗਾਉਣ ਦੀ ਘਟਨਾ ਦਾ ਇੱਕ ਦ੍ਰਿਸ਼

ਵੈਨਕੂਵਰ- (ਮਲਕੀਤ ਸਿੰਘ) - ਕੈਨੇਡਾ ਦੇ ਉਨਟਾਰੀਓ ਵਿੱਚ ਰਾਤ ਸਮੇਂ ਕੁਝ ਅਗਿਆਤ ਵਿਅਕਤੀਆਂ ਵੱਲੋਂ ਪੰਜਾਬੀ ਮੂਲ ਦੇ ਇੱਕ ਨੌਜਵਾਨ ਦੇ ਘਰ ਦੇ ਬਾਹਰ ਖੜੀ ਉਸਦੀ ਕਾਰੋਬਾਰੀ ਵੈਨ ਅਤੇ ਕਾਰ ਪੈਟਰੋਲ ਪਾ ਕੇ ਅੱਗ ਲਗਾਉਣ ਮਗਰੋਂ ਦੋਵੇਂ ਵਾਹਨ ਸੜ ਕੇ ਸੁਆਹ ਹੋ ਗਏ । ਇਸ ਸਬੰਧੀ ਸੀਸੀਟੀਵੀ ਕੈਮਰੇ ਚ ਕੈਦ ਹੋਈ ਘਟਨਾ ਦੌਰਾਨ ਇਹ ਵੇਖਿਆ ਗਿਆ ਕਿ ਰਾਤ ਸਮੇ ਜਦੋਂ ਸੰਬੰਧਿਤ ਪਰਿਵਾਰ ਅਤੇ ਆਸ ਪਾਸ ਦੇ ਗੁਆਂਢੀ ਆਪਣੇ ਘਰਾਂ ਵਿੱਚ ਸੁੱਤੇ ਪਏ ਸਨ, ਤਾ ਕੁਝ ਅਗਿਆਤ ਵਿਅਕਤੀਆਂ ਵੱਲੋਂ ਘਰ ਦੇ ਗਰਾਜ ਦੇ ਬਾਹਰਵਾਰ ਖੜੀ ਉਸਦੀ ਕਾਰੋਬਾਰੀ ਵੈਨ ਅਤੇ ਕਾਰ ਤੇ ਪੈਟਰੋਲ ਛਿੜਕ ਕੇ ਅੱਗ ਲਗਾਉਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ ਇਸ ਤੋਂ ਪਹਿਲਾਂ ਉਹਨਾਂ ਵੱਲੋਂ ਘਰ ਦੇ ਗਰਾਜ ਦੇ ਦਰਵਾਜ਼ੇ ਤੇ 'ਗੋ ਬੈਕ' ਵੀ ਲਿਖਿਆ ਗਿਆ। ਵੈਨ ਅਤੇ ਕਾਰ ਦਾ ਮਾਲਕ ਪੀੜਤ ਨੌਜਵਾਨ ਪੰਜਾਬ ਦੇ ਅੰਮ੍ਰਿਤਸਰ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ ।ਸੂਚਨਾ ਮਿਲਣ ‘ਤੇ ਅੱਗ ਬੁਝਾਊ ਵਿਭਾਗ ਦੀਆਂ ਟੀਮਾਂ ਮੌਕੇ ‘ਤੇ ਪਹੁੰਚ ਕਿ ਅੱਗ ਤੇ ਕਾਬੂ ਪਾਇਆ ਗਿਆ ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਆਸ-ਪਾਸ ਲੱਗੇ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਦੀ ਪਛਾਣ ਕੀਤੀ ਜਾ ਸਕੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਤੇ ਕਾਨੂੰਨੀ ਸੀਮਾਵਾਂ

**ਤਲਵਿੰਦਰ ਸਿੰਘ ਬੁਟਰ**



ਪੰਜਾਬ ਸਰਕਾਰ ਵਲੋਂ ਵਿਸਾਖੀ ਮੌਕੇ 13 ਅਪ੍ਰੈਲ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦਾ ਐਲਾਨ ਕੀਤਾ ਗਿਆ ਹੈ, ਜਿਸ ਤੋਂ ਬਾਅਦ ਸਿੱਖ ਪੰਥ ਦੇ ਧਾਰਮਿਕ, ਦਾਰਸ਼ਨਿਕ ਅਤੇ ਬੌਧਿਕ ਹਲਕਿਆਂ ਵਿਚ ਇਕ ਨਵੀਂ ਬਹਿਸ ਛਿੜੀ ਹੋਈ ਹੈ। ਦੁਨੀਆ ਵਿਚ ਹਰੇਕ ਮਤ ਦੇ ਲੋਕ ਆਪਣੇ ਪਾਵਨ ਗ੍ਰੰਥਾਂ ਦਾ ਸਤਿਕਾਰ ਕਰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖਾਂ ਦੇ ਧਰਮ ਗ੍ਰੰਥ ਹੀ ਨਹੀਂ, ਬਲਕਿ ਸਿੱਖ ਵਿਸ਼ਵਾਸ ਵਿਚ ਹਾਜ਼ਰ-ਨਾਜ਼ਰ, ਜਾਗਤ ਜੋਤਿ, ਚਵਰ ਤਖ਼ਤ ਦੇ ਮਾਲਕ ਅਤੇ ਪ੍ਰਤੱਖ ਗੁਰੂ ਹਨ। ਪਿਛਲੇ ਇਕ ਦਹਾਕੇ ਤੋਂ, ਖ਼ਾਸ ਕਰਕੇ ਬਰਗਾੜੀ ਵਿਖੇ 2015 ਵਿਚ ਸਾਜਿਸ਼ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੋਂ ਬਾਅਦ ਬੇਰੋਕ ਹੋਈਆਂ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਕਾਰਨ ਸਿੱਖ ਮਾਨਸਿਕਤਾ ਅਸਹਿ ਪੀੜਾ ਵਿਚੋਂ ਗੁਜ਼ਰ ਰਹੀ ਹੈ। ਹੁਣ ਸਿੱਖਾਂ ਦੇ ਇਕ ਵਰਗ ਨੂੰ ਬੇਅਦਬੀਆਂ ਦਾ ਅਸਲ ਹੱਲ ਕੇਵਲ ਕਾਨੂੰਨ ਵਿਚ ਦਿਖਾਈ ਦੇਣ ਲੱਗਾ ਹੈ। ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ 15 ਜੁਲਾਈ 2025 ਨੂੰ 'ਪੰਜਾਬ ਪ੍ਰੀਵੈਨਸ਼ਨ ਆਫ਼ ਅਫੈਂਸਿਜ਼ ਅਗੇਂਸਟ ਹੋਲੀ ਸੈਕਰੀਪਚਰ (ਜ਼) ਬਿੱਲ-2025' ਨੂੰ ਕੈਬਨਿਟ ਵਿਚ ਪਾਸ ਕਰ ਕੇ ਵਿਧਾਨ ਸਭਾ ਵਿਚ ਵਿਰੋਧੀ ਧਿਰਾਂ ਦੇ ਕਈ ਇਤਰਾਜ਼ਾਂ ਨੂੰ ਵੇਖਦੇ ਹੋਏ ਇਸ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਿਆ ਸੀ, ਤਾਂ ਜੋ ਮਾਹਿਰਾਂ ਅਤੇ ਆਮ ਲੋਕਾਂ ਦੀ ਰਾਇ ਲੈਣ ਤੋਂ ਬਾਅਦ ਇਸ ਬਿੱਲ ਦੀਆਂ ਖ਼ਾਮੀਆਂ ਦੂਰ ਕਰ ਕੇ 6 ਮਹੀਨਿਆਂ ਵਿਚ ਰਿਪੋਰਟ ਹਾਸਲ ਕੀਤੀ ਜਾ ਸਕੇ। ਇਸ ਨੂੰ ਵਿਚਾਲੇ ਛੱਡਦਿਆਂ ਲੰਘੀ 21 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੰਮ੍ਰਿਤਸਰ ਵਿਚ ਐਲਾਨ ਕਰ ਦਿੱਤਾ ਕਿ ਵਿਸਾਖੀ ਵਾਲੇ ਦਿਨ 'ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2008' ਵਿਚ ਸੋਧ ਕਰ ਕੇ ਬੇਅਦਬੀਆਂ ਦੇ ਖ਼ਿਲਾਫ਼ ਸਖ਼ਤ ਸਜ਼ਾ ਵਾਲਾ ਕਾਨੂੰਨ ਬਣਾਇਆ ਜਾਵੇਗਾ। ਮੂਲ ਰੂਪ ਵਿਚ ਇਹ ਐਕਟ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦੀ ਛਪਾਈ ਸਬੰਧੀ 9 ਅਪ੍ਰੈਲ 1998 ਦੇ ਹੁਕਮਨਾਮੇ ਤੋਂ ਪ੍ਰੇਰਿਤ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦੀ ਛਪਾਈ, ਪ੍ਰਕਾਸ਼ਨ ਅਤੇ ਵੰਡ ਦੇ ਸਬੰਧ ਵਿਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਨੇ ਜੂਨ 2008 ਵਿਚ ਬਣਾਇਆ ਸੀ। ਮੌਜੂਦਾ ਸਰਕਾਰ ਇਸੇ ਰਾਜ ਐਕਟ ਨੂੰ ਸੋਧ ਕੇ ਬੇਅਦਬੀਆਂ ਦੇ ਦੋਸ਼ੀਆਂ ਲਈ ਇਸ ਵਿਚ ਸਖ਼ਤ ਸਜ਼ਾ ਦੀ ਵਿਵਸਥਾ ਕਰਨ ਦੀ ਗੱਲ ਆਖ ਰਹੀ ਹੈ, ਤਾਂ ਜੋ ਕੋਈ ਨਵਾਂ ਐਕਟ ਬਣਾ ਕੇ ਮਨਜ਼ੂਰੀ ਲਈ ਕੇਂਦਰ ਕੋਲ ਨਾ ਭੇਜਣਾ ਪਵੇ।

ਪੰਜਾਬ ਸਰਕਾਰ ਦੀਆਂ ਇਹ ਕੋਸ਼ਿਸ਼ਾਂ



ਕਈ ਕਾਨੂੰਨੀ ਦੁਬਿਧਾਵਾਂ ਵੀ ਪੈਦਾ ਕਰਦੀਆਂ ਹਨ, ਜਿਨ੍ਹਾਂ ਵਿਚ ਸਤਿਕਾਰ ਐਕਟ ਨੂੰ ਬੇਅਦਬੀ ਐਕਟ ਵਿਚ ਤਬਦੀਲ ਕਰਨ ਦੇ ਨਾਲ 2008 ਦੇ ਕਾਨੂੰਨ ਦੇ ਮੂਲ ਸਰੂਪ ਤੇ ਭਾਵਨਾ ਵਿਚ ਫ਼ਰਕ ਪੈਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਮਰਿਆਦਾ ਨੂੰ ਕਾਨੂੰਨੀ ਢਾਂਚੇ ਵਿਚ ਪਰਿਭਾਸ਼ਿਤ ਕਰਨ ਦੇ ਨਾਲ ਅਨੇਕਾਂ ਭਵਿੱਖੀ ਜਟਿਲ ਕਾਨੂੰਨੀ ਉਲਝਣਾਂ ਪੈਦਾ ਹੋਣ ਦੇ ਖ਼ਦਸ਼ੇ ਪ੍ਰਮੁੱਖ ਹਨ। ਸਿੱਖਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਾਲੇ ਰਿਸ਼ਤਾ ਰੂਹਾਨੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਿੱਖਾਂ ਦੀ ਆਸਥਾ, ਸ਼ਰਧਾ ਅਤੇ ਸਮਰਪਣ ਨਿਵੇਕਲਾ ਹੈ ਅਤੇ ਇਹ ਸਤਿਕਾਰ ਮਨ, ਬਚਨ ਅਤੇ ਕਰਮ ਕਰ ਕੇ ਪ੍ਰਗਟਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਪ੍ਰਕਾਸ਼ ਕਰਨਾ, ਤਾਬਿਆ ਬੈਠਣਾ, ਚੌਰ ਕਰਨਾ, ਗੁਰਬਾਣੀ ਪੜ੍ਹਨਾ, ਸੁਖ-ਆਸਨ ਕਰਨਾ, ਸਿਰ ਢੱਕ ਕੇ ਅਤੇ ਨੰਗੇ ਪੈਰੀਂ ਸਾਫ਼-ਸੁਥਰੇ ਹੋ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਜਾਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਲੈ ਕੇ ਜਾਣ ਲਈ ਘੱਟੋ-ਘੱਟ ਪੰਜ ਸਿੱਖਾਂ ਦਾ ਹਾਜ਼ਰ ਹੋਣਾ; ਇਹ ਸਭ 'ਜਾਗਤ-ਜੋਤਿ' ਸ਼ਬਦ ਗੁਰੂ ਪ੍ਰਤੀ ਸ਼ਰਧਾ ਤੇ ਸਤਿਕਾਰ ਤੋਂ ਸੁੱਤੇ ਸਿਧ ਤੇ ਸਹਿਜ ਭਾਵ ਵਿਚ ਉਤਪੰਨ ਹੋਈਆਂ ਪਰੰਪਰਾਵਾਂ ਹਨ। ਇਨ੍ਹਾਂ ਰਵਾਇਤਾਂ ਦੇ ਕੇਂਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਨਵ ਜਾਤੀ ਨੂੰ ਸੰਸਾਰੀ ਤੇ ਆਤਮਿਕ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਨ ਵਾਲਾ 'ਬ੍ਰਹਮ ਆਵੇਸ਼' ਹੈ, ਜੋ ਮਨੁੱਖ ਨੂੰ ਸਚਿਆਰ ਮਨੁੱਖ ਬਣਾਉਂਦਾ ਹੈ ਅਤੇ ਸਚਾਈ, ਨੇਕੀ, ਪ੍ਰੇਮ, ਨਿਮਰਤਾ ਅਤੇ ਧਰਮ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਇਸੇ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਦਾ ਅਸਲ ਸਤਿਕਾਰ ਇਸ ਵਿਚ ਅੰਕਿਤ ਉਪਦੇਸ਼ਾਂ ਨੂੰ ਮੰਨਣ ਵਿਚ ਦੱਸਦੇ ਹਨ।

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ
ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ
ਸਤਿ ਸਤਿ ਕਰਿ ਮਾਨੀ ॥੧ ॥(ਅੰਗ : 669)

ਹੁਣ ਕੀ ਕੋਈ ਦੁਨਿਆਵੀ ਕਾਨੂੰਨ ਬੇਅਦਬੀ ਦੇ ਜੁਰਮ ਨੂੰ ਪਰਿਭਾਸ਼ਿਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਦੀ ਇਸ ਕੇਂਦਰੀ ਰੂਹਾਨੀ, ਨੈਤਿਕ, ਅਧਿਆਤਮਕ ਅਤੇ ਬ੍ਰਹਮ ਅਵਸਥਾ ਦੇ ਤਲ 'ਤੇ ਮੁਕੰਮਲ ਵਿਆਖਿਆ ਕਰ ਸਕੇਗਾ? ਜੇ ਅਸੀਂ 'ਸ਼ਬਦ ਗੁਰੂ' ਦੇ ਦੈਵੀ ਉਪਦੇਸ਼ਾਂ ਨੂੰ ਪਾਸੇ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਹਿਜ਼ ਇਕ ਅਜਿਹੇ ਰੂਪ ਜਾਂ ਆਕਾਰ ਵਜੋਂ ਵੇਖਣਾ ਸ਼ੁਰੂ ਕਰ ਦੇਈਏ, ਜਿਸ ਨੂੰ ਕਾਨੂੰਨੀ ਸੁਰੱਖਿਆ ਚਾਹੀਦੀ ਹੋਵੇ ਤਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸਮਾਦੀ ਪ੍ਰਸੰਗ ਨੂੰ ਨਜ਼ਰਅੰਦਾਜ਼ ਕਰਨ ਵਾਲੀ ਗੱਲ ਹੋਵੇਗੀ। ਇਹ ਠੀਕ ਹੈ ਕਿ ਜਦੋਂ ਕੋਈ ਸ਼ੈਤਾਨੀ ਸੋਚ ਵਾਲਾ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਿੱਖਾਂ ਦੇ 'ਅਦਬ' ਨੂੰ ਠੇਸ ਪਹੁੰਚਾਉਂਦਿਆਂ 'ਸ਼ਬਦ ਗੁਰੂ' ਦੀ 'ਬੇਅਦਬੀ' ਕਰਦਾ ਹੈ ਤਾਂ ਇਸ ਦੇ ਨਾਲ ਸਿੱਖ ਦੀ ਰੂਹ 'ਤੇ ਕੀ ਬੀਤਦੀ ਹੈ, ਇਹ ਇਕ ਸਿੱਖ ਹੀ ਜਾਣਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦਾ ਗਿਆਨ-ਸਰੂਪ ਹਨ, ਜਿਸ ਕਰਕੇ ਨਾ ਤਾਂ ਕੋਈ ਇਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਨਾ ਹੀ ਇਸ ਨੂੰ ਖ਼ਤਮ ਕਰ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ:

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਾਹਿ ਨ ਸਾਕੈ ਜਾਲੇ ॥੧ ॥ਰਹਾਉ ॥
(ਅੰਗ : 679

## ਬੀਬੀਐਮਬੀ ਵਿਚੋਂ ਪੰਜਾਬ ਦੀ ਮੈਂਬਰਸ਼ਿਪ ਖ਼ਤਮ ਕਰਨ 'ਤੇ ਸ਼੍ਰੋਮਣੀ ਕਮੇਟੀ ਵਲੋਂ ਕੇਂਦਰ ਦੇ ਫੈਸਲੇ ਨੂੰ ਦੱਸਿਆ ਪੰਜਾਬ ਉਪਰ 'ਸਿੱਧਾ ਹਮਲਾ'

ਅੰਮ੍ਰਿਤਸਰ-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਸਥਾਈ ਮੈਂਬਰਸ਼ਿਪ ਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਜਾਰੀ ਨਵੇਂ ਨੋਟੀਫਿਕੇਸ਼ਨ ਨੇ ਸੂਬੇ ਦੀ ਸਿਆਸਤ ਅਤੇ ਧਾਰਮਿਕ ਹਲਕਿਆਂ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਪੰਜਾਬੀਆਂ ਦੇ ਹੱਕਾਂ 'ਤੇ ਡਾਕਾ ਕਰਾਰ ਦਿੱਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਸਥਾਈ ਮੈਂਬਰਸ਼ਿਪ ਖ਼ਤਮ ਕਰਨਾ ਸੂਬੇ ਨਾਲ ਕੀਤੀ ਜਾ ਰਹੀ ਲਗਾਤਾਰ ਬੇਇਨਸਾਫ਼ੀ ਦੀ ਇੱਕ ਹੋਰ ਕੜੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਸਿੱਖ ਕੌਮ ਦੀਆਂ ਮੰਗਾਂ ਅਤੇ ਪੰਜਾਬ ਦੇ ਹਿੱਤਾਂ ਨੂੰ ਅਣਗੌਲਿਆ ਕਰ ਰਹੀ ਹੈ। ਚਾਹੇ ਪਾਣੀਆਂ ਦੀ ਵੰਡ ਹੋਵੇ, ਚੰਡੀਗੜ੍ਹ ਦਾ ਮਸਲਾ ਹੋਵੇ ਜਾਂ ਪੰਜਾਬੀ ਬੋਲਦੇ ਇਲਾਕੇ, ਹਰ ਮੋੜ 'ਤੇ ਪੰਜਾਬ ਨਾਲ ਪੱਖਪਾਤ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਯਾਦ ਕਰਵਾਇਆ ਕਿ 1974 ਵਿੱਚ ਬੀ. ਬੀ. ਐੱਮ. ਬੀ. ਦੇ ਗਠਨ ਤੋਂ ਬਾਅਦ ਇੱਕ ਸਥਿਰ ਪ੍ਰਣਾਲੀ ਤਹਿਤ ਨਿਯੁਕਤੀਆਂ ਹੁੰਦੀਆਂ ਸਨ, ਜਿਸ ਵਿੱਚ ਪੰਜਾਬ ਦੀ ਅਹਿਮ ਭੂਮਿਕਾ ਸੀ। ਉਨ੍ਹਾਂ ਚਿਤਾਵਨੀ ਦਿੱਤੀ ਕਿ "ਕੇਂਦਰ



ਸਰਕਾਰ ਆਪਣੀ ਮਰਜ਼ੀ ਦੇ ਬੰਦੇ ਨਿਯੁਕਤ ਕਰਨ ਲਈ ਨਿਯਮਾਂ ਵਿੱਚ ਬਦਲਾਅ ਕਰ ਰਹੀ ਹੈ, ਤਾਂ ਜੋ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਦੂਜੇ ਰਾਜਾਂ ਨੂੰ ਭੇਜਣ ਦਾ ਰਾਹ ਪੱਧਰਾ ਕੀਤਾ ਜਾ ਸਕੇ।"

ਐਡਵੋਕੇਟ ਧਾਮੀ ਨੇ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਇਸ ਵਿਵਾਦਿਤ ਨੋਟੀਫਿਕੇਸ਼ਨ ਨੂੰ ਤੁਰੰਤ ਵਾਪਸ ਲਿਆ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਭ ਤੋਂ ਪਹਿਲਾ ਹੱਕ ਇੱਥੋਂ ਦੇ ਲੋਕਾਂ ਦਾ ਹੈ ਅਤੇ ਰਾਜ ਦੀ ਸਥਾਈ ਮੈਂਬਰਸ਼ਿਪ ਨੂੰ ਪਹਿਲਾਂ ਵਾਂਗ ਬਰਕਰਾਰ ਰੱਖਣਾ ਲਾਜ਼ਮੀ ਹੈ।

# ਆਓ ਗੁਰਮਤਿ ਅਪਣਾ ਕੇ ਅੱਗੇ ਵਧੀਏ

ਇਕਬਾਲ ਸਿੰਘ ਲਾਲਪੁਰਾ



ਭਾਈ ਭਾਈ ਨੰਦ ਲਾਲ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸਨ। ਉਨ੍ਹਾਂ ਦੀਆਂ ਰਚਨਾਵਾਂ ਮੌਲਿਕ ਹਨ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਾਂਗ ਗੁਰਮਤਿ ਸਿਧਾਂਤਾਂ ਨੂੰ ਸਮਝਣ ਅਤੇ ਉਨ੍ਹਾਂ 'ਤੇ ਵਿਚਾਰ ਕਰਨ ਲਈ ਮਾਰਗਦਰਸ਼ਨ ਕਰਦੀਆਂ ਹਨ। ਭਾਈ ਨੰਦ ਲਾਲ ਜੀ ਨੇ ਸਿੱਖ ਅਤੇ ਖਾਲਸਾ ਦੀ ਜੀਵਨ ਜਾਚ ਸਪਸ਼ਟ ਕਰਨ ਲਈ ਕੁਝ ਪ੍ਰਸ਼ਨ ਕੀਤੇ ਸਨ। ਗੁਰੂ ਪਾਤਸ਼ਾਹ ਨੇ ਹਰ ਸਵਾਲ ਦਾ ਜਵਾਬ ਦਿੱਤਾ, ਜੋ ਭਾਈ ਨੰਦ ਲਾਲ ਜੀ ਨੇ ਆਉਣ ਵਾਲੀਆਂ ਸਿੱਖ ਨਸਲਾਂ ਦੀ ਅਗਵਾਈ ਲਈ ਅੰਕਿਤ ਕਰਕੇ ਇਤਿਹਾਸ ਦਾ ਹਿੱਸਾ ਬਣਾ ਦਿੱਤਾ। ਇਸ ਰਾਹੀਂ ਅਸੀਂ ਗੁਰਮਤਿ ਨੂੰ ਇਨ ਬਿਨ ਅਪਣਾ ਵੀ ਸਕਦੇ ਹਾਂ ਅਤੇ ਗੁਰਮਤਿ ਦੀ ਰੋਸ਼ਨੀ ਵਿੱਚ ਆਪਣੀ ਸਮੀਖਿਆ ਵੀ ਕਰ ਸਕਦੇ ਹਾਂ।

ਕੱਲ੍ਹ 14 ਅਪ੍ਰੈਲ 2026 ਨੂੰ ਵਿਸ਼ਵ ਭਰ ਵਿੱਚ ਖਾਲਸਾ ਸਿਰਜਣਾ ਦਿਵਸ ਮਨਾਇਆ ਗਿਆ। ਗੁਰੂ ਘਰਾਂ ਵਿੱਚ ਗੁਰਬਾਣੀ ਕੀਰਤਨ, ਢਾਡੀ ਵਾਰਾਂ ਦਾ ਗਾਇਨ, ਵਿਦਵਾਨਾਂ ਵੱਲੋਂ ਚਰਚਾ, ਲੰਗਰ ਅਤੇ ਹੋਰ ਸੇਵਾ ਦੇ ਕਾਰਜ ਹੋਏ। ਰਾਜਸੀ ਆਗੂਆਂ ਨੇ ਵੀ ਸਿੱਖ ਹਿਤੈਸ਼ੀ ਹੋਣ ਦਾ ਪ੍ਰਮਾਣ ਦੇਣ ਲਈ ਹਾਜ਼ਰੀਆਂ ਲਗਾਈਆਂ। ਪੰਜਾਬ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਸ਼ੇਸ਼ ਅਸੈਂਬਲੀ ਸਮਾਗਮ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦਾ ਮਤਾ ਵੀ ਪਾਸ ਕੀਤਾ। ਅਖਬਾਰਾਂ ਵਿੱਚ ਖੂਬ ਚਰਚਾ ਅਤੇ ਲੇਖ ਪ੍ਰਕਾਸ਼ਤ ਹੋਏ। ਦੁਨੀਆ ਭਰ ਤੋਂ ਸੰਗਤਾਂ ਗੁਰੂ ਘਰਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਵੀ ਪਹੁੰਚੀਆਂ।

ਖਾਲਸਾ ਸਿਰਜਣਾ ਦੁਨੀਆ ਦੇ ਧਾਰਮਿਕ ਇਤਿਹਾਸ ਦੀ ਇੱਕ ਵਿਲੱਖਣ ਉਦਾਹਰਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਮ ਇਨਸਾਨ ਨੂੰ ਧਰਤੀ 'ਤੇ ਵਸਦਿਆਂ ਦੇਵਤਿਆਂ ਵਾਂਗ ਜੀਵਨ ਦੀ ਜਾਚ ਸਿਖਾਈ। ਅੱਗੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਮਨੁੱਖ ਨੂੰ ਅਕਾਲ ਪੁਰਖ ਦੀ ਮੂਰਤ ਦਾ ਦਰਜਾ ਦੇ ਦਿੱਤਾ ਅਤੇ ਖਾਲਸਾ ਵਿੱਚ ਅਕਾਲ ਪੁਰਖ ਦੇ ਪ੍ਰਗਟ ਹੋਣ ਦਾ ਬਚਨ ਦਿੱਤਾ।

ਭਾਈ ਨੰਦ ਲਾਲ ਜੀ ਨਾਲ ਹੋਏ ਪ੍ਰਸ਼ਨ ਤੇ ਗੁਰੂ ਪਿਤਾ ਦੇ ਉੱਤਰ ,ਖਾਲਸਾ ਦੀ ਅਸਲੀ ਪਹਿਚਾਣ ਦਰਸਾਉਂਦੇ ਹਨ। ਇਹ ਬਚਨ ਅੱਜ ਵੀ ਗੰਭੀਰ ਵਿਚਾਰ ਮੰਗਦੇ ਹਨ।

ਪ੍ਰਸ਼ਨ ਭਾਈ ਨੰਦ ਲਾਲ ਜੀ
ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੋਹਰਾ
ਪ੍ਰਸ਼ਨ ਕੀਆ ਨੰਦ ਲਾਲ ਜੀ
ਗੁਰੂ ਬਤਾਈਏ ਮੋਹਿ
ਕੌਣ ਕਰਮ ਇਨ ਜੋਗ ਹੈਂ ਕੌਣ ਕਰਮ ਨਹੀਂ ਸੋਹਿ ॥

ਚੌਪਈ



"ਸਵਾ ਲਾਖ ਸੇ ਏਕ ਲੜਾਊਂ" ਅਤੇ "ਸਵਾ ਲਾਖ ਜਬ ਧੁਖੈ ਪਲੀਤਾ" ਦੇ ਬਚਨ ਸਾਨੂੰ ਗੁਣਵੱਤਾ ਵਾਲੇ ਖਾਲਸੇ ਦੀ ਯਾਦ ਦਿਵਾਉਂਦੇ ਹਨ। ਅੱਜ ਜਿੱਥੇ ਖਾਲਸਾ ਵੱਡੀ ਗਿਣਤੀ ਵਿੱਚ ਹੈ, ਉੱਥੇ ਵੀ ਗੁਰੂ ਗ੍ਰੰਥ ਸਾਹਿਬ ਦੀ ਰਾਖੀ ਲਈ ਸਰਕਾਰਾਂ ਅੱਗੇ ਬੇਨਤੀਆਂ ਕਿਉਂ ? ਜਿਥੇ ਸਿੰਘ ਵਸਦੇ ਹਨ ਉਥੇ ਨਸ਼ਿਆਂ ਦੇ ਬਿਉਪਾਰੀ ਕਿਵੇਂ ਨੋਜਵਾਨੀ ਦਾ ਘਾਣ ਕਰ ਸਕਦੇ ਹਨ ? ਇਸ ਦਾ ਸਪਸ਼ਟ ਜਵਾਬ ਹੈ ਕਿ ਸਿੱਖ ਧਰਮ ਦੀ ਖੋਜ, ਸਿੱਖਿਆ ਅਤੇ ਪ੍ਰਚਾਰ ਪ੍ਰਣਾਲੀਬੱਧ ਢੰਗ ਨਾਲ ਨਹੀਂ ਹੋ ਰਿਹਾ। ਗਿਣਤੀ ਹੈ ਕਿਰਦਾਰ ਨਹੀਂ ਹੈ। ਗੁਰੂ ਘਰ ਸੇਵਾ ਦੇ ਕੇਂਦਰ ਹਨ, ਮੁਲਾਜ਼ਮਤ ਦਾ ਸਾਧਨ ਨਹੀਂ। ਕੀ ਹਰ ਵਿਸਾਖੀ ਤੋਂ ਪਹਿਲਾਂ ਦੁਨੀਆ ਭਰ ਦੇ ਸਿੱਖ ਵਿਦਵਾਨਾਂ, ਚਿੰਤਕਾਂ ਅਤੇ ਸਮਾਜ ਸੇਵੀਆਂ ਨੂੰ ਇਕੱਠੇ ਬੈਠ ਕੇ ਪਿਛਲੇ ਸਾਲ ਦੀ ਸਮੀਖਿਆ ਅਤੇ ਭਵਿੱਖ ਦੀ ਨੀਤੀ ਨਹੀਂ ਬਣਾਉਣੀ ਚਾਹੀਦੀ ? ਇਹ ਦੇਵਤਿਆਂ ਦਾ ਧਰਮ ਹੈ। ਇਹ ਸੰਸਾਰ ਲਈ ਧਰੂ ਤਾਰਾ ਬਣ ਸਕਦਾ ਹੈ। ਲੋੜ ਹੈ ਕਿ ਅਸੀਂ ਆਪਣੇ ਮੂਲ ਵੱਲ ਵਾਪਸ ਆਈਏ।

ਖਾਲਸਾ ਸੋਇ ਜੋ ਨਿੰਦਾ ਤਿਆਗੈ
ਖਾਲਸਾ ਸੋਇ ਲੜੇ ਹੋਇ ਆਗੈ ॥੪੪॥
ਖਾਲਸਾ ਸੋਇ ਜੋ ਪੰਚ ਕੋ ਮਾਰੈ
ਖਾਲਸਾ ਸੋਇ ਕਰਮ ਕੋ ਸਾੜੈ ॥੪੫॥
ਖਾਲਸਾ ਸੋਇ ਮਾਨ ਜੋ ਤਿਆਗੈ
ਖਾਲਸਾ ਸੋਇ ਜੋ ਪਰਤ੍ਰੀਆ ਤੇ ਭਾਗੈ ॥੪੬॥
ਖਾਲਸਾ ਸੋਇ ਪਰਦ੍ਰਿਸ਼ਟਿ ਕੋ ਤਿਆਗੈ
ਖਾਲਸਾ ਸੋਇ ਨਾਮ ਰਤ ਲਾਗੈ ॥੪੭॥
ਖਾਲਸਾ ਸੋਇ ਗੁਰਬਾਣੀ ਹਿਤ ਲਾਇ
ਖਾਲਸਾ ਸੋਇ ਸਾਰ ਮੁੰਹਿ ਖਾਇ ॥੪੮॥

ਦੋਹਰਾ
ਖ਼ਲਕ ਖ਼ਾਲਿਕ ਕੀ ਜਾਣ ਕੇ
ਖ਼ਲਕ ਦੁਖਾਵੈ ਨਾਹਿ
ਖ਼ਲਕ ਦੁਖੈ ਨੰਦ ਲਾਲ ਜੀ
ਖ਼ਾਲਿਕ ਕੋਪੈ ਤਾਹਿ ॥੪੯॥

ਚੌਪਈ
ਖਾਲਸਾ ਸੋਇ ਨਿਰਧਨ ਕੋ ਪਾਲੈ
ਖਾਲਸਾ ਸੋਇ ਦੁਸ਼ਟ ਕੋ ਗਾਲੇ ॥੫੦॥
ਖਾਲਸਾ ਸੋਇ ਨਾਮ ਜਪ ਕਰੈ
ਖਾਲਸਾ ਸੋਇ ਮਲੇਛ ਪਰ ਚੜ੍ਹੈ ॥੫੧॥
ਖਾਲਸਾ ਸੋਇ ਨਾਮ ਸਿਉਂ ਜੋੜੇ
ਖਾਲਸਾ ਸੋਇ ਬੰਧਨ ਕੋ ਤੋੜੇ ॥੫੨॥
ਖਾਲਸਾ ਸੋਇ ਜੋ ਚੜ੍ਹੇ ਤੁਰੰਗ
ਖਾਲਸਾ ਸੋਇ ਜੋ ਕਰੇ ਨਿਤ ਜੰਗ ॥੫੩॥
ਖਾਲਸਾ ਸੋਇ ਸ਼ਸਤਰ ਕੋ ਧਾਰੈ
ਖਾਲਸਾ ਸੋਇ ਦੁਸ਼ਟ ਕੋ ਮਾਰੈ ॥੫੪॥

ਦੋਹਰਾ
ਦੋਹੀ ਫਿਰੇ ਅਕਾਲ ਕੀ
ਨਿੰਦਾ ਕਰੇ ਨਾ ਕੋਇ
ਬਨ ਪਰਬਤ ਸਭ ਭਜੇਂਗੇ
ਤ੍ਰਿਹ ਜਗਤ ਮੈਂ ਸੋਇ ॥੫੫॥

ਚੌਪਈ
ਸੁਣੋ ਨੰਦ ਲਾਲ ਏਹੋ ਸਾਚ
ਪਰਗਟ ਕਰਾਊਂ ਆਪਣੇ ਰਾਜ਼ ॥੫੬॥
ਚਾਰ ਬਰਨ ਇਕ ਬਰਨ ਕਰਾਊਂ
ਵਾਹਿਗੁਰੂ ਕਾ ਜਾਪ ਜਪਾਊਂ ॥੫੭॥
ਚੜ੍ਹੈਂ ਤੁਰੰਗ ਉੜਾਵੈਂ ਬਾਜ
ਤੁਰਕ ਵੇਖ ਕਰ ਜਾਵੈਂ ਭਾਜ ॥੫੮॥
ਸਵਾ ਲਾਖ ਸੇ ਏਕ ਲੜਾਊਂ
ਚੜ੍ਹੈਂ ਸਿੰਘ ਤਿਸ ਮੁਕਤ ਕਰਾਊਂ ॥੫੯॥
ਝੂਲਣ ਨੇਜ਼ੇ ਹਸਤੀ ਸਾਜੇ
ਦੁਆਰ ਦੁਆਰ ਪਰ ਨੌਬਤ ਬਾਜੇ ॥੬੦॥
ਸਵਾ ਲਾਖ ਜਬ ਧੁਖੈ ਪਲੀਤਾ
ਤਬ ਖਾਲਸਾ ਉਦੈ ਅਸਤ ਲੌ ਜੀਤਾ ॥੬੧॥

ਦੋਹਰਾ
ਰਾਜ ਕਰੇਗਾ ਖਾਲਸਾ
ਆਕੀ ਰਹੇ ਨਾ ਕੋਇ
ਖ਼ੁਵਾਰ ਹੋਇ ਸਭ ਮਿਲੇਂਗੇ
ਬਚੇ ਸ਼ਰਨ ਜੋ ਹੋਇ ॥੬੨॥

ਗੁਰੂ ਘਰਾਂ ਵਿੱਚ ਅਰਦਾਸ ਸਮੇਂ "ਰਾਜ ਕਰੇਗਾ ਖਾਲਸਾ" ਪੜ੍ਹਿਆ ਜਾਂਦਾ ਹੈ, ਪਰ ਬੰਦ 56 ਤੋਂ ਅੱਗੇ ਦਰਜ ਬਚਨਾਂ 'ਨੂੰ ਨਾ ਤਾਂ ਪੜ੍ਹਿਆ ਜਾਂਦਾ ਹੈ,ਨਾ ਪੂਰਾ ਵਿਚਾਰ ਹੁੰਦਾ ਹੈ ਤੇ ਨਾ ਹੀ ਜੀਵਨ ਵਿੱਚ ਅਪਨਾਇਆ ਜਾਂਦਾ ਹੈ। "ਚਾਰ ਬਰਨ ਇਕ ਬਰਨ ਕਰਾਊਂ" ਮਨੁੱਖਤਾ ਦੀ ਇਕਤਾ ਦਾ ਐਲਾਨ ਹੈ। "ਜਾਣਹੁ ਜੋਤਿ ਨ ਪੂਛਹੁ ਜਾਤੀ" ਅਤੇ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਇਸ ਦੀ ਪ੍ਰਤੀਕਰਤੀ ਹਨ।

ਸਵਾਲ ਖੜ੍ਹਾ ਹੁੰਦਾ ਹੈ ਕਿ ਕੁਝ ਗੁਰਦੁਆਰਿਆਂ ਦੇ ਪ੍ਰਬੰਧਕ ਪੂਰੀ ਕੌਮ ਦੇ ਆਗੂ ਕਿਵੇਂ ਬਣ ਗਏ ? ਜੋ ਵਿਅਕਤੀ ਗੁਰਮਤਿ ਅਨੁਸਾਰ ਜੀਵਨ ਨਹੀਂ ਜੀ ਰਹੇ, ਉਹ ਸਿੱਖ ਧਰਮ ਦੇ ਫੈਸਲੇ ਕਿਵੇਂ ਕਰ ਸਕਦੇ ਹਨ ?

"ਸਵਾ ਲਾਖ ਸੇ ਏਕ ਲੜਾਊਂ" ਅਤੇ "ਸਵਾ ਲਾਖ ਜਬ ਧੁਖੈ ਪਲੀਤਾ" ਦੇ ਬਚਨ ਸਾਨੂੰ ਗੁਣਵੱਤਾ ਵਾਲੇ ਖਾਲਸੇ ਦੀ ਯਾਦ ਦਿਵਾਉਂਦੇ ਹਨ। ਅੱਜ ਜਿੱਥੇ ਖਾਲਸਾ ਵੱਡੀ ਗਿਣਤੀ ਵਿੱਚ ਹੈ, ਉੱਥੇ ਵੀ ਗੁਰੂ ਗ੍ਰੰਥ ਸਾਹਿਬ ਦੀ ਰਾਖੀ ਲਈ ਸਰਕਾਰਾਂ ਅੱਗੇ ਬੇਨਤੀਆਂ ਕਿਉਂ ? ਜਿਥੇ ਸਿੰਘ ਵਸਦੇ ਹਨ ਉਥੇ ਨਸ਼ਿਆਂ ਦੇ ਬਿਉਪਾਰੀ ਕਿਵੇਂ ਨੋਜਵਾਨੀ ਦਾ ਘਾਣ ਕਰ ਸਕਦੇ ਹਨ ?

ਇਸ ਦਾ ਸਪਸ਼ਟ ਜਵਾਬ ਹੈ ਕਿ ਸਿੱਖ ਧਰਮ ਦੀ ਖੋਜ, ਸਿੱਖਿਆ ਅਤੇ ਪ੍ਰਚਾਰ ਪ੍ਰਣਾਲੀਬੱਧ ਢੰਗ ਨਾਲ ਨਹੀਂ ਹੋ ਰਿਹਾ। ਗਿਣਤੀ ਹੈ ਕਿਰਦਾਰ ਨਹੀਂ ਹੈ। ਗੁਰੂ ਘਰ ਸੇਵਾ ਦੇ ਕੇਂਦਰ ਹਨ, ਮੁਲਾਜ਼ਮਤ ਦਾ ਸਾਧਨ ਨਹੀਂ।

ਕੀ ਹਰ ਵਿਸਾਖੀ ਤੋਂ ਪਹਿਲਾਂ ਦੁਨੀਆ ਭਰ ਦੇ ਸਿੱਖ ਵਿਦਵਾਨਾਂ, ਚਿੰਤਕਾਂ ਅਤੇ ਸਮਾਜ ਸੇਵੀਆਂ ਨੂੰ ਇਕੱਠੇ ਬੈਠ ਕੇ ਪਿਛਲੇ ਸਾਲ ਦੀ ਸਮੀਖਿਆ ਅਤੇ ਭਵਿੱਖ ਦੀ ਨੀਤੀ ਨਹੀਂ ਬਣਾਉਣੀ ਚਾਹੀਦੀ ?

ਇਹ ਦੇਵਤਿਆਂ ਦਾ ਧਰਮ ਹੈ। ਇਹ ਸੰਸਾਰ ਲਈ ਧਰੂ ਤਾਰਾ ਬਣ ਸਕਦਾ ਹੈ। ਲੋੜ ਹੈ ਕਿ ਅਸੀਂ ਆਪਣੇ ਮੂਲ ਵੱਲ ਵਾਪਸ ਆਈਏ।

ਆਓ ਮਿਲ ਕੇ ਬੈਠੀਏ, ਆਪਣੀ ਪੜਚੋਲ ਕਰੀਏ, ਆਪਣਾ ਮੂਲ ਪਛਾਣੀਏ ਅਤੇ ਗੁਰਮਤਿ ਅਪਣਾ ਕੇ ਅੱਗੇ ਵਧੀਏ।

*ਸਾਬਕਾ ਚੇਅਰਮੈਨ*
*ਕੌਮੀ ਘੱਟ ਗਿਣਤੀਆਂ ਕਮਿਸ਼ਨ*
*ਭਾਰਤ ਸਰਕਾਰ*

**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਆਨ ਰੂਪਨਗਰ
liberalthinker1621@gmial.com

# ਇਰਾਨੀ ਮਿੱਟੀ ਦੀ ਇੱਟ...!



**ਭੱਠਾ ਮਾਲਕਾਂ ਉੱਤੇ ਨਿਗਰਾਨੀ ਵਧਾਈ ਜਾਵੇ ਅਤੇ ਇੱਟਾਂ ਲਈ ਕੰਟਰੋਲ ਰੇਟ ਲਾਗੂ ਕੀਤੇ ਜਾਣ। ਸੂਬੇ ਦੀ ਮਿੱਟੀ ਨੂੰ ਇਸ ਤਰ੍ਹਾਂ ਮਹਿੰਗੇ ਭਾਅ ਵੇਚਣਾ ਆਪਣੇ ਲੋਕਾਂ ਨਾਲ ਗੱਦਾਰੀ ਹੈ। ਜੇਕਰ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਆਮ ਲੋਕਾਂ ਦਾ ਵਿਸ਼ਵਾਸ ਟੁੱਟ ਜਾਵੇਗਾ ਅਤੇ ਇਸ ਲੁੱਟ ਦਾ ਆਤੰਕ ਹੋਰ ਵੀ ਵਧਦਾ ਚਲਾ ਜਾਵੇਗਾ। ਸਮੇਂ ਦੀ ਮੰਗ ਹੈ ਕਿ ਇਸ ਇਰਾਨੀ ਮਿੱਟੀ ਵਾਲੀ ਇੱਟ ਦੀ ਲੁੱਟ ਨੂੰ ਰੋਕਿਆ ਜਾਵੇ ਅਤੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਮਿੱਟੀ ਦਾ ਨਿਆਂ ਦਿੱਤਾ ਜਾਵੇ।**

ਅਮਰੀਕਾ-ਇਜਰਾਇਲ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਭਰੇ ਸੰਘਰਸ਼ ਨੇ ਵਿਸ਼ਵ ਭਰ ਵਿਚ ਮਹਿੰਗਾਈ ਦੀ ਲਹਿਰ ਉਠਾਈ ਹੈ, ਪਰ ਪੰਜਾਬ ਵਿਚ ਇਸਦਾ ਰੂਪ ਬਿਲਕੁਲ ਵੱਖਰਾ ਅਤੇ ਭਿਆਨਕ ਹੋ ਗਿਆ ਹੈ। ਇੱਥੇ ਭੱਠਾ ਮਾਲਕਾਂ ਨੇ ਲੁੱਟ ਦਾ ਇੱਕ ਨਵਾਂ ਆਤੰਕ ਮਚਾ ਦਿੱਤਾ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਹੈ ਕਿ ਅੰਤਰਰਾਸ਼ਟਰੀ ਸੰਘਰਸ਼ ਕਾਰਨ ਤੇਲ, ਗੈਸ ਅਤੇ ਆਯਾਤੀ ਵਸਤੂਆਂ ਦੀਆਂ ਕੀਮਤਾਂ ਵਧਣੀਆਂ ਸਮਝ ਵਿਚ ਆਉਂਦੀਆਂ ਹਨ, ਪਰ ਇੱਥੇ ਤਾਂ ਸਥਾਨਕ ਉਤਪਾਦਨ ਵਾਲੀ ਚੀਜ਼ ਉੱਤੇ ਵੀ ਲੁੱਟ ਵਧਾ ਦਿੱਤੀ ਗਈ ਹੈ। ਪਿਛਲੇ ਸਾਲ ਜਿਹੜੀ ਇੱਟ 6000 ਤੋਂ 6500 ਰੁਪਏ ਪ੍ਰਤੀ ਹਜ਼ਾਰ ਮਿਲਦੀ ਸੀ, ਉਹ ਅੱਜ 9000 ਤੋਂ 9500 ਰੁਪਏ ਪ੍ਰਤੀ ਹਜ਼ਾਰ ਤੱਕ ਪਹੁੰਚ ਗਈ ਹੈ। ਇਹ ਵਾਧਾ ਸਿਰਫ਼ ਮਹਿੰਗਾਈ ਨਹੀਂ, ਬਲਕਿ ਇੱਕ ਯੋਜਨਾਬੱਧ ਲੁੱਟ ਹੈ। ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਇੱਟਾਂ ਸੂਬੇ ਦੀ ਆਪਣੀ ਮਿੱਟੀ ਤੋਂ ਬਣਦੀਆਂ ਹਨ। ਇਹ ਮਿੱਟੀ ਕਿਤੇ ਈਰਾਨ ਤੋਂ ਆਯਾਤ ਤਾਂ ਨਹੀਂ ਕੀਤੀ ਜਾ ਰਹੀ? ਕੀ ਹੁਣ ਬਣਨ ਵਾਲੀਆਂ ਇੱਟਾਂ ਇਰਾਨੀ ਮਿੱਟੀ ਤੋਂ ਤਿਆਰ ਹੋ ਰਹੀਆਂ ਹਨ? ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿਉਂਕਿ ਲੋਕਲ ਉਤਪਾਦਨ ਉੱਤੇ ਅਜਿਹਾ ਅਚਾਨਕ ਅਤੇ ਵੱਡਾ ਵਾਧਾ ਕਿਸੇ ਵੀ ਤਰ੍ਹਾਂ ਦੇ ਤਰਕ ਵਿਚ ਨਹੀਂ ਆਉਂਦਾ। ਇੱਕ ਆਮ ਮੱਧ ਵਰਗੀ ਪਰਿਵਾਰ ਲਈ ਆਪਣਾ ਛੋਟਾ ਜਿਹਾ ਘਰ ਬਣਾਉਣਾ ਇੱਕ ਸੁਪਨਾ ਹੁੰਦਾ ਹੈ। ਉਹ ਸਾਲਾਂ ਤੱਕ ਘਰ ਬਣਾਉਣ ਲਈ ਪੈਸੇ ਜੋੜਦਾ ਹੈ, ਉਮੀਦਾਂ ਰੱਖਦਾ ਹੈ। ਪਰ ਭੱਠਾ ਮਾਲਕਾਂ ਨੇ ਇਸ ਸੁਪਨੇ ਨੂੰ ਵੀ ਤੋੜ ਕੇ ਰੱਖ ਦਿੱਤਾ ਹੈ। ਇੱਕ ਆਮ ਘਰ ਲਈ ਲੱਖਾਂ ਰੁਪਏ ਵਾਧੇ ਦਾ ਬੋਝ ਮਕਾਨ ਬਣਾਉਣ ਵਾਲੇ ਪਰਿਵਾਰਾਂ ਉੱਤੇ ਆ ਗਿਆ ਹੈ ਜਿਸਦਾ ਨਤੀਜਾ ਇਹ ਹੈ ਕਿ ਬਹੁਤ ਸਾਰੇ ਲੋਕ ਘਰ ਬਣਾਉਣ ਦਾ ਖਿਆਲ ਹੀ ਛੱਡ ਰਹੇ ਹਨ। ਇਸ ਲੁੱਟ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਇਹਨਾਂ ਭੱਠਾ ਮਾਲਕਾਂ ਨੂੰ ਨਾ ਤਾਂ ਸਰਕਾਰ ਦਾ ਡਰ ਹੈ ਅਤੇ ਨਾ ਹੀ ਪ੍ਰਸ਼ਾਸਨ ਦਾ ਦਾ ਡਰ ਹੈ। ਉਹ ਬੇਖੌਫ ਇਸ ਲੁੱਟ ਨੂੰ ਜਾਰੀ ਰੱਖ ਰਹੇ ਹਨ। ਕਿਤੇ ਨਾ ਕਿਤੇ ਇਹ ਲੱਗਦਾ ਹੈ ਕਿ ਇਹ ਸਭ ਮਿਲੀ ਭੁਗਤ ਨਾਲ ਚੱਲ ਰਿਹਾ ਹੈ। ਜੇਕਰ ਸਰਕਾਰੀ ਤੰਤਰ ਚੁੱਪ ਰਿਹਾ ਹੈ ਤਾਂ ਇਸ ਚੁੱਪੀ ਪਿੱਛੇ ਵੀ ਕੋਈ ਵਜ੍ਹਾ ਹੋਣੀ ਚਾਹੀਦੀ ਹੈ। ਇਸ ਲੁੱਟ ਦਾ ਨਤੀਜਾ ਸਿਰਫ਼ ਆਮ ਨਾਗਰਿਕ ਹੀ ਭੁਗਤ ਰਿਹਾ ਹੈ। ਉਸਦੇ ਘਰ ਬਣਾਉਣ ਦੇ ਸੁਪਨੇ ਟੁੱਟ ਰਹੇ ਹਨ, ਉਸਦੀ ਮਿਹਨਤ ਦੀ ਕਮਾਈ ਇਸ ਇਰਾਨੀ ਮਿੱਟੀ ਦੀ ਇੱਟ ਦੇ ਚੱਕਰ ਵਿੱਚ ਬਿਨ੍ਹਾ ਵਜ੍ਹਾ ਲੁੱਟ ਹੋ ਰਹੀ ਹੈ।

ਇਹ ਬਹੁਤ ਗੰਭੀਰ ਮੁੱਦਾ ਹੈ। ਸੂਬਾ ਸਰਕਾਰ ਨੂੰ ਤੁਰੰਤ ਇਸ ਲੁੱਟ ਉੱਤੇ ਰੋਕ ਲਗਾਉਣੀ ਚਾਹੀਦੀ ਹੈ। ਭੱਠਾ ਮਾਲਕਾਂ ਉੱਤੇ ਨਿਗਰਾਨੀ ਵਧਾਈ ਜਾਵੇ ਅਤੇ ਇੱਟਾਂ ਲਈ ਕੰਟਰੋਲ ਰੇਟ ਲਾਗੂ ਕੀਤੇ ਜਾਣ। ਸੂਬੇ ਦੀ ਮਿੱਟੀ ਨੂੰ ਇਸ ਤਰ੍ਹਾਂ ਮਹਿੰਗੇ ਭਾਅ ਵੇਚਣਾ ਆਪਣੇ ਲੋਕਾਂ ਨਾਲ ਗੱਦਾਰੀ ਹੈ। ਜੇਕਰ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਆਮ ਲੋਕਾਂ ਦਾ ਵਿਸ਼ਵਾਸ ਟੁੱਟ ਜਾਵੇਗਾ ਅਤੇ ਇਸ ਲੁੱਟ ਦਾ ਆਤੰਕ ਹੋਰ ਵੀ ਵਧਦਾ ਚਲਾ ਜਾਵੇਗਾ। ਸਮੇਂ ਦੀ ਮੰਗ ਹੈ ਕਿ ਇਸ ਇਰਾਨੀ ਮਿੱਟੀ ਵਾਲੀ ਇੱਟ ਦੀ ਲੁੱਟ ਨੂੰ ਰੋਕਿਆ ਜਾਵੇ ਅਤੇ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਮਿੱਟੀ ਦਾ ਨਿਆਂ ਦਿੱਤਾ ਜਾਵੇ।

# ਨੂੰਹ-ਸੱਸ ਦਾ 'ਸ਼ੀਤ ਯੁੱਧ': ਕਿਵੇਂ ਬਣੇ ਘਰ ਦਾ ਮਾਹੌਲ ਖੁਸ਼ਗਵਾਰ?

**ਲੇਖਕ: ਚਾਨਣਦੀਪ ਸਿੰਘ ਔਲਖ**
ਸੰਪਰਕ: 9876888177
ਈਮੇਲ: chanandeep@gmail.com



**(ਪੀੜ੍ਹੀ ਦੇ ਪਾੜੇ ਨੂੰ ਸਮਝਦਾਰੀ ਨਾਲ ਭਰਨ ਅਤੇ ਘਰੇਲੂ ਕਲੇਸ਼ ਦੀ ਬਜਾਏ ਪਿਆਰ ਭਰਿਆ ਮਾਹੌਲ ਸਿਰਜਣ ਦੀ ਲੋੜ 'ਤੇ ਕੇਂਦਰਿਤ ਚਰਚਾ)**

ਪੰਜਾਬੀ ਸਮਾਜ ਵਿੱਚ ਨੂੰਹ ਅਤੇ ਸੱਸ ਦਾ ਰਿਸ਼ਤਾ ਇੱਕ ਅਜਿਹਾ ਧੁਰਾ ਹੈ, ਜਿਸ ਉੱਤੇ ਪਰਿਵਾਰ ਦੀ ਸ਼ਾਂਤੀ ਅਤੇ ਖੁਸ਼ਹਾਲੀ ਟਿਕੀ ਹੁੰਦੀ ਹੈ। ਪਰ ਅਕਸਰ ਇਸ ਰਿਸ਼ਤੇ ਨੂੰ ਇੱਕ ਅਜਿਹੇ 'ਸ਼ੀਤ ਯੁੱਧ' ਵਜੋਂ ਦੇਖਿਆ ਜਾਂਦਾ ਹੈ, ਜੋ ਬਿਨਾਂ ਹਥਿਆਰਾਂ ਤੋਂ ਸਿਰਫ਼ ਤਾਹਨਿਆਂ, ਮਿਹਣਿਆਂ ਅਤੇ ਚੁੱਪ ਰਾਹੀਂ ਲੜਿਆ ਜਾਂਦਾ ਹੈ। ਇਹ ਜੰਗ ਅਸਲ ਵਿੱਚ ਸੱਤਾ, ਘਰ ਉੱਤੇ ਅਧਿਕਾਰ ਅਤੇ ਇੱਕ ਮਰਦ ਦੇ ਪਿਆਰ ਨੂੰ ਵੰਡਣ ਦੀ ਕਸ਼ਮਕਸ਼ ਹੈ।

**ਬਦਲਦੇ ਸਮੇਂ ਨਾਲ ਬਦਲੇ ਰਿਸ਼ਤਿਆਂ ਦੇ ਸਮੀਕਰਨ**

ਜੇਕਰ ਅਸੀਂ ਪੁਰਾਣੇ ਸਮਿਆਂ 'ਤੇ ਝਾਤੀ ਮਾਰੀਏ, ਤਾਂ ਇਹ ਸ਼ੀਤ ਯੁੱਧ ਜ਼ਿਆਦਾਤਰ ਇੱਕਤਰਫ਼ਾ ਹੁੰਦਾ ਸੀ। ਸਾਂਝੇ ਪਰਿਵਾਰਾਂ ਵਿੱਚ ਸੱਸ ਦਾ ਹੁਕਮ ਹੀ ਆਖਰੀ ਕਾਨੂੰਨ ਹੁੰਦਾ ਸੀ ਅਤੇ ਨੂੰਹ ਨੂੰ ਸਿਰਫ਼ ਆਗਿਆਕਾਰੀ ਬਣਨ ਦੀ ਸਿੱਖਿਆ ਦਿੱਤੀ ਜਾਂਦੀ ਸੀ। ਉਸ ਕੋਲ ਆਪਣੀ ਗੱਲ ਰੱਖਣ ਜਾਂ ਸੁਤੰਤਰ ਫੈਸਲੇ ਲੈਣ ਦਾ ਕੋਈ ਹੱਕ ਨਹੀਂ ਸੀ। ਪੁਰਾਣੀਆਂ ਨੂੰਹਾਂ ਨੇ ਮਰਿਆਦਾ ਦੀ ਖ਼ਾਤਰ ਸਾਰੀ ਉਮਰ ਸਖ਼ਤੀਆਂ ਸਹੀਆਂ ਪਰ ਬਗਾਵਤ ਨਹੀਂ ਕੀਤੀ।

**ਪੜ੍ਹਾਈ ਅਤੇ ਆਰਥਿਕ ਆਜ਼ਾਦੀ: ਇੱਕ ਨਵਾਂ ਮੋੜ**

ਅੱਜ ਹਾਲਾਤ ਬਦਲ ਚੁੱਕੇ ਹਨ। ਵਿੱਦਿਆ ਦੇ ਪਸਾਰ ਅਤੇ ਆਰਥਿਕ ਆਜ਼ਾਦੀ ਨੇ ਔਰਤਾਂ ਨੂੰ ਆਪਣੇ ਹੱਕਾਂ ਅਤੇ ਸਵੈਮਾਣ ਪ੍ਰਤੀ ਜਾਗਰੂਕ ਕੀਤਾ ਹੈ। ਅੱਜ ਦੀ ਨੂੰਹ ਸਿਰ ਸੁੱਟ ਕੇ ਜ਼ੁਲਮ ਸਹਿਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ, ਸੱਸਾਂ ਵਿੱਚ ਅਜੇ ਵੀ ਘਰ ਦੀ 'ਚਾਬੀ' ਆਪਣੇ ਕੋਲ ਰੱਖਣ ਦੀ ਇੱਛਾ ਮੌਜੂਦ ਹੈ। ਨਤੀਜਾ ਇਹ ਹੈ ਕਿ ਹੁਣ ਸ਼ੀਤ ਯੁੱਧ ਬਰਾਬਰੀ ਦਾ ਹੋ ਗਿਆ ਹੈ, ਜਿੱਥੇ ਬਹਿਸ ਹੁੰਦੀ ਹੈ ਅਤੇ ਵੱਖਰੇ ਰਹਿਣ ਦੀਆਂ ਮੰਗਾਂ ਉੱਠਦੀਆਂ ਹਨ। ਇਸ ਦਾ ਮੁੱਖ ਕਾਰਨ ਪੀੜ੍ਹੀ ਦਾ ਪਾੜਾ (Generation Gap) ਅਤੇ ਅਸੁਰੱਖਿਆ ਦੀ ਭਾਵਨਾ ਹੈ।

**ਚੱਕੀ ਦੇ ਦੋ ਪੁੜਾਂ ਵਿਚਕਾਰ ਪਿਸਦਾ 'ਪੁੱਤਰ ਅਤੇ ਪਤੀ'**

ਇਸ ਸਾਰੀ ਜੰਗ ਵਿੱਚ ਸਭ ਤੋਂ ਔਖੀ ਭੂਮਿਕਾ ਉਸ ਮਰਦ ਦੀ ਹੁੰਦੀ ਹੈ, ਜੋ ਇੱਕ ਦਾ ਪੁੱਤਰ ਹੈ ਅਤੇ ਦੂਜੀ ਦਾ ਪਤੀ। ਉਹ ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਇੱਕ ਅਜਿਹੀ ਕੜੀ ਹੈ, ਜਿਸ ਦੇ ਸੰਤੁਲਨ 'ਤੇ ਘਰ ਦੀ ਸ਼ਾਂਤੀ ਨਿਰਭਰ ਕਰਦੀ ਹੈ। ਜੇ ਉਹ ਮਾਂ ਦਾ ਪੱਖ ਲੈਂਦਾ ਹੈ ਤਾਂ ਪਤਨੀ ਨਾਰਾਜ਼ ਹੁੰਦੀ ਹੈ, ਅਤੇ ਜੇ ਪਤਨੀ ਦੇ ਹੱਕ ਵਿੱਚ ਬੋਲਦਾ ਹੈ ਤਾਂ ਮਾਂ ਨੂੰ ਲੱਗਦਾ ਹੈ ਕਿ ਪੁੱਤਰ ਹੱਥੋਂ ਨਿਕਲ ਗਿਆ ਹੈ।

ਇਸ ਨਾਜ਼ੁਕ ਸਥਿਤੀ ਨੂੰ ਸੰਭਾਲਣ ਲਈ ਪੁੱਤਰ ਨੂੰ ਬਹੁਤ ਸਿਆਣਪ ਦੀ ਲੋੜ ਹੈ। ਉਸ ਨੂੰ ਕਿਸੇ ਇੱਕ ਦਾ ਅੰਨ੍ਹਾ ਪੱਖ ਲੈਣ ਦੀ ਬਜਾਏ ਦੋਵਾਂ ਵਿਚਕਾਰ ਸੰਚਾਰ ਦਾ ਮਜ਼ਬੂਤ ਪੁਲ ਬਣਨਾ ਚਾਹੀਦਾ ਹੈ। ਇੱਕ ਦੀ ਸ਼ਿਕਾਇਤ ਦੂਜੀ ਕੋਲ ਕਰਨ ਦੀ ਬਜਾਏ, ਦੋਵਾਂ ਦੇ ਚੰਗੇ ਗੁਣਾਂ ਦੀ ਇੱਕ-ਦੂਜੇ ਸਾਹਮਣੇ ਤਾਰੀਫ਼ ਕਰਨੀ ਚਾਹੀਦੀ ਹੈ।

**ਅਹਿਮੀਅਤ ਅਤੇ ਸੁਰੱਖਿਆ ਦਾ ਅਹਿਸਾਸ**

ਬਹੁਤੀ ਵਾਰ ਲੜਾਈ ਸਿਰਫ਼ ਧਿਆਨ ਖਿੱਚਣ ਲਈ ਹੁੰਦੀ ਹੈ। ਪਤੀ ਨੂੰ ਚਾਹੀਦਾ ਹੈ ਕਿ ਉਹ ਮਾਂ ਅਤੇ ਪਤਨੀ ਦੋਵਾਂ ਨੂੰ ਵੱਖੋ-ਵੱਖਰਾ ਸਮਾਂ ਦੇਵੇ। ਮਾਂ ਨੂੰ ਇਹ ਅਹਿਸਾਸ ਕਰਵਾਉਣਾ ਜ਼ਰੂਰੀ ਹੈ ਕਿ ਉਸ ਦੀ ਥਾਂ ਕੋਈ ਨਹੀਂ ਲੈ ਸਕਦਾ ਅਤੇ ਪਤਨੀ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੀਦਾ ਹੈ ਕਿ ਉਹ ਉਸ ਦੀ ਜ਼ਿੰਦਗੀ ਦੀ ਬਰਾਬਰ ਦੀ ਭਾਈਵਾਲ ਹੈ। ਕੁਝ ਸਿਹਤਮੰਦ ਹੱਦਾਂ (Boundaries) ਤੈਅ ਕਰਨਾ ਵੀ ਘਰ ਦੀ ਸ਼ਾਂਤੀ ਲਈ ਲਾਹੇਵੰਦ ਹੁੰਦਾ ਹੈ।

**ਪਿਆਰ ਅਤੇ ਸਤਿਕਾਰ ਹੀ ਅਸਲੀ ਹੱਲ**

ਅਖੀਰ ਵਿੱਚ, ਇਸ ਬਿਨਾਂ ਹਥਿਆਰਾਂ ਵਾਲੀ ਜੰਗ ਨੂੰ ਸਿਰਫ਼ ਪਿਆਰ, ਸਤਿਕਾਰ ਅਤੇ ਸਮਝਦਾਰੀ ਨਾਲ ਹੀ ਜਿੱਤਿਆ ਜਾ ਸਕਦਾ ਹੈ। ਜਦੋਂ ਮਰਦ ਆਪਣੀ ਸਿਆਣਪ ਨਾਲ ਦੋਵਾਂ ਔਰਤਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਏਗਾ ਅਤੇ ਦੋਵੇਂ ਔਰਤਾਂ ਵੀ ਆਪਣੀ 'ਹਉਮੈ' ਤਿਆਗ ਦੇਣਗੀਆਂ, ਤਾਂ ਇਹ ਸ਼ੀਤ ਯੁੱਧ ਹਮੇਸ਼ਾ ਲਈ ਮੁੱਕ ਜਾਵੇਗਾ ਅਤੇ ਘਰ ਸੱਚਮੁੱਚ ਸਵਰਗ ਬਣ ਜਾਵੇਗਾ।

* * * * * *

# • ਪੰਜਾਬੀ ਫ਼ਿਲਮ ਦਰਪਣ •

## ਪਾਲੀਵੁੱਡ ਦੀਆਂ ਦੋ ਦਲੇਰ ਔਰਤਾਂ ਤੇਜੀ ਸੰਧੂ/ਪ੍ਰਵੀਨ ਅਖ਼ਤਰ



ਪੰਜਾਬੀ ਫ਼ਿਲਮ ਨਗਰ ਵਿੱਚ ਇਹ ਦੋ ਔਰਤਾਂ ਆਪਣੀ ਐਕਟਿੰਗ ਦੇ ਨਾਲ ਬੇਬਾਕੀ ਤੇ ਦਲੇਰੀ ਲਈ ਵੀ ਪ੍ਰਸਿੱਧ ਹਨ। ਇਹ ਨੇ ਤੇਜੀ ਸੰਧੂ ਤੇ ਪ੍ਰਵੀਨ ਅਖ਼ਤਰ ਤੇ ਦਿਲਚਸਪ ਗੱਲ ਇਹ ਵੀ ਹੈ ਕਿ ਓਹਨਾਂ ਦੋਵਾਂ ਦਾ ਆਪਸ ਵਿੱਚ ਪ੍ਰੇਮ ਪਿਆਰ ਤੇ ਦੋਸਤੀ ਵੀ ਅੱਛੀ ਹੈ ਓਪਨ ਚਿਹਰੇ ਵਾਲੀ ਤੇਜੀ ਸੰਧੂ ਨੇ ਨਿੱਕੇ ਨਿੱਕੇ ਕਿਰਦਾਰ ਕਰ ਕਿ ਫਿਲਮ ਲੇਖਕ ਤੇ ਨਿਰਦੇਸ਼ਕ ਬਣਨ ਦਾ ਮਾਣ ਹਾਸਿਲ ਕੀਤਾ ਤੇ ਨਾਲ ਹੀ ਓਹ ਰਾਜਨੀਤੀ ਖ਼ੇਤਰ ਵਿੱਚ ਵੀ ਆਈ ਹੈ ਤੇ ਜਲਦੀ ਓਹ ਵੱਡੀ ਫ਼ਿਲਮ ਵੀ ਕਰਨ ਜਾ ਰਹੀ ਹੈ। ਤੇਜੀ ਸੰਧੂ ਕਦੇ ਝਿਜਕਣ ਵਾਲੀ ਨਹੀਂ ਤੇ ਓਹ ਹਿੰਦੀ ਫ਼ਿਲਮਾਂ ਦੇ ਨਾਲ ਨਾਲ ਫ਼ਿਲਮ ਸ਼ੋ ਵੀ ਕਰ ਚੁੱਕੀ ਹੈ। ਫਿਲਮੀ ਕੁੜੀਆਂ ਪੰਜਾਬ ਦੀਆਂ ਘਬਰਾਉਣ ਨਾ ਓਹ ਹੈ ਏ ਨਾ ਆਖਦੀ ਹੈ। ਮਸੂਮ ਚਿਹਰੇ ਵਾਲੀ ਸਟਾਇਲ ਜ਼ੁਲਫ਼ਾਂ ਨਾਲ ਨਜ਼ਰ ਆ ਰਹੀ ਦੂਜੀ ਨਾਰੀ ਪ੍ਰਵੀਨ ਅਖ਼ਤਰ ਨੇ ਕਿਹੈ ਪਾਲੀਵੁੱਡ ਜਾਂ ਬਾਲੀਵੁੱਡ ਨਵੀਆਂ ਨੂੰ ਕੰਮ ਦਿਓ, ਭਾਈ ਭਤੀਜਾਵਾਦ ਬੰਦ ਹੋਏ। ਯੋਗਰਾਜ ਸਿੰਘ ਨਾਲ ਕੰਮ ਕਰ ਓਸ ਦੇ ਸੁਭਾਅ ਵਿੱਚ ਦਲੇਰੀ ਉਤਪੰਨ ਹੋਈ ਹੈ ਤੇ ਪ੍ਰਵੀਨ ਆਪਣੀ ਮਿਹਨਤ ਨਾਲ ਬਹੁਤ ਸਾਰੀਆਂ ਫ਼ਿਲਮਜ਼ ਕਰ ਕਿ ਅੱਜ ਕਲ ਯੂ ਐਸ ਏ ਵਿਖੇ ਫ਼ਿਲਮ ਸ਼ੋ ਕਰ ਰਹੀ ਹੈ ਤੇ ਨਾਲ ਹੀ ਓਸ ਕਿਹਾ ਆਪ ਜ਼ੁਰਯੱਤ ਰੱਖੀ ਹੋਈ ਤਾਂ ਕਿਸੇ ਦੀ ਕਿਸ ਕਦਰ ਮਜ਼ਾਲ ਕਿ ਓਹ ਕੁੜੀ ਨੂੰ ਹੱਥ ਵੀ ਲਾਏ।

## ਸੁਣ ਲਈ ਰੱਬ ਨੇ ਤੇਜ਼ੀ ਨਾਲ ਸਟਾਰ ਬਣਨ ਵੱਲ ਸ਼ਰਨਜੀਤ ਸਿੰਘ ਰਟੌਲ



ਬਹੁਤ ਪ੍ਰਤਿਭਾ ਹੈ ਸ਼ਰਨਜੀਤ ਸਿੰਘ ਰਟੌਲ ਕੋਲ ਤੇ ਇਸ ਇਨਸਾਨ ਨੇ ਜਿਸ ਵੀ ਰੋਲ ਨੂੰ ਕੀਤਾ ਕਰਾ ਬੱਲੇ ਬੱਲੇ ਦਿੱਤੀ। ਰੱਬ ਇਨਸਾਨੀਅਤ ਵਾਲੇ ਸੁਣਦਾ ਹੈ ਦੇਰ ਹੈ ਅੰਧੇਰ ਨਹੀਂ ਤੇ ਰੇਸ਼ਮ ਛੀਨਾ ਦੇ ਲਗਾਤਾਰ ਪ੍ਰੋਜੈਕਟ ਰਟੌਲ ਕਰ ਰਹੇ ਹਨ। ਉਹਨਾਂ ਨੇ ਦਿਲਾਵਰ ਸਿੱਧੂ ਦੀ ਫ਼ਿਲਮ "ਸਰਦਾਰ ਸੁੱਚਾ ਸਿੰਘ" ਵੀ ਕੀਤੀ ਹੈ। ਬਹੁਤ ਵੈੱਬ ਸੀਰੀਜ਼ ਕੀਤੀਆਂ ਨੇ, ਦੇਵੀ ਸ਼ਰਮਾ ਤੋਂ ਵੱਡੇ ਵੱਡੇ ਹੋਰ ਨਿਰਦੇਸ਼ਕ ਲੋਕਾਂ ਨਾਲ ਵੀ ਤੇ ਸ਼ਰਨਜੀਤ ਸਿੰਘ ਰਟੌਲ ਜਿਹੜੇ ਪਿੱਛੇ ਜਿਹੇ ਇੰਡਸਟਰੀ ਵਿੱਚ ਚਲਦੇ ਸਿਫਾਰਸ਼ ਗੇੜ ਤੋਂ ਦੁੱਖੀ ਇੰਡਸਟਰੀ ਛੱਡਣ ਦੀ ਗੱਲ ਕਰਦੇ ਸਨ ਸਿਆਣੇ ਫਿਲਮੀ ਲੋਕਾਂ ਦੀ ਗੱਲ ਮਨ ਸਬਰ ਸੰਤੋਖ ਦੇ ਰਾਹ ਪਏ। ਗੁਰੂ ਗ੍ਰੰਥ ਸਾਹਿਬ ਜੀ ਜਗਤ ਜਾਗਤ ਜਾਤ ਦੀ ਕਿਰਪਾ ਜਿਸ ਤੇ ਹੋ ਜਾਏ ਓਹਦੀ ਫਿਰ ਬੱਲੇ ਬੱਲੇ ਸ਼ਰਨਜੀਤ ਸਿਹਾਂ ਹੁੰਦੀ ਹੀ ਹੈ। ਓਹ ਇਸ ਸਮੇਂ ਦੋ ਹਿੰਦੀ ਫ਼ਿਲਮਾਂ ਤੇ ਛੇ ਪੰਜਾਬੀ ਫ਼ਿਲਮਾਂ ਕਰ ਰਹੇ ਹਨ। ਸ਼ਰਨਜੀਤ ਸਿੰਘ ਰਟੌਲ ਵੀਡੀਓ ਮਾਡਲਿੰਗ ਖੇਤਰ ਵਿੱਚ ਵੀ ਸਟਾਰ ਬਣ ਸਕਦੇ ਹਨ ਜਿਸ ਤਰਾਂ ਦਾ ਓਹਨਾਂ ਦਾ ਕੱਦ ਕਾਠ ਹੈ ਤੇ ਓਹਨਾਂ ਦੀ ਲੁੱਕ ਹੈ। ਇੱਕ ਕਿਰਦਾਰ ਵੀ ਲੋਕ ਪ੍ਰਿਅ ਹੋ ਗਿਆ ਤਾਂ ਸਟਾਰ ਕਲਾਕਾਰ ਲੋਕਾਂ ਦੀ ਸ਼੍ਰੇਣੀ ਵਿੱਚ ਹੋਣਗੇ ਭਾਉ ਸ਼ਰਨਜੀਤ ਸਿੰਘ ਰਟੌਲ, ਰੱਬ ਦੀ ਰਜ਼ਾ ਤੇ ਐਕਟਿੰਗ ਦਾ ਭੰਡਾਰ ਤੇ ਕਿਸਮਤ ਅੱਜ ਕਲ ਮਿਹਰਬਾਨ ਓਹਨਾਂ ਤੇ ਹੈ ਬੋਲੋ ਫਿਰ ਸੱਤੇ ਖ਼ੈਰਾਂ।

## ਸੋਨੇ ਤੇ ਸੁਹਾਗਾ ਨੇ ਫ਼ਿਲਮ ਮੇਕਰ ਭੂਸ਼ਨ ਮਦਾਨ ਪੁੰਨਿਆ ਮਹਿਤਾ



ਬਈ ਪੁੰਨਿਆ ਦਾ ਚੰਨ ਹੀ ਐ ਭੂਸ਼ਨ ਮਦਾਨ ਸਾਬ ਤੁਹਾਡੀ ਫ਼ਿਲਮ "ਸੋਨੇ ਤੇ ਸੁਹਾਗਾ" ਦੀ ਹੀਰੋਇਨ ਤੇ ਇਹ ਗੱਲ ਜਦ ਦੀਪਕ ਸਹਿਗਲ ਸਾਬ ਆਖਦੇ ਨੇ ਤਦ ਕੋਲ ਖੜ੍ਹੀ ਪੁੰਨਿਆ ਮਹਿਤਾ ਮੁਸਕਰਾ ਕਿ ਬੋਲੀ ਮੇਰੀ ਫ਼ਿਲਮ ਦੇ ਮੇਕਰ ਭੂਸ਼ਨ ਮਦਾਨ ਜੀ ਵੀ ਸੋਨੇ ਤੇ ਸੁਹਾਗਾ ਹੀ ਹਨ। ਇਹਨਾਂ ਨੇ ਲਵਲੀ ਸ਼ਰਮਾ ਕੋਲੋਂ ਫ਼ਿਲਮ ਡਾਇਰੈਕਟ ਕਰਵਾਈ ਹੈ ਤੇ ਮੈਨੂੰ ਸ਼ਾਨਦਾਰ ਕਹਾਣੀ ਵਾਲੀ ਫ਼ਿਲਮ ਦਾ ਹਿੱਸਾ ਬਣਾ ਦਿੱਤਾ ਹੈ। ਮਦਾਨ ਜੀ ਨੇ ਸਕ੍ਰੀਨ ਪਲੇ ਗ਼ਜ਼ਬ ਦਾ ਤਿਆਰ ਕੀਤਾ ਹੈ ਤੇ ਤੁਹਾਡੀ ਪੁੰਨਿਆ ਮਹਿਤਾ ਪਾਲੀਵੁੱਡ ਦਰਸ਼ਕੋ ਛਾ ਜਾਣ ਲਈ ਤਿਆਰ ਹੈ। ਲਵਲੀ ਸ਼ਰਮਾ ਆਖਦੇ ਨੇ ਭੂਸ਼ਨ ਮਦਾਨ ਜੀ ਨੇ ਪੁੰਨਿਆ ਮਹਿਤਾ ਬਿਲਕੁਲ ਫਿੱਟ ਕਿਰਦਾਰ ਦੇ ਕਾਸਟ ਕਰ ਕਿ ਦਰਸਾ ਦਿੱਤਾ ਕਿ ਉਹ ਸਫ਼ਲ ਫ਼ਿਲਮ ਨਿਰਮਾਤਾ ਹਨ। ਪੁੰਨਿਆ ਮਹਿਤਾ ਪੰਜਾਬੀ ਫ਼ਿਲਮਾਂ ਕਰਦੀ ਹੈ ਤੇ ਸੁਪਰ ਮਾਡਲ ਹੈ। ਪੁੰਨਿਆ ਦੀ ਲੁੱਕ ਕਾਤਿਲ ਹੈ ਅਦਾ ਪਿਆਰੀ ਹੈ ਤੇ ਛਮਕ ਛੱਲੋ ਜਿਹੀ ਇਹ ਕੁੜੀ "ਸੋਨੇ ਤੇ ਸੁਹਾਗਾ" ਨਾਲ ਜ਼ਬਰਦਸਤ ਕਾਮਯਾਬੀ ਪ੍ਰਾਪਤ ਕਰੇਗੀ। ਦੀਪਕ ਸਹਿਗਲ ਵਾਰ ਵਾਰ ਆਖਦੇ ਨੇ ਕਿ ਯੰਗ ਪੁੰਨਿਆ ਮਹਿਤਾ ਨੇ ਗੀਤਾਂ ਵਿੱਚ ਵੀ ਸ਼ਾਨਦਾਰ ਅਦਾਇਗੀ ਦਿੱਤੀ ਹੈ। ਪੁੰਨਿਆ ਨੇ ਕਿਹਾ ਕਿ ਓਸ ਨੇ ਪੂਰੀ ਜੀ ਜਾਨ ਇਸ ਫ਼ਿਲਮ ਲਈ ਲਾਈ ਹੈ ਤੇ ਓਹ ਚਾਹੁੰਦੀ ਹੈ ਕਿ ਓਹ ਮਦਾਨ ਸਾਬ ਦੀ ਹਰ ਫ਼ਿਲਮ ਦੀ ਨਾਇਕਾ ਹੋਏ। ਯਾਦ ਰਹੇ ਪਾਲੀ ਸੰਧੂ, ਗੌਰਵ ਮਦਾਨ, ਹਾਕਮ ਭੋਲਾ, ਐਂਜਲੀਨਾ ਰਾਜਪੂਤ ਇਸ ਫ਼ਿਲਮ ਵਿੱਚ ਪੁੰਨਿਆ ਮਹਿਤਾ ਦੇ ਨਾਲ ਹਨ। ਪੁੰਨਿਆ ਮਹਿਤਾ ਨਖਰਾ ਰਹਿਤ ਨਾਇਕਾ ਹੈ ਤੇ ਇਹੀ ਗੱਲ ਓਸ ਨੂੰ ਕਾਮਯਾਬ ਕਰੇਗੀ।

## ਨਮਤਾਜ ਨਾ ਹੁੰਦੇ ਮੈਂ ਮਾਡਲ ਨਾ ਹੁੰਦੀ ਖ਼ੁਸ਼ੀ ਸੈਣੀ



ਖ਼ੁਸ਼ੀ ਸੈਣੀ ਗੱਲ ਖਰੀ ਤੇ ਮੂੰਹ ਤੇ ਕਰਦੀ ਹੈ ਤੇ ਇਹੀ ਖਾਸ ਗੱਲ ਓਸ ਨੂੰ ਲੋਕ ਪ੍ਰਿਅ ਬਣਾ ਰਹੀ ਹੈ ਖ਼ੁਸ਼ੀ ਸੈਣੀ ਮਾਲਵੇ ਦੀ ਲੋਕ ਪ੍ਰਿਅ ਮਾਡਲ ਹੈ ਤੇ ਐਕਟ੍ਰੈਸ ਵੀ ਹੈ। ਖ਼ੁਸ਼ੀ ਖ਼ੁਦ ਮੇਕ ਅੱਪ ਡਾਇਰੈਕਟਰ ਵੀ ਹੈ। ਖ਼ੁਸ਼ੀ ਨੇ ਅਨੇਕਾਂ ਵੀਡੀਓ ਗੀਤ ਕੀਤੇ ਨੇ ਤੇ ਬਿੰਦਰੀ ਧਾਲੀਵਾਲ, ਹੈਰੀ ਹਰਮਨ ਤੇ ਹੋਰ ਕਈ ਗਾਇਕਾਂ ਦੇ ਤੇ ਕਈ ਆਰਟਿਸਟ ਸਜਾਏ ਹਨ। ਓਹ ਆਖਦੀ ਹੈ ਕਿ ਇਹ ਸਾਰਾ ਸਿਹਰਾ ਨਮਤਾਜ ਖਾਨ ਨੂੰ ਜਾਂਦਾ ਹੈ ਜਿਹਨਾਂ ਨੇ ਇੱਕ ਆਮ ਕੁੜੀ ਦੇ ਸੁਫ਼ਨੇ ਪੂਰੇ ਕੀਤੇ ਹਨ। ਓਹ ਖ਼ੁਸ਼ੀ ਅੰਦਰ ਦੀ ਮਾਡਲ ਤੇ ਅਭਿਨੇਤਰੀ ਨੂੰ ਸਮਝ ਗਏ ਤੇ ਓਹਨਾਂ ਨੇ ਖ਼ੁਸ਼ੀ ਨੂੰ ਕੈਮਰੇ ਅੱਗੇ ਲਿਆਂਦਾ। ਖ਼ੁਸ਼ੀ ਸੈਣੀ ਆਖਦੀ ਹੈ ਜਿਵੇਂ ਕਹਾਵਤ ਤੇ ਲੋਕ ਗੀਤ ਸੁ ਕਿ ਜੇ ਮੈਂ ਨਾਂ ਜੰਮਦੀ ਮਾਹੀ ਵੇ ਤੂੰ ਕਿਵੇਂ ਵਿਆਹੀ ਦਾ ਓਸ ਤਰਾਂ ਨਮਤਾਜ ਖਾਨ ਓਸ ਨੂੰ ਨਾ ਮਿਲੇ ਹੁੰਦੇ ਤਾਂ ਓਹ ਮਾਡਲ ਨਾ ਬਣ ਸਕਦੀ। ਨਮਤਾਜ ਖਾਨ ਤੇ ਟੀਮ ਤੁਗਲਕ ਵੀਡਿਓ ਖੇਤਰ ਵਿੱਚ ਅੱਗੇ ਹਨ ਤੇ ਜਲਦੀ ਹੀ ਸੰਨੀ ਧਾਲੀਵਾਲ ਨਾਲ ਓਹ ਵੱਡੀ ਫ਼ਿਲਮ ਕਰਨ ਵਾਲੇ ਹਨ। ਇਥੇ ਖ਼ੁਸ਼ੀ ਸੈਣੀ ਨੂੰ ਰਾਜਸਥਾਨੀ ਲੜਕੀ ਦੇ ਕਿਰਦਾਰ ਵਿੱਚ ਦੇਖਿਆ ਜਾਏਗਾ ਤੇ ਖ਼ੁਸ਼ੀ ਦੇ ਚਿਹਰੇ ਦੀ ਖ਼ੁਸ਼ੀ ਹੋਰ ਵਧ ਜਾਏਗੀ।

## ਯਾਦਾਂ ਤੇ ਯਾਦਾਂ ਨੇ ਯਾਦਾਂ ਦਾ ਕੀ ਕਰੀਏ ਰੇਸ਼ਮ



ਯਾਦਾਂ ਸੱਚੀ ਗੱਲ ਹੈ ਦਿਲ ਦੀ ਮੈਮਰੀ ਕਾਰਡ ਵਿੱਚ ਸੁਰੱਖਿਅਤ ਰਹਿੰਦੀਆਂ ਹਨ। ਰੇਸ਼ਮ ਛੀਨਾ ਦੀ ਸਿਫ਼ਤ ਹਰੇਕ ਕਰਦਾ ਚਾਹੇ ਓਹ ਡੰਜੋਟੀ ਪਿੰਡ ਦਾ ਬਾਸ਼ਿੰਦਾ ਹੋਏ ਤੇ ਚਾਹੇ ਰਾਜਨੀਤਕ ਹਲਕੇ ਦਾ ਰਾਜਨੀਤਕ। ਆਖਣਗੇ ਰੇਸ਼ਮ ਛੀਨਾ ਨੇ ਇਹ ਕੰਮ ਕਰ ਦਿਲ ਮੋਹ ਲਿਆ ਸੀ। ਇਹ ਸਭ ਜਾਣੂ ਨੇ ਕਿ ਛੀਨਾ ਗਾਇਕ ਵੀ ਹੈ ਤੇ ਫ਼ਿਲਮ ਨਾਇਕ ਵੀ ਹੈ। ਯਾਦ ਫ਼ਿਲਮ ਦੀ ਤਾਂ "ਜੁਦਾਈਆਂ" ਵੇਲੇ ਰੇਸ਼ਮ ਛੀਨਾ ਦਾ ਸਾਰਾ ਕੰਮ ਹਨੀ ਨੇ ਸੰਭਾਲਿਆ ਸੀ। ਹਨੀ ਕਿਤੇ ਵੀ ਹੋਣ ਓਹਨਾਂ ਦੀ ਤਦ ਇਮਾਨਦਾਰੀ ਤੇ ਮਿਹਨਤ ਦੀ ਦਾਦ ਤੇ ਰੇਸ਼ਮ ਛੀਨਾ ਨੂੰ ਵੀ ਯਾਦ ਹੈ ਹਨੀ ਸਗੇ ਦੀ ਤਰਾਂ ਨਾਲ ਰਿਹਾ। ਰੇਸ਼ਮ ਛੀਨਾ ਨੂੰ ਸ਼ਗਨ ਜੈਸਵਾਲ ਤਦ ਰਜੇਸ਼ ਖੰਨਾ ਆਖਦੀ ਸੀ ਤੇ ਰੇਸ਼ਮ ਵਰਗੇ ਰੇਸ਼ਮ ਦਾ ਚਿਹਰਾ ਹੋਰ ਮੁਸਕਰਾ ਦਿੰਦਾ ਸੀ। ਯਾਦਾਂ ਵਿੱਚ ਫ਼ਿਲਮ ਦੇ ਨਿਰਦੇਸ਼ਕ ਨੂੰ ਯਾਦ ਹੋਊ ਕਿ ਸੇਵਾ ਪਾਣੀ ਤੇ ਹਰੇਕ ਕੰਮ ਵਿੱਚ ਰੇਸ਼ਮ ਛੀਨਾ ਨੇ ਕੋਈ ਕਸਰ ਨਹੀਂ ਸੀ ਰਹਿਣ ਦਿੱਤੀ। ਯਾਦ ਹੈ ਰੇਸ਼ਮ ਛੀਨਾ ਦੀ ਕਿ ਫ਼ਿਲਮ ਦੌਰਾਨ ਬਹੁਤ ਲੋਕ ਪਰਖੇ ਗਏ। ਅੱਜ ਜਦ ਰੇਸ਼ਮ ਛੀਨਾ ਸ਼ਾਈਨ ਮੋਸ਼ਨ ਪਿਕਚਰਜ਼ ਨੂੰ ਕਾਮਯਾਬ ਬਣ ਚਲਾ ਰਹੇ ਨੇ ਤਾਂ ਕਈ ਯਾਦਾਂ ਦੇ ਗਵਾਹ ਓਹ ਬਣ ਰਹੇ ਹਨ। ਚਾਹੇ ਓਹ ਫ਼ਿਲਮ ਦੀ ਰਲੀਜ਼ ਹੋਏ ਤੇ ਚਾਹੇ ਓਹ ਰਣਜੀਤ ਸਿੰਘ, ਸ਼ਰਨਜੀਤ ਸਿੰਘ ਰਟੌਲ, ਚਾਹੇ ਬਿਸ਼ਨੇ , ਕਲਸੀ ਸਾਬ ਤੇ ਸੁਰਜੀਤ ਸਿੰਘ ਦਾ ਕੈਰੀਅਰ ਚਮਕਾਈ ਜਾਣ ਲਈ ਆਪਣਾ ਯੋਗਦਾਨ ਤੇ ਰੇਸ਼ਮ ਛੀਨਾ ਹਰੇਕ ਲਈ ਯਾਦਾਂ ਦੀ ਪਟਾਰੀ ਬਣ ਰਹੇ ਹੁੰਦੇ ਨੇ ਤੇ ਅਗਲਿਆਂ ਦੀਆਂ ਯਾਦਾਂ ਵਿੱਚ ਵੱਸ ਜਾਂਦੇ ਹਨ।

## ਟੀਵੀ ਤੇ ਛਾਏ ਲੁਧਿਆਣੇ ਦੇ ਜਾਏ ਛਲੀਆ ਕੋਚਰ



ਜਿਵੇਂ ਜਿਵੇਂ ਉਮਰ ਵਧ ਰਹੀ ਹੈ ਬਾਲਕ੍ਰਿਸ਼ਨ ਕੋਚਰ ਓਵੇਂ ਹੀ ਜਵਾਨ ਹੁੰਦੇ ਜਾ ਰਹੇ ਹਨ ਤੇ ਇਹ ਸਭ ਕੰਮ ਦੀ ਖ਼ੁਮਾਰੀ ਹੈ। ਬਾਲਕ੍ਰਿਸ਼ਨ ਕੋਚਰ ਬਹੁਤ ਹੀ ਸੱਜਣ ਤੇ ਪ੍ਰਤਿਭਾ ਨਾਲ ਭਰੇ ਹੋਏ ਐਕਟਰ ਹਨ। ਇਸ ਵੇਲੇ ਨੈਸ਼ਨਲ ਪੱਧਰ ਤੇ ਜੀ ਟੀਵੀ ਤੇ ਸੰਸਾਰ ਭਰ ਵਿੱਚ ਪੰਜਾਬੀਆਂ ਲਈ ਜੀਟੀਸੀ ਪੰਜਾਬੀ ਤੇ ਆ ਰਹੇ ਲੜੀਵਾਰਾਂ ਵਿੱਚ ਓਹ ਛਾਏ ਨੇ ਤੇ ਲੋਕਾਂ ਦਾ ਹੁੰਗਾਰਾ "ਸਵੀਟੀ ਬਿਊਟੀ ਪਾਰਲਰ" ਨੂੰ ਖ਼ੂਬ ਮਿਲ ਰਿਹਾ ਹੈ । ਦਿੱਲੀ ਵਿੱਚ ਔਰਤਾਂ "ਗੰਗਾ ਮਈਆ ਕੀ ਬੇਟੀਆਂ" ਨੂੰ ਪਸੰਦ ਕਰ ਰਹੀਆਂ ਹਨ। ਪੰਜਾਬ ਵਿੱਚ ਬਾਲਕ੍ਰਿਸ਼ਨ ਕੋਚਰ ਵਾਹ ਵਾਹ ਤੇ ਇੰਡੀਅਨ ਦਰਸ਼ਕਾਂ ਦਾ ਪਿਆਰ ਹੋਰ ਕੀ ਚਾਹੀਦਾ ਹੈ ਓਹ ਆਖਦੇ ਹਨ। ਓਹਨਾਂ ਕਿਹਾ ਕਿ ਫ਼ਿਲਮਜ਼ ਆਪਣੀ ਥਾਂ ਤੇ ਸਿਨੇਮਾ ਘਰਾਂ ਵਿੱਚ ਦਰਸ਼ਕ ਕਿੰਨੇ ਆਓਂਦੇ ਨੇ, ਮੋਬਾਈਲ ਤੇ ਸ਼ੋਰਟ ਫ਼ਿਲਮਾਂ ਕਿੰਨੇ ਦੇਖਦੇ ਨੇ ਅਲੱਗ ਪਰ ਟੀਵੀ ਤੇ ਦਰਸ਼ਕ ਜਿਆਦਾ ਮਿਲਦੇ ਹਨ। ਹਰ ਵੇਲੇ ਓਹਨਾਂ ਦਾ ਫੋਨ ਕਾਲਾਂ ਲਈ ਰੁੱਝਿਆ ਰਹਿੰਦਾ ਹੈ।

ਬਾਲਕ੍ਰਿਸ਼ਨ ਕੋਚਰ ਦੀ ਐਨੀ ਮਸ਼ਹੂਰ ਹੋਣ ਦੀ ਸਥਿਤੀ ਤਦ ਨਹੀਂ ਸੀ ਜਦ ਓਹ ਕਲਜੀਏਟ ਸਨ ਤੇ ਹੁਣ ਓਹ ਟੀਵੀ ਦੀ ਬਦੌਲਤ ਲੋਕ ਪ੍ਰਿਅ ਹੋਏ ਹਨ। ਲੱਗਦਾ ਹੋਊ ਓਹਨਾਂ ਨੂੰ ਕਿ ਕਾਸ਼ ਕਿਤੇ ਅੱਜ ਕਲ ਓਹ ਕਾਲਜ ਹੁੰਦੇ ਤਾਂ ਜਿੰਨੀ ਲੋਕ ਪ੍ਰਿਅ ਸਥਿਤੀ ਹੁਣ ਹੈ ਓਹਨਾਂ ਨੇ ਕਿੰਗ ਆਫ ਬੁਆਏ ਰਾਜਾ ਕੁੜੀਆਂ ਦਾ ਹੋਣਾ ਸੀ। ਕਹਿ ਸਕਦੇ ਹੋ ਕਿ ਬਾਲਕ੍ਰਿਸ਼ਨ ਕੋਚਰ ਇਸੇ ਵੇਲੇ ਇੰਡੀਅਨ ਦਰਸ਼ਕ ਵਰਗ ਦੀ ਜਿੰਦ ਜਾਨ ਹਨ।

ਅੰਮ੍ਰਿਤ ਪਵਾਰ

# ਵੈਸਟ ਬ੍ਰੋਮਵਿਚ 'ਚ ਬਹੁਤ ਧੂਮ ਧਾਮ ਨਾਲ ਮਨਾਇਆ ਪੰਜਾਬੀ ਸੱਭਿਆਚਾਰ ਦਿਵਸ * ਵੱਡੀ ਗਿਣਤੀ ਚ ਪੰਜਾਬੀ ਭਾਈਚਾਰੇ ਨੇ ਕੀਤੀ ਸ਼ਿਰਕਤ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਵੈਸਟ ਬ੍ਰੋਮਵਿਚ ਵਿਖੇ ਸਥਾਨਕ ਸੈਂਟਰਲ ਲਾਇਬ੍ਰੇਰੀ 'ਚ ਮਨਾਇਆ ਗਿਆ ਪੰਜਾਬੀ ਸੱਭਿਆਚਾਰ ਦਿਵਸ ਬਹੁਤ ਹੀ ਉਤਸ਼ਾਹਪੂਰਵਕ ਅਤੇ ਕਾਮਯਾਬੀ ਨਾਲ ਸੰਪੰਨ ਹੋਇਆ, ਇਸ ਸਮਾਗਮ ਚ ਵੱਡੀ ਗਿਣਤੀ ਚ ਪੰਜਾਬੀ ਭਾਈਚਾਰੇ ਨੇ ਸ਼ਿਰਕਤ ਕੀਤੀ ਅਤੇ ਇਸ ਸਮਾਗਮ ਦੀ ਭਰਪੂਰ ਸਲਾਘਾ ਕੀਤੀ ।**



ਸਮਾਗਮ ਵਿੱਚ ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ ਅਤੇ ਪ੍ਰਮੁੱਖ ਸ਼ਖ਼ਸੀਅਤਾਂ!

ਪ੍ਰੋਫੈਸਰ ਰਸਪਾਲ ਕੌਰ ਸਿੰਘ ਦੀ ਪਹਿਲਕਦਮੀ ਨਾਲ ਕਰਵਾਏ ਗਏ ਇਸ ਵਿਸ਼ੇਸ਼ ਸਮਾਗਮ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਵਿਦੇਸ਼ ਵਸਦੇ ਪੰਜਾਬੀਆਂ ਦੀ ਡੂੰਘੀ ਨਿਭਾਵਟ ਨੂੰ ਦਰਸਾਇਆ। ਪ੍ਰੋਫੈਸਰ ਸਿੰਘ, ਜੋ ਕਿ ਭਾਰਤ ਵਿੱਚ ਪੰਜਾਬੀ ਲੈਕਚਰਾਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਪਿਛਲੇ ਕਰੀਬ 25 ਸਾਲਾਂ ਤੋਂ ਵਿਦੇਸ਼ ਵਿੱਚ ਰਹਿੰਦੇ ਹੋਏ ਵੀ ਮਾਂ-ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਹਨ। ਵਰਤਮਾਨ ਵਿੱਚ ਉਹ ਇੰਗਲੈਂਡ ਵਿੱਚ ਕਮਿਊਨਿਟੀ ਇੰਗੇਜਮੈਂਟ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ।

ਸਮਾਗਮ ਦੀ ਸਫਲਤਾ ਵਿੱਚ ਸ੍ਰੀਮਤੀ ਸ਼ਰਨ ਕੌਰ ਢੇਸੀ ਦਾ ਵੀ ਅਹਿਮ ਯੋਗਦਾਨ ਰਿਹਾ, ਜਿਨ੍ਹਾਂ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਇਆ। ਸਮਾਗਮ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਪੂਰਾ ਪ੍ਰੋਗਰਾਮ ਪੰਜਾਬੀ ਭਾਸ਼ਾ ਵਿੱਚ ਹੀ ਕਰਵਾਇਆ ਗਿਆ, ਜਿਸ ਵਿੱਚ ਤਿੰਨ ਪੀੜ੍ਹੀਆਂ—ਬੱਚੇ, ਨੌਜਵਾਨ ਅਤੇ ਬਜ਼ੁਰਗ—ਇਕੱਠੇ ਸ਼ਾਮਲ ਹੋਏ ਅਤੇ ਆਪਣੇ ਸੱਭਿਆਚਾਰ ਨਾਲ ਜੋੜ ਮਜ਼ਬੂਤ ਕੀਤਾ। ਮੰਚ 'ਤੇ ਕਵਿਤਾਵਾਂ, ਲੋਕ-ਗੀਤਾਂ ਅਤੇ ਪੰਜਾਬੀ ਇਤਿਹਾਸ ਨਾਲ ਸੰਬੰਧਿਤ ਵਿਚਾਰਾਂ ਦੀ ਪੇਸ਼ਕਸ਼ ਕੀਤੀ ਗਈ, ਜਿਸ ਨੇ ਦਰਸ਼ਕਾਂ ਨੂੰ ਭਾਵੁਕ ਅਤੇ ਪ੍ਰੇਰਿਤ ਕੀਤਾ। ਨੌਜਵਾਨਾਂ ਵੱਲੋਂ ਸਟੇਜ ਸੰਚਾਲਨ ਅਤੇ ਸਮੂਹ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲਣਾ ਸਮਾਗਮ ਦੀ ਇੱਕ ਹੋਰ ਵੱਡੀ ਖਾਸੀਅਤ ਰਹੀ, ਜਿਸ ਨਾਲ ਉਨ੍ਹਾਂ ਵਿੱਚ ਅਗਵਾਈ ਦੇ ਗੁਣ ਸਪੱਸ਼ਟ ਤੌਰ 'ਤੇ ਸਾਹਮਣੇ ਆਏ ਅਤੇ ਹਾਜ਼ਰੀਨ ਵੱਲੋਂ ਇਸ ਦੀ ਖੂਬ ਪ੍ਰਸ਼ੰਸਾ ਕੀਤੀ ਗਈ।

ਸਥਾਨਕ ਸਪਾਂਸਰਾਂ ਦੇ ਸਹਿਯੋਗ ਨਾਲ ਸਮਾਗਮ ਦੌਰਾਨ ਖਾਣ-ਪੀਣ ਦਾ ਮੁਫ਼ਤ ਪ੍ਰਬੰਧ ਕੀਤਾ ਗਿਆ, ਜਿਸ ਨਾਲ ਹਾਜ਼ਰੀਨ ਦੀ ਭਾਗੀਦਾਰੀ ਹੋਰ ਵੀ ਰੌਣਕਮਈ ਬਣੀ। ਸਮਾਗਮ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨਾ, ਨਵੀਂ ਪੀੜ੍ਹੀ ਨੂੰ ਮਾਂ-ਬੋਲੀ ਨਾਲ ਜੋੜਨਾ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਅਤੇ ਅਗਵਾਈ ਦੇ ਗੁਣ ਵਿਕਸਤ ਕਰਨਾ ਸੀ, ਜਿਸ ਵਿੱਚ ਪ੍ਰਬੰਧਕ ਪੂਰੀ ਤਰ੍ਹਾਂ ਕਾਮਯਾਬ ਰਹੇ।

ਹਾਜ਼ਰੀਨ ਵੱਲੋਂ ਸਮਾਗਮ ਨੂੰ 100 ਫੀਸਦੀ ਸਕਾਰਾਤਮਕ ਪ੍ਰਤੀਕਿਰਿਆ ਮਿਲੀ ਅਤੇ ਕਈਆਂ ਨੇ ਇਸਨੂੰ "ਭਾਵੁਕ ਅਤੇ ਸਮੇਂ ਦੀ ਲੋੜ" ਕਰਾਰ ਦਿੱਤਾ। ਇਸ ਮੌਕੇ ਪ੍ਰੋਫੈਸਰ ਰਸਪਾਲ ਕੌਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜੇ ਅਸੀਂ ਆਪਣੀ ਮਾਂ-ਬੋਲੀ ਨੂੰ ਗੁਆ ਬੈਠੇ ਤਾਂ ਅਸੀਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਜਾਵਾਂਗੇ, ਪਰ ਇਸ ਤਰ੍ਹਾਂ ਦੇ ਸਾਂਝੇ ਸਮਾਗਮਾਂ ਰਾਹੀਂ ਅਸੀਂ ਉਸ ਨੂੰ ਹੋਰ ਮਜ਼ਬੂਤ ਕਰ ਸਕਦੇ ਹਾਂ।

ਅੰਤ ਵਿੱਚ ਪ੍ਰਬੰਧਕਾਂ ਵੱਲੋਂ ਆਸ ਪ੍ਰਗਟਾਈ ਗਈ ਕਿ ਪੰਜਾਬੀ ਸੱਭਿਆਚਾਰ ਦਿਵਸ ਨੂੰ ਹੁਣ ਹਰ ਸਾਲ ਨਿਯਮਿਤ ਤੌਰ 'ਤੇ ਮਨਾਇਆ ਜਾਵੇਗਾ, ਤਾਂ ਜੋ ਵਿਦੇਸ਼ਾਂ ਵਿੱਚ ਵੀ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਰੌਣਕ ਕਾਇਮ ਰਹੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਸਦੀ ਵਿਰਾਸਤ ਸੁਰੱਖਿਅਤ ਢੰਗ ਨਾਲ ਪਹੁੰਚ ਸਕੇ।ਇਸ ਮੌਕੇ ਤੇ ਪ੍ਰਮੁੱਖ ਸਖਸੀਅਤਾ ਦਾ ਸਨਮਾਨ ਵੀ ਕੀਤਾ ਗਿਆ!

# ਮੈਨਚੈਸਟਰ 'ਚ ਲੱਗੀ ਭਿਆਨਕ ਅੱਗ, ਇਲਾਕੇ 'ਚ ਦਹਿਸ਼ਤ



ਬ੍ਰਿਟੇਨ ਦੇ ਦੂਜੇ ਵਿਸ਼ਵ ਯੁੱਧ ਦੇ ਸਭ ਤੋਂ ਵੱਡੀ ਉਮਰ ਦੇ ਸੈਨਿਕ ਫਰੈਂਕ ਚੈਸਟਰ, ਜਿਨ੍ਹਾਂ ਦਾ 109 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮੈਨਚੈਸਟਰ ਦੇ ਰੈਡਕਲਿਫ਼ ਇਲਾਕੇ ਵਿੱਚ ਇਕ ਖਾਲੀ ਪਈ ਇਮਾਰਤ ਵਿੱਚ ਲੱਗੀ ਭਿਆਨਕ ਅੱਗ ਕਾਰਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਅੱਗ ਇੰਨੀ ਤੇਜ਼ ਸੀ ਕਿ ਕਾਲਾ ਧੂੰਆਂ ਆਸਮਾਨ ਵਿੱਚ ਦੂਰ ਤੱਕ ਫੈਲ ਗਿਆ। ਫਾਇਰ ਸਰਵਿਸ ਨੂੰ ਸ਼ਾਮ ਕਰੀਬ 7:15 ਵਜੇ ਮਿਲਟਾਊਨ ਸਟ੍ਰੀਟ ਸਥਿਤ ਪੁਰਾਣੀ ਮਿੱਲ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਤੁਰੰਤ 8 ਫਾਇਰ ਇੰਜਣ ਅਤੇ ਖ਼ਾਸ ਟੀਮਾਂ ਮੌਕੇ 'ਤੇ ਭੇਜੀਆਂ ਗਈਆਂ। ਦਰਜਨਾਂ ਫਾਇਰਫਾਈਟਰਾਂ ਨੇ ਘੰਟਿਆਂ ਮਿਹਨਤ ਕਰਕੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਅੱਗ ਦੇ ਕਾਰਨ ਇਲਾਕੇ ਵਿੱਚ ਧੂੰਏਂ ਦੀ ਘਣੀ ਪਰਤ ਛਾ ਗਈ, ਜਿਸ ਨੂੰ ਦੇਖਦਿਆਂ ਅਧਿਕਾਰੀਆਂ ਵੱਲੋਂ ਨੇੜਲੇ ਵਸਨੀਕਾਂ ਨੂੰ ਘਰਾਂ ਦੀਆਂ ਖਿੜਕੀਆਂ ਤੇ ਦਰਵਾਜ਼ੇ ਬੰਦ ਰੱਖਣ ਅਤੇ ਬਿਨਾਂ ਲੋੜ ਬਾਹਰ ਨਾ ਨਿਕਲਣ ਦੀ ਅਪੀਲ ਕੀਤੀ ਗਈ।ਮੌਕੇ 'ਤੇ ਪੁਲਿਸ ਅਤੇ ਐਂਬੂਲੈਂਸ ਸੇਵਾਵਾਂ ਵੀ ਤਾਇਨ-ਾਤ ਰਹੀਆਂ ਅਤੇ ਸੁਰੱਖਿਆ ਦੇ ਮੱਦੇਨਜ਼ਰ ਇਲਾਕੇ ਨੂੰ ਘੇਰਾਬੰਦੀ ਕਰਕੇ ਕੁਝ ਸੜਕਾਂ ਬੰਦ ਕਰ ਦਿੱਤੀਆਂ ਗਈਆਂ।ਫਾਇਰ ਅਧਿਕਾਰੀ ਲਿਓਨ ਹੈਨਰੀ ਨੇ ਦੱਸਿਆ ਕਿ ਟੀਮਾਂ ਲਗਾਤਾਰ ਅੱਗ ਬੁਝਾਉਣ ਵਿੱਚ ਜੁਟੀ ਹੋਈਆਂ ਹਨ ਅਤੇ ਹਾਲਾਤ 'ਤੇ ਕਾਬੂ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦ ਤੱਕ ਸਥਿਤੀ ਪੂਰੀ ਤਰ੍ਹਾਂ ਨਾਰਮਲ ਨਹੀਂ ਹੁੰਦੀ, ਤਦ ਤੱਕ ਇਲਾਕੇ ਤੋਂ ਦੂਰ ਰਹਿਣ।ਇਸ ਘਟਨਾ ਨਾਲ ਸਥਾਨਕ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਹੈ, ਹਾਲਾਂਕਿ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਮਿਲੀ।

# ਦੂਜੇ ਵਿਸ਼ਵ ਯੁੱਧ ਦੇ ਸਭ ਤੋਂ ਵੱਡੀ ਉਮਰ ਦੇ ਸੈਨਿਕ ਦਾ ਦੇਹਾਂਤ, * 109 ਸਾਲ ਦੀ ਉਮਰ ਚ ਲਏ ਆਖਰੀ ਸਾਹ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਦੂਜੇ ਵਿਸ਼ਵ ਯੁੱਧ ਦੇ ਸਭ ਤੋਂ ਵੱਡੀ ਉਮਰ ਦੇ ਸੈਨਿਕ ਫਰੈਂਕ ਚੈਸਟਰ ਦਾ 109 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਮਾਲਵਰਨ ਦੇ ਇੱਕ ਬੁੱਢੇ ਆਸ਼ਰਮ ਵਿੱਚ ਰਹਿ ਰਹੇ ਸਨ ਜਿਥੇ ਉਨ੍ਹਾਂ ਨੇ ਅਖੀਰਲਾ ਸਾਹ ਲਿਆ। ਫਰੈਂਕ ਚੈਸਟਰ ਦਾ ਜਨਮ ਸ਼੍ਰੋਪਸ਼ਾਇਰ ਦੇ ਲੁਡਲੋ ਵਿੱਚ ਹੋਇਆ ਸੀ। ਜਵਾਨੀ ਵਿੱਚ ਉਹ ਨੇਵੀ ਵਿੱਚ ਭਰਤੀ ਹੋਏ। ਸ਼ੁਰੂ ਵਿੱਚ ਉਹ ਸੋਚਦੇ ਸਨ ਕਿ ਉਹਨਾਂ ਨੂੰ ਕਿਸੇ ਗਰਮ ਇਲਾਕੇ ਵਿੱਚ ਤਾਇਨਾਤ ਕੀਤਾ ਜਾਵੇਗਾ, ਪਰ ਉਨ੍ਹਾਂ ਨੂੰ ਇੱਕ ਪੁਰਾਣੇ ਜਹਾਜ਼ 'ਤੇ ਡਿਊਟੀ ਮਿਲੀ ਜੋ ਲਿਵਰਪੂਲ ਵਿੱਚ ਤਿਆਰ ਹੋ ਰਿਹਾ ਸੀ।ਜੰਗ ਦੇ ਸਮੇਂ ਉਹ ਆਰਕਟਿਕ ਸਮੁੰਦਰੀ ਰਸਤੇ 'ਤੇ ਡਿਊਟੀ ਕਰਦੇ ਰਹੇ, ਜਿੱਥੇ ਹਮੇਸ਼ਾ ਦੁਸ਼ਮਣ ਦੇ ਹਮਲੇ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਸ ਦੌਰਾਨ ਉਨ੍ਹਾਂ ਨੇ ਵੱਡੀ ਹਿੰਮਤ ਨਾਲ ਕੰਮ ਕੀਤਾ। ਉਨ੍ਹਾਂ ਦੀ ਬਹਾਦਰੀ ਲਈ ਉਨ੍ਹਾਂ ਨੂੰ ਉੱਚ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਜੰਗ ਤੋਂ ਬਾਅਦ ਉਹ ਵਾਲਸਾਲ ਵਿੱਚ ਰਹਿਣ ਲੱਗ ਪਏ। ਉਨ੍ਹਾਂ ਨੇ ਵਿਆਹ ਕਰਕੇ ਪਰਿਵਾਰ ਬਸਾਇਆ ਅਤੇ ਸਰਕਾਰੀ ਵਿਭਾਗ ਵਿੱਚ ਨੌਕਰੀ ਕੀਤੀ। ਉਹ ਸਧਾਰਣ ਜੀਵਨ ਜੀਉਂਦੇ ਰਹੇ ਅਤੇ ਲੋਕਾਂ ਦੀ ਮਦਦ ਕਰਨਾ ਪਸੰਦ ਕਰਦੇ ਸਨ। ਉਹ 100 ਸਾਲ ਦੀ ਉਮਰ ਤੋਂ ਬਾਅਦ ਵੀ ਮਾਲਵਰਨ ਦੇ ਇਕ ਫੂਡ ਬੈਂਕ ਵਿੱਚ ਸੇਵਾ ਕਰਦੇ ਰਹੇ ਅਤੇ ਆਪਣੇ ਕੰਮ ਨਾਲ ਹੋਰਾਂ ਲਈ ਮਿਸਾਲ ਬਣੇ ਰਹੇ।ਉਹ ਅਕਸਰ ਕਹਿੰਦੇ ਸਨ ਕਿ ਉਹ ਲੰਬੀ ਉਮਰ ਇਸ ਲਈ ਜੀਏ ਕਿਉਂਕਿ ਉਹ ਹਰ ਕੰਮ ਸੰਭਲ ਕੇ ਕਰਦੇ ਸਨ।ਉਨ੍ਹਾਂ ਦੇ ਦੇਹਾਂਤ ਨਾਲ ਇਲਾਕੇ ਵਿੱਚ ਦੁੱਖ ਦੀ ਲਹਿਰ ਹੈ। ਲੋਕ ਉਨ੍ਹਾਂ ਨੂੰ ਇੱਕ ਬਹਾਦਰ ਸੈਨਿਕ ਅਤੇ ਚੰਗੇ ਇਨਸਾਨ ਵਜੋਂ ਯਾਦ ਕਰ ਰਹੇ ਹਨ।

## ਪਾਕਿਸਤਾਨ ਨੇ ਭਾਰਤੀ ਹਵਾਈ ਕੰਪਨੀਆਂ 'ਤੇ ਲਗਾਈ ਪਾਬੰਦੀ 24 ਮਈ ਤੱਕ ਵਧਾਈ

**ਪਾਕਿਸਤਾਨ ਨੇ ਆਪਣੇ ਹਵਾਈ ਖੇਤਰ ਵਿੱਚ ਭਾਰਤੀ ਜਹਾਜ਼ਾਂ ਦੇ ਦਾਖਲੇ ਤੇ ਲੱਗੀ ਪਾਬੰਦੀ ਨੂੰ ਮੰਗਲਵਾਰ ਨੂੰ 24 ਮਈ, 2026 ਤੱਕ ਵਧਾ ਦਿੱਤਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਖੇਤਰ ਵਿੱਚ ਪਹਿਲਾਂ ਹੀ ਕਾਫੀ ਤਣਾਅ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਨੇ ਇੱਕ-ਦੂਜੇ ਲਈ ਆਪਣੇ ਹਵਾਈ ਰਸਤੇ ਬੰਦ ਕਰ ਦਿੱਤੇ ਸਨ। ਪਾਕਿਸਤਾਨ ਦਾ ਹਵਾਈ ਖੇਤਰ 24 ਅਪਰੈਲ, 2025 ਤੋਂ ਭਾਰਤੀ ਜਹਾਜ਼ਾਂ ਲਈ ਬੰਦ ਹੈ, ਜਦਕਿ ਭਾਰਤ ਨੇ ਵੀ ਪਾਕਿਸਤਾਨੀ ਜਹਾਜ਼ਾਂ ਨੂੰ ਆਪਣੇ ਇਲਾਕੇ ਵਿੱਚ ਆਉਣ ਤੋਂ ਰੋਕਿਆ ਹੋਇਆ ਹੈ।ਪਾਕਿਸਤਾਨ ਹਵਾਈ ਅੱਡਾ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਨੋਟਿਸ (ਨੋਟਮ) ਅਨੁਸਾਰ ਕਿਸੇ ਵੀ ਭਾਰਤੀ ਵਪਾਰਕ ਜਾਂ ਫੌਜੀ ਜਹਾਜ਼ ਨੂੰ 24 ਮਈ, 2026 ਦੀ ਸਵੇਰ ਤੱਕ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਕੌਮਾਂਤਰੀ ਪੱਧਰ ਤੇ ਡੋਨਲਡ ਟਰੰਪ ਵੱਲੋਂ ਅਤਿਵਾਦ ਵਿਰੁੱਧ ਦਿੱਤੀ ਗਈ ਸਖ਼ਤ ਚਿਤਾਵਨੀ ਅਤੇ ਭਾਰਤ ਸਰਕਾਰ ਵੱਲੋਂ ਚੁੱਕੇ ਗਏ ਸੁਰੱਖਿਆ ਕਦਮਾਂ ਕਾਰਨ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਖਟਾਸ ਬਣੀ ਹੋਈ ਹੈ। ਪਾਕਿਸਤਾਨ ਵੱਲੋਂ ਲਗਾਈ ਗਈ ਇਸ ਪਾਬੰਦੀ ਨੂੰ ਹੁਣ ਲਗਪਗ ਇੱਕ ਸਾਲ ਹੋ ਗਿਆ ਹੈ, ਜਿਸ ਕਾਰਨ ਭਾਰਤੀ ਜਹਾਜ਼ਾਂ ਨੂੰ ਦੂਜੇ ਦੇਸ਼ਾਂ ਨੂੰ ਜਾਣ ਲਈ ਲੰਬੇ ਅਤੇ ਮਹਿੰਗੇ ਰਸਤੇ ਅਪਣਾਉਣੇ ਪੈ ਰਹੇ ਹਨ।**

# ਕਿਊਬਕ ਵਿਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ

## ✪ 150 ਤੋਂ ਵੱਧ ਸਕੂਲ ਮੁਲਾਜ਼ਮ ਨੌਕਰੀਓਂ ਫਾਰਗ

ਟੋਰਾਂਟੋ-ਕੈਨੇਡਾ ਦੇ ਸੂਬੇ ਕਿਊਬਕ ਵਿੱਚ ਵਿਵਾਦਤ ਕਾਨੂੰਨ 'ਬਿੱਲ 21' ਅਤੇ 'ਬਿੱਲ 94' ਦੀ ਸਖ਼ਤੀ ਕਾਰਨ ਸਰਕਾਰੀ ਸਕੂਲਾਂ ਦੇ ਮੁਲਾਜ਼ਮਾਂ 'ਤੇ ਵੱਡੀ ਗਾਜ ਡਿੱਗੀ ਹੈ। ਮਾਂਟਰੀਅਲ ਦੇ ਸਕੂਲ ਬੋਰਡ (ਸੈਂਟਰ ਡੇ ਸਰਵਿਸਜ਼ ਡੇ ਮਾਂਟਰੀਅਲ) ਨੇ ਕਰੀਬ 150 ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਹੈ। ਇਨ੍ਹਾਂ ਮੁਲਾਜ਼ਮਾਂ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਨ੍ਹਾਂ ਨੇ ਡਿਊਟੀ ਦੌਰਾਨ ਆਪਣੇ ਧਾਰਮਿਕ ਚਿੰਨ੍ਹ ਉਤਾਰਨ ਦੀ ਸ਼ਰਤ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਕਿਊਬਕ ਸਰਕਾਰ ਵੱਲੋਂ 2019 ਵਿੱਚ ਪਾਸ ਕੀਤੇ ਗਏ ਇਸ ਕਾਨੂੰਨ ਤਹਿਤ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਸਹਾਇਕ ਸਟਾਫ਼ 'ਤੇ ਧਾਰਮਿਕ ਚਿੰਨ੍ਹ ਪਹਿਨਣ 'ਤੇ ਮੁਕੰਮਲ ਪਾਬੰਦੀ ਹੈ। ਸਰਕਾਰ ਦਾ ਤਰਕ ਹੈ ਕਿ ਉਹ ਧਰਮ ਨੂੰ ਵਿਅਕਤੀ ਦਾ ਨਿੱਜੀ ਮਾਮਲਾ ਰੱਖਣਾ ਚਾਹੁੰਦੀ ਹੈ ਤਾਂ ਜੋ ਕਿਸੇ ਵੀ ਸਰਕਾਰੀ ਅਦਾਰੇ ਵਿੱਚ ਕਿਸੇ ਵਿਸ਼ੇਸ਼ ਧਰਮ ਦਾ ਪ੍ਰਭਾਵ ਨਾ ਝਲਕੇ।

### ਪਾਬੰਦੀਸ਼ੁਦਾ ਚਿੰਨ੍ਹਾਂ ਵਿੱਚ ਸ਼ਾਮਿਲ ਹਨ

ਸਿੱਖ: ਦਸਤਾਰ (ਪੱਗ), ਕੜਾ ਅਤੇ ਕਿਰਪਾਨ ਵਰਗੇ ਬਾਹਰੀ ਕਕਾਰ।

ਮੁਸਲਿਮ: ਹਿਜਾਬ ਅਤੇ ਬੁਰਕਾ।

ਈਸਾਈ: ਕਰਾਸ।

ਯਹੂਦੀ: ਕਿੱਪਾ।

ਸਕੂਲ ਬੋਰਡ ਦੀ ਸਖ਼ਤੀ ਅਤੇ ਚਿਤਾਵਨੀ-ਸਕੂਲ ਬੋਰਡ ਵੱਲੋਂ ਪਹਿਲਾਂ ਹੀ ਮੁਲਾਜ਼ਮਾਂ ਨੂੰ ਚਿਤਾਵਨੀ ਜਾਰੀ ਕੀਤੀ ਗਈ ਸੀ, ਪਰ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਹੁਣ ਸਿੱਧੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਸਿੱਖਿਆ ਮੰਤਰਾਲੇ ਦੇ ਬੁਲਾਰੇ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਿਹਾ ਕਿ ਜੋ ਮੁਲਾਜ਼ਮ ਕਾਨੂੰਨ ਦਾ ਸਤਿਕਾਰ ਨਹੀਂ ਕਰਦੇ, ਉਨ੍ਹਾਂ ਨੂੰ ਨੌਕਰੀਓਂ ਹੱਥ ਧੋਣੇ ਪੈ ਰਹੇ ਹਨ ਅਤੇ ਇਹ ਉਨ੍ਹਾਂ ਦਾ ਆਪਣਾ ਨਿੱਜੀ ਫ਼ੈਸਲਾ ਹੈ।

### ਸੂਬਾ ਛੱਡਣ ਲਈ ਮਜਬੂਰ ਹੋ ਰਹੇ ਹਨ ਲੋਕ

ਧਾਰਮਿਕ ਆਜ਼ਾਦੀ ਦੇ ਨਾਂ 'ਤੇ ਲਾਗੂ ਕੀਤੇ ਗਏ ਇਸ ਵਿਵਾਦਤ ਕਾਨੂੰਨ ਕਾਰਨ ਕਿਊਬਕ ਵਿੱਚ ਘੱਟ ਗਿਣਤੀ ਭਾਈਚਾਰਿਆਂ ਵਿੱਚ ਭਾਰੀ ਰੋਸ ਹੈ। ਕਈ ਮੁਲਾਜ਼ਮ ਆਪਣੀ ਧਾਰਮਿਕ ਆਸਥਾ ਨਾਲ ਸਮਝੌਤਾ ਕਰਨ ਦੀ ਬਜਾਏ ਕਿਊਬਕ ਛੱਡ ਕੇ ਕੈਨੇਡਾ ਦੇ ਹੋਰਨਾਂ ਸੂਬਿਆਂ (ਜਿੱਥੇ ਅਜਿਹੀ ਕੋਈ ਪਾਬੰਦੀ ਨਹੀਂ ਹੈ) ਵੱਲ ਹਿਜਰਤ ਕਰਨ ਲਈ ਮਜਬੂਰ ਹੋ ਰਹੇ ਹਨ।

ਦੱਸਣਯੋਗ ਹੈ ਕਿ ਕੈਨੇਡਾ ਦੇ ਹੋਰ ਕਿਸੇ ਵੀ ਸੂਬੇ ਵਿੱਚ ਅਜਿਹਾ ਵਿਤਕਰੇ ਭਰਿਆ ਕਾਨੂੰਨ ਲਾਗੂ ਨਹੀਂ ਹੈ, ਜਿਸ ਕਾਰਨ ਕਿਊਬਕ ਸਰਕਾਰ ਦੀ ਮਨੁੱਖੀ ਅਧਿਕਾਰਾਂ ਦੇ ਪੱਖੋਂ ਵੀ ਨਿਵੇਕਲੀ ਆਲੋਚਨਾ ਹੋ ਰਹੀ ਹੈ।

### ਸਿੱਖਾ ਕੋਲ ਕੀ ਰਾਹ ਹੈ ?

ਕੈਨੇਡਾ ਦਾ ਸੰਵਿਧਾਨ ਧਾਰਮਿਕ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ। ਸਿੱਖ ਜਥੇਬੰਦੀਆਂ (ਜਿਵੇਂ ਕਿ World Sikh Organization) ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਲਗਾਤਾਰ ਇਸ ਕਾਨੂੰਨ ਨੂੰ ਅਦਾਲਤਾਂ ਵਿੱਚ ਚੁਣੌਤੀ ਦੇ ਰਹੀਆਂ ਹਨ। ਕਿਊਬਕ ਸਰਕਾਰ ਨੇ 'Notwithstanding Clause' (ਸੈਕਸ਼ਨ 33) ਦੀ ਵਰਤੋਂ ਕੀਤੀ ਹੈ, ਜੋ ਸਰਕਾਰ ਨੂੰ ਸੰਵਿਧਾਨਕ ਅਧਿਕਾਰਾਂ ਨੂੰ ਕੁਝ ਸਮੇਂ ਲਈ ਮੁਅੱਤਲ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਕਾਰਨ ਕਾਨੂੰਨੀ ਲੜਾਈ ਲੰਬੀ ਅਤੇ ਪੇਚੀਦਾ ਹੈ। ਸਿੱਖ ਭਾਈਚਾਰਾ ਕੈਨੇਡਾ ਦੀ ਸੰਘੀ (Federal) ਸਰਕਾਰ 'ਤੇ ਦਬਾਅ ਪਾ ਸਕਦਾ ਹੈ ਕਿ ਉਹ ਇਸ ਮਾਮਲੇ ਵਿੱਚ ਦਖਲ ਦੇਵੇ।

ਹਾਲਾਂਕਿ ਵੋਟ ਬੈਂਕ ਦੀ ਰਾਜਨੀਤੀ ਕਾਰਨ ਕਈ ਵਾਰ ਵੱਡੀਆਂ ਪਾਰਟੀਆਂ ਕਿਊਬਕ ਦੇ ਅੰਦਰੂਨੀ ਮਾਮਲਿਆਂ ਵਿੱਚ ਬੋਲਣ ਤੋਂ ਕਤਰਾਉਂਦੀਆਂ ਹਨ, ਪਰ ਕੌਮਾਂਤਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦਾ ਮੁੱਦਾ ਚੁੱਕ ਕੇ ਸਰਕਾਰ ਨੂੰ ਘੇਰਿਆ ਜਾ ਸਕਦਾ ਹੈ।

ਦੂਜੇ ਧਰਮਾਂ (ਮੁਸਲਿਮ ਅਤੇ ਯਹੂਦੀ) ਦੇ ਲੋਕਾਂ ਨਾਲ ਮਿਲ ਕੇ ਸਾਂਝਾ ਮੋਰਚਾ ਬਣਾਉਣਾ ਇੱਕ ਪ੍ਰਭਾਵਸ਼ਾਲੀ ਰਾਹ ਹੋ ਸਕਦਾ ਹੈ। ਇਹ ਕਾਨੂੰਨ ਫਿਲਹਾਲ 'ਸਰਕਾਰੀ' ਖੇਤਰ ਦੇ ਮੁਲਾਜ਼ਮਾਂ 'ਤੇ ਲਾਗੂ ਹੈ। ਕਈ ਲੋਕ ਪ੍ਰਾਈਵੇਟ ਸਕੂਲਾਂ ਜਾਂ ਹੋਰ ਕਾਰੋਬਾਰਾਂ ਵੱਲ ਰੁਖ਼ ਕਰ ਰਹੇ ਹਨ ਜਿੱਥੇ ਧਾਰਮਿਕ ਚਿੰਨ੍ਹਾਂ ਦੀ ਪਾਬੰਦੀ ਨਹੀਂ ਹੈ।

ਕਿਊਬਕ ਦੇ ਸਥਾਨਕ ਲੋਕਾਂ (ਫਰੈਂਚ ਬੋਲਣ ਵਾਲੇ ਸਮਾਜ) ਨੂੰ ਸਿੱਖੀ ਸਰੂਪ ਅਤੇ ਦਸਤਾਰ ਦੇ ਮਹੱਤਵ ਬਾਰੇ ਜਾਣੂ ਕਰਵਾਉਣਾ। ਕਈ ਵਾਰ ਅਜਿਹੇ ਕਾਨੂੰਨ 'ਇਸਲਾਮੋਫੋਬੀਆ' ਜਾਂ ਅਣਜਾਣਪੁਣੇ ਕਾਰਨ ਬਣਾਏ ਜਾਂਦੇ ਹਨ। ਸਥਾਨਕ ਭਾਸ਼ਾ (ਫਰੈਂਚ) ਵਿੱਚ ਸੰਵਾਦ ਰਚਾ ਕੇ ਲੋਕਾਂ ਦੀ ਰਾਇ ਬਦਲੀ ਜਾ ਸਕਦੀ ਹੈ।

ਸਿੱਖਾਂ ਲਈ ਇਹ ਇੱਕ ਇਮਤਿਹਾਨ ਦੀ ਘੜੀ ਹੈ, ਜਿੱਥੇ ਉਨ੍ਹਾਂ ਨੂੰ ਆਪਣੀ 'ਸਿੱਖੀ' ਅਤੇ 'ਰੁਜ਼ਗਾਰ' ਵਿੱਚੋਂ ਇੱਕ ਨੂੰ ਚੁਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਬਹੁਤੇ ਸਿੱਖਾਂ ਨੇ ਆਪਣੀ ਦਸਤਾਰ ਦੀ ਸ਼ਾਨ ਨੂੰ ਨੌਕਰੀ ਨਾਲੋਂ ਉੱਪਰ ਰੱਖ ਕੇ ਹੋਰਨਾਂ ਸੂਬਿਆਂ ਵੱਲ ਹਿਜਰਤ ਕਰਨ ਨੂੰ ਹੀ ਬਿਹਤਰ ਰਾਹ ਮੰਨਿਆ ਹੈ।

# ਰਾਜੋਆਣਾ ਦੀ ਪਟੀਸ਼ਨ ਬਾਰੇ ਫ਼ੈਸਲਾ ਹੁਣ ਅਕਾਲ ਤਖ਼ਤ ਦੇ ਜਥੇਦਾਰ ਹੱਥ; ਸ਼੍ਰੋਮਣੀ ਕਮੇਟੀ ਨੇ ਸੌਂਪੀ ਜ਼ਿੰਮੇਵਾਰੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇੱਕ ਵੱਡਾ ਫ਼ੈਸਲਾ ਲੈਂਦਿਆਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਪਟੀਸ਼ਨ ਵਾਪਸ ਲੈਣ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪ ਦਿੱਤਾ ਹੈ। ਅੰਮ੍ਰਿਤਸਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਫ਼ੈਸਲਾ ਲਿਆ ਗਿਆ ਕਿ ਹੁਣ ਜਥੇਦਾਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਹ ਪਟੀਸ਼ਨ 14 ਸਾਲ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਹੀ ਪਾਈ ਗਈ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ "ਅੜੀਅਲ ਰਵੱਈਏ" ਕਾਰਨ ਭਾਈ ਰਾਜੋਆਣਾ ਖ਼ੁਦ ਵਾਰ-ਵਾਰ ਪਟੀਸ਼ਨ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਇਸ ਸੰਵੇਦਨਸ਼ੀਲ ਮੁੱਦੇ 'ਤੇ ਹੁਣ ਅੰਤਿਮ ਫ਼ੈਸਲਾ ਪੰਥਕ ਰਵਾਇਤਾਂ ਅਨੁਸਾਰ ਜਥੇਦਾਰ ਸਾਹਿਬ ਕਰਨਗੇ।



ਹੋਰ ਅਹਿਮ ਫ਼ੈਸਲੇ ਅਤੇ ਧਾਰਮਿਕ ਸਮਾਗਮ-ਮੀਟਿੰਗ ਦੌਰਾਨ ਕਈ ਹੋਰ ਪ੍ਰਮੁੱਖ ਮੁੱਦਿਆਂ 'ਤੇ ਵੀ ਮੋਹਰ ਲਗਾਈ ਗਈ:

ਸ਼੍ਰੋਮਣੀ ਕਮੇਟੀ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਨੁਮਾਇੰਦਗੀ ਘਟਾਉਣ ਦੇ ਫ਼ੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਭਗਤ ਰਵਿਦਾਸ ਜੀ ਦੇ 650 ਸਾਲਾ ਜਨਮ ਦਿਹਾੜੇ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਇੱਕ ਵਿਸ਼ੇਸ਼ ਸਬ-ਕਮੇਟੀ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ।

ਸ੍ਰੀ ਕੀਰਤਪੁਰ ਸਾਹਿਬ ਦੇ 400 ਸਾਲਾ ਸਥਾਪਨਾ ਦਿਵਸ ਸਬੰਧੀ 29 ਅਪਰੈਲ ਤੋਂ 1 ਮਈ ਤੱਕ ਹੋਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਤਿਆਰ ਕੀਤੀ ਗਈ।

### ਪੀੜਤ ਪਰਿਵਾਰਾਂ ਲਈ ਮਾਲੀ ਸਹਾਇਤਾ

ਮਾਨਵਤਾ ਦੇ ਭਲੇ ਅਤੇ ਸੇਵਾ ਭਾਵਨਾ ਨੂੰ ਮੁੱਖ ਰੱਖਦਿਆਂ ਐਡਵੋਕੇਟ ਧਾਮੀ ਨੇ ਐਲਾਨ ਕੀਤਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਨੇੜੇ ਸੜਕ ਹਾਦਸੇ ਦਾ ਸ਼ਿਕਾਰ ਹੋਏ ਸ਼ਰਧਾਲੂਆਂ (ਜੋ ਵਿਸਾਖੀ ਮਨਾ ਕੇ ਪਰਤ ਰਹੇ ਸਨ) ਦੇ ਪਰਿਵਾਰਾਂ ਨੂੰ 1-1 ਲੱਖ ਰੁਪਏ ਦਿੱਤੇ ਜਾਣਗੇ। ਲੁਧਿਆਣਾ ਦੇ ਕਰਤਾਰ ਨਗਰ ਵਿਖੇ ਨਿਸ਼ਾਨ ਸਾਹਿਬ ਦੀ ਸੇਵਾ ਕਰਦਿਆਂ ਆਪਣੀ ਜਾਨ ਗੁਆਉਣ ਵਾਲੇ ਮਨਿੰਦਰ ਸਿੰਘ ਦੇ ਪਰਿਵਾਰ ਨੂੰ ਵੀ 1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ।

# ਮਾਨਸਾ ਵਿਚ ਵੱਡੀ ਵਾਰਦਾਤ: ਅਕਾਲੀ ਦਲ ਵਾਰਿਸ ਦੇ ਜ਼ਿਲ੍ਹਾ ਪ੍ਰਧਾਨ ਤੋਂ 2 ਕਰੋੜ ਦੀ ਫਿਰੌਤੀ ਮੰਗੀ

## ✪ ਗੈਂਗਸਟਰ ਰੋਹਿਤ ਗੋਦਾਰਾ ਦੇ ਨਾਮ 'ਤੇ ਆਈ ਧਮਕੀ

ਮਾਨਸਾ-ਪੰਜਾਬ ਵਿੱਚ ਫਿਰੌਤੀਆਂ ਅਤੇ ਗੈਂਗਸਟਰ ਕਲਚਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਤਾਜ਼ਾ ਮਾਮਲਾ ਮਾਨਸਾ ਜ਼ਿਲ੍ਹੇ ਤੋਂ ਸਾਹਮਣੇ ਆਇਆ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ ਵਾਰਿਸ (ਪੰਜਾਬ) ਦੇ ਜ਼ਿਲ੍ਹਾ ਪ੍ਰਧਾਨ ਅਤੇ ਪਿੰਡ ਕੋਟਧਰਮੂ ਦੇ ਸਾਬਕਾ ਸਰਪੰਚ ਬਾਬਾ ਕੁਲਵਿੰਦਰ ਸਿੰਘ ਕੋਟਧਰਮੂ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ।



ਬਾਬਾ ਕੁਲਵਿੰਦਰ ਸਿੰਘ ਅਨੁਸਾਰ ਉਨ੍ਹਾਂ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਆਈ। ਫ਼ੋਨ ਕਰਨ ਵਾਲੇ ਵਿਅਕਤੀ ਨੇ ਹਿੰਦੀ ਵਿੱਚ ਗੱਲ ਕਰਦਿਆਂ ਆਪਣੀ ਪਛਾਣ ਮਸ਼ਹੂਰ ਗੈਂਗਸਟਰ ਰੋਹਿਤ ਗੋਦਾਰਾ ਵਜੋਂ ਕਰਵਾਈ। ਧਮਕੀ ਦੇਣ ਵਾਲੇ ਨੇ ਸਾਫ਼ ਲਫ਼ਜ਼ਾਂ ਵਿੱਚ ਕਿਹਾ ਕਿ ਜੇਕਰ 2 ਦਿਨਾਂ ਦੇ ਅੰਦਰ-ਅੰਦਰ 2 ਕਰੋੜ ਰੁਪਏ ਨਾ ਦਿੱਤੇ ਗਏ, ਤਾਂ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਸ਼ਿਕਾਇਤ ਮਿਲਣ ਤੋਂ ਬਾਅਦ ਮਾਨਸਾ ਪੁਲਿਸ ਹਰਕਤ ਵਿੱਚ ਆ ਗਈ ਹੈ। ਥਾਣਾ ਸਦਰ ਮਾਨਸਾ ਵਿਖੇ ਰੋਹਿਤ ਗੋਦਾਰਾ (ਪੁੱਤਰ ਨਾਮਾਲੂਮ) ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਬਾਬਾ ਕੁਲਵਿੰਦਰ ਸਿੰਘ ਨੂੰ ਇਸ ਤੋਂ ਪਹਿਲਾਂ ਸਾਲ 2024 ਵਿੱਚ ਵੀ ਫਿਰੌਤੀ ਲਈ ਅਜਿਹੀਆਂ ਧਮਕੀ ਭਰੀਆਂ ਕਾਲਾਂ ਆ ਚੁੱਕੀਆਂ ਹਨ। ਬਾਬਾ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸਾਰੀ ਘਟਨਾ ਦੀ ਜਾਣਕਾਰੀ ਪੁਲਿਸ ਪ੍ਰਸ਼ਾਸਨ ਨੂੰ ਦੇ ਦਿੱਤੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਅਤੇ ਡੀ.ਜੀ.ਪੀ. ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਨ-ਮਾਲ ਦੀ ਰਾਖੀ ਲਈ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਚੌਕੀ ਇੰਚਾਰਜ ਸਬ-ਇੰਸਪੈਕਟਰ ਬਲਜਿੰਦਰ ਸਿੰਘ ਖੱਡੂ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਲ ਦੀ ਲੋਕੇਸ਼ਨ ਟ੍ਰੇਸ ਕਰਨ ਦੀ ਕੋਸ਼ਿਸ਼ ਜਾਰੀ ਹੈ।

# ਮੂਲ ਨਾਨਕਸ਼ਾਹੀ ਕੈਲੰਡਰ-ਸਿੱਖ ਕੌਮ ਦੀ ਵੱਖਰੀ ਹੋਂਦ ਅਤੇ ਵਿਗਿਆਨਕ ਪਛਾਣ ਦਾ ਪ੍ਰਤੀਕ





ਸਮਾਣਾ ਇਥੋਂ ਦੇ ਗੁਰਦੁਆਰਾ ਫੈਂਠਲ ਵਿਖੇ ਸਿੱਖ ਵਿਦਵਾਨਾਂ ਅਤੇ ਸਾਬਕਾ ਜਥੇਦਾਰਾਂ ਦੀ ਅਗਵਾਈ ਵਿੱਚ ਹੋਇਆ ਇਕੱਠ ਪੰਥਕ ਇਤਿਹਾਸ ਵਿੱਚ ਇੱਕ ਅਹਿਮ ਮੋੜ ਸਾਬਿਤ ਹੋ ਸਕਦਾ ਹੈ। ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਵਾਉਣ ਲਈ ਪਾਸ ਕੀਤੇ ਗਏ 6 ਮਤੇ ਸਿਰਫ਼ ਤਾਰੀਖ਼ਾਂ ਦਾ ਫ਼ੈਸਲਾ ਨਹੀਂ, ਸਗੋਂ ਸਿੱਖ ਕੌਮ ਦੀ ਸੁਤੰਤਰ ਹੋਂਦ ਅਤੇ ਵਿਗਿਆਨਕ ਸੋਚ ਨੂੰ ਬਰਕਰਾਰ ਰੱਖਣ ਦੀ ਇੱਕ ਗੰਭੀਰ ਕੋਸ਼ਿਸ਼ ਹੈ। ਵਿਦਵਾਨਾਂ ਦੇ ਇਸ ਸੰਵਾਦ ਵਿੱਚ ਕੁਝ ਅਜਿਹੇ ਨੁਕਤੇ ਉੱਭਰ ਕੇ ਸਾਹਮਣੇ ਆਏ ਹਨ ਜੋ ਇਸ ਕੈਲੰਡਰ ਦੀ ਵਿਲੱਖਣਤਾ ਨੂੰ ਦਰਸਾਉਂਦੇ ਹਨ:

ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤਾ ਗਿਆ ਇਹ ਕੈਲੰਡਰ ਸੂਰਜੀ ਸਾਲ 'ਤੇ ਆਧਾਰਿਤ ਹੈ, ਜੋ ਗੁਰਪੁਰਬਾਂ ਅਤੇ ਇਤਿਹਾਸਕ ਦਿਹਾੜਿਆਂ ਨੂੰ ਹਰ ਸਾਲ ਇੱਕੋ ਨਿਸ਼ਚਿਤ ਤਾਰੀਖ਼ 'ਤੇ ਰੱਖਣ ਵਿੱਚ ਮਦਦਗਾਰ ਹੈ। ਇਹ ਬਿਕ੍ਰਮੀ ਕੈਲੰਡਰ ਦੀਆਂ ਉਲਝਣਾਂ (ਜਿੱਥੇ ਤਾਰੀਖ਼ਾਂ ਹਰ ਸਾਲ ਬਦਲਦੀਆਂ ਹਨ) ਨੂੰ ਖ਼ਤਮ ਕਰਦਾ ਹੈ।

ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਨੂੰ ਹੋਰਨਾਂ ਧਰਮਾਂ ਦੇ ਕੈਲੰਡਰਾਂ 'ਤੇ ਨਿਰਭਰਤਾ ਤੋਂ ਮੁਕਤ ਕਰਦਾ ਹੈ। ਇਹ ਸਿੱਖੀ ਦੇ 'ਨਿਰਮਲ ਪੰਥ' ਹੋਣ ਦੇ ਸਿਧਾਂਤ 'ਤੇ ਮੋਹਰ ਲਗਾਉਂਦਾ ਹੈ।

ਗਿਆਨੀ ਕੇਵਲ ਸਿੰਘ ਦਾ ਇਹ ਕਹਿਣਾ ਕਿ ਲਾਗੂ ਕਰਨ ਵਾਲੀਆਂ ਸੰਸਥਾਵਾਂ (ਸ਼੍ਰੋਮਣੀ ਕਮੇਟੀ) ਖੁਦ ਇਸ 'ਤੇ ਕਾਇਮ ਨਹੀਂ ਰਹਿ ਸਕੀਆਂ, ਸਿੱਖ ਰਾਜਨੀਤੀ ਅਤੇ ਬਾਹਰੀ ਦਬਾਅ ਵੱਲ ਇਸ਼ਾਰਾ ਕਰਦਾ ਹੈ।

**ਪੰਜਾਬ ਟਾਈਮਜ਼ ਅਨੁਸਾਰ ਸਿੱਖ ਪੰਥ ਸਾਹਮਣੇ ਅੱਜ ਸਭ ਤੋਂ ਵੱਡੀ ਚੁਣੌਤੀ ਆਪਣੀ ਕੈਲੰਡਰ ਪ੍ਰਣਾਲੀ ਵਿੱਚ ਇੱਕਸਾਰਤਾ ਲਿਆਉਣਾ ਹੈ। ਕੈਲੰਡਰ ਦੇ ਮੁੱਦੇ 'ਤੇ ਪਈ ਦੁਫੇੜ ਕਾਰਨ ਕਈ ਵਾਰ ਇੱਕੋ ਗੁਰਪੁਰਬ ਵੱਖ-ਵੱਖ ਤਾਰੀਖ਼ਾਂ 'ਤੇ ਮਨਾਇਆ ਜਾਂਦਾ ਹੈ, ਜੋ ਕੌਮ ਦੀ ਇਕਜੁੱਟਤਾ ਨੂੰ ਢਾਹ ਲਾਉਂਦਾ ਹੈ। ਸਮਾਣਾ ਵਿਖੇ ਹੋਇਆ ਇਹ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਲਈ ਇੱਕ ਸਿੱਧਾ ਸੁਨੇਹਾ ਹੈ ਕਿ ਕੌਮ ਦੇ ਵਿਦਵਾਨ ਹੁਣ ਅਸਪਸ਼ਟਤਾ ਨੂੰ ਹੋਰ ਬਰਦਾਸ਼ਤ ਨਹੀਂ ਕਰਨਗੇ। ਕੀ ਪੰਥਕ ਸੰਸਥਾਵਾਂ ਇਸ 'ਵਿਗਿਆਨਕ ਸੱਚ' ਨੂੰ ਅਪਣਾਉਣ ਦੀ ਦਲੇਰੀ ਦਿਖਾਉਣਗੀਆਂ? ਇਹ ਦੇਖਣਾ ਅਹਿਮ ਹੋਵੇਗਾ।**

### ਪਾਸ ਕੀਤੇ ਗਏ ਮੁੱਖ ਮਤੇ: ਇੱਕ ਨਜ਼ਰ


- ਪੁਰੇਵਾਲ ਕੈਲੰਡਰ ਨੂੰ ਹੀ 'ਸਹੀ' ਮੰਨਣਾ।
- ਸ਼੍ਰੋਮਣੀ ਕਮੇਟੀ ਨੂੰ ਚੁਣੌਤੀ ਕਿ ਜੇ ਮੌਜੂਦਾ ਕੈਲੰਡਰ ਠੀਕ ਹੈ, ਤਾਂ ਵਿਦਵਾਨਾਂ ਨਾਲ ਖੁੱਲ੍ਹਾ ਸੰਵਾਦ ਕਰੇ।
- ਮੂਲ ਕੈਲੰਡਰ ਦੀ ਛਪਾਈ ਜਾਰੀ ਰੱਖਣ ਦੀ ਮੰਗ ਅਤੇ ਵਿਰੋਧੀ ਧਿਰਾਂ ਨੂੰ ਬਿਹਤਰ ਬਦਲ ਪੇਸ਼ ਕਰਨ ਦੀ ਚੁਣੌਤੀ।

# ਪੰਜਾਬ ਸਿਰ ਕਰਜ਼ੇ ਦੀ ਪੰਡ-ਸਿਆਸੀ ਦੋਸ਼ ਜਾਂ ਆਰਥਿਕ ਹਕੀਕਤ ?

## ਖਾਸ ਖਬਰ ✪ ਬਾਦਲ ਅਕਾਲੀ ਦਲ ਨੇ ਆਪ ਸਰਕਾਰ ਉਪਰ ਲਗਾਏ ਦੋਸ਼

ਪੰਜਾਬ ਦੀ ਸਿਆਸਤ ਵਿੱਚ 'ਕਰਜ਼ਾ' ਇੱਕ ਅਜਿਹਾ ਵਿਸ਼ਾ ਬਣ ਗਿਆ ਹੈ ਜੋ ਹਰ ਸਰਕਾਰ ਦੇ ਸਮੇਂ ਚਰਚਾ ਵਿੱਚ ਰਹਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਵੱਲੋਂ 'ਆਪ' ਸਰਕਾਰ 'ਤੇ 1300 ਕਰੋੜ ਰੁਪਏ ਦਾ ਵਾਧੂ ਕਰਜ਼ਾ ਲੈਣ ਦੇ ਲਗਾਏ ਗਏ ਦੋਸ਼ਾਂ ਨੇ ਸੂਬੇ ਦੇ ਵਿੱਤੀ ਪ੍ਰਬੰਧਨ 'ਤੇ ਮੁੜ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਸਿਰਫ਼ ਸਿਆਸੀ ਬਿਆਨਬਾਜ਼ੀ ਨਹੀਂ, ਸਗੋਂ ਪੰਜਾਬ ਦੇ ਆਰਥਿਕ ਭਵਿੱਖ ਨਾਲ ਜੁੜਿਆ ਇੱਕ ਗੰਭੀਰ ਮੁੱਦਾ ਹੈ। ਡਾ. ਚੀਮਾ ਵੱਲੋਂ ਪੇਸ਼ ਕੀਤੇ ਗਏ ਅੰਕੜੇ ਸੂਬੇ ਦੀ ਨਾਜ਼ੁਕ ਵਿੱਤੀ ਹਾਲਤ ਦੀ ਤਸਵੀਰ ਪੇਸ਼ ਕਰਦੇ ਹਨ:

ਮੌਜੂਦਾ ਵਿੱਤੀ ਸਾਲ ਦੇ ਅੰਤ ਤੱਕ ਕਰਜ਼ਾ 4.5 ਲੱਖ ਕਰੋੜ ਰੁਪਏ ਤੱਕ ਪਹੁੰਚਣ ਦਾ ਖ਼ਦਸ਼ਾ ਹੈ। ਇਹ ਕਰਜ਼ਾ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਐਸਡੀਪੀ) ਦਾ ਲਗਭਗ 46% ਬਣਦਾ ਹੈ, ਜੋ ਕਿ ਕਿਸੇ ਵੀ ਵਿਕਾਸਸ਼ੀਲ ਸੂਬੇ ਲਈ ਚਿੰਤਾ ਦਾ ਵਿਸ਼ਾ ਹੈ। 1300 ਕਰੋੜ ਰੁਪਏ ਦੀ ਵਾਧੂ ਰਕਮ ਲੈਣ ਦਾ ਫ਼ੈਸਲਾ ਗਲਤ ਹੈ।



ਡਾਕਟਰ ਚੀਮਾ ਨੇ ਦੋਸ਼ ਲਗਾਇਆ ਗਿਆ ਹੈ ਕਿ ਲਿਆ ਜਾ ਰਿਹਾ ਕਰਜ਼ਾ ਸੜਕਾਂ, ਹਸਪਤਾਲਾਂ ਜਾਂ ਸਕੂਲਾਂ ਦੇ ਬੁਨਿਆਦੀ ਢਾਂਚੇ 'ਤੇ ਖ਼ਰਚਣ ਦੀ ਬਜਾਏ ਪ੍ਰਸ਼ਾਸਨਿਕ ਖ਼ਰਚਿਆਂ ਤੇ ਇਸ਼ਤਿਹਾਰਬਾਜ਼ੀ 'ਤੇ ਖ਼ਰਚ ਹੋ ਰਿਹਾ ਹੈ। ਚੀਮਾ ਦਾ ਦਾਅਵਾ ਹੈ ਕਿ ਪੰਜਾਬ ਦੇ ਖ਼ਜ਼ਾਨੇ ਦੀ ਵਰਤੋਂ ਦੂਜੇ ਸੂਬਿਆਂ ਵਿੱਚ ਪਾਰਟੀ ਦੇ ਪਸਾਰ ਲਈ ਕੀਤੀ ਜਾ ਰਹੀ ਹੈ, ਜੋ ਕਿ ਪੰਜਾਬ ਦੇ ਟੈਕਸ ਦਾਤਾਵਾਂ ਨਾਲ ਬੇਇਨਸਾਫ਼ੀ ਹੈ।

ਪੰਜਾਬ ਟਾਈਮਜ਼ ਮੁਤਾਬਕ ਪੰਜਾਬ ਪਹਿਲਾਂ ਹੀ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਕਰਜ਼ਾ ਲੈਣਾ ਕੋਈ ਗੁਨਾਹ ਨਹੀਂ ਹੈ ਜੇਕਰ ਉਸ ਦੀ ਵਰਤੋਂ ਅਜਿਹੇ ਪ੍ਰੋਜੈਕਟਾਂ ਵਿੱਚ ਕੀਤੀ ਜਾਵੇ ਜੋ ਆਮਦਨ ਪੈਦਾ ਕਰਨ। ਪਰ ਜੇਕਰ ਕਰਜ਼ੇ ਦੀ ਵਰਤੋਂ ਸਿਰਫ਼ ਪੁਰਾਣੇ ਕਰਜ਼ਿਆਂ ਦੀਆਂ ਕਿਸ਼ਤਾਂ ਮੋੜਨ ਜਾਂ ਰਾਜਨੀਤਿਕ ਲਾਹੇ ਲਈ ਕੀਤੀ ਜਾਵੇਗੀ, ਤਾਂ ਪੰਜਾਬ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਅਜਿਹਾ ਬੋਝ ਦੇ ਕੇ ਜਾਵੇਗਾ ਜਿਸ ਵਿੱਚੋਂ ਨਿਕਲਣਾ ਅਸੰਭਵ ਹੋ ਜਾਵੇਗਾ। ਹੁਣ ਸਮਾਂ ਹੈ ਕਿ ਸਰਕਾਰ ਅਤੇ ਵਿਰੋਧੀ ਧਿਰ ਸਿਆਸਤ ਤੋਂ ਉੱਪਰ ਉੱਠ ਕੇ ਸੂਬੇ ਲਈ ਇੱਕ 'ਵਿੱਤੀ ਰੋਡਮੈਪ' ਤਿਆਰ ਕਰਨ।

# ਜਰਮਨੀ ਦੀ ਸਿਆਸਤ ਵਿਚ ਪੰਜਾਬੀ ਧੀਆਂ ਦਾ ਡੰਕਾ



ਜਦੋਂ ਵੀ ਪਰਵਾਸ ਦੀ ਗੱਲ ਹੁੰਦੀ ਹੈ, ਤਾਂ ਅਕਸਰ ਸਖ਼ਤ ਮਿਹਨਤ ਅਤੇ ਆਰਥਿਕ ਖੁਸ਼ਹਾਲੀ ਦਾ ਜ਼ਿਕਰ ਆਉਂਦਾ ਹੈ। ਪਰ ਜਰਮਨੀ ਦੇ ਕੋਲਕੇਮ ਸ਼ਹਿਰ ਤੋਂ ਆਈ ਖ਼ਬਰ ਨੇ ਸਾਬਿਤ ਕਰ ਦਿੱਤਾ ਹੈ ਕਿ ਹੁਣ ਪੰਜਾਬੀ ਨੌਜਵਾਨ ਵਿਦੇਸ਼ਾਂ ਵਿੱਚ ਸਿਰਫ਼ ਕੰਮ ਕਰਨ ਹੀ ਨਹੀਂ, ਸਗੋਂ ਨੀਤੀਆਂ ਬਣਾਉਣ ਅਤੇ ਸਮਾਜ ਦੀ ਅਗਵਾਈ ਕਰਨ ਦੇ ਵੀ ਸਮਰੱਥ ਹਨ। ਟਾਂਡਾ ਉੜਮੁੜ ਦੇ ਪਿੰਡ ਰੜਾ ਦੀਆਂ ਦੋ ਸੀਆਂ ਭੈਣਾਂ, ਹਰਪ੍ਰੀਤ ਕੌਰ ਅਤੇ ਕੋਮਲਪ੍ਰੀਤ ਕੌਰ ਦੀ ਫਾਰਨ ਕੌਂਸਲ ਅਤੇ ਸਿਟੀ ਪਾਰਲੀਮੈਂਟ ਚੋਣਾਂ ਵਿੱਚ ਲਗਾਤਾਰ ਦੂਜੀ ਜਿੱਤ ਇੱਕ ਇਤਿਹਾਸਕ ਪ੍ਰਾਪਤੀ ਹੈ। ਜਰਮਨੀ ਵਰਗੇ ਦੇਸ਼ ਵਿੱਚ, ਜਿੱਥੇ ਭਾਸ਼ਾ ਅਤੇ ਸੱਭਿਆਚਾਰ ਦੀਆਂ ਆਪਣੀਆਂ ਚੁਣੌਤੀਆਂ ਹਨ, ਉੱਥੇ ਸਿਟੀ ਪਾਰਲੀਮੈਂਟ ਤੱਕ ਪਹੁੰਚਣਾ ਇਹ ਦਰਸਾਉਂਦਾ ਹੈ ਕਿ ਇਨ੍ਹਾਂ ਭੈਣਾਂ ਨੇ ਸਥਾਨਕ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ। ਇਹ ਇਨ੍ਹਾਂ ਦੀ 'ਲਗਾਤਾਰ ਦੂਜੀ ਜਿੱਤ' ਹੈ। ਪਹਿਲੀ ਵਾਰ ਜਿੱਤਣਾ ਸਬੱਬ ਹੋ ਸਕਦਾ ਹੈ, ਪਰ ਦੂਜੀ ਵਾਰ ਜਿੱਤਣਾ ਤੁਹਾਡੀ ਕਾਰਗੁਜ਼ਾਰੀ ਅਤੇ ਲੋਕਾਂ ਵਿੱਚ ਤੁਹਾਡੀ ਮਕਬੂਲੀਅਤ 'ਤੇ ਮੋਹਰ ਲਗਾਉਂਦਾ ਹੈ। ਦੋਵਾਂ ਭੈਣਾਂ ਵੱਲੋਂ ਵਿਦੇਸ਼ਾਂ ਵਿੱਚ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਦੀ ਮਦਦ ਕਰਨ ਦਾ ਅਹਿਦ ਇਹ ਸਾਬਿਤ ਕਰਦਾ ਹੈ ਕਿ ਉਹ ਆਪਣੀਆਂ ਜੜ੍ਹਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਸੇਵਾ ਭਾਵਨਾ ਨਾਲ ਰਾਜਨੀਤੀ ਵਿੱਚ ਆਈਆਂ ਹਨ।

ਪੰਜਾਬ ਟਾਈਮਜ਼ ਅਨੁਸਾਰ ਹਰਪ੍ਰੀਤ ਅਤੇ ਕੋਮਲਪ੍ਰੀਤ ਦੀ ਇਹ ਜਿੱਤ ਸਿਰਫ਼ ਉਨ੍ਹਾਂ ਦੇ ਪਰਿਵਾਰ ਦੀ ਜਿੱਤ ਨਹੀਂ ਹੈ, ਸਗੋਂ ਇਹ ਉਨ੍ਹਾਂ ਹਜ਼ਾਰਾਂ ਪੰਜਾਬੀ ਕੁੜੀਆਂ ਦੇ ਸੁਪਨਿਆਂ ਦੀ ਜਿੱਤ ਹੈ ਜੋ ਵਿਦੇਸ਼ਾਂ ਵਿੱਚ ਕੁਝ ਵੱਡਾ ਕਰਨ ਦੀ ਇੱਛਾ ਰੱਖਦੀਆਂ ਹਨ। ਅਜਿਹੀਆਂ ਪ੍ਰਾਪਤੀਆਂ ਵਿਦੇਸ਼ਾਂ ਵਿੱਚ ਪੰਜਾਬੀਆਂ ਦੇ ਅਕਸ ਨੂੰ ਹੋਰ ਨਿਖਾਰਦੀਆਂ ਹਨ।

### ਗੈਂਗਸਟਰ ਬਿਸ਼ਨੋਈ 'ਤੇ ਕਾਨੂੰਨ ਦਾ ਸ਼ਿਕੰਜਾ

## ਮਕੋਕਾ ਤਹਿਤ ਦੋਸ਼ ਆਇਦ, ਦਿੱਲੀ ਅਦਾਲਤ ਵਿਚ ਚੱਲੇਗਾ ਮੁਕੱਦਮਾ

ਨਵੀਂ ਦਿੱਲੀ-ਦੇਸ਼ ਦੇ ਸਭ ਤੋਂ ਖ਼ਤਰਨਾਕ ਅਪਰਾਧਿਕ ਨੈੱਟਵਰਕਾਂ ਵਿੱਚੋਂ ਇੱਕ ਦੇ ਸਰਗਨਾ, ਲਾਰੈਂਸ ਬਿਸ਼ਨੋਈ ਅਤੇ ਉਸਦੇ ਸਿੰਡੀਕੇਟ ਵਿਰੁੱਧ ਦਿੱਲੀ ਦੀ ਇੱਕ ਅਦਾਲਤ ਨੇ ਵੱਡੀ ਕਾਰਵਾਈ ਕੀਤੀ ਹੈ। ਪਟਿਆਲਾ ਹਾਊਸ ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਪ੍ਰਸ਼ਾਂਤ ਸ਼ਰਮਾ ਨੇ ਬਿਸ਼ਨੋਈ ਸਮੇਤ ਕੁੱਲ 20 ਮੁਲਜ਼ਮਾਂ ਵਿਰੁੱਧ ਮਹਾਰਾਸ਼ਟਰ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ ਦੀਆਂ ਸਖ਼ਤ ਧਾਰਾਵਾਂ ਤਹਿਤ ਦੋਸ਼ ਤੈਅ ਕਰ ਦਿੱਤੇ ਹਨ। ਅਦਾਲਤ ਨੇ ਮਕੋਕਾ ਦੀ ਧਾਰਾ 3 ਅਤੇ 4 ਤੋਂ ਇਲਾਵਾ ਆਰਮਜ਼ ਐਕਟ ਤੇ ਵਿਸਫੋਟਕ ਐਕਟ ਤਹਿਤ ਵੀ ਦੋਸ਼ ਆਇਦ ਕੀਤੇ ਹਨ। ਇਸ ਚਾਰਜਸ਼ੀਟ ਵਿੱਚ ਬਿਸ਼ਨੋਈ ਦੇ ਨਾਲ-ਨਾਲ ਕਾਲਾ ਜਠੇੜੀ, ਸੰਪਤ ਨਹਿਰਾ, ਕਾਲਾ ਰਾਣਾ ਅਤੇ ਨਰੇਸ਼ ਸੇਠੀ ਵਰਗੇ ਵੱਡੇ ਗੈਂਗਸਟਰਾਂ ਦੇ ਨਾਮ ਸ਼ਾਮਲ ਹਨ। ਇਹ ਮਾਮਲਾ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਸਾਲ 2021 ਵਿੱਚ ਦਰਜ ਕੀਤਾ ਗਿਆ। ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤ ਸਪੱਸ਼ਟ ਕਰਦੇ ਹਨ ਕਿ ਇਹ ਇੱਕ ਵਿਸ਼ਾਲ ਅੰਤਰ-ਰਾਜੀ ਅਪਰਾਧ ਨੈੱਟਵਰਕ ਹੈ, ਜੋ ਪੰਜਾਬ, ਹਰਿਆਣਾ, ਰਾਜਸਥਾਨ ਤੇ ਦਿੱਲੀ 'ਚ ਸਰਗਰਮ ਸੀ।

ਪੰਜਾਬ ਟਾਈਮਜ਼ ਅਨੁਸਾਰ ਇਸਤਗਾਸਾ ਪੱਖ ਦੀਆਂ ਦਲੀਲਾਂ ਅਨੁਸਾਰ ਮਕੋਕਾ ਤਹਿਤ ਦੋਸ਼ ਆਇਦ ਹੋਣ ਨਾਲ ਹੁਣ ਮੁਲਜ਼ਮਾਂ ਲਈ ਜ਼ਮਾਨਤ ਮਿਲਣੀ ਹੋਰ ਵੀ ਮੁਸ਼ਕਲ ਹੋ ਜਾਵੇਗੀ ਅਤੇ ਪੁਲਿਸ ਨੂੰ ਇਸ ਨੈੱਟਵਰਕ ਦੀਆਂ ਜੜ੍ਹਾਂ ਵੱਢਣ ਵਿੱਚ ਮਦਦ ਮਿਲੇਗੀ। ਹੁਣ ਇਸ ਮਾਮਲੇ ਦਾ ਮੁਕੱਦਮਾ ਦਿੱਲੀ ਅਦਾਲਤ ਵਿੱਚ ਨਿਯਮਤ ਤੌਰ 'ਤੇ ਚੱਲੇਗਾ, ਜਿਸ ਨਾਲ ਬਿਸ਼ਨੋਈ ਗੈਂਗ ਦੀਆਂ ਮੁਸ਼ਕਲਾਂ ਆਉਣ ਵਾਲੇ ਦਿਨਾਂ ਵਿੱਚ ਹੋਰ ਵਧ ਸਕਦੀਆਂ ਹਨ।

# ਈਰਾਨ ਵਿਚ ਸੱਤਾ ਪਲਟਾ-ਚੁਣੀ ਹੋਈ ਸਰਕਾਰ ਉਪਰ ਫੌਜ ਦਾ ਦਬਦਬਾ



• ਖਾਸ ਖਬਰ •

ਈਰਾਨ ਦੀ ਅੰਦਰੂਨੀ ਸਿਆਸਤ ਵਿੱਚੋਂ ਆ ਰਹੀਆਂ ਖ਼ਬਰਾਂ ਪੂਰੀ ਦੁਨੀਆ, ਖਾਸ ਕਰਕੇ ਤੇਲ ਦੀ ਮਾਰਕੀਟ ਅਤੇ ਕੌਮਾਂਤਰੀ ਸੁਰੱਖਿਆ ਲਈ ਚਿੰਤਾ ਦਾ ਵਿਸ਼ਾ ਹਨ। 'ਦਿ ਨਿਊਯਾਰਕ ਪੋਸਟ' ਦੀ ਰਿਪੋਰਟ ਮੁਤਾਬਕ ਈਰਾਨ ਵਿੱਚ ਅਸਲ ਸੱਤਾ ਹੁਣ ਚੁਣੀ ਹੋਈ ਸਰਕਾਰ ਦੇ ਹੱਥਾਂ ਵਿੱਚੋਂ ਨਿਕਲ ਕੇ ਪੂਰੀ ਤਰ੍ਹਾਂ 'ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ' ਦੇ ਕਬਜ਼ੇ ਵਿੱਚ ਚਲੀ ਗਈ ਹੈ। ਇਹ ਸਿਰਫ਼ ਇੱਕ ਸਿਆਸੀ ਤਬਦੀਲੀ ਨਹੀਂ, ਸਗੋਂ ਪੱਛਮੀ ਏਸ਼ੀਆ ਵਿੱਚ ਇੱਕ ਵੱਡੇ ਫੌਜੀ ਟਕਰਾਅ ਦਾ ਸੰਕੇਤ ਹੈ। ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਵਰਗੇ ਆਗੂ, ਜੋ ਪੱਛਮੀ ਦੇਸ਼ਾਂ ਨਾਲ ਗੱਲਬਾਤ ਰਾਹੀਂ ਰਾਹ ਕੱਢਣਾ ਚਾਹੁੰਦੇ ਸਨ, ਹੁਣ ਬੇਵੱਸ ਹੋ ਚੁੱਕੇ ਹਨ। ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਨੇ ਉਨ੍ਹਾਂ ਦੀ ਹਰ ਉਸ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ ਜੋ ਤਣਾਅ ਘਟਾ ਸਕਦੀ ਸੀ। ਹੁਣ ਦੇਸ਼ ਦੇ ਅਹਿਮ ਫੈਸਲੇ ਅਹਿਮਦ ਵਾਹਿਦੀ ਅਤੇ ਮੁਜਤਬਾ ਖਮੇਨੇਈ ਦੇ ਕਰੀਬੀ ਲੈ ਰਹੇ ਹਨ। ਇਸ ਦਾ ਮਤਲਬ ਹੈ ਕਿ ਈਰਾਨ ਦੀ ਵਿਦੇਸ਼ ਨੀਤੀ ਹੁਣ ਡਿਪਲੋਮੇਸੀ (ਕੂਟਨੀਤੀ) ਨਾਲ ਨਹੀਂ, ਸਗੋਂ ਬੰਦੂਕ ਦੀ ਨੋਕ 'ਤੇ ਤੈਅ ਹੋਵੇਗੀ।

### ਸਟਰੇਟ ਆਫ ਹੋਰਮੁਜ਼ : ਵਿਸ਼ਵ ਆਰਥਿਕਤਾ 'ਤੇ ਹਮਲਾ

ਈਰਾਨੀ ਫੌਜ ਨੇ ਸਭ ਤੋਂ ਖ਼ਤਰਨਾਕ ਚਾਲ 'ਸਟਰੇਟ ਆਫ ਹੋਰਮੁਜ਼' 'ਤੇ ਚੱਲੀ ਹੈ।

> ਪੰਜਾਬ ਟਾਈਮਜ਼ ਅਨੁਸਾਰ ਈਰਾਨ ਵਿੱਚ ਲਿਬਰਲ ਆਗੂਆਂ ਦੀ ਹਾਰ ਅਤੇ ਕੱਟੜਪੰਥੀ ਫੌਜੀ ਜਰਨੈਲਾਂ ਦਾ ਉਭਾਰ ਇਹ ਦਰਸਾਉਂਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਖਾੜੀ ਖੇਤਰ ਵਿੱਚ ਸ਼ਾਂਤੀ ਦੀ ਉਮੀਦ ਬਹੁਤ ਘੱਟ ਹੈ। ਜਦੋਂ ਕਿਸੇ ਦੇਸ਼ ਦੇ ਫੌਜੀ ਹੈੱਡਕੁਆਰਟਰ ਉਸ ਦੀ ਵਿਦੇਸ਼ ਨੀਤੀ ਤੈਅ ਕਰਨ ਲੱਗ ਜਾਣ, ਤਾਂ ਸਮਝੋ ਕਿ ਯੁੱਧ ਦੇ ਬੱਦਲ ਗੂੜ੍ਹੇ ਹੋ ਚੁੱਕੇ ਹਨ। ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਵਾਪਸੀ ਅਤੇ ਈਰਾਨ ਵਿੱਚ ਫੌਜ ਦਾ ਕਬਜ਼ਾ, ਦੋਵਾਂ ਦੇਸ਼ਾਂ ਨੂੰ ਇੱਕ ਅਜਿਹੇ ਮੋੜ 'ਤੇ ਲੈ ਆਇਆ ਹੈ ਜਿੱਥੇ ਇੱਕ ਚਿੰਗਾਰੀ ਵੀ ਵੱਡੀ ਜੰਗ ਦਾ ਕਾਰਨ ਬਣ ਸਕਦੀ ਹੈ।

ਦੁਨੀਆ ਦੇ ਇਸ ਸਭ ਤੋਂ ਮਹੱਤਵਪੂਰਨ ਤੇਲ ਮਾਰਗ ਦੀ ਨਾਕਾਬੰਦੀ ਕਰਕੇ ਈਰਾਨ ਨੇ ਸਿੱਧੇ ਤੌਰ 'ਤੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਨੂੰ ਵੰਗਾਰਿਆ ਹੈ। ਦੋ ਭਾਰਤੀ ਜਹਾਜ਼ਾਂ 'ਤੇ ਫਾਇਰਿੰਗ ਅਤੇ ਅਮਰੀਕੀ ਜਹਾਜ਼ ਦੀ ਜ਼ਬਤੀ ਇਹ ਸਾਬਿਤ ਕਰਦੀ ਹੈ ਕਿ ਈਰਾਨੀ ਫੌਜ ਹੁਣ ਕਿਸੇ ਵੀ ਕੌਮਾਂਤਰੀ ਕਾਨੂੰਨ ਦੀ ਪ੍ਰਵਾਹ ਨਹੀਂ ਕਰ ਰਹੀ।

# ਪੰਜਾਬ 'ਚ ਖਾਦ ਦਾ ਵੱਡਾ ਸੰਕਟ

## ✪ ਅਮਰੀਕਾ-ਇਰਾਨ ਜੰਗ ਕਾਰਨ ਸਪਲਾਈ ਠੱਪ, ਕਿਸਾਨਾਂ ਦੀਆਂ ਵਧੀਆਂ ਮੁਸ਼ਕਲਾਂ

ਚੰਡੀਗੜ੍ਹ-ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਦਾ ਸਿੱਧਾ ਅਸਰ ਹੁਣ ਪੰਜਾਬ ਦੇ ਖੇਤਾਂ 'ਤੇ ਪੈਣ ਜਾ ਰਿਹਾ ਹੈ। ਅਮਰੀਕਾ-ਇਰਾਨ ਜੰਗ ਕਾਰਨ ਖਾਦ ਦੀ ਅੰਤਰਰਾਸ਼ਟਰੀ ਸਪਲਾਈ ਪ੍ਰਭਾਵਿਤ ਹੋਣ ਕਰਕੇ ਸੂਬੇ ਵਿੱਚ ਸਾਉਣੀ ਦੀ ਫ਼ਸਲ (ਖ਼ਾਸਕਰ ਝੋਨੇ) ਲਈ ਯੂਰੀਆ ਅਤੇ ਡੀ. ਏ. ਪੀ. ਦਾ ਗੰਭੀਰ ਸੰਕਟ ਪੈਦਾ ਹੋਣ ਦੇ ਸੰਕੇਤ ਮਿਲ ਰਹੇ ਹਨ।

ਸਾਉਣੀ ਦੇ ਸੀਜ਼ਨ ਲਈ ਪੰਜਾਬ ਨੂੰ ਕਰੀਬ 16 ਲੱਖ ਮੀਟ੍ਰਿਕ ਟਨ ਯੂਰੀਆ ਦੀ ਲੋੜ ਹੈ। ਮੱਧ ਮਾਰਚ ਤੱਕ ਸਿਰਫ਼ 4.80 ਲੱਖ ਮੀਟ੍ਰਿਕ ਟਨ ਯੂਰੀਆ ਹੀ ਪੰਜਾਬ ਪਹੁੰਚ ਸਕਿਆ ਹੈ। ਪੇਂਡੂ ਸਹਿਕਾਰੀ ਸਭਾਵਾਂ ਕੋਲ ਲੋੜੀਂਦੇ ਅਗੇਤੇ ਭੰਡਾਰ ਦੇ ਮੁਕਾਬਲੇ ਲਗਭਗ 30 ਫ਼ੀਸਦੀ ਖਾਦ ਘੱਟ ਹੈ।

ਪੰਜਾਬ ਵਿੱਚ 15 ਜੂਨ ਤੋਂ ਝੋਨੇ ਦੀ ਲਵਾਈ ਸ਼ੁਰੂ ਹੁੰਦੀ ਹੈ, ਜਿਸ ਦੇ ਨਾਲ ਹੀ ਖਾਦ ਦੀ ਮੰਗ ਸਿਖਰਾਂ 'ਤੇ ਪਹੁੰਚ ਜਾਂਦੀ ਹੈ। ਸੂਬੇ ਦੀਆਂ 3,520 ਸਹਿਕਾਰੀ ਸਭਾਵਾਂ ਮਾਰਕਫੈੱਡ ਅਤੇ ਇਫਕੋ ਨੂੰ 75% ਸਪਲਾਈ ਮਾਰਕਫੈੱਡ ਅਤੇ 25% ਇਫਕੋ ਦਿੰਦਾ ਹੈ, ਪਰ ਦੋਵੇਂ ਹੀ ਸੰਸਥਾਵਾਂ ਕੋਲ ਸਪਲਾਈ ਦੀ ਘਾਟ ਦੇਖਣ ਨੂੰ ਮਿਲ ਰਹੀ ਹੈ। ਮੱਕੀ ਦੀ ਫ਼ਸਲ ਲਈ ਵੀ ਕਿਸਾਨਾਂ ਨੂੰ ਖਾਦ ਲੈਣ ਲਈ ਕਾਫੀ ਜੱਦੋ-ਜਹਿਦ ਕਰਨੀ ਪਈ ਹੈ। ਬਾਜ਼ਾਰ ਵਿੱਚ ਡੀਲਰ ਯੂਰੀਆ ਦੇ ਨਾਲ ਨੈਨੋ ਯੂਰੀਆ ਜਾਂ ਹੋਰ



> ਪੰਜਾਬ ਟਾਈਮਜ਼ ਅਨੁਸਾਰ ਜੇਕਰ ਵਿਦੇਸ਼ਾਂ ਵਿੱਚ ਜੰਗ ਦੇ ਹਾਲਾਤ ਜਲਦੀ ਨਾ ਸੁਧਰੇ, ਤਾਂ ਪੰਜਾਬ ਦੇ ਕਿਸਾਨਾਂ ਨੂੰ ਇਸ ਵਾਰ ਫ਼ਸਲ ਪਾਲਣ ਲਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕੀਟਨਾਸ਼ਕ ਜਬਰੀ ਵੇਚਣ (ਟੈਗਿੰਗ) ਦੀ ਕੋਸ਼ਿਸ਼ ਕਰ ਰਹੇ ਹਨ।

ਖੇਤੀ ਮਾਹਿਰ ਡਾ. ਗੁਰਜਿੰਦਰ ਸਿੰਘ ਰੋਮਾਣਾ ਅਨੁਸਾਰ, ਕਿਸਾਨਾਂ ਨੂੰ ਖਾਦ ਦੀ ਸੰਜਮ ਨਾਲ ਵਰਤੋਂ ਕਰਨੀ ਚਾਹੀਦੀ ਹੈ। ਖੇਤੀ ਯੂਨੀਵਰਸਿਟੀ ਝੋਨੇ ਲਈ ਸਿਰਫ਼ ਸਵਾ ਦੋ ਬੋਰੀਆਂ ਦੀ ਸਿਫ਼ਾਰਸ਼ ਕਰਦੀ ਹੈ, ਜਦਕਿ ਕਈ ਕਿਸਾਨ 4-5 ਬੋਰੀਆਂ ਪਾਉਂਦੇ ਹਨ। ਖੇਤੀ ਵਿਭਾਗ ਨੇ ਅਧਿਕਾਰੀਆਂ ਨੂੰ ਖਾਦ ਦੀ ਵਿਕਰੀ 'ਤੇ ਤਿੱਖੀ ਨਜ਼ਰ ਰੱਖਣ ਦੇ ਹੁਕਮ ਦਿੱਤੇ ਹਨ। ਸਹਿਕਾਰੀ ਸਭਾਵਾਂ ਕੋਲ ਮੌਜੂਦ ਖਾਦ ਦਾ ਭੰਡਾਰ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਜੇਕਰ ਸਪਲਾਈ ਜਲਦੀ ਬਹਾਲ ਨਾ ਹੋਈ ਤਾਂ ਝੋਨੇ ਦੇ ਸੀਜ਼ਨ ਦੌਰਾਨ ਹਾਲਾਤ ਗੰਭੀਰ ਹੋ ਸਕਦੇ ਹਨ।

# 'ਲਾਰੈਂਸ ਆਫ਼ ਪੰਜਾਬ' ਸੀਰੀਜ਼ 'ਤੋਂ ਔਖੀ ਪੰਜਾਬ ਕਾਂਗਰਸ

✪ ਸੁਖਜਿੰਦਰ ਸਿੰਘ ਰੰਧਾਵਾ ਤੇ ਵੜਿੰਗ ਨੇ ਕਿਹਾ- ਪੰਜਾਬ ਦੇ ਅਕਸ ਨੂੰ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ





ਚੰਡੀਗੜ੍ਹ-ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੀਵਨ 'ਤੇ ਆਧਾਰਿਤ ਪ੍ਰਸਤਾਵਿਤ ਵੈੱਬ ਸੀਰੀਜ਼ "ਲਾਰੈਂਸ ਆਫ਼ ਪੰਜਾਬ" ਨੂੰ ਲੈ ਕੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ। ਰੰਧਾਵਾ ਨੇ ਇਸ ਲੜੀ ਨੂੰ ਨੌਜਵਾਨਾਂ ਲਈ "ਜ਼ਹਿਰ" ਕਰਾਰ ਦਿੰਦਿਆਂ ਕੇਂਦਰ ਅਤੇ ਰਾਜ ਸਰਕਾਰ ਤੋਂ ਇਸ 'ਤੇ ਤੁਰੰਤ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਕਾਂਗਰਸੀ ਲੀਡਰਾਂ ਅਨੁਸਾਰ ਅਜਿਹੀਆਂ ਫਿਲਮਾਂ ਜਾਂ ਲੜੀਵਾਰ ਨਾ ਸਿਰਫ਼ ਗੈਂਗਸਟਰ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ, ਸਗੋਂ ਅਪਰਾਧੀਆਂ ਨੂੰ ਨਾਇਕ ਵਜੋਂ ਪੇਸ਼ ਕਰਕੇ ਸਮਾਜ ਵਿੱਚ ਗਲਤ ਸੰਦੇਸ਼ ਦਿੰਦੇ ਹਨ। ਉਨ੍ਹਾਂ ਇਤਰਾਜ਼ ਜਤਾਇਆ ਕਿ ਪੰਜਾਬ ਦੀ ਪਵਿੱਤਰ ਧਰਤੀ, ਜੋ ਗੁਰੂਆਂ ਅਤੇ ਸ਼ਹੀਦਾਂ ਦੀ ਹੈ, ਦੇ ਨਾਮ ਨੂੰ ਇੱਕ ਅਪਰਾਧੀ ਦੇ ਨਾਮ ਨਾਲ ਜੋੜਨਾ ਅਸਵੀਕਾਰਨਯੋਗ ਹੈ। ਉਨ੍ਹਾਂ 'ਉੱਡਦਾ ਪੰਜਾਬ' ਫਿਲਮ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਜਿਹੀ ਸਮੱਗਰੀ ਨੇ ਪਹਿਲਾਂ ਹੀ ਪੰਜਾਬ ਦੇ ਅਕਸ ਨੂੰ ਦੁਨੀਆ ਭਰ ਵਿੱਚ ਢਾਹ ਲਾਈ ਹੈ।

ਰੰਧਾਵਾ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਨਹੀਂ ਹੋਣ ਦੇਣਗੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰਾਂ ਨੇ ਇਸ 'ਤੇ ਕਾਰਵਾਈ ਨਾ ਕੀਤੀ, ਤਾਂ ਉਹ ਇਸ ਮੁੱਦੇ ਨੂੰ ਸੰਸਦ ਵਿੱਚ ਚੁੱਕਣਗੇ ਅਤੇ ਲੋੜ ਪੈਣ 'ਤੇ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਗੇ।

ਪੰਜਾਬ ਟਾਈਮਜ਼ ਅਨੁਸਾਰ ਇਹ ਵਿਵਾਦ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪੰਜਾਬ ਵਿੱਚ ਗੈਂਗਸਟਰਵਾਦ ਅਤੇ ਬੰਦੂਕ ਸੱਭਿਆਚਾਰ ਨੂੰ ਰੋਕਣ ਲਈ ਪਹਿਲਾਂ ਹੀ ਕਾਫੀ ਦਬਾਅ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਸੈਂਸਰ ਬੋਰਡ ਅਤੇ ਸਰਕਾਰ ਇਸ ਮੰਗ 'ਤੇ ਕੀ ਕਾਰਵਾਈ ਕਰਦੀ ਹੈ।

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–39

**ਹਿੰਦੀ ਵਿਦਵਾਨਾਂ ਦਾ ਮੱਤ ਹੈ ਕਬੀਰ ਜੀ ਨੇ ਇਕ ਤੋਂ ਵਧੀਕ ਵਿਆਹ ਕੀਤੇ ਸਨ। ਜਿਨ੍ਹਾਂ ਵਿੱਚੋਂ ਦੂਜੀ ਪਤਨੀ ਦਾ ਨਾਮ ਧਨੀਆ ਸੀ। ਮੇਰੀ ਬਹੁਰੀਆ ਕੋ ਧਨੀਆ ਨਾਉ। ਲੇ ਰਾਖਿਓ ਰਾਮ ਜਨੀਆ ਨਾਉ। ਪਹਿਲੀ ਪਤਨੀ ਕੋਝੀ ਤੇ ਕਰੂਪ ਸੀ, ਸਹੁਰੇ ਅਤੇ ਪੇਕੇ ਬੁਰੀ ਸਮਝੀ ਜਾਂਦੀ ਸੀ। ਅਬ ਕੀ ਬਰੀ-ਦੂਜੀ ਪਤਨੀ, ਸੁੰਦਰ ਸਰੂਪ ਸੁਜਾਤ ਸੁਲੱਖਣੀ ਸੀ। ਚੰਗਾ ਹੋਇਆ ਪਹਿਲੀ ਮਰ ਗਈ ਹੁਣ ਦੀ ਬਿਆਹੀ ਜੁਗ ਜੁਗ ਜੀਵੇ। ਇਕ ਥਾਂ ਕਿਹਾ ਹੈ ਜਦੋਂ ਦੀ ਛੋਟੀ ਆਈ ਹੈ, ਵੱਡੀ ਦਾ ਸੁਹਾਗ ਨਹੀਂ ਰਿਹਾ। ਅਧਿਆਤਮਵਾਦੀ ਗਿਆਨੀ ਇਥੇ ਦੂਜੀ ਮਾਨਤਾ ਦੀ ਗੱਲ ਭੀ ਕਰਦੇ ਹਨ। ਕਈ ਹੋਰ ਅੰਦਰੂਨੀ ਅਰਥ ਭੀ ਲਾਉਂਦੇ ਹਨ। ਪਰ ਇਕ ਗੱਲ ਸਪੱਸ਼ਟ ਹੈ, ਕਬੀਰ ਜੀ ਇਕ ਵਹੁਟੀ ਦੇ ਹੁੰਦਿਆਂ ਵੀ ਦੂਜੀ ਦਾ ਆਉਣਾ ਸਵੀਕਾਰ ਕਰਦੇ ਹਨ। ਆਪਣੇ ਆਪ ਲਈ ਨਹੀਂ ਤਾਂ ਸਮਾਜਕ ਹਿਤ ਕਾਰਨ, ਘੁੰਡ ਕੱਢਣ ਦੀ ਰੀਤ ਬਾਰੇ ਭੀ ਉਟੰਕਣ ਕੀਤਾ ਹੈ।**

ਜਿਸ ਸਤਿਗੁਰ ਤੋਂ ਸਤਿਨਾਮ ਦੀ ਪ੍ਰਾਪਤੀ ਹੋਈ, ਜਿਸ ਨਾਮ ਦਾ ਉਨ੍ਹਾਂ ਫਿਰ ਸਿਮਰਨ ਕੀਤਾ ਅੱਗੋਂ ਅੱਗੇ ਕਰਾਇਆ। ਉਸ ਦਾ ਵਰਣਨ ਉਨ੍ਹਾਂ ਦੀ ਪ੍ਰਾਪਤ ਬਾਣੀ ਦੇ ਗ੍ਰੰਥਾਂ ਵਿੱਚ ਦਰਜ ਹੈ। ਕਬੀਰ ਪੰਥੀਆਂ ਦੀ ਇਕ ਸਤਿਨਾਮੀ ਸ਼ਾਖ ਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਹੈ। ਚੰਦ੍ਰ ਬਲੀ ਪਾਂਡੇ (ਵਿਚਾਰ ਵਿਮ੍ਰਸ਼ ਸਫ਼ਾ 9) ਨੇ ਸਿੱਟਾ ਕੱਢਿਆ ਹੈ:

ਵਾਸਤਵ ਮੈਂ ਉਨਕਾ ਮੂਲ ਕਿਆ ਥਾਂ ਔਰ ਕਿਸ ਪ੍ਰਕਾਰ ਸਮਯ ਪਾ ਕਰ ਧੀਰੇ ਧੀਰੇ ਭਕਤੋਂ ਕੀ ਕ੍ਰਿਪਾ ਸੇ ਜਿੰਦ ਸੇ ਸੰਤ ਬਣ ਗਏ ਔਰ ਸੂਫੀਓਂ ਕੀ ਸੰਪਰਦਾਇ ਸੇ ਨਿਕਲ ਕਰ ਵੈਸ਼ਣਵੋਂ ਮੇਂ ਮਿਲ ਗਏ। ਏਵੰ ਨਿਰਗੁਣ ਪੰਥ ਕੇ ਪ੍ਰਵਿਤਕ ਬਣ ਬੈਠੇ। (ਸਫ਼ਾ 6)

ਕਬੀਰ ਜੀ ਨੇ ਆਪਣੀ ਜੁਲਾਹਾ ਜਾਤੀ ਦੀ ਹੀਣਤਾ ਬਾਰੇ ਨਿਸੰਗਤਾ ਨਾਲ ਦੱਸਿਆ ਹੈ:

1. ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ। (ਸਲੋਕ ਕਬੀਰ ਜੀ 1364)

2. ਜਾਤਿ ਜੁਲਾਹਾ ਮਤਿ ਕਾ ਧੀਰੁ॥
ਸਹਜਿ ਸਹਜਿ ਗੁਣ ਰਮੈ ਕਬੀਰੁ॥
(ਗਉੜੀ ਕਬੀਰ ਜੀ–328)

3. ਤੂੰ ਬਾਹਮਨ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥ (ਆਸਾ ਕਬੀਰ ਜੀ–482)

4. ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥ (ਆਸਾ ਕਬੀਰ ਜੀ–482)

ਕਬੀਰ ਦਰਸ਼ਨ ਵਿੱਚ ਡਾ. ਦੀਨ ਦਇਆਲ ਗੁਪਤਾ ਨੇ, ਕਬੀਰ ਪੰਥ ਦੀ ਜਾਣਕਾਰੀ ਦੇਂਦਿਆਂ ਕਿਹਾ ਹੈ ਸਤਿਨਾਮ ਕਾ ਜਾਪ ਤਥਾ ਕੀਰਤਨ ਤਥਾ ਭਜਨ ਕਰਤੇ ਰਹਿਨਾ ਚਾਹੀਏ ਯਹ ਕਬੀਰ ਪੰਥੀਓਂ ਕੀ ਧਾਰਨਾ ਹੈ। (ਸਫ਼ਾ 494)

ਆਪਣੇ ਆਪ ਨੂੰ ਕਬੀਰ ਜੀ ਨੇ ਕਿਸੇ ਵੀ ਥਾਂ ਮੁਸਲਮਾਨ ਅਤੇ ਹਿੰਦੂ ਨਹੀਂ ਕਿਹਾ। ਹਿੰਦੂਆਂ ਮੁਸਲਮਾਨਾਂ ਦੋਵਾਂ ਦੇ ਕਰਮ ਕਾਂਡਾਂ ਅਤੇ ਜਨੂੰਨੀ ਮਜ਼ਹਬੀ ਖਿਚਾਖਿਚੀ ਨੂੰ ਨਿੰਦਿਆ ਹੈ। ਹਿੰਦੂ ਤੁਰਕ ਕਹਾਂ ਤੇ ਆਏ ਕਿਨਿ ਇਹ ਰਾਹ ਚਲਾਈ।

ਡਾ. ਬੜਥਵਾਲ ਕਹਿੰਦੇ ਹਨ, ਕੋਰੀ (ਜੁਲਾਹਾ) ਜਾਤੀ ਦੇ ਲੋਗ ਪਹਿਲਾਂ ਨਾ ਮੁਸਲਮਾਨ ਹੁੰਦੇ ਸਨ ਨਾ ਹਿੰਦੂ, ਫਿਰ ਮੁਸਲਮਾਨ ਭੀ ਬਣਨ ਲੱਗੇ, ਹਿੰਦੂ ਭੀ ਕਹਾਏ। ਕਬੀਰ ਜੀ ਜੁਲਾਹਿਆਂ ਦੀ ਵਿਚਕਾਰਲੀ ਸ਼੍ਰੇਣੀ ਵਿੱਚੋਂ ਸਨ, ਜਿਨ੍ਹਾਂ ਦੇ ਪੈਰੋਕਾਰ ਕਬੀਰ ਪੰਥੀ ਅਨੇਕਾਂ ਮੁਸਲਮਾਨ ਭੀ ਹਨ ਹਿੰਦੂ ਭੀ, ਇਸੇ ਕਾਰਨ ਹਨ।

ਕਬੀਰ ਦਾਸ ਜਿਸ ਜੁਲਾਹਾ ਵੰਸ਼ ਮੇਂ ਪਾਲਿਤ ਹੁਏ ਥੇ ਵਹਿ ਇਸੀ ਪ੍ਰਕਾਰ ਕੇ ਨਾਥ ਮਤ ਅਲੰਭੀ ਯੋਗਿਓਂ ਕਾ ਮੁਸਲਮਾਨੀ ਰੂਪ ਥਾ।

ਕਬੀਰ ਜੀ ਦੇ ਜਨਮ ਅਤੇ ਸੰਮਤ ਬਾਰੇ ਕੋਈ ਪੱਕਾ ਪ੍ਰਮਾਣ ਨਹੀਂ, ਇਕ ਕਲਪਨਾ ਅਨੁਸਾਰ ਉਨ੍ਹਾਂ ਦਾ ਜਨਮ ਸੰਮਤ 1455 ਹੈ। ਨੀਰੂ ਜੁਲਾਹੇ ਨੂੰ ਉਹ ਲਹਿਰਤਾਰਾ ਤਲਾਬ ਕੰਢਿਓਂ ਲੱਭੇ ਸਨ। ਕਿਹਾ ਜਾਂਦਾ ਹੈ ਕਿਸੇ ਕੁਆਰੀ ਬ੍ਰਹਿਮਣੀ ਦੇ ਪੇਟੋਂ ਜਨਮ ਹੋਇਆ ਸੀ। ਉਹ ਲਾਜ ਦੀ ਮਾਰੀ ਤਲਾਬ ਕੰਢੇ ਸੁੱਟ ਆਈ ਜਾਂ ਰੱਖ ਆਈ ਜਿਥੇ ਨੀਰੂ ਨੂੰ ਕਬੀਰ ਦੀ ਬਾਲੜੀ ਦੇਹੀ ਲੱਭੀ, ਉਸ ਨੇ ਪਾਲਨਾ ਪੋਸਨਾ ਆਪਣੇ ਮੁਸਲਮਾਨੀ ਕੁਟੰਬ ਵਿੱਚ ਇਸਲਾਮੀ ਰੀਤਾਂ ਨਾਲ ਕੀਤੀ।

ਕਬੀਰ ਜੀ ਨੇ ਆਪ ਹੀ ਮਾਂ ਦੇ ਮੂੰਹ ਵਿੱਚ ਪਾਕੇ ਇਹ ਗੱਲ ਦੱਸੀ ਹੈ। ਕਬੀਰ ਬਾਣੀ ਵਿੱਚ ਉਨ੍ਹਾਂ ਨੇ ਆਪਣੇ ਪਰਿਵਾਰ, ਮਾਤਾ, ਪਤਨੀ, ਪੁੱਤਰ ਬਾਰੇ ਵੀ ਜ਼ਿਕਰ ਕੀਤਾ ਹੈ, ਕਬੀਰ ਜੀ ਦੀ ਮਾਂ ਨੀਰੂ ਤੇ ਪਤਨੀ ਮੁਸਲਮਾਨੀ ਖਿਆਲਾਂ ਦੀ ਜੁਲਾਹੀ ਸੀ, ਕਬੀਰ ਜੀ ਵੈਸ਼ਣਵ ਬਣੇ, ਮਾਤਾ ਜੀ ਵਿਰੋਧ ਵਿੱਚ ਕੁਰਲਾ ਉਠੇ, ਮੁਸਿ ਮੁਸਿ ਰੋਵੈ ਕਬੀਰ ਕੀ ਮਾਈ। ਏ ਬਾਰਿਕ ਕੈਸੇ ਜੀਵਹਿ ਰਘੁਰਾਈ। ਹਮਰੀ ਕੁਲ ਕਉਨੇ ਰਾਮ ਕਹਿਓ। ਜਬਤੇ ਮਾਲਾ ਲਈ ਨਿਪੂਤੇ ਤਬਤੇ ਸੁਖ ਨ ਭਇਓ। ਕਬੀਰ ਜੀ ਦੀ ਮਾਤਾ ਸਿੱਧੀਆਂ ਸੁਣਾਉਂਦੀ ਸੀ। ਇਹੁ ਮੁੰਡੀਆ ਕਿਉ ਨਾ ਮੁਇਓਂ।

ਮਾਂ ਮਰ ਗਈ ਤਾਂ ਕਬੀਰ ਜੀ ਸੌਖੇ ਹੋਏ– ਮੁਈ ਮੇਰੀ ਮਾਈ ਮੈਂ ਖਰਾ ਸੁਖਾਲਾ। ਪਤਨੀ ਦਾ ਨਾਂ ਲੋਈ ਸੀ। ਕਹਿਤ ਕਬੀਰ ਸੁਨਹੁ ਰੇ ਲੋਈ। ਕਬੀਰ ਦੇ ਪਿਤਾ ਭਲੇ ਸਨ ਕਬੀਰ ਨੂੰ ਦਿਲਾਸਾ ਦਿੰਦੇ ਰਹਿੰਦੇ ਸੀ, ਬਾਪ ਦਿਲਾਸਾ ਮੇਰੋ ਕੀਨਾ। ਪਿਤਾ ਹਮਾਰੋ ਬਡ਼ੇ ਗੁਸਾਈ। ਤਿਸ ਪਿਤਾ ਪਹਿਰਿਓਂ ਹਉ ਕਰ ਜਾਈ (ਆਸਾ) ਇਨ੍ਹਾਂ ਤੁਕਾਂ ਦੇ ਭਾਵ ਦੋਹਰੇ ਅਰਥਾਂ ਵਾਲੇ ਹਨ। ਹਿੰਦੀ ਵਿਦਵਾਨਾਂ ਦਾ ਮੱਤ ਹੈ ਕਬੀਰ ਜੀ ਨੇ ਇਕ ਤੋਂ ਵਧੀਕ ਵਿਆਹ ਕੀਤੇ ਸਨ। ਜਿਨ੍ਹਾਂ ਵਿੱਚੋਂ ਦੂਜੀ ਪਤਨੀ ਦਾ ਨਾਮ ਧਨੀਆ ਸੀ। ਮੇਰੀ ਬਹੁਰੀਆ ਕੋ ਧਨੀਆ ਨਾਉ। ਲੇ ਰਾਖਿਓ ਰਾਮ ਜਨੀਆ ਨਾਉ। ਪਹਿਲੀ ਪਤਨੀ ਕੋਝੀ ਤੇ ਕਰੂਪ ਸੀ, ਸਹੁਰੇ ਅਤੇ ਪੇਕੇ ਬੁਰੀ ਸਮਝੀ ਜਾਂਦੀ ਸੀ। ਅਬ ਕੀ ਬਰੀ–ਦੂਜੀ ਪਤਨੀ, ਸੁੰਦਰ ਸਰੂਪ ਸੁਜਾਤ ਸੁਲੱਖਣੀ ਸੀ। ਚੰਗਾ ਹੋਇਆ ਪਹਿਲੀ ਮਰ ਗਈ ਹੁਣ ਦੀ ਬਿਆਹੀ ਜੁਗ ਜੁਗ ਜੀਵੇ। ਇਕ ਥਾਂ ਕਿਹਾ ਹੈ ਜਦੋਂ ਦੀ ਛੋਟੀ ਆਈ ਹੈ, ਵੱਡੀ ਦਾ ਸੁਹਾਗ ਨਹੀਂ ਰਿਹਾ। ਅਧਿਆਤਮਵਾਦੀ ਗਿਆਨੀ ਇਥੇ ਦੂਜੀ ਮਾਨਤਾ ਦੀ ਗੱਲ ਭੀ ਕਰਦੇ ਹਨ। ਕਈ ਹੋਰ ਅੰਦਰੂਨੀ ਅਰਥ ਭੀ ਲਾਉਂਦੇ ਹਨ। ਪਰ ਇਕ ਗੱਲ ਸਪੱਸ਼ਟ ਹੈ, ਕਬੀਰ ਜੀ ਇਕ ਵਹੁਟੀ ਦੇ ਹੁੰਦਿਆਂ ਵੀ ਦੂਜੀ ਦਾ ਆਉਣਾ ਸਵੀਕਾਰ ਕਰਦੇ ਹਨ। ਆਪਣੇ ਆਪ ਲਈ ਨਹੀਂ ਤਾਂ ਸਮਾਜਿਕ ਹਿਤ ਕਾਰਨ, ਘੁੰਡ ਕੱਢਣ ਦੀ ਰੀਤ ਬਾਰੇ ਭੀ ਉਟੰਕਣ ਕੀਤਾ ਹੈ। ਰਹੁ ਰਹੁ ਰੀ ਬਹੁਰੀਆ ਘੂੰਘਟ ਜਿਨ ਕਾਢੈ। ਗੁਰੂ ਗ੍ਰੰਥ ਸਾਹਿਬ ਅਤੇ ਕਬੀਰ ਪੰਥੀ ਲਿਖਤਾਂ ਅਨੁਸਾਰ, ਕਬੀਰ ਜੀ ਦੇ ਘਰ, ਕਮਾਲ ਨਾਮ ਦਾ ਪੁੱਤਰ ਪੈਦਾ ਹੋਇਆ ਅਤੇ ਅੱਗੇ ਪਰਿਵਾਰ ਦੀ ਵੇਲ ਵਧੀ:


ਬੂਡਾ ਬੰਸੁ ਕਬੀਰ ਕਾ ਉਪਜਿਓ
ਪੂਤੁ ਕਮਾਲੁ॥ (ਸਲੋਕ ਕਬੀਰ–1370)

ਕਬੀਰ ਦੇ ਲੜਕੀਆਂ ਵੀ ਹੋਈਆਂ ਸਨ। ਪੁੱਤਰੀ ਦਾ ਨਾਂ ਕਮਾਲੀ ਦੱਸਿਆ ਗਿਆ ਹੈ। ਬਾਲ-ਬੱਚੇ ਦੀ ਪਾਲਣਾ ਦੀਆਂ ਮੁਸ਼ਕਲਾਂ ਸਾਹਮਣੇ ਆਈਆਂ: ਬਾਲ ਪਰਿਵਾਰ ਕਿਥੋਂ ਖਾਵੇ, ਬੱਚੇ ਖਾਣੇ ਵੱਲੋਂ ਭੁੱਖੇ ਰਹਿਣ ਲੱਗੇ:– ਵੇਹਲੜ ਪ੍ਰਾਹੁਣੇ ਸਿਰ ਮੁੰਨੇ (ਮੁੰਡੀਆ)–ਸਾਧ, ਵਧੀਆ ਪਰੋਸੀਆ ਰੋਟੀਆਂ ਖਾਂਦੇ ਸੀ, ਘਰ, ਪਰਿਵਾਰ ਦੇ ਜੀਆਂ ਨੂੰ ਚੱਬਣ ਲਈ ਦਾਣੇ ਦਿੱਤੇ ਜਾਂਦੇ ਸੀ: ਹਮ ਕਉ ਚਾਬਨ ਉਨ ਕਉ ਰੋਟੀ। ਦੂਜੇ ਪਾਸੇ ਸਾਧੂਆਂ ਲਈ ਸਦਾ ਬਰਤ ਲੱਗਾ ਰਹਿੰਦਾ ਸੀ। ਬੱਚਿਆਂ ਅਤੇ ਪਰਿਵਾਰ ਨੂੰ ਚੰਗੀ ਰੋਟੀ ਭੀ ਨਾ ਮਿਲਣ ਤੋਂ ਕਬੀਰ ਜੀ ਦੀ ਮਾਂ ਗੁੱਸੇ ਹੋਕੇ ਖਿਝਦੀ ਰਹਿੰਦੀ ਤੇ ਆਖਦੀ ਸੀ:

ਹਮ ਕਉ ਸਾਥਰੁ ਉਨ ਕਉ ਖਾਟ॥
ਮੂਡ ਪਲੋਸਿ ਕਮਰ ਬਧਿ ਪੋਥੀ॥
ਹਮ ਕਉ ਚਾਬਨੁ ਉਨ ਕਉ ਰੋਟੀ॥
(ਗੋਂਡ ਕਬੀਰ–871)
ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ 1 ॥
(ਗੂਜਰੀ ਕਬੀਰ–524)

## ਕਬੀਰ ਜੀ ਦਾ ਜਵਾਬ ਹੈ:–

ਕਹਤ ਕਬੀਰ ਸੁਨਹੁ ਮੇਰੀ ਮਾਈ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥
(ਗੂਜਰੀ ਕਬੀਰ–524)




ਕਿਹਾ ਜਾਂਦਾ ਹੈ ਕਬੀਰ ਜੀ ਨੂੰ ਪ੍ਰਵਾਰਕ ਸੁੱਖ ਨਹੀਂ ਮਿਲਿਆ, ਇਸ ਦੀ ਪੁਸ਼ਟੀ ਲਈ ਕਬੀਰ ਗ੍ਰੰਥਾਵਲੀ ਵਿੱਚੋਂ ਇਹ ਵਾਕ ਦਿੱਤੇ ਜਾਂਦੇ ਹਨ:

ਜਦ ਕਾ ਭਾਈ ਜਨਮਿਆ
ਕਹੁੰ ਨ ਪਾਇਆ ਸੁਖ॥
ਡਾਲੀ ਡਾਲੀ ਮੈਂ ਫਿਰੀ ਪਾਤੀ ਪਾਤੀ ਦੁੱਖ॥
(ਕਬੀਰ ਗ੍ਰੰਥਾਵਲੀ)

ਕਾਸ਼ੀ ਛਡਕੇ ਮਗਹਰ ਜਾਣ ਦਾ ਇਕ ਕਾਰਨ ਵਿਦਵਾਨਾਂ ਨੇ ਇਹ ਭੀ ਦੱਸਿਆ ਹੈ ਕਿ ਉਨ੍ਹਾਂ ਨੂੰ ਕਾਸ਼ੀ ਵਿੱਚ ਸਿਕੰਦਰ ਲੋਧੀ ਨੇ ਬਹੁਤ ਤੰਗ ਕੀਤਾ ਹੋਇਆ ਸੀ। ਚੰਦ੍ਰਬਲੀ ਪਾਂਡੇ ਲਿਖਦੇ ਹਨ:

ਉਸ ਸਮਯ ਕਾਸ਼ੀ ਮੇਂ ਕੱਟਰ ਸਿਕੰਦਰ ਲੋਧੀ ਕੀ ਦੁਹਾਈ ਥੀ ਔਰ ਕਬੀਰ ਅਪਨੀ ਖਰੀ ਜਿੰਦ ਕੇ ਕਾਰਨ ਉਸਕੇ ਚਿੱਤ ਪਰ ਚੜ੍ਹ ਚੁਕੇ ਥੇ। ਜੋ ਤਨ ਤਾਪ ਸਿਕੰਦਰ ਲੋਧੀ ਕੀ ਤਰਫ ਸੇ ਹੋ ਰਹਾ ਥਾ। ਵੋਹ ਮਗਹਰ ਜਾਨੇ ਮੇਂ ਨਸ਼ਟ ਹੋ ਗਯਾ।

ਕਬੀਰ ਜੀ ਦੇ ਮਗਹਰ ਵਿੱਚ ਜਨਮ ਦੀ ਕਲਪਨਾ ਕਰਨ ਵਾਲਿਆਂ ਬਾਰੇ ਕਿਹਾ ਹੈ, ਜੋ ਮਗਹਰ ਕਾ ਜਨਮ ਕਹਿੰਦੇ ਹਨ, ਉਹ ਗਜ਼ਟੀਅਰ ਦੇਖਣ, ਵਹਾਂ ਸੰਨ 1570 ਸੇ ਪਹਿਲੇ ਮੁਸਲਮਾਨ ਮਗਹਰ ਗਏ ਹੀ ਨਹੀਂ ਥੇ। (ਸਫ਼ਾ 12 ਵਿਚਾਰਵਿਮ੍ਰਸ਼)

ਕਬੀਰ ਜੀ ਨੇ ਸੂਤ ਤਣਨ, ਕਪੜੇ ਬੁਨਣ ਅਤੇ ਵੇਚਣ ਦਾ ਕੰਮ ਕੀਤਾ ਸੀ।

ਹਮ ਘਰਿ ਸੂਤੁ ਤਨਹਿ ਨਿਤ ਤਾਨਾ॥
(ਆਸਾ–482)
ਤਨਨਾ ਬੁਨਨਾ ਸਭਿ ਤਜਿਓ ਹੈ ਕਬੀਰ॥
(ਗੂਜਰੀ ਕਬੀਰ–524)

ਕਬੀਰ ਜੀ ਨੇ ਆਪਣੀ ਜਾਤੀ, ਜੁਲਾਹੇ ਦੇ ਧੰਦੇ ਨੂੰ ਕਮੀਨ ਜਾਤੀ ਦੇ ਕੰਮ ਤੋਂ ਚੁੱਕ ਕੇ, ਜਗ ਦੇ ਕਰਤੇ ਈਸ਼ਵਰ ਦੇ ਧੰਦੇ ਨਾਲ ਮੇਲ ਦਿੱਤਾ ਹੈ। ਉਨ੍ਹਾਂ ਨੇ ਇਸ ਜੱਗ ਦੀ ਰਚਨਾ ਨੂੰ ਤਾਣੇ ਪੇਟੇ ਦੀ ਉਪਮਾ ਦਿੱਤੀ ਹੈ। ਧਰਤੀ ਅਕਾਸ਼ ਦੀ ਕੰਘੀ (ਕਰਗਹਿ) ਬਣਾਈ ਹੈ। ਚੰਦ ਸੂਰਜ ਦੀਆਂ ਨਲੀਆਂ, ਪਾਉ ਜੋੜੀ–ਪੈਰਾਂ ਵਿੱਚ ਪਾਏ ਪਉਆਂ ਨੂੰ, ਉਚੇ ਨੀਵੇਂ ਕਰਕੇ ਖੱਡੀ ਬੁਣਨ ਦੇ ਕਰਮ ਨਾਲ ਘਰ ਲੱਭ ਲਿਆ ਦੱਸਿਆ ਹੈ। (ਤਾਣੇ ਦੀ ਤੰਦ ਟੁੱਟਣ ਸਮੇਂ, ਜਿਥੇ ਧਾਗਾ ਟੁੱਟਿਆ ਹੋਵੇ–ਕੰਘੀ ਉਚੀ ਨੀਵੀਂ ਕਰਕੇ ਘਰ ਲੱਭਿਆ ਜਾਂਦਾ ਹੈ)।

ਚਲਦਾ......

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

### ਕਪੂਰਗੜ੍ਹ

ਪੰਜਾਬ ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਪਿੰਡ ਕਪੂਰਗੜ੍ਹ ਆਉਂਦਾ ਹੈ, ਜੋ ਅਮਲੋਹ ਤੋਂ 16 ਕਿਲੋਮੀਟਰ ਦੂਰ ਹੈ। ਅਮਲੋਹ ਦਾ ਅਕਸ਼ਾਂਸ਼ 300-36 ਅਤੇ ਰੇਖਾਂਸ਼ ਦੇਸ਼ਾਂਤਰ 760-14 ਹੈ। ਇਸ ਪਿੰਡ ਵਿੱਚ ਇਕ ਗੁਰਦੁਆਰਾ ਡੇਰਾ ਬਾਬਾ ਨੱਥਾ ਸਿੰਘ ਹੈ। ਨੱਥਾ ਸਿੰਘ 19ਵੀਂ ਸਦੀ ਦੇ ਸ਼ੁਰੂ ਵਿੱਚ ਨਿਹੰਗ ਸਿੰਘਾਂ ਦਾ ਜਥੇਦਾਰ ਹੋਇਆ ਹੈ। ਜਿਸ ਦਾ ਸਤਿਕਾਰ ਪਟਿਆਲਾ ਅਤੇ ਨਾਭਾ ਦੇ ਰਾਜੇ-ਮਹਾਰਾਜੇ ਵੀ ਕਰਦੇ ਸਨ। ਉਸ ਦਾ ਡੇਰਾ ਇਕ ਉਚੀ ਟਿੱਬੀ 'ਤੇ ਹੈ, ਜੋ ਇਕ ਕਿਲ੍ਹੇ ਦੀ ਸ਼ਕਲ ਦਾ ਹੈ। ਡੇਰੇ ਤੋਂ 25 ਮੀਟਰ ਦੂਰ ਗੁਰਦੁਆਰਾ ਸਾਹਿਬ ਬਾਅਦ ਵਿੱਚ ਬਣਾਇਆ ਗਿਆ ਹੈ। ਇਹ ਡੇਰਾ ਅਤੇ ਗੁਰਦੁਆਰਾ ਸਾਹਿਬ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹੈ, ਜਿਸ ਦਾ ਮੈਨੇਜਰ ਅਤੇ ਗ੍ਰੰਥੀ ਸਿੰਘ ਵੀ ਕਮੇਟੀ ਨਿਯੁਕਤ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਗੁਰਦੁਆਰੇ ਵਿੱਚ ਪੁਰਾਣੀਆਂ ਨਿਸ਼ਾਨੀਆਂ ਜਿਵੇਂ ਹਥਿਆਰ, ਸਾਜ਼ ਅਤੇ ਸ਼ਿੰਗਾਰ ਰੱਖੇ ਹੋਏ ਹਨ। ਇਨ੍ਹਾਂ ਵਿੱਚ ਇਕ ਤਿੰਨ ਫੁੱਟ ਲੰਮੀ ਸ੍ਰੀ ਸਾਹਿਬ ਹੈ, ਜਿਸ ਬਾਰੇ ਆਖਿਆ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹੈ। ਇਸ 'ਤੇ ਗੁਰਮੁਖੀ ਵਿੱਚ ਲਿਖਿਆ ਹੈ ਗੁ.. ਗੋਬਿੰਦ ਸਿੰਘ ਸਾਹਿਬ, ਰੂ ਵਾਲਾ ਅੱਖਰ ਮਿੱਟ ਗਿਆ ਹੈ।

ਪੁਸਤਕ ਸੂਚੀ:–
1. ਵਿਸਾਖਾ ਸਿੰਘ, ਸੰਤ– ਮਾਲਵਾ ਇਤਿਹਾਸ, ਤਿੰਨ ਜਿਲਦਾਂ, ਕਿਸ਼ਨਪੁਰਾ, 1954 2. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

### ਕਮਲਾਹ ਗੜ੍ਹ

ਹਿਮਾਚਲ ਪ੍ਰਦੇਸ਼ ਵਿੱਚ ਇਕ ਨਗਰ ਕਮਲਾਹ ਗੜ੍ਹ ਹੈ, ਜੋ ਮੰਡੀ ਦੇ ਉੱਤਰ ਵੱਲ 38 ਕਿਲੋਮੀਟਰ ਦੂਰ ਹੈ। ਕਮਲਾਹ ਗੜ੍ਹ ਨਾਂ ਦਾ ਇਕ ਪੁਰਾਤਨ ਕਿਲ੍ਹਾ ਸੀ, ਜਿਸ ਪਾਸ ਗੁਰੂ ਗੋਬਿੰਦ ਸਿੰਘ ਸਾਹਿਬ ਕੁਝ ਸਮੇਂ ਠਹਿਰੇ ਸਨ। ਇਸ ਕਿਲ੍ਹੇ ਦੇ ਨਾਲ ਹੀ ਮੰਡੀ ਦੇ ਰਾਜੇ ਨੇ ਗੁਰੂ ਸਾਹਿਬ ਦੀ ਯਾਦ ਵਿੱਚ ਗੋਬਿੰਦਗੜ੍ਹ ਕਿਲ੍ਹਾ ਬਣਾਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਕਮਲਾਹ ਗੜ੍ਹ ਫ਼ਤਹਿ ਕੀਤਾ ਸੀ।

ਪੁਸਤਕ ਸੂਚੀ:–
1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

### ਕਮਾਲਪੁਰ

ਪੰਜਾਬ ਦੇ ਸਮਾਣਾ ਨਗਰ ਤੋਂ ਦੱਖਣ ਪੱਛਮ ਵੱਲ 22 ਕਿਲੋਮੀਟਰ ਦੂਰ ਹੈ। ਇਸ ਨਗਰ ਗੁਰੂ ਨਾਨਕ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ। ਸਮਾਣਾ ਦਾ ਅਕਸ਼ਾਂਸ਼ 300-11 ਅਤੇ ਰੇਖਾਂਸ਼ ਦੇਸ਼ਾਂਤਰ 760-11 ਹੈ। ਇਸ ਨਗਰ ਦੋਵੇਂ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਗੁਰੂ ਨਾਨਕ ਸਾਹਿਬ ਦਾ ਛੋਟਾ ਜਿਹਾ ਮੰਜੀ ਸਾਹਿਬ ਪਿੰਡ ਦੇ ਉੱਤਰ ਵੱਲ ਬਣਿਆ ਹੋਇਆ ਹੈ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸੰਬੰਧਿਤ ਗੁਰਦੁਆਰਾ ਪਾਤਸ਼ਾਹੀ ਛੇਵੀਂ ਇਕ ਵੱਡੀ ਹਵੇਲੀ ਵਿੱਚ ਹੈ, ਜੋ ਪਿੰਡ ਦੇ ਉੱਤਰ ਸਿਰੇ ਵੱਲ ਹੈ। ਇਹ ਗੁਰਦੁਆਰਾ ਮਹਾਰਾਜਾ ਕਰਮ ਸਿੰਘ (1798-1845) ਆਫ਼ ਪਟਿਆਲਾ ਨੇ ਬਣਾਇਆ ਸੀ। ਇਸ ਇਮਾਰਤ ਦਾ ਨਿਰਮਾਣ ਦੁਬਾਰਾ 1969 ਵਿੱਚ ਕੀਤਾ ਗਿਆ, ਜਿਸ ਵਿੱਚ ਇਕ ਵੱਡਾ ਹਾਲ, ਪ੍ਰਕਾਸ਼ ਅਸਥਾਨ, ਜ਼ਮੀਨੀ ਮੰਜ਼ਿਲ ਵਿੱਚ ਅਤੇ ਗੁੰਬਦਨੁਮਾ ਅਹਾਤਾ ਪ੍ਰਕਾਸ਼ ਅਸਥਾਨ ਦੇ ਉਪਰ ਬਣਿਆ ਹੈ। ਗੁੰਬਦ ਨੂੰ ਰੰਗ-ਬਰੰਗੀਆਂ ਟਾਈਲਾਂ ਨਾਲ ਸਜਾਇਆ ਗਿਆ ਹੈ। ਇਕ ਸਰੋਵਰ 65X65 ਮੀਟਰ 1979-80 ਵਿੱਚ ਬਣਾਇਆ ਗਿਆ। ਗੁਰਦੁਆਰੇ ਨਾਲ 25 ਏਕੜ ਜ਼ਮੀਨ ਲੱਗੀ ਹੋਈ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ, ਪਰ ਅੱਜ ਕੱਲ੍ਹ ਪ੍ਰਬੰਧ ਬਾਬਾ ਗੁਰਮੁਖ ਸਿੰਘ ਦੇ ਸ਼ਰਧਾਲੂ ਕਰਦੇ ਹਨ, ਜਿਨ੍ਹਾਂ ਸਰੋਵਰ ਬਣਾਇਆ ਹੈ। ਸਾਲਾਨਾ ਜੋੜ-ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਪੁਸਤਕ ਸੂਚੀ:-1. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
2. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

### ਕਮਾਲਪੁਰ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਇਕ ਪਿੰਡ ਕਮਾਲਪੁਰ ਆਉਂਦਾ ਹੈ। ਇਹ ਪਿੰਡ ਜਗਰਾਉਂ ਤੋਂ 10 ਕਿਲੋਮੀਟਰ ਦੂਰ ਦੱਖਣ-ਪੂਰਬ ਵੱਲ ਸਥਿਤ ਹੈ। ਇਸ ਨਗਰ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਹੇਹਰਾਂ ਤੋਂ ਸਿਲੌਣੀ ਅਤੇ ਲੰਮੇ ਜੱਟਪੁਰਾ ਦਸੰਬਰ 1705 ਵਿੱਚ ਆਏ ਸਨ। ਇਕ ਨਵੀਂ ਇਮਾਰਤ ਪੁਰਾਣੀ ਮੰਜੀ ਸਾਹਿਬ ਦੇ ਕੋਲ 1903 ਵਿੱਚ ਤਾਮੀਰ ਕੀਤੀ ਗਈ। ਪ੍ਰਕਾਸ਼ ਅਸਥਾਨ, ਜਿਥੇ ਪੁਰਾਣੀ ਮੰਜੀ ਸਾਹਿਬ ਸੀ, ਚਾਰ ਮੰਜ਼ਲੀ ਲੰਮੀ ਇਮਾਰਤ ਹੈ, ਜਿਸ ਦੇ ਉਪਰ ਕੰਵਲ ਗੁੰਬਦ ਦੀਆਂ ਚਿੱਟੀ ਦੁੱਧ ਅਤੇ ਸਬਜ਼ ਰੰਗ ਦੀਆਂ ਟਾਈਲਾਂ ਦੂਰੋਂ ਹੀ ਨਜ਼ਰੀਂ ਪੈਂਦੀਆਂ ਹਨ। ਜਗਰਾਉਂ ਦਾ ਅਕਸ਼ਾਂਸ਼ 300-47 ਅਤੇ ਰੇਖਾਂਸ਼ ਦੇਸ਼ਾਂਤਰ 750-28 ਹੈ। ਇਸ ਗੁਰਦੁਆਰੇ ਨਾਲ 5 ਏਕੜ ਜ਼ਮੀਨ ਲੱਗੀ ਹੋਈ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

### ਕਰਹਾਲੀ


ਗੁਰਦੁਆਰਾ ਕਰਹਾਲੀ ਸਾਹਿਬ

ਪੰਜਾਬ ਦੇ ਜ਼ਿਲ੍ਹਾ ਪਟਿਆਲਾ ਵਿੱਚ, ਪਟਿਆਲਾ ਤੋਂ 20 ਕਿਲੋਮੀਟਰ ਦੱਖਣ ਵੱਲ ਪਿੰਡ ਕਰਹਾਲੀ ਆਉਂਦਾ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਮਾਲਵੇ ਦੇ ਸਫ਼ਰ ਦੌਰਾਨ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਕਰਹਾਲੀ ਸਾਹਿਬ ਬਣਿਆ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਵੀ ਕੁਰੁਕਸ਼ੇਤਰ ਜਾਣ ਸਮੇਂ ਇਥੇ ਆਏ ਸਨ। ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਪ੍ਰਕਾਸ਼ ਅਸਥਾਨ 6X6 ਮੀਟਰ, ਵੱਡਾ ਵਰਾਂਡਾ ਇਸ ਦੇ ਆਸ-ਪਾਸ ਬਣਿਆ ਹੈ, ਜੋ ਚਾਰ-ਦੀਵਾਰੀ ਅਹਾਤੇ ਅੰਦਰ ਆਉਂਦਾ ਹੈ। ਇਸ ਇਮਾਰਤ ਵਿੱਚ ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਅਹਾਤੇ ਦੇ ਅੰਦਰ ਬਣੇ ਹੋਏ ਹਨ। ਕੁਝ ਹੀ ਦਹਾਕੇ ਪਹਿਲਾਂ ਇਸ ਨਾਲ ਛੋਟੇ ਜਿਹੇ ਸਰੋਵਰ ਦਾ ਵਿਸਥਾਰ ਕੀਤਾ ਗਿਆ ਹੈ। ਗੁਰਦੁਆਰੇ ਨਾਲ ਮਹਾਨ ਕੋਸ਼ ਅਨੁਸਾਰ 150 ਏਕੜ ਜ਼ਮੀਨ ਸੀ, ਜੋ ਹੁਣ ਕੇਵਲ 35 ਏਕੜ ਹੀ ਰਹਿ ਗਈ ਹੈ। ਗੁਰਦੁਆਰੇ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਹਰ ਸਾਲ ਭਾਰੀ ਜੋੜ-ਮੇਲਾ ਹੁੰਦਾ ਹੈ।

ਪੁਸਤਕ ਸੂਚੀ:– 1. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
2. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
3. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
4. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

### ਕਰਹਾ ਸਾਹਿਬ

ਹਰਿਆਣਾ ਰਿਆਸਤ ਵਿੱਚ ਜ਼ਿਲ੍ਹਾ ਕੁਰੁਕਸ਼ੇਤਰ ਦੇ ਪਿਹੋਵਾ ਤੋਂ 11 ਕਿਲੋਮੀਟਰ ਦੂਰ ਪੱਛਮ ਵੱਲ ਪਿੰਡ ਕਰਹਾ ਸਾਹਿਬ ਆਉਂਦਾ ਹੈ। ਪਿਹੋਵਾ ਦਾ ਅਕਸ਼ਾਂਸ਼ 290-59 ਅਤੇ ਰੇਖਾਂਸ਼ ਦੇਸ਼ਾਂਤਰ 760-35 ਹੈ। ਇਸ ਪਿੰਡ ਵਿੱਚ ਸਿੱਖਾਂ ਦੇ ਚਾਰ ਗੁਰੂ ਸਾਹਿਬਾਨ ਆਏ ਹਨ। ਗੁਰੂ ਨਾਨਕ ਸਾਹਿਬ ਆਪਣੀ ਪੂਰਬੀ ਉਦਾਸੀ ਸਮੇਂ ਇਥੇ ਆਏ ਸਨ। ਪਿੰਡ ਦਾ ਚੋਧਰੀ ਕਾਲੂ ਗੁਰੂ ਸਾਹਿਬ ਦਾ ਸਿੱਖ ਬਣਿਆ ਅਤੇ ਬਾਅਦ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਇਕ ਬਾਉਲੀ ਤਾਮੀਰ ਕੀਤੀ। ਫਿਰ ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਏ। ਗੁਰੂ ਤੇਗ ਬਹਾਦਰ ਸਾਹਿਬ ਵੀ ਆਪਣੀ ਇਕ ਪ੍ਰਚਾਰ ਫੇਰੀ ਸਮੇਂ ਇਥੇ ਆਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ 1702 ਵਿੱਚ ਇਥੇ ਆਏ ਅਤੇ ਪਹਿਲਾਂ ਗੁਰੂ ਸਾਹਿਬਾਨ ਦੇ ਅਸਥਾਨਾਂ ਦੇ ਦਰਸ਼ਨ-ਦੀਦਾਰ ਕੀਤੇ।

ਭਾਈ ਉਦੇ ਸਿੰਘ, ਕੈਥਲ ਦੇ ਰਾਜੇ (ਦੇਹਾਂਤ 1843) ਨੇ ਤਿੰਨ ਗੁਰਦੁਆਰੇ ਬਣਾਏ, ਇਕੋ ਅਹਾਤੇ ਵਿੱਚ ਅਤੇ ਉਨ੍ਹਾਂ ਨਾਲ ਕਈ ਜਗੀਰਾਂ ਲਾਈਆਂ। ਇਨ੍ਹਾਂ ਤਿੰਨਾਂ ਇਮਾਰਤਾਂ ਬਦਲੇ ਨਵੀਆਂ ਇਮਾਰਤਾਂ 1970 ਵਿੱਚ ਸੰਤ ਬਾਬਾ ਜੀਵਨ ਸਿੰਘ ਕਾਰ ਸੇਵਾ ਵਾਲਿਆਂ ਨੇ ਬਣਾਈਆਂ। ਤਿੰਨ ਗੁਰਦੁਆਰਿਆਂ ਨੂੰ ਕਈ ਵੇਰ ਇਕੱਠਿਆਂ ਹੀ ਤ੍ਰਿਵੈਣੀ ਸਾਹਿਬ ਆਖਿਆ ਜਾਂਦਾ ਹੈ। ਦੋ ਵੱਖ ਗੁਰਦੁਆਰੇ ਉੱਤਰੀ ਅਤੇ ਦੱਖਣੀ ਸਿਰੇ ਵੱਲ ਹਨ ਅਤੇ ਇਹ ਚਾਰ ਦੀਵਾਰੀ ਅਹਾਤੇ ਅੰਦਰ ਬਣੇ ਹਨ। ਇਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿੱਚ ਗੁਰਦੁਆਰੇ ਹਨ। ਗੁਰਦੁਆਰਾ ਪਾਤਸ਼ਾਹੀ ਛੇਵੀਂ ਪੂਰਬ ਵੱਲ ਕੇਂਦਰ ਵਿੱਚ ਹੈ, ਜੋ ਸਮਕੋਣ ਦਾ ਸਿਰਾ ਦਿੱਸਦਾ ਹੈ। ਸਾਰਾ ਫਰਸ਼ ਸੰਗਮਰਮਰ ਦਾ ਹੈ। ਗੁਰ-ਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਅਸਥਾਨ ਨੋਟੀਫਾਈਡ ਹਨ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ। ਇਨ੍ਹਾਂ ਅਸਥਾਨਾਂ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਪਹੋਵਾ ਨਾਲ ਸੰਬੰਧਿਤ ਹੈ।

ਪੁਸਤਕ ਸੂਚੀ:-1. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
3. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

ਬਾਕੀ ਅਗਲੇ ਹਫ਼ਤੇ ਪੜ੍ਹੋ

# ਕਾਵਿ-ਕਿਆਰੀ

## ਬੌਰਾ ਦਿਲ

ਆਹ ਦਿਲ ਮੇਰਾ ਝੱਲਾ-ਬੌਰਾ
ਹੋਇਆ ਫਿਰੇ ਅਵਾਰਾ,
ਖਿੱਚ ਲਗਾਮਾਂ ਬੜਾ ਰੋਕਿਆ
ਮੋੜਦਾ ਨਹੀਂ ਮੁਹਾਰਾਂ।

ਕਮਾਨੋਂ ਨਿਕਲ਼ੇ ਤੀਰ ਵਾਂਗਰਾਂ
ਚੀਰਦਾ ਜਾਏ ਹਵਾਵਾਂ,
ਵਾ-ਵਰੋਲੇ ਵਾਂਗ ਜੋਸ਼ੀਲਾ
ਅੰਬਰੀਂ ਭਰੇ ਉਡਾਰਾਂ।

ਕੀਤੀ ਉੱਤੇ ਨਹੀਂ ਪਛਤਾਉਂਦਾ
ਕਦੇ ਨਾ ਕਰਦਾ ਝੋਰਾ,
ਗੁੱਸੇ-ਖੋਰ ਸੁਭਾਅ ਦਾ ਅੜੀਅਲ
ਰੂਪ ਧਾਰੇ ਖੂੰਖਾਰਾਂ।

ਸੜਨ ਲਈ ਪਰਵਾਨਾ ਬਣਦਾ
ਅੱਗ ਨੂੰ ਜੱਫੀਆਂ ਪਾਵੇ,
ਜਾਨ ਵਾਰਿਆਂ ਹੀ ਹੈ ਮਿਲਦਾ
ਰੁਤਬਾ-ਏ- ਸਰਦਾਰਾਂ।

ਨਵੇਂ ਉਪੱਦਰ ਰਹੇ ਸਿਰਜਦਾ
ਟਿਕ ਕੇ ਕਦੇ ਨਾ ਬੈਠੇ,
ਤੋਤੇ ਵਾਲ਼ੀ ਰਟ ਕੇ ਭਾਸ਼ਾ
ਰਹੇ ਮਾਰਦਾ ਟਾਰ੍ਹਾਂ।

ਪਿੱਠ ਤੇ ਕਾਠੀ ਪੈਣ ਨਾ ਦਿੰਦਾ
ਦਿਲ ਦਾ ਅੱਥਰਾ ਘੋੜਾ,
ਪਛੰਡੇ ਮਾਰਦਾ ਹਿਣ-ਹਿਣ ਕਰਕੇ
ਭਾਵੇਂ ਲੱਖ ਪੁਚਕਾਰਾਂ।

ਅਕਲ ਦੇ ਪੌਡੇ ਪੈਰ ਨਾ ਧਰਦਾ
ਹਰ ਦਮ ਬਣੇ ਖਰੂਦੀ,
ਈਰਖਾ ਕਰ, ਝਗੜਾਲੂ ਹੋਇਆ
ਸਿੱਖ ਗਿਆ ਖਾਣੀਆਂ ਖਾਰਾਂ।

ਭੂੰਡਾਂ ਦੇ ਖੱਖਰਾਂ ਨੂੰ ਛੇੜੇ
ਫ਼ਤੂਰ ਚੜ੍ਹ ਗਿਆ ਸਿਰ ਨੂੰ,
ਆਕੜ ਵਿੱਚ ਨਹੁੰ ਨਹੀਉਂ ਖੁੱਭਦਾ
ਭਰਿਆ ਨਾਲ਼ ਹੰਕਾਰਾਂ।

ਮੂਰਖਾਂ ਨਾਲ਼ ਪਾਲ਼ੀਆਂ ਸਾਂਝਾਂ
ਭਲਿਆਂ ਸੰਗ ਨਾ ਬੈਠੇ,
ਅੱਖ ਬਚਾ ਕੇ ਖਿਸਕ ਜਾਂਵਦਾ
ਹੋ ਜਾਏ ਨੌਂ-ਦੋ- ਗਿਆਰਾਂ।

ਅੱਜ-ਕੱਲ ਸੱਚ ਨੂੰ ਝੂਠ ਆਖਦਾ
ਅਸਲ ਤੋਂ ਕੋਹਾਂ ਦੂਰੀ,
ਕਿਹੜਾ ਜਾਦੂ ਸਿਰ ਤੇ ਭੁੱਕਿਆ
ਝੂਠ ਦੇ ਪੈਰੋਕਾਰਾਂ।

ਬੰਦਿਆਂ ਨੂੰ ਬੰਦੇ ਨਾ ਜਾਣੇ
ਪੜ੍ਹੀਆਂ ਕਿਹੜੀਆਂ ਪੜ੍ਹਤਾਂ,
ਸਮਾਜ 'ਚ ਵੰਡੀਆਂ ਪਾਈ ਜਾਵੇ
ਨਿੱਤ ਨਵੀਆਂ ਤਕਰਾਰਾਂ।

"ਵਖਤੁ ਵੀਚਾਰੇ ਸੁ ਬੰਦਾ ਹੋਇ"
ਰਹਿਬਰਾਂ ਦਾ ਸੱਚ ਕਹਿਣਾ,
'ਭੋਗਲ' ਕਾਲ਼ਿਉਂ ਚਿੱਟੇ ਹੋ ਗਏ
ਜਿਉਂ ਚਾਂਦੀ ਦੀਆਂ ਤਾਰਾਂ।



ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K.)

## ਮੇਰੀ ਸੱਸੂ ਮਾਂ



ਗੀਤਕਾਰ-ਤਰਲੋਚਨ ਸਿੰਘ
ਚੰਨ ਜੰਡਿਆਲਵੀ
ਯੂ.ਕੇ.

ਤੇਰੀ ਆਖੀ ਗੱਲ ਦਾ ਮੈਂ ਕਿੱਦਾਂ ਉਜਰ ਕਰਾਂ!
ਮੈਂ ਨੂੰਹ ਰਾਣੀ ਤੇਰੀ ਤੇ ਤੂੰ ਮੇਰੀ ਸੱਸੂ ਮਾਂ!!


ਹੁਣ ਤੇਰੇ ਦਿਲ ਦਾ ਟੁੱਕੜਾ, ਬਣ ਗਿਆ ਮੇਰਾ ਮਾਹੀ।
ਉਹ ਮੈਨੂੰ ਸੋਹਣੀਏ ਸੋਹਣੀਏ ਕਹਿੰਦਾ, ਮੈਂ ਆਖਾਂ ਢੋਲ ਸਿਪਾਹੀ।
ਤੇਲ ਚੁਆ ਤੂੰ ਅੰਦਰ ਵਾੜੀ ਮੈਂ ਕਿੱਦਾਂ ਭੁੱਲ ਜਾਂ!
ਮੈਂ ਨੂੰਹ ਰਾਣੀ ਤੇਰੀ ਤੇ ਤੂੰ ਮੇਰੀ ਸੱਸੂ ਮਾਂ!!

ਵੇਹੜੇ ਵਿੱਚ ਮੈਂ ਝੁਕ ਝੁਕ ਝਾਕਾਂ, ਉਹ ਮੈਨੂੰ ਤਾੜ ਗਿਆ।
ਕੰਗਣਾ ਖੇਲੇ ਤੇ ਮੈਂ ਜਿੱਤ ਗਈ, ਮਾਹੀਆ ਹਾਰ ਗਿਆ।
ਸੁਹਾਗਰਾਤੇ ਉੱਠ ਪ੍ਰਭਾਤੇ, ਦੋਹਾਂ ਜੱਪਿਆ ਰੱਬ ਦਾ ਨਾਂ!
ਮੈਂ ਨੂੰਹ ਰਾਣੀ ਤੇਰੀ ਤੇ ਤੂੰ ਮੇਰੀ ਸੱਸੂ ਮਾਂ!!

ਮੇਰੀਆਂ ਚਾਚੀਆਂ ਤਾਈਆਂ ਸ਼ਗਨ ਮਨਾਏ ਡੋਲੀ ਵਿੱਚ ਬਹਾਈ।
ਮੈਨੂੰ ਰੋਂਦੀ ਵੇਖਕੇ ਭੁੱਬਾਂ ਮਾਰੇ ਵੱਡਾ ਭਾਈ।
ਭੂਆ ਭੂਆ ਕਰਨ ਭਤੀਜੇ-ਖੜਕੇ ਪਰ੍ਹਾਂ ਪਰ੍ਹਾਂ!
ਮੈਂ ਨੂੰਹ ਰਾਣੀ ਤੇਰੀ ਤੇ ਤੂੰ ਮੇਰੀ ਸੱਸੂ ਮਾਂ!!

ਚੰਨ ਜੰਡਿਆਲਵੀ ਕੱਲ੍ਹ ਕਹਿੰਦਾ ਸੀ, ਜਦ ਮੈਂ ਗਈ ਬਜ਼ਾਰ।
ਸੱਸ ਸਹੁਰਾ ਤੈਨੂੰ ਵਧੀਆ ਮਿਲ ਗਏ, ਤੂੰ ਖੁਸ਼ਕਿਸਮਤ ਨਾਰ।
ਦੋਹਾਂ ਦੇ ਪੈਰੀਂ ਹੱਥ ਲਾਵੀਂ ਕਰੂਗਾ ਰੱਬ ਨਿਆਂ!
ਮੈਂ ਨੂੰਹ ਰਾਣੀ ਤੇਰੀ ਤੇ ਤੂੰ ਮੇਰੀ ਸੱਸੂ ਮਾਂ!!

## ਰਿਉੜੀਆਂ



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀਯੂ ਕੇ

ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ ਕਹਿਣ, ਬੇਗਾਨੀ ਨੂੰ ਭੰਡਣ।

ਬਦਲੇ ਵਿੱਚ ਤੁਹਾਡੀਆਂ ਸੋਚਾਂ ਨੂੰ, ਕਰਕੇ ਨਿਕੰਮੀਆਂ,
ਤੁਹਾਡੇ ਹੀ ਸਰਮਾਏ ਨਾਲ, ਰੱਜ ਰੱਜ ਹੱਥ ਰੰਗਣ।

ਘਾਟੇ ਵਿੱਚ ਚੱਲਣ ਸਰਕਾਰਾਂ, ਕੇਂਦਰ ਅਤੇ ਸੂਬੇ ਦੀਆਂ,
ਪਰਵਾਹ ਨਹੀਂ ਲੋਕ ਕਰਜ਼ੇ ਦਾ ਭਾਰ, ਝੱਲਣ ਜਾਂ ਨਾ ਝੱਲਣ।

ਲਾ ਲਾ ਨਿੱਤ ਝੂਠੇ ਲਾਰੇ, ਜਨਤਾ ਨੂੰ ਬੁੱਧੂ ਬਣਾਵਣ,
ਝੂਠ ਬੋਲਣੋਂ ਲੀਡਰਾਂ ਦੀਆਂ, ਜੀਭਾਂ ਕਦੀ ਨਾ ਥੰਮਣ।


ਵਿਹਲੜਾਂ ਦੀ ਭੀੜ ਦਿਨੋ ਦਿਨ, ਵਧਾਵਣ ਵਾਲੇ ਲੀਡਰ,
ਫੜਾ ਰਹੇ ਠੂਠੇ ਲੋਕਾਂ ਨੂੰ ਤਾਂਕਿ, ਉਹ ਮੰਗਣ ਤੋਂ ਨਾ ਸੰਗਣ।

ਮਖੌਲ ਕਰ ਰਹੇ ਨੇ ਮਖੱਟੂ, ਮਿਹਨਤੀਆਂ ਨੂੰ ਹੱਸ ਹੱਸ ਕੇ,
ਜੇਕਰ ਰੋਕਣ ਸ਼ਰੀਫ ਉਨ੍ਹਾਂ ਦੇ ਹੀ, ਉਲਟੇ ਮੂੰਹ ਭੰਨਣ।

ਅੰਨ੍ਹੀਆਂ ਸਰਕਾਰਾਂ ਪੀਹਣ ਪੀਂਹਦੀਆਂ, ਜੋ ਵੀ ਨਿੱਤ ਦਿਨ,
ਸਰਕਾਰੀ ਕੁੱਤੇ ਚੱਟਦੇ ਜਾਣ, ਸਭ ਤੋੜ ਕੇ ਬੰਧਨ।

ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ ਕਹਿਣ, ਬੇਗਾਨੀ ਨੂੰ ਭੰਡਣ।

## ਕਾਵਿ-ਵਿਅੰਗ



## ਭਗਵੰਤ ਭਾਈ ਬੇਨਤੀ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

'ਬੱਬਾ' ਬਾਦਲ ਤੇ 'ਭੱਬਾ' ਭਗਵੰਤ ਵਾਲ਼ਾ
'ਪੈਂਤੀ' ਵਿੱਚ ਹਨ ਅੱਖਰ ਨਜ਼ਦੀਕ ਭਾਈ।
ਐਪਰ ਦੋਹਾਂ ਦੇ ਵਿਚਲੀਆਂ ਦੂਰੀਆਂ ਦੀ
ਫਿਤਰਤ ਪੱਖ ਤੋਂ ਵੱਡੀ ਇਕ ਲੀਕ ਭਾਈ।
'ਪੰਜਾ-ਕਮਲ' ਵੀ ਕਰਨ 'ਵਿਰੋਧ' ਭਾਵੇਂ
ਸਮਝੇ ਇਸਨੂੰ ਹੀ ਅਪਣਾ ਸ਼ਰੀਕ ਭਾਈ।
ਇਕ-ਦੂਜੇ ਦੀਆਂ ਨਕਲਾਂ ਨੇ ਖੂਬ ਲਾਉਂਦੇ
ਕਰਦੇ 'ਮਿੱਸ' ਨਾ ਕਦੇ ਵੀ 'ਤਰੀਕ' ਭਾਈ।
ਸੀ.ਐਮ 'ਬੱਬੇ' ਨੂੰ ਕਰਕੇ 'ਇਗਨੋਰ' ਪੱਕਾ
ਉਸਦੇ ਅਹੁਦੇ ਮੁਤਾਬਕ ਇਹ ਠੀਕ ਭਾਈ।
'ਕਰਤੇ ਕੰਮ' ਤੇ 'ਰਹਿੰਦੇ ਜੋ' ਹੋਰ ਕਰਨੇ
ਦੱਸ ਦੱਸ ਲੋਕਾਂ ਤੋਂ ਮੰਗੇ 'ਤੌਫ਼ੀਕ' ਭਾਈ!

## ਲਾਲਚੀ ਲੋਚਾ

ਪਤਾ ਥੋੜੋ ਸੀ ਲੋਚਾ ਸਾਡੀ, ਸਾਡੇ 'ਤੇ ਇਹ ਕਹਿਰ ਕਰੂਗੀ
ਸਿਰ ਦੇ ਉੱਤੇ ਚੁੱਕੀ ਹੋਈ, ਸਾਡੇ ਸਿਰ 'ਤੇ ਪੈਰ ਧਰੂਗੀ

ਜਾਣ ਵਾਲੇ ਨੇ ਜਾਣਾ ਹੁੰਦਾ, ਜਾਣ ਵਾਲੇ ਨੂੰ ਬਾਬਤ ਕੀ
ਸਾਹੀਂ ਵਿਸਮੀ ਹੋਈ ਆਦਤ, ਕਿੰਨੇ ਔਖੇ ਸਾਹ ਭਰੂਗੀ

ਗੱਲ ਤਾਂ ਭਾਵੇਂ ਸੱਚੀ ਸੀ,ਪਰ ਵਿਸ਼ਵਾਸ ਨਹੀਂ ਆਇਆ
ਗੱਲਾਂ ਬਾਤਾਂ ਕਰਦੀ ਜ਼ਿੰਦਗੀ, ਚੁੱਪ ਚੁਪੀਤੀ ਮੌਤ ਮਰੂਗੀ


ਹੇਜ ਜਹੇ ਵਿਚ ਆ ਕੇ ਜਿਹਨੂੰ, ਆਪਣਾ ਅੰਬਰ ਮੰਨ ਲਿਆ
ਆਈ 'ਤੇ ਆਈ ਹੋਈ ਹੈਂਕੜ, ਲਾ ਬਹਾਨੇ ਬਹੁਤ ਵਰੂਗੀ

ਚੰਗੇ ਭਲੇ ਵੀ ਮਾੜੀ ਨੀਅਤੇ, ਮਾੜਿਓਂ ਮਾੜੇ ਹੋ ਜਾਂਦੇ ਨੇ
ਨੀਤੀ ਨਹੀਂ ਨੀਅਤ ਦੇ ਕਰਕੇ, ਰੈਲ਼ੀ ਪੈਂਦੀ ਨੀਤ ਭਰੂਗੀ

ਕਰਨੇ ਨੂੰ ਤਾਂ ਕਰਦੇ ਰਹੇ ਅਸੀਂ, ਕੋਸ਼ਿਸ਼ ਕਰਕੇ ਹਾਰ ਗਏ
ਗੇੜ ਸਮੇਂ ਦੇ ਵੱਜੀ ਟੱਕਰ, ਸਮੇਂ ਨਾਲ ਹੀ ਆਪ ਭਰੂਗੀ

ਝੂਰਨ ਦੇ ਨਾਲ ਡੁੱਬਦੇ ਬੇੜੇ, ਪਤਾ ਤਾਂ ਹੈ ਕਿ ਤਰਦੇ ਨਾ
ਹਿੰਮਤ ਹੀ ਮੁੜ ਹਿੰਮਤ ਕਰਕੇ, ਆਕੀ ਹੋਏ ਵਹਿਣ ਤਰੂਗੀ

ਜਰਾ ਮਰਾ ਤੇ ਰੋਗ ਸੋਗ ਦਾ, ਓਥੇ ਕੋਈ ਕੰਮ ਨਹੀਂ
ਰੂਹ ਰੁਹਾਨੀ ਹੋ ਕੇ 'ਢੇਸੀ', ਜੀਣੇ ਜੋਗਾ ਪਿਆਰ ਕਰੂਗੀ



ਕੁਲਵੰਤ ਸਿੰਘ 'ਢੇਸੀ' ਯੂ ਕੇ

# ਜਾਂਚ ਜਾਂ ਸਿਆਸੀ ਨਿਸ਼ਾਨਾ ? ਪੰਜਾਬ ਦੇ ਦਿੱਗਜ ਆਗੂਆਂ 'ਤੇ ਈਡੀ ਦਾ ਸ਼ਿਕੰਜਾ

ਜਲੰਧਰ-ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਪਿਛਲੇ ਕੁਝ ਦਿਨਾਂ ਵਿੱਚ 'ਆਪ' ਆਗੂਆਂ-ਰਾਜ ਸਭਾ ਮੈਂਬਰ ਅਸ਼ੋਕ ਕੁਮਾਰ ਮਿੱਤਲ ਅਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ-ਵਿਰੁੱਧ ਕੀਤੀ ਗਈ ਕਾਰਵਾਈ ਨੇ ਰਾਜਸੀ ਹਲਕਿਆਂ ਵਿੱਚ ਤਰਥੱਲੀ ਮਚਾ ਦਿੱਤੀ ਹੈ।




ਪਿਛਲੇ ਕੁਝ ਸਾਲਾਂ ਵਿੱਚ ਈਡੀ ਦਾ ਫੋਕਸ ਅਕਾਲੀ ਦਲ ਤੋਂ ਤਬਦੀਲ ਹੋ ਕੇ ਕਾਂਗਰਸ ਅਤੇ ਹੁਣ ਆਮ ਆਦਮੀ ਪਾਰਟੀ ਵੱਲ ਵਧਿਆ ਹੈ। ਹੇਠਾਂ ਦਿੱਤੀ ਸੂਚੀ ਉਹਨਾਂ ਆਗੂਆਂ ਦੀ ਹੈ ਜੋ ਏਜੰਸੀ ਦੇ ਘੇਰੇ ਵਿੱਚ ਰਹੇ ਹਨ। ਹਾਲ ਹੀ ਦੇ ਦਿਨਾਂ ਵਿੱਚ 'ਆਪ' ਦੇ ਆਗੂਆਂ 'ਤੇ ਕਾਰਵਾਈ ਤੇਜ਼ ਹੋਈ ਹੈ, ਜਿਸ ਨੂੰ ਸਿਆਸੀ ਹਲਕਿਆਂ ਵਿੱਚ 2027 ਦੀਆਂ ਚੋਣਾਂ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ। ਸੰਜੀਵ ਅਰੋੜਾ ਅਤੇ ਅਸ਼ੋਕ ਮਿੱਤਲ ਦੋਵੇਂ ਰਾਜ ਸਭਾ ਮੈਂਬਰ ਹਨ। ਇਨ੍ਹਾਂ ਦੇ ਟਿਕਾਣਿਆਂ 'ਤੇ ਮਨੀ ਲਾਂਡਰਿੰਗ ਦੇ ਸ਼ੱਕ ਵਿੱਚ ਛਾਪੇਮਾਰੀ ਕੀਤੀ ਗਈ। ਜਾਂਚ ਦਾ ਮੁੱਖ ਕੇਂਦਰ ਇਨ੍ਹਾਂ ਦੇ ਵਪਾਰਕ ਲੈਣ-ਦੇਣ ਅਤੇ ਵਿੱਤੀ ਸਰੋਤ ਹਨ। ਜਸਵੰਤ ਸਿੰਘ ਗੱਜਣਮਾਜਰਾ ਅਮਰਗੜ੍ਹ ਤੋਂ ਵਿਧਾਇਕ ਗੱਜਣਮਾਜਰਾ ਨੂੰ ਈਡੀ ਨੇ 40 ਕਰੋੜ ਰੁਪਏ ਦੇ ਕਥਿਤ ਬੈਂਕ ਧੋਖਾਧੜੀ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਹ ਕਾਰਵਾਈ ਦਰਸਾਉਂਦੀ ਹੈ ਕਿ ਏਜੰਸੀ ਸੱਤਾਧਾਰੀ ਪਾਰਟੀ ਦੇ ਵਿਧਾਇਕਾਂ 'ਤੇ ਵੀ ਸਖ਼ਤ ਨਜ਼ਰ ਰੱਖ ਰਹੀ ਹੈ।

ਕਾਂਗਰਸ ਦੇ ਰਾਜ ਦੌਰਾਨ ਅਤੇ ਉਸ ਤੋਂ ਬਾਅਦ ਵੀ ਕਈ ਆਗੂਆਂ ਨੂੰ ਵੱਡੀਆਂ ਕਾਨੂੰਨੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਰੁੱਧ 2015 ਦੇ ਇੱਕ ਡਰੱਗ ਕੇਸ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਕਾਰਵਾਈ ਹੋਈ।

ਈਡੀ ਨੇ ਨਾ ਸਿਰਫ਼ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ, ਸਗੋਂ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ੀ ਜਾਇਦਾਦ ਨੂੰ ਵੀ ਆਰਜ਼ੀ ਤੌਰ 'ਤੇ ਕੁਰਕ ਕਰ ਲਿਆ ਸੀ। ਭਾਰਤ ਭੂਸ਼ਣ ਆਸ਼ੂ ਸਾਬਕਾ ਖੁਰਾਕ ਤੇ ਸਪਲਾਈ ਮੰਤਰੀ ਨੂੰ ਵਿਜੀਲੈਂਸ ਤੋਂ ਬਾਅਦ ਈਡੀ ਨੇ ਟੈਂਡਰ ਘੁਟਾਲੇ ਨਾਲ ਜੁੜੇ ਵਿੱਤੀ ਮਾਮਲਿਆਂ ਵਿੱਚ ਘੇਰਿਆ। ਉਨ੍ਹਾਂ ਦੀਆਂ ਕਈ ਜਾਇਦਾਦਾਂ ਅਤੇ ਬੈਂਕ ਖਾਤਿਆਂ ਦੀ ਜਾਂਚ ਕੀਤੀ ਗਈ।

ਪੰਜਾਬ ਦੇ ਦੋ ਸਾਬਕਾ ਮੁੱਖ ਮੰਤਰੀਆਂ ਵਿਰੁੱਧ ਜਾਂਚ ਦਾ ਰੂਪ ਪਰਿਵਾਰਕ ਮੈਂਬਰਾਂ ਅਤੇ ਵਿਦੇਸ਼ੀ ਜਾਇਦਾਦਾਂ ਨਾਲ ਜੁੜਿਆ ਹੋਇਆ ਹੈ। 2022 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਦੇ ਟਿਕਾਣਿਆਂ 'ਤੇ ਛਾਪੇਮਾਰੀ ਹੋਈ ਸੀ, ਜਿੱਥੋਂ ਕਰੋੜਾਂ ਦੀ ਨਕਦੀ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਸੀ। ਇਹ ਮਾਮਲਾ ਨਾਜਾਇਜ਼ ਰੇਤ ਮਾਈਨਿੰਗ ਨਾਲ ਜੁੜਿਆ ਸੀ। ਇਸ ਕਾਰਵਾਈ ਨੇ ਚੰਨੀ ਦੇ ਸਿਆਸੀ ਅਕਸ 'ਤੇ ਵੱਡੀ ਸੱਟ ਮਾਰੀ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਵਿਰੁੱਧ ਫੌਰਨ ਐਕਸਚੇਂਜ ਮੈਨੇਜਮੈਂਟ ਐਕਟ ਦੇ ਤਹਿਤ ਜਾਂਚ ਚੱਲ ਰਹੀ ਹੈ। ਮਾਮਲਾ ਵਿਦੇਸ਼ਾਂ (ਸਵਿਟਜ਼ਰਲੈਂਡ) ਵਿੱਚ ਕਥਿਤ ਤੌਰ 'ਤੇ ਅਣ-ਐਲਾਨੀ ਜਾਇਦਾਦ ਬਣਾਉਣ ਅਤੇ ਫੰਡਾਂ ਦੇ ਤਬਾਦਲੇ ਨਾਲ ਜੁੜਿਆ ਹੋਇਆ ਹੈ।

ਪੰਜਾਬ ਵਿੱਚ ਈਡੀ ਦੀ ਵੱਡੀ ਸਰਗਰਮੀ ਦਾ ਆਧਾਰ ਜਗਦੀਸ਼ ਭੋਲਾ ਡਰੱਗ ਕੇਸ ਬਣਿਆ। ਇਹ 6000 ਕਰੋੜ ਰੁਪਏ ਦਾ ਸਿੰਥੈਟਿਕ ਡਰੱਗ ਰੈਕੇਟ ਸੀ। ਇਸੇ ਜਾਂਚ ਦੇ ਆਧਾਰ 'ਤੇ ਈਡੀ ਨੇ ਅਕਾਲੀ ਦਲ ਦੇ ਸ਼ਕਤੀਸ਼ਾਲੀ ਆਗੂ ਬਿਕਰਮ ਸਿੰਘ ਮਜੀਠੀਆ ਸਣੇ ਕਈ ਹੋਰ ਆਗੂਆਂ (ਜਿਵੇਂ ਸਰਵਣ ਸਿੰਘ ਫਿਲੌਰ ਅਤੇ ਅਵਿਨਾਸ਼ ਚੰਦਰ) ਨੂੰ ਤਲਬ ਕੀਤਾ ਸੀ। ਹਾਲਾਂਕਿ ਇਹ ਜਾਂਚ ਅਕਾਲੀ ਦਲ ਤੋਂ ਸ਼ੁਰੂ ਹੋਈ ਸੀ, ਪਰ ਹੌਲੀ-ਹੌਲੀ ਇਸ ਦਾ ਘੇਰਾ ਵਧਦਾ ਗਿਆ ਅਤੇ ਇਸ ਵਿੱਚ ਕਾਂਗਰਸੀ ਅਤੇ ਹੁਣ 'ਆਪ' ਆਗੂ ਵੀ ਸ਼ਾਮਲ ਹੁੰਦੇ ਗਏ।

ਈਡੀ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਦੋ ਮੁੱਖ ਪਹਿਲੂ ਉਭਰਦੇ ਹਨ। ਵਿਰੋਧੀ ਧਿਰਾਂ ਇਸ ਨੂੰ ਕੇਂਦਰ ਸਰਕਾਰ ਵੱਲੋਂ ਵਿਰੋਧੀਆਂ ਨੂੰ ਦਬਾਉਣ ਲਈ ਵਰਤਿਆ ਜਾਣ ਵਾਲਾ 'ਹਥਿਆਰ' ਦੱਸਦੀਆਂ ਹਨ, ਖਾਸ ਕਰਕੇ ਚੋਣਾਂ ਦੇ ਨੇੜੇ। ਏਜੰਸੀ ਦਾ ਦਾਅਵਾ ਹੈ ਕਿ ਉਹ ਸਿਰਫ਼ ਵਿੱਤੀ ਬੇਨਿਯਮੀਆਂ ਅਤੇ ਮਨੀ ਲਾਂਡਰਿੰਗ ਦੇ ਸਬੂਤਾਂ ਦੇ ਆਧਾਰ 'ਤੇ ਕੰਮ ਕਰ ਰਹੀ ਹੈ ਤਾਂ ਜੋ ਨਸ਼ੇ ਅਤੇ ਭ੍ਰਿਸ਼ਟਾਚਾਰ ਦੀ ਕਮਾਈ ਨੂੰ ਰੋਕਿਆ ਜਾ ਸਕੇ।

## ਸਾਬਕਾ ਮੰਤਰੀ ਸੰਦੀਪ ਸਿੰਘ 'ਤੇ ਕਸਿਆ ਸ਼ਿਕੰਜਾ

## 'ਜਬਰ-ਜ਼ਨਾਹ ਦੀ ਕੋਸ਼ਿਸ਼' ਦੀ ਧਾਰਾ ਜੋੜਨ ਦੀ ਉੱਠੀ ਮੰਗ

ਚੰਡੀਗੜ੍ਹ-ਹਰਿਆਣਾ ਦੇ ਸਾਬਕਾ ਮੰਤਰੀ ਅਤੇ ਸਾਬਕਾ ਹਾਕੀ ਖਿਡਾਰੀ ਸੰਦੀਪ ਸਿੰਘ ਦੀਆਂ ਕਾਨੂੰਨੀ ਮੁਸ਼ਕਲਾਂ ਵਿੱਚ ਵੱਡਾ ਵਾਧਾ ਹੁੰਦਾ ਨਜ਼ਰ ਆ ਰਿਹਾ ਹੈ। ਚੰਡੀਗੜ੍ਹ ਦੀ ਅਦਾਲਤ ਵਿੱਚ ਯੂਟੀ ਦੇ ਸਰਕਾਰੀ ਵਕੀਲ ਨੇ ਇੱਕ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਹੈ ਕਿ ਸੰਦੀਪ ਸਿੰਘ ਵਿਰੁੱਧ ਦਰਜ ਕੇਸ ਵਿੱਚ ਆਈਪੀਸੀ ਦੀ ਧਾਰਾ 376 (ਜਬਰ-ਜ਼ਨਾਹ ਦੀ ਕੋਸ਼ਿਸ਼) ਅਤੇ ਧਾਰਾ 511 ਨੂੰ ਵੀ ਸ਼ਾਮਲ ਕੀਤਾ ਜਾਵੇ।



ਸਰਕਾਰੀ ਵਕੀਲ ਅਨੁਸਾਰ, ਅਦਾਲਤੀ ਰਿਕਾਰਡ ਅਤੇ ਪੀੜਤਾ ਦੇ ਬਿਆਨ ਮੁਲਜ਼ਮ ਵਿਰੁੱਧ ਸਖ਼ਤ ਕਾਰਵਾਈ ਦੀ ਗਵਾਹੀ ਦਿੰਦੇ ਹਨ: ਪੀੜਤਾ ਵੱਲੋਂ ਅਦਾਲਤ ਵਿੱਚ ਦਿੱਤੀ ਗਈ ਗਵਾਹੀ ਅਤੇ ਧਾਰਾ 164 ਤਹਿਤ ਦਰਜ ਬਿਆਨਾਂ ਤੋਂ ਅਪਰਾਧ ਦੀ ਗੰਭੀਰਤਾ ਸਪੱਸ਼ਟ ਹੁੰਦੀ ਹੈ। ਕਿਉਂਕਿ ਧਾਰਾ 376 ਇੱਕ ਬਹੁਤ ਹੀ ਸੰਗੀਨ ਅਪਰਾਧ ਹੈ, ਇਸ ਲਈ ਵਕੀਲ ਨੇ ਕੇਸ ਨੂੰ ਸੁਣਵਾਈ ਲਈ ਸੈਸ਼ਨ ਕੋਰਟ ਵਿੱਚ ਭੇਜਣ ਦੀ ਬੇਨਤੀ ਕੀਤੀ ਹੈ। ਵਕੀਲ ਨੇ ਕਿਹਾ ਕਿ ਪੀੜਤਾ ਦੀ ਸਪੱਸ਼ਟ ਗਵਾਹੀ ਦੇ ਬਾਵਜੂਦ ਇਹ ਧਾਰਾ ਨਾ ਜੋੜਨਾ ਇੱਕ 'ਕਾਨੂੰਨੀ ਭੁੱਲ' ਹੈ, ਜਿਸ ਨੂੰ ਸੁਧਾਰਨਾ ਨਿਰਪੱਖ ਸੁਣਵਾਈ ਲਈ ਜ਼ਰੂਰੀ ਹੈ।

ਕੀ ਹੈ ਪੂਰਾ ਮਾਮਲਾ?-ਇਹ ਕੇਸ ਇੱਕ ਜੂਨੀਅਰ ਮਹਿਲਾ ਕੋਚ ਦੀ ਸ਼ਿਕਾਇਤ 'ਤੇ 31 ਦਸੰਬਰ 2022 ਨੂੰ ਦਰਜ ਕੀਤਾ ਗਿਆ ਸੀ। ਮਹਿਲਾ ਕੋਚ ਨੇ ਦੋਸ਼ ਲਾਇਆ ਸੀ ਕਿ 1 ਜੁਲਾਈ 2022 ਨੂੰ ਮੰਤਰੀ ਨੇ ਆਪਣੀ ਸਰਕਾਰੀ ਰਿਹਾਇਸ਼ 'ਤੇ ਉਸ ਨਾਲ ਛੇੜਛਾੜ ਕੀਤੀ ਅਤੇ ਵਿਰੋਧ ਕਰਨ 'ਤੇ ਉਸ ਦੀ ਟੀ-ਸ਼ਰਟ ਪਾੜ ਦਿੱਤਾ ਹੈ।

ਪਿਛਲੀ ਸੁਣਵਾਈ ਦੌਰਾਨ ਪੀੜਤਾ ਨੇ ਅਦਾਲਤ ਵਿੱਚ ਆਪਣੇ ਪਾਟੇ ਹੋਏ ਕੱਪੜੇ ਅਤੇ ਮੋਬਾਈਲ ਫ਼ੋਨ ਦੀ ਪਛਾਣ ਕੀਤੀ ਸੀ। ਫਿਲਹਾਲ ਸੰਦੀਪ ਸਿੰਘ ਵਿਰੁੱਧ ਧਾਰਾ 354, 354-ਏ, 354-ਬੀ, 342, 506 ਅਤੇ 509 ਤਹਿਤ ਕੇਸ ਚੱਲ ਰਿਹਾ ਹੈ।

ਦੂਜੇ ਪਾਸੇ, ਸਾਬਕਾ ਮੰਤਰੀ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਝੂਠਾ ਫਸਾਇਆ ਗਿਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਮਹਿਲਾ ਕੋਚ ਦੀਆਂ ਟ੍ਰੇਨਿੰਗ ਅਤੇ ਪੋਸਟਿੰਗ ਸਬੰਧੀ ਮੰਗਾਂ ਪੂਰੀਆਂ ਨਾ ਹੋਣ ਕਾਰਨ ਉਸ ਨੇ ਇਹ ਰੰਜਿਸ਼ਨ ਸ਼ਿਕਾਇਤ ਦਰਜ ਕਰਵਾਈ ਹੈ। ਅਦਾਲਤ ਵੱਲੋਂ ਹੁਣ ਸਰਕਾਰੀ ਵਕੀਲ ਦੀ ਇਸ ਨਵੀਂ ਅਰਜ਼ੀ 'ਤੇ ਦਿੱਤਾ ਜਾਣ ਵਾਲਾ ਫੈਸਲਾ ਇਸ ਕੇਸ ਦਾ ਰੁਖ਼ ਤੈਅ ਕਰੇਗਾ।

## ਪੰਜਾਬ 2027 ਵਿਧਾਨ ਸਭਾ ਚੋਣਾਂ: ਸ਼੍ਰੋਮਣੀ ਅਕਾਲੀ ਦਲ ਨੇ ਵਿੱਢੀ ਮੁਹਿੰਮ, 3 ਹਲਕਾ ਇੰਚਾਰਜਾਂ ਦਾ ਐਲਾਨ



ਜਲੰਧਰ-ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਬਿਗੁਲ ਅਜੇ ਦੂਰ ਹੈ, ਪਰ ਸਿਆਸੀ ਸਰਗਰਮੀਆਂ ਹੁਣੇ ਤੋਂ ਸਿਖਰਾਂ 'ਤੇ ਪਹੁੰਚਣ ਲੱਗੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦੀਆਂ ਤਿਆਰੀਆਂ ਨੂੰ ਮੁੱਖ ਰੱਖਦਿਆਂ ਵੱਡਾ ਕਦਮ ਚੁੱਕਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਤਿੰਨ ਅਹਿਮ ਵਿਧਾਨ ਸਭਾ ਹਲਕਿਆਂ ਲਈ ਹਲਕਾ ਇੰਚਾਰਜਾਂ ਦੀ ਨਿਯੁਕਤੀ ਕਰ ਦਿੱਤੀ ਗਈ ਹੈ।

ਨਵੀਆਂ ਨਿਯੁਕਤੀਆਂ 'ਤੇ ਇੱਕ ਨਜ਼ਰ-ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਸੁਖਬੀਰ ਬਾਦਲ ਨੇ ਹੇਠ ਲਿਖੇ ਆਗੂਆਂ ਨੂੰ ਜ਼ਿੰਮੇਵਾਰੀ ਸੌਂਪੀ ਹੈ:

ਖਡੂਰ ਸਾਹਿਬ: ਬੀਬੀ ਰਮਨਦੀਪ ਕੌਰ ਅਮਰਗੜ੍ਹ: ਜਸਬੀਰ ਸਿੰਘ ਜੱਸੀ (ਮਾਵੀ) ਬਲਾਚੌਰ (ਦੁਆਬਾ): ਸੰਦੀਪ ਚੌਧਰੀ ਟੌਂਸਾ (ਯੂਥ ਅਕਾਲੀ ਦਲ ਦੇ ਆਗੂ)

ਲੋਕਾਂ ਦੇ ਮਸਲੇ ਹੱਲ ਕਰਨ ਦੇ ਨਿਰਦੇਸ਼-ਨਿਯੁਕਤੀ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਆਗੂਆਂ ਨੂੰ ਵਧਾਈ ਦਿੱਤੀ ਅਤੇ ਸਪੱਸ਼ਟ ਕੀਤਾ ਕਿ ਇਹ ਇੱਕ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਹਦਾਇਤ ਕੀਤੀ ਕਿ ਆਗੂ ਹੁਣੇ ਤੋਂ ਮੈਦਾਨ ਵਿੱਚ ਨਿੱਤਰਨ ਅਤੇ ਲੋਕਾਂ ਦੇ ਮਸਲਿਆਂ ਨੂੰ ਡਟ ਕੇ ਹੱਲ ਕਰਨ।

ਰੈਲੀਆਂ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ-ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਸੂਬੇ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਲਈ ਸਰਗਰਮ ਹੈ। ਪਾਰਟੀ ਪ੍ਰਧਾਨ ਵੱਲੋਂ ਹਾਲ ਹੀ ਵਿੱਚ 40 ਵਿਧਾਨ ਸਭਾ ਹਲਕਿਆਂ ਵਿੱਚ ਵਿਸ਼ਾਲ ਰੈਲੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਰੈਲੀਆਂ ਵਿੱਚ ਲੋਕਾਂ ਦੀ ਭਾਰੀ ਸ਼ਮੂਲੀਅਤ ਨੇ ਪਾਰਟੀ ਵਰਕਰਾਂ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ ਹੈ।

ਪੰਜਾਬ ਟਾਈਮਜ਼ ਅਨੁਸਾਰ ਪਾਰਟੀ ਨੂੰ ਮਜ਼ਬੂਤ ਕਰਨ ਲਈ ਨੌਜਵਾਨ ਅਤੇ ਤਜ਼ਰਬੇਕਾਰ ਚਿਹਰਿਆਂ ਨੂੰ ਅੱਗੇ ਲਿਆਂਦਾ ਜਾ ਰਿਹਾ ਹੈ ਤਾਂ ਜੋ 2027 ਦੀਆਂ ਚੋਣਾਂ ਵਿੱਚ ਸ਼ਾਨਦਾਰ ਵਾਪਸੀ ਕੀਤੀ ਜਾ ਸਕੇ।

# ਤੇਲ ਤੇ ਗੈਸ ਸੰਕਟ: "ਜੇ ਜੰਗ ਅੱਜ ਵੀ ਰੁਕ ਜਾਵੇ, ਤਾਂ ਵੀ 2030 ਤੱਕ ਨਹੀਂ ਸੁਧਰਨਗੇ ਹਾਲਾਤ" - ਮਾਹਿਰਾਂ ਦੀ ਚਿਤਾਵਨੀ

## ✪ ਹੋਰਮੁਜ਼ ਵਿਚ 128 ਟੈਂਕਰ ਫਸੇ, ਸਪਲਾਈ ਚੇਨ ਤਬਾਹ ਹੋਣ ਦੀ ਕੰਢੇ !
## ✪ ਭਾਰਤੀ ਟੈਂਕਰ 'ਤੇ ਗੋਲੀਬਾਰੀ, ਹੋਰਮੁਜ਼ ਦਾ ਲਾਂਘਾ ਬਣਿਆ ਜੰਗ ਦਾ ਅਖਾੜਾ

ਨਿਊਯਾਰਕ-ਅਮਰੀਕਾ ਅਤੇ ਇਰਾਨ ਵਿਚਾਲੇ ਵਧਦੇ ਤਣਾਅ ਨੇ ਵਿਸ਼ਵ ਅਰਥਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। 'ਹੋਰਮੁਜ਼ ਸਟ੍ਰੇਟ' ਵਿੱਚ ਜਹਾਜ਼ਾਂ 'ਤੇ ਹਮਲਿਆਂ ਅਤੇ ਅਮਰੀਕਾ ਵੱਲੋਂ ਇਰਾਨੀ ਜਹਾਜ਼ ਜ਼ਬਤ ਕੀਤੇ ਜਾਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਹੁਣ ਏਸ਼ੀਆਈ ਬਾਜ਼ਾਰਾਂ ਵਿੱਚ ਬ੍ਰੈਂਟ ਕਰੂਡ 7 ਫੀਸਦੀ ਦੇ ਉਛਾਲ ਨਾਲ 95.9 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ।

ਤੇਲ ਬਾਜ਼ਾਰ ਵਿੱਚ ਇਹ ਹਲਚਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਅਮਰੀਕੀ ਨੌਸੈਨਾ ਵੱਲੋਂ ਇੱਕ ਇਰਾਨੀ ਕਾਰਗੋ ਜਹਾਜ਼ ਨੂੰ ਜ਼ਬਤ ਕਰਨ ਦੀ ਪੁਸ਼ਟੀ ਕੀਤੀ ਹੈ। ਹੋਰਮੁਜ਼ ਦੇ ਲਾਂਘੇ ਵਿੱਚ ਦੋ ਭਾਰਤੀ ਜਹਾਜ਼ਾਂ 'ਤੇ ਹਮਲੇ ਹੋਏ ਹਨ। ਇੱਕ ਟੈਂਕਰ 'ਤੇ ਗੋਲੀਬਾਰੀ ਕੀਤੀ ਗਈ, ਜਦੋਂ ਕਿ ਦੂਜੇ 'ਤੇ ਅਣਪਛਾਤਾ ਗੋਲਾ ਲੱਗਿਆ। ਇਰਾਨ ਦੇ ਰੈਵੋਲਿਊਸ਼ਨਰੀ ਗਾਰਡਸ ਦੀਆਂ ਦੋ ਗਨਬੋਟਾਂ ਨੇ ਭਾਰਤੀ ਝੰਡੇ ਵਾਲੇ ਤੇਲ ਟੈਂਕਰ 'Sanmar Herald' 'ਤੇ ਗੋਲੀਬਾਰੀ ਕੀਤੀ। ਜਹਾਜ਼ ਦੇ ਕਪਤਾਨ ਅਨੁਸਾਰ, ਇਰਾਨੀ ਕਿਸ਼ਤੀਆਂ ਨੇ ਬਿਨਾਂ ਕਿਸੇ ਚਿਤਾਵਨੀ ਜਾਂ ਰੇਡੀਓ ਸੰਪਰਕ ਦੇ ਗੋਲੀਆਂ ਚਲਾਈਆਂ, ਜਿਸ ਨਾਲ ਜਹਾਜ਼ ਦੇ 'ਬ੍ਰਿਜ' (ਕੰਟਰੋਲ ਰੂਮ) ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਖੁਸ਼ਕਿਸਮਤੀ ਨਾਲ, ਚਾਲਕ ਦਲ ਦੇ ਸਾਰੇ ਮੈਂਬਰ ਸੁਰੱਖਿਅਤ ਰਹੇ। ਇਸ ਘਟਨਾ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਰਾਨੀ ਰਾਜਦੂਤ ਨੂੰ ਤਲਬ ਕਰਕੇ ਸਖ਼ਤ ਵਿਰੋਧ ਦਰਜ ਕਰਵਾਇਆ। ਜਿੱਥੇ ਇਸ ਰਸਤੇ ਤੋਂ ਰੋਜ਼ਾਨਾ ਔਸਤਨ 138 ਜਹਾਜ਼ ਗੁਜ਼ਰਦੇ ਸਨ, ਉੱਥੇ ਹੀ ਸ਼ਨੀਵਾਰ ਨੂੰ ਸਿਰਫ਼ 19-20 ਜਹਾਜ਼ ਹੀ ਲੰਘ ਸਕੇ।



ਇਰਾਨ ਨੇ ਹੋਰਮੁਜ਼ ਦੇ ਲਾਂਘੇ 'ਤੇ ਆਪਣੀ ਪ੍ਰਭੂਸੱਤਾ ਜਤਾਉਂਦੇ ਹੋਏ ਇੱਕ ਨਵੀਂ ਘੋਸ਼ਣਾ ਕੀਤੀ ਹੈ। ਇਰਾਨ ਹੁਣ ਇਸ ਰਸਤੇ ਤੋਂ ਗੁਜ਼ਰਨ ਵਾਲੇ ਤੇਲ ਟੈਂਕਰਾਂ ਤੋਂ 1 ਡਾਲਰ ਪ੍ਰਤੀ ਬੈਰਲ ਦਾ ਟੋਲ ਵਸੂਲੇਗਾ। ਇਹ ਭੁਗਤਾਨ ਸਿਰਫ਼ ਕ੍ਰਿਪਟੋਕਰੰਸੀ ਵਿੱਚ ਲਿਆ ਜਾਵੇਗਾ। ਇਰਾਨ ਦਾ ਤਰਕ ਹੈ ਕਿ ਇਸ ਨਾਲ ਉਹ ਹਥਿਆਰਾਂ ਦੀ ਤਸਕਰੀ ਰੋਕ ਸਕੇਗਾ।

ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਨੇ ਨਾ ਸਿਰਫ਼ ਮਿਡਲ ਈਸਟ (ਮੱਧ ਪੂਰਬ) ਨੂੰ ਦਹਿਲਾ ਦਿੱਤਾ ਹੈ, ਸਗੋਂ ਵਿਸ਼ਵ ਦੀ ਆਰਥਿਕਤਾ ਦੀ ਨੀਂਹ ਵੀ ਹਿਲਾ ਦਿੱਤੀ ਹੈ। ਅੰਤਰਰਾਸ਼ਟਰੀ ਮਾਹਿਰਾਂ ਨੇ ਇੱਕ ਬੇਹੱਦ ਡਰਾਉਣੀ ਭਵਿੱਖਬਾਣੀ ਕਰਦਿਆਂ ਕਿਹਾ ਹੈ ਕਿ ਜੇਕਰ ਇਹ ਜੰਗ ਅੱਜ ਵੀ ਖ਼ਤਮ ਹੋ ਜਾਵੇ, ਤਾਂ ਵੀ ਤੇਲ ਅਤੇ ਗੈਸ ਦੀਆਂ ਕੀਮਤਾਂ ਨੂੰ ਆਮ ਪੱਧਰ 'ਤੇ ਆਉਣ ਲਈ ਸਾਲ 2030 ਤੱਕ ਦਾ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਪਿਛਲੇ 51 ਦਿਨਾਂ ਤੋਂ ਜਾਰੀ ਇਸ ਟਕਰਾਅ ਨੇ ਖਾੜੀ ਦੇਸ਼ਾਂ ਦੇ ਊਰਜਾ ਢਾਂਚੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ:

ਇਰਾਨ ਦਾ ਨੁਕਸਾਨ: ਸਭ ਤੋਂ ਅਹਿਮ 'ਸਾਊਥ ਪਾਰਸ' ਗੈਸ ਫੀਲਡ ਅਤੇ ਰਿਫਾਇਨਰੀਆਂ ਠੱਪ ਹਨ। ਇਨ੍ਹਾਂ ਦੀ ਮੁਰੰਮਤ ਵਿੱਚ 5 ਸਾਲ ਲੱਗ ਸਕਦੇ ਹਨ।

ਕਤਰ ਤੇ ਸਾਊਦੀ ਅਰਬ: ਵਿਸ਼ਵ ਦੀ 20% ਗੈਸ ਸਪਲਾਈ ਕਰਨ ਵਾਲੇ ਕਤਰ ਦੇ 'ਰਾਸ ਲਾਫਾਨ' ਟਰਮੀਨਲ ਅਤੇ ਸਾਊਦੀ ਅਰਬ-ਯੂਏਈ ਦੇ ਮੁੱਖ ਪਲਾਂਟਾਂ 'ਤੇ ਹਮਲਿਆਂ ਕਾਰਨ ਉਤਪਾਦਨ ਰੁਕਿਆ ਹੋਇਆ ਹੈ।

ਦੁਨੀਆ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤੇ ਵਿੱਚ 128 ਤੇਲ ਟੈਂਕਰ ਫਸੇ ਹੋਏ ਹਨ। ਰਸਤਾ ਸਾਫ਼ ਕਰਨ ਵਿੱਚ ਹੀ ਘੱਟੋ-ਘੱਟ 3 ਮਹੀਨੇ ਲੱਗਣਗੇ।

ਰੋਜ਼ਾਨਾ 1.2 ਕਰੋੜ ਬੈਰਲ ਉਤਪਾਦਨ ਪ੍ਰਭਾਵਿਤ

ਮਾਹਿਰਾਂ ਅਨੁਸਾਰ ਮਿਡਲ ਈਸਟ ਵਿੱਚ ਰੋਜ਼ਾਨਾ 1.2 ਕਰੋੜ ਬੈਰਲ ਕੱਚੇ ਤੇਲ ਦਾ ਉਤਪਾਦਨ ਰੁਕ ਗਿਆ ਹੈ। ਤੇਲ ਦੇ ਖੂਹਾਂ ਨੂੰ ਦੁਬਾਰਾ ਚਾਲੂ ਕਰਨਾ ਅਤੇ ਨੁਕਸਾਨੀਆਂ ਪਾਈਪਲਾਈਨਾਂ ਨੂੰ ਠੀਕ ਕਰਨਾ ਇੱਕ ਲੰਬੀ ਅਤੇ ਜਟਿਲ ਪ੍ਰਕਿਰਿਆ ਹੈ, ਜਿਸ ਕਾਰਨ ਸਪਲਾਈ ਚੇਨ ਲੰਬੇ ਸਮੇਂ ਤੱਕ ਪ੍ਰਭਾਵਿਤ ਰਹੇਗੀ।

### ਭਾਰਤ 'ਤੇ ਪੈਣ ਵਾਲਾ ਤਿੱਖਾ ਅਸਰ

ਇਹ ਜੰਗ ਸਿਰਫ਼ ਪੈਟਰੋਲ-ਡੀਜ਼ਲ ਤੱਕ ਸੀਮਤ ਨਹੀਂ ਹੈ, ਇਸ ਦਾ ਅਸਰ ਭਾਰਤੀ ਰਸੋਈ ਅਤੇ ਖੇਤੀ 'ਤੇ ਵੀ ਪਵੇਗਾ:

ਯੂਰੀਆ ਦੀਆਂ ਕੀਮਤਾਂ ਵਿੱਚ 65% ਅਤੇ ਅਮੋਨੀਆ ਵਿੱਚ 40% ਦਾ ਵਾਧਾ ਹੋਇਆ ਹੈ। ਭਾਰਤ ਆਪਣੀ 40% ਖਾਦ ਲਈ ਇਸੇ ਖੇਤਰ 'ਤੇ ਨਿਰਭਰ ਹੈ।

ਖਾਦਾਂ ਦੀ ਕੀਮਤ ਵਧਣ ਨਾਲ ਖਾਣ-ਪੀਣ ਦੀਆਂ ਵਸਤਾਂ ਮਹਿੰਗੀਆਂ ਹੋਣਗੀਆਂ।

ਖਾੜੀ ਦੇਸ਼ਾਂ ਵਿੱਚ ਰਹਿ ਰਹੇ 2 ਕਰੋੜ ਤੋਂ ਵੱਧ ਏਸ਼ੀਆਈ (ਭਾਰਤੀ, ਨੇਪਾਲੀ, ਬੰਗਲਾਦੇਸ਼ੀ) ਸਿੱਧੇ ਖ਼ਤਰੇ ਵਿੱਚ ਹਨ। ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ (Remittance) ਵਿੱਚ 5% ਦੀ ਗਿਰਾਵਟ ਆ ਸਕਦੀ ਹੈ, ਜੋ ਭਾਰਤ ਦੀ ਜੀਡੀਪੀ ਨੂੰ ਪ੍ਰਭਾਵਿਤ ਕਰੇਗੀ।

ਇਹ ਜੰਗ ਸਿਰਫ਼ ਦੋ ਦੇਸ਼ਾਂ ਦੀ ਲੜਾਈ ਨਹੀਂ ਰਹੀ, ਸਗੋਂ ਇਹ ਇੱਕ ਵਿਸ਼ਵਵਿਆਪੀ ਮਾਨਵਤਾਵਾਦੀ ਅਤੇ ਆਰਥਿਕ ਸੰਕਟ ਬਣ ਗਈ ਹੈ, ਜਿਸ ਦੇ ਜ਼ਖ਼ਮ ਭਰਨ ਵਿੱਚ ਅਗਲੇ ਕਈ ਸਾਲ ਲੱਗਣਗੇ। ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਕਈ ਦੇਸ਼ਾਂ ਨੂੰ ਆਪਣੇ ਐਮਰਜੈਂਸੀ ਸਟਾਕ ਕੱਢਣੇ ਪਏ ਹਨ। ਜੇਕਰ ਸਪਲਾਈ ਚੇਨ ਬਹਾਲ ਨਾ ਹੋਈ ਤਾਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਣਗੀਆਂ। ਬਿਜਲੀ ਅਤੇ ਉਤਪਾਦਨ ਲਾਗਤ ਵਧਣ ਨਾਲ ਮਹਿੰਗਾਈ ਹੋਰ ਵਧੇਗੀ। ਵਿਸ਼ਵ ਆਰਥਿਕ ਮੰਦੀ ਦਾ ਖ਼ਤਰਾ ਹੋਰ ਗੰਭੀਰ ਹੋ ਜਾਵੇਗਾ।

# ਲਿਬਨਾਨ ਵਿਖੇ ਯਿਸ਼ੂ ਦੀ ਮੂਰਤੀ ਦੀ ਬੇਅਦਬੀ ਮਗਰੋਂ ਵਧਿਆ ਤਣਾਅ

## ✪ ਇਜ਼ਰਾਈਲੀ ਫ਼ੌਜ ਨੇ ਜਾਂਚ ਦੇ ਦਿੱਤੇ ਹੁਕਮ

ਬੇਰੂਤ-ਮੱਧ ਪੂਰਬ ਵਿੱਚ ਚੱਲ ਰਹੇ ਖ਼ੂਨੀ ਟਕਰਾਅ ਦਰਮਿਆਨ ਹੁਣ ਇੱਕ ਧਾਰਮਿਕ ਵਿਵਾਦ ਨੇ ਹਲਚਲ ਮਚਾ ਦਿੱਤੀ ਹੈ। ਦੱਖਣੀ ਲਿਬਨਾਨ ਤੋਂ ਸਾਹਮਣੇ ਆਈ ਇੱਕ ਤਸਵੀਰ ਨੇ ਵਿਸ਼ਵ ਭਰ ਦੇ ਈਸਾਈ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਇਸ ਤਸਵੀਰ ਵਿੱਚ ਇਜ਼ਰਾਈਲੀ ਰੱਖਿਆ ਬਲ ਦਾ ਇੱਕ ਸਿਪਾਹੀ ਕਥਿਤ ਤੌਰ 'ਤੇ ਹਜ਼ਰਤ ਯਿਸੂ ਮਸੀਹ ਦੀ ਮੂਰਤੀ 'ਤੇ ਹਮਲਾ ਕਰਦਾ ਅਤੇ ਉਸ ਨੂੰ ਨੁਕਸਾਨ ਪਹੁੰਚਾਉਂਦਾ ਦਿਖਾਈ ਦੇ ਰਿਹਾ ਹੈ।

ਰਿਪੋਰਟਾਂ ਅਨੁਸਾਰ, ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਦੱਖਣੀ ਲਿਬਨਾਨ ਵਿੱਚ ਇਜ਼ਰਾਈਲ ਅਤੇ ਹਿਜ਼ਬੁੱਲਾ ਵਿਚਕਾਰ ਤਣਾਅ ਚਰਮ 'ਤੇ ਹੈ। ਜਿਵੇਂ ਹੀ ਇਹ ਫੋਟੋ ਜਨਤਕ ਹੋਈ, ਇਸ ਨੇ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ। ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਨਾਜ਼ੁਕ ਚੱਲ ਰਹੇ ਹਾਲਾਤਾਂ ਵਿੱਚ ਅਜਿਹੀਆਂ ਧਾਰਮਿਕ ਘਟਨਾਵਾਂ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰਦੀਆਂ ਹਨ।

ਵਧਦੇ ਦਬਾਅ ਨੂੰ ਦੇਖਦੇ ਹੋਏ, ਇਜ਼ਰਾਈਲੀ ਫ਼ੌਜ ਨੇ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਆਈਡੀਐਫ ਅਨੁਸਾਰ "ਮੁੱਢਲੀ ਜਾਂਚ ਵਿੱਚ ਪੁਸ਼ਟੀ ਹੋਈ ਹੈ ਕਿ ਤਸਵੀਰ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਆਈਡੀਐਫ ਦਾ ਸਿਪਾਹੀ ਹੈ। ਇਹ ਵਿਹਾਰ ਸਾਡੀ ਫ਼ੌਜ ਦੇ ਮੁੱਲਾਂ ਅਤੇ ਨੈਤਿਕਤਾ ਦੇ ਬਿਲਕੁਲ ਉਲਟ ਹੈ। ਅਸੀਂ ਇਸ ਘਟਨਾ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੇ ਹਾਂ।"



ਫ਼ੌਜ ਨੇ ਇਹ ਵੀ ਭਰੋਸਾ ਦਿੱਤਾ ਹੈ ਕਿ ਦੋਸ਼ੀ ਸਿਪਾਹੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਨੁਕਸਾਨੀ ਗਈ ਮੂਰਤੀ ਨੂੰ ਉਸ ਦੇ ਅਸਲ ਸਥਾਨ 'ਤੇ ਬਹਾਲ ਕਰਨ ਲਈ ਸਥਾਨਕ ਭਾਈਚਾਰੇ ਦੀ ਮਦਦ ਕੀਤੀ ਜਾਵੇਗੀ।

ਧਾਰਮਿਕ ਮਾਮਲਿਆਂ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀਆਂ ਘਟਨਾਵਾਂ ਸਿਰਫ਼ ਦੋ ਦੇਸ਼ਾਂ ਦੀ ਜੰਗ ਨਹੀਂ ਰਹਿ ਜਾਂਦੀਆਂ, ਸਗੋਂ ਇਹ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸਦਭਾਵਨਾ ਨੂੰ ਸੱਟ ਮਾਰਦੀਆਂ ਹਨ। ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਇਸ ਨੂੰ "ਮਨੁੱਖੀ ਅਤੇ ਧਾਰਮਿਕ ਕਦਰਾਂ-ਕੀਮਤਾਂ ਦਾ ਘਾਣ" ਕਰਾਰ ਦਿੱਤਾ ਹੈ।

ਹੁਣ ਸਾਰਿਆਂ ਦੀਆਂ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹਨ ਕਿ ਇਜ਼ਰਾਈਲੀ ਪ੍ਰਸ਼ਾਸਨ ਇਸ ਮਾਮਲੇ ਵਿੱਚ ਕਿੰਨੀ ਤੇਜ਼ੀ ਨਾਲ ਕਾਰਵਾਈ ਕਰਦਾ ਹੈ ਤਾਂ ਜੋ ਹੋਰ ਸੰਪਰਦਾਇਕ ਤਣਾਅ ਨੂੰ ਰੋਕਿਆ ਜਾ ਸਕੇ

# ਜਰਮਨੀ: ਮੋਅਰਸ ਦੇ ਗੁਰਦੁਆਰਾ ਸਾਹਿਬ ’ਚ ਕਮੇਟੀ ਦੇ ਵਿਵਾਦ ਨੂੰ ਲੈ ਕੇ ਖ਼ੂਨੀ ਝੜਪ

## ✪ ਗੋਲੀਆਂ ਤੇ ਕਿਰਪਾਨਾਂ ਚੱਲੀਆਂ, 11 ਜ਼ਖ਼ਮੀ



ਮੋਅਰਸ (ਜਰਮਨੀ)-ਜਰਮਨੀ ਦੇ ਸ਼ਹਿਰ ਮੋਅਰਸ ਸਥਿਤ ਗੁਰਦੁਆਰਾ ਸਿੰਘ ਸਭਾ ਵਿੱਚ ਬੀਤੇ ਐਤਵਾਰ ਨੂੰ ਉਸ ਸਮੇਂ ਭਾਰੀ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਕਬਜ਼ੇ ਅਤੇ ਵਿੱਤੀ ਮਾਮਲਿਆਂ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਹਿੰਸਕ ਟਕਰਾਅ ਹੋ ਗਿਆ। ਇਸ ਖ਼ੂਨੀ ਝੜਪ ਵਿੱਚ ਘੱਟੋ-ਘੱਟ 11 ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ ਕੁੱਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ, ਇਹ ਹਮਲਾ ਪੂਰੀ ਤਰ੍ਹਾਂ ਯੋਜਨਾਬੱਧ ਸੀ। ਹਿੰਸਾ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਹਮਲਾਵਰਾਂ ਨੇ ਪਹਿਲਾਂ ਮਿਰਚ ਸਪਰੇਅ ਦੀ ਵਰਤੋਂ ਕੀਤੀ ਅਤੇ ਫਿਰ ਪਿਸਤੌਲ ਨਾਲ ਫਾਇਰ ਕੀਤੇ। ਦੇਖਦੇ ਹੀ ਦੇਖਦੇ ਗੁਰਦੁਆਰਾ ਸਾਹਿਬ ਦਾ ਪਵਿੱਤਰ ਅਸਥਾਨ ਜੰਗ ਦੇ ਮੈਦਾਨ ਵਿੱਚ ਤਬਦੀਲ ਹੋ ਗਿਆ। ਕਿਰਪਾਨਾਂ ਚੱਲਣ ਕਾਰਨ ਕਈਆਂ ਦੇ ਸਿਰ ’ਤੇ ਗੰਭੀਰ ਸੱਟਾਂ ਲੱਗੀਆਂ ਅਤੇ ਕਈਆਂ ਦੀਆਂ ਪੱਗਾਂ ਵੀ ਲੱਥ ਗਈਆਂ। ਘਟਨਾ ਦੌਰਾਨ ਮੌਜੂਦ ਸੰਗਤ ਵਿੱਚ ਅਫਰਾ-ਤਫਰੀ ਮਚ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਨੰਗੇ ਪੈਰੀਂ ਬਾਹਰ ਵੱਲ ਭੱਜੇ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਰਮਨ ਪੁਲਸ ਨੇ ਤੁਰੰਤ ਮੋਰਚਾ ਸੰਭਾਲਿਆ। ਮੌਕੇ ’ਤੇ 100 ਤੋਂ ਵੱਧ ਪੁਲਸ ਅਧਿਕਾਰੀ, ਜਿਨ੍ਹਾਂ ਵਿੱਚ ਭਾਰੀ ਹਥਿਆਰਾਂ ਨਾਲ ਲੈਸ ਕਮਾਂਡੋ ਵੀ ਸ਼ਾਮਲ ਸਨ, ਤਾਇਨਾਤ ਕੀਤੇ ਗਏ। ਆਸਮਾਨੀ ਨਿਗਰਾਨੀ ਲਈ ਪੁਲਸ ਹੈਲੀਕਾਪਟਰ ਦੀ ਮਦਦ ਲਈ ਗਈ। ਪੁਲਸ ਨੇ ਪੂਰੀ ਇਮਾਰਤ ਨੂੰ ਘੇਰ ਕੇ ਤਲਾਸ਼ੀ ਲਈ। ਮੌਕੇ ਤੋਂ ਕਾਰਤੂਸਾਂ ਦੇ ਖੋਲ ਬਰਾਮਦ ਹੋਏ ਹਨ, ਜਿਨ੍ਹਾਂ ਬਾਰੇ ਸ਼ੱਕ ਹੈ ਕਿ ਉਹ ਕਿਸੇ ਬਲੈਂਕ-ਫਾਇਰਿੰਗ ਹਥਿਆਰ ਦੇ ਹੋ ਸਕਦੇ ਹਨ। ਪੁਲਸ ਨੇ ਹੁਣ ਤੱਕ ਇੱਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ, ਇਹ ਸਾਰਾ ਕਲੇਸ਼ ਗੁਰਦੁਆਰਾ ਸਾਹਿਬ ਦੀ ‘ਗੋਲਕ’ (ਵਿੱਤੀ ਫੰਡ) ਅਤੇ ਕਮੇਟੀ ’ਤੇ ਕਬਜ਼ਾ ਕਰਨ ਨੂੰ ਲੈ ਕੇ ਸੀ। ਸਾਬਕਾ ਕਮੇਟੀ ਮੈਂਬਰਾਂ ਅਤੇ ਮੌਜੂਦਾ ਪ੍ਰਬੰਧਕਾਂ ਵਿਚਾਲੇ ਪੈਸਿਆਂ ਦੇ ਲੈਣ-ਦੇਣ ਅਤੇ ਪ੍ਰਭਾਵ ਸਥਾਪਤ ਕਰਨ ਨੂੰ ਲੈ ਕੇ ਲੰਬੇ ਸਮੇਂ ਤੋਂ ਖਿੱਚੋਤਾਣ ਚੱਲ ਰਹੀ ਸੀ, ਜਿਸ ਨੇ ਐਤਵਾਰ ਨੂੰ ਹਿੰਸਕ ਰੂਪ ਧਾਰਨ ਕਰ ਲਿਆ।


# ਕੈਨੇਡਾ ਵਿੱਚ ਭਾਰਤੀ ਵਿਦਿਆਰਥੀ ਦੇ ਕਾਤਲ ਨੂੰ ਉਮਰ ਕੈਦ

ਟੋਰਾਂਟੋ ਦੀ ਇੱਕ ਅਦਾਲਤ ਨੇ ਭਾਰਤੀ ਵਿਦਿਆਰਥੀ ਕਾਰਤਿਕ ਵਾਸੂਦੇਵ ਦੇ ਕਤਲ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਦੋਸ਼ੀ ਦੀ ਮਾਨਸਿਕ ਵਿਗਾੜ ਕਾਰਨ ਅਪਰਾਧਿਕ ਤੌਰ 'ਤੇ ਜ਼ਿੰਮੇਵਾਰ ਨਾ ਹੋਣ ਦੀ ਦਲੀਲ ਨੂੰ ਰੱਦ ਕਰ ਦਿੱਤਾ। ਇਹ ਜਾਣਕਾਰੀ ਪੀੜਤ ਪਰਿਵਾਰ ਨੇ ਮੰਗਲਵਾਰ ਨੂੰ ਦਿੱਤੀ। 'ਗਲੋਬਲ ਨਿਊਜ਼ ਟੋਰਾਂਟੋ' ਅਨੁਸਾਰ ਜਸਟਿਸ ਜੇਨ ਕੈਲੀ ਦੀ ਪ੍ਰਧਾਨਗੀ ਵਾਲੀ ਟੋਰਾਂਟੋ ਦੀ ਸੁਪੀਰੀਅਰ ਕੋਰਟ ਨੇ ਸੋਮਵਾਰ ਨੂੰ ਰਿਚਰਡ ਐਡਵਿਨ ਨੂੰ 7 ਅਪਰੈਲ ਅਤੇ 9 ਅਪਰੈਲ 2022 ਨੂੰ ਦੋ ਅਣਪਛਾਤੇ ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿੱਚ 'ਫਸਟ-ਡਿਗਰੀ ਮਰਡਰ' ਦੇ ਦੋ ਦੋਸ਼ਾਂ ਵਿੱਚ ਦੋਸ਼ੀ ਪਾਇਆ।

# ਕੋਈ ਵੀ ਦਿਵਸ ਮਨਾਉਣ ਤੀਕਰ ਸੀਮਤ ਨਹੀਂ ਬਲਕਿ ਗੁਰੂਆਂ ਦੇ ਉਦੇਸ਼ਾਂ ‘ਤੇ ਚੱਲਣ ਦੀ ਜਰੂਰਤ ਹੈ

## ਪਾਠਕਾਂ ਦੇ ਪੱਤਰ

ਪਹਿਲਾਂ ਪੰਜਾਬ ਸਰਕਾਰ ਨੇ ਜੋ ਬੇਅਦ-ਬੀ ਬਾਰੇ ਜੋ ਆਮ ਹੋ ਰਹੀ ਹੈ ਕਿਤੇ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿੱਲਰੇ ਹੁੰਦੇ ਹਨ ਕਿਤੇ ਗੁਟਕਾ ਸਾਹਿਬ ਦੀ ਬੇਅਦਬੀ ਹਰ ਤਰ੍ਹਾਂ ਦੀਆਂ ਬੇਅਦਬੀਆਂ ਹੁੰਦੀਆਂ ਹਨ, ਉਨ੍ਹਾਂ ਬਾਰੇ ਪੰਜਾਬ ਸਰਕਾਰ ਨੇ ਅਸੈਂਬਲੀ ਵਿੱਚ ਕਾਨੂੰਨ ਪਾਸ ਕਰ ਦਿੱਤਾ ਹੈ ਕਿ ਜ਼ਿੰਮੇਵਾਰ ਇਨਸਾਨ ਨੂੰ ਉਮਰ ਕੈਦ ਨਾਲ 25 ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ, ਰਾਜਪਾਲ ਸਾਹਿਬ ਨੂੰ ਭੇਜ ਦਿੱਤਾ ਗਿਆ ਹੈ, ਉਹ ਦਸਤਖ਼ਤ ਕਰ ਦਿੰਦਾ ਹੈ ਤਾਂ ਰਾਸ਼ਟਰਪਤੀ ਸਾਹਿਬ ਦੇ ਦਸਤਖ਼ਤਾਂ ਬਾਅਦ ਬਿੱਲ ਬਣ ਜਾਵੇਗਾ, ਫਿਰ ਉਸ ਦਾ ਅਮਲ ਕਿਤਨਾ ਹੁੰਦਾ ਹੈ ਅੱਗੇ ਦੇਖੋ। ਸਾਰੀਆਂ ਸਰਕਾਰਾਂ ਕਹਿ ਰਹੀਆਂ ਸਨ, ਕਾਂਗਰਸ ਪਾਰਟੀ ਜਾਂ ਅਕਾਲੀ ਦਲ-ਭਾਜਪਾ ਦੀ ਸਰਕਾਰ ਕਈ ਵੱਡੇ ਵੱਡੇ ਦਾਅਵੇਦਾਰ ਸਨ, ਸਿਰਫ਼ ਕਾਗਜ਼ੀ ਕਾਰਵਾਈ ਤੀਕਰ ਸੀਮਤ ਰਹੀਆਂ ਪਰ ਅੱਜ ਦੀ ਸਰਕਾਰ ਨੇ ਕਰ ਵਿਖਾ ਦਿੱਤਾ ਹੈ। ਸੋ ਵਧਾਈ ਦੇ ਪਾਤਰ ਹਨ ਮੁੱਖ ਮੰਤਰੀ ਸਾਹਿਬ ਅਤੇ ਉਨ੍ਹਾਂ ਦੀ ਸਰਕਾਰ। ਹੁਣ ਗੱਲ ਕਰੀਏ ਦਿਵਸ ਮਨਾਉਣ ਦੀ, ਅਸੀਂ ਕਿਤਨੀ ਸਦਭਾਵਨਾ ਨਾਲ ਹਰ ਦਿਵਸ ਮਨਾ ਰਹੇ ਹਨ, ਕਿਤਨਾ ਖਰਚ ਹੁੰਦਾ ਹੈ, ਕਿਤਨੇ ਵਰਗ ਨੂੰ ਕੰਮ ਮਿਲਦਾ ਹੈ, ਹਰ ਪਾਸੇ ਤੋਂ ਆਮ ਲੋਕ ਭੀ ਪੈਸਾ ਕਮਾ ਲੈਂਦੇ ਹਨ, ਬੱਸ ਵਾਲੇ, ਟੈਕਸੀ ਵਾਲੇ ਵਗੈਰਾ ਵਗੈਰਾ, ਪਰ ਅਖੀਰ ਵਿੱਚ ਕੀ ਅਸੀਂ ਗੁਰੂ ਦੇ ਉਪਦੇਸ਼ਾਂ ‘ਤੇ ਅਮਲ ਕਰਦੇ ਹਨ, ਸਿਰਫ਼ % ਸੇ 5% ਤੋਂ 10% ਕੁਝ ਅਮਲ ਜਰੂਰ ਕਰਦੇ ਹਨ ਬਾਕੀ ਸਿਰਫ਼ ਜੋੜ ਮੇਲਾ ਆਪਣੇ ਸ਼ੁਗਲ ਤੀਕਰ ਸੀਮਤ ਰੱਖਦੇ ਹਨ, ਅੱਜ ਵਿਸਾਖੀ ਹੈ ਸ਼ਾਮ ਨੂੰ ਗਲਾਸ ਖੜਕ ਜਾਂਦੇ ਹਨ। ਹੋਣਾ ਕੀ ਚਾਹੀਦਾ ਹੈ ਹੁਣ ਵਿਸਾਖੀ ਦਾ ਦਿਹਾੜਾ ਵੱਡੀ ਧੂਮ-ਧਾਮ ਨਾਲ ਮਨਾਇਆ ਹੈ, ਇਸ ਨੂੰ ਮਨਾਉਣ ਦੇ ਕਾਰਣ ਭੀ ਸਭ ਪਤਾ ਹੈ। ਗੁਰੂ ਸਾਹਿਬ ਨੇ ਅੰਮ੍ਰਿਤ ਪਾਨ ਕਰਵਾ ਸਿੱਖਾਂ ਨੂੰ ਸ਼ੇਰ ਬਣਾ ਦਿੱਤਾ, ਸਾਰੇ ਧਰਮ ਦਾ ਮੇਲ ਕਰ ਦਿੱਤਾ, ਸਿੱਖ ਦਾ ਧਰਮ ਇਕੋ ਹੀ ਹੋਵੇਗਾ ਗੁਰੂ ਦਾ ਸਿੱਖ, ਪਰ ਅੱਜ ਭੀ ਅਸੀਂ ਵੱਖਰੇ ਵੱਖਰੇ ਗੁਰੂ ਘਰ ਖੋਲ੍ਹ ਦਿੱਤੇ ਹਨ, ਇਹ ਰਾਮਗੜ੍ਹੀਆਂ ਦਾ ਗੁਰੂ ਘਰ, ਇਹ ਜੱਟਾਂ ਦਾ ਗੁਰੂ ਘਰ ਆਦਿਕ, ਫਿਰ ਗਰੀਬ ਲਈ ਗੋਲਕ, ਗਰੀਬ ਦੀਆਂ ਧੀਆਂ ਭੈਣਾਂ ਦੀ ਰੱਖਿਆ, ਉਨ੍ਹਾਂ ਦੀ ਬਿਮਾਰੀ ਦਾ ਖਰਚ, ਉਨ੍ਹਾਂ ਲਈ ਹਰ ਤਰ੍ਹਾਂ ਸਹਾਈ ਹੋਣਾ ਆਦਿਕ, ਸੱਚ ਬੋਲਣਾ, ਮਾਂ ਭੈਣ ਦੀ ਇੱਜ਼ਤ ਕਰਨੀ, ਈਮਾਨਦਾਰੀ ਦੀ ਕਿਰਤ ਕਰਨੀ, ਦਸਵੰਧ ਕੱਢਣਾ। ਠੱਗੀ ਵਗੈਰਾ ਤੋਂ ਬਚ ਕੇ ਰਹਿਣਾ, ਝੂਠੀ ਗਵਾਈ ਨਹੀਂ ਦੇਣੀ, ਗੁਰੂ ਸਾਹਿਬ ਦੇ 52 ਹੁਕਮ ਹਨ ਉਨ੍ਹਾਂ ਨੂੰ ਮੰਨਣਾ, ਪਰ ਕਰ ਕੀ ਰਹੇ ਹਨ, ਜ਼ਿਆਦਾ ਲਿਖਣਾ ਠੀਕ ਨਹੀਂ। ਉਪਰੋਕਤ ਗਲਤੀ ਮੁਆਫ਼।



ਆਪ ਦਾ ਦਾਸ

-K.Jogi

# * ਚੂੰਢੀਆਂ-ਪੋਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ






*ਨਾਮਧਾਰੀ ਸੰਪਰਦਾ ਦੇ ਠਾਕੁਰ ਦਲੀਪ ਸਿੰਘ ਨੂੰ ਅਦਾਲਤ ਨੇ ਭਗੌੜਾ ਐਲਾਨਿਆ- ਇਕ ਖ਼ਬਰ

-ਵਾਹ ਭਾਈ ਜੀ ਵਾਹ ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ।



*ਭਾਖੜਾ ਬਿਆਸ ਬੋਰਡ ਉੱਤੇ ਪੰਜਾਬ ਅਤੇ ਹਰਿਆਣਾ ਦਾ ਦਬਦਬਾ ਖ਼ਤਮ- ਇਕ ਖ਼ਬਰ

-ਯਾਨੀ ਕਿ ਬਿੱਲੀਆਂ ਦੀ ਰੋਟੀ ਬਾਂਦਰ ਖਾ ਗਿਐ।




*ਪੱਕੇ ਤੌਰ ‘ਤੇ ਹੋਰਮੁਜ਼ ਸਟਰੇਟ ਖੋਲ੍ਹ ਦੇਵਾਂਗੇ- ਟਰੰਪ

-ਬੋਹਲ ਦੀ ਰਾਖੀ ਬੱਕਰਾ।



*ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਉੱਤੇ ਕੀ ਫ਼ਖ਼ਰ ਕੀਤਾ ਜਾਵੇ?- ਗਿ. ਰਘਬੀਰ ਸਿੰਘ

-ਭਾਂਡੇ ਵੇਚ ‘ਤੇ ਅਮਲੀਆ ਯਾਰਾ, ਤੇਰੇ ‘ਤੇ ਕਾਹਦਾ ਮਾਣ ਕਰਾਂ।



*ਬਿਨਾਂ ਸਮਝੌਤੇ ਦੇ ਹੀ ਅਮਰੀਕੀ ਅਤੇ ਈਰਾਨੀ ਵਫ਼ਦ ਪਾਕਿਸਤਾਨ ਤੋਂ ਹੋਏ ਰਵਾਨਾ- ਇਕ ਖ਼ਬਰ

-ਵੀਰਾ ਕੁਝ ਪੁੰਨ ਕਰ ਦੇ, ਘਟਾ ਆਣ ਕੇ ਬਨੇਰੇ ਕੋਲ਼ੋਂ ਮੁੜ ਗਈ।




*ਪੰਜਾਬ ਨੂੰ ਅੰਕੜਿਆਂ ਦੀ ਨਹੀਂ, ਨਸ਼ੇ ਖ਼ਤਮ ਕਰਨ ਲਈ ਨਤੀਜਿਆਂ ਦੀ ਲੋੜ ਹੈ- ਸੁਖਜਿੰਦਰ ਸਿੰਘ ਰੰਧਾਵਾ

-ਮੇਰੇ ਨਰਮ ਕਾਲ਼ਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।

*ਸ਼੍ਰੋਮਣੀ ਕਮੇਟੀ ਦੀਆਂ ਕਮਜ਼ੋਰੀਆਂ ਕਰ ਕੇ ਪੰਜਾਬ ਬਣਿਆ ਡੇਰਿਆਂ ਦਾ ਡੇਰਾ- ਇਕ ਖ਼ਬਰ

-ਮਰ ਜਾਣੇ ਅਮਲੀ ਨੇ ਸਾਰੇ ਪਿੰਡ ‘ਚ ਪੁਆੜੇ ਪਾਏ।




*ਲੋਕ ਸਭਾ ਵਿਚ ਡਿਗਿਆ ਮਹਿਲਾ ਰਾਖਵਾਂਕਰਨ ਬਿੱਲ- ਇਕ ਖ਼ਬਰ

-ਕੰਢੇ ਕੰਢੇ ਹੀਰ ਭਾਲ਼ਦਾ. ਰਾਂਝਾ ਪੱਜ ਮੱਝੀਆਂ ਦਾ ਲਾਵੇ।




*ਅਸੀਂ ਕੇਂਦਰੀ ਏਜੰਸੀਆਂ ਦੀਆਂ ਕਾਰਵਾਈਆਂ ਤੋਂ ਡਰਨ ਵਾਲੇ ਨਹੀਂ- ਭਗਵੰਤ ਮਾਨ

-ਗੱਲ ਸੋਚ ਕੇ ਕਰੀਂ ਜ਼ੈਲਦਾਰਾ, ਅਸਾਂ ਨਹੀਂ ਕਨੌੜ ਝੱਲਣੀ।



*ਬਿੱਲ ਪਾਸ ਨਾ ਹੋਣ ਲਈ ਮੈਂ ਮੁਆਫ਼ੀ ਮੰਗਦਾ ਹਾਂ- ਮੋਦੀ

-ਜੇਠਾ ਵੇ ਮਾਫ਼ ਕਰੀਂ, ਭੁੱਲ ਗਈ ਮੈਂ ਘੁੰਡਣਾ।



*ਕੇਂਦਰ ਸਰਕਾਰ ਵਾਰ-ਵਾਰ ਪੰਜਾਬ ਦੇ ਹੱਕਾਂ ‘ਤੇ ਡਾਕਾ ਮਾਰ ਰਹੀ ਹੈ- ਬਲਤੇਜ ਸਿੰਘ ਪੰਨੂੰ

-ਸਰਵਣ ਵੀਰ ਬਿਨਾਂ, ਮੇਰੀ ਰੁਲ਼ਦੀ ਵਣਾਂ ਵਿਚ ਗੱਠੜੀ

*ਸਮਾਜ ਦਾ ਹਰ ਵਰਗ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀਆਂ ਨੀਤੀਆਂ ਤੋਂ ਪ੍ਰੇਸ਼ਾਨ- ਹਰਿਆਣਾ ਕਾਂਗਰਸ

-ਢਿੱਡ ਛਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।



*ਰਾਜਪਾਲ ਨੇ ਬੇਅਦਬੀ ਸਬੰਧੀ ਸਖ਼ਤ ਸਜ਼ਾਵਾਂ ਵਾਲੇ ਬਿੱਲ ਨੂੰ ਦਿਤੀ ਪ੍ਰਵਾਨਗੀ- ਇਕ ਖ਼ਬਰ

-ਤੈਨੂੰ ਚੰਦ ਦੇ ਬਹਾਨੇ ਦੇਖਾਂ, ਕੋਠੇ ਉੱਤੇ ਆ ਜਾ ਮਿੱਤਰਾ।

==================

# ਪੰਜਾਬ ਅਤੇ ਹਰਿਆਣਾ ਵਿੱਚ ਬੇਰੁਜ਼ਗਾਰੀ ਦਾ ਸੰਕਟ ਵਧਿਆ

## ✪ ਕੌਮੀ ਔਸਤ ਨਾਲੋਂ ਵੱਧ ਹਨ ਅੰਕੜੇ ✪ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਨੌਕਰੀ ਲਈ ਭਟਕਣ ਨੂੰ ਮਜਬੂਰ ਨੌਜਵਾਨ



ਨਵੀਂ ਦਿੱਲੀ-ਪੀਰੀਓਡਿਕ ਲੇਬਰ ਫੋਰਸ ਸਰਵੇ 2025 ਦੀ ਤਾਜ਼ਾ ਰਿਪੋਰਟ ਨੇ ਉੱਤਰੀ ਭਾਰਤ ਦੇ ਦੋ ਪ੍ਰਮੁੱਖ ਸੂਬਿਆਂ, ਪੰਜਾਬ ਅਤੇ ਹਰਿਆਣਾ ਵਿੱਚ ਰੁਜ਼ਗਾਰ ਦੀ ਗੰਭੀਰ ਸਥਿਤੀ ਨੂੰ ਉਜਾਗਰ ਕੀਤਾ ਹੈ। ਰਿਪੋਰਟ ਅਨੁਸਾਰ, ਇਨ੍ਹਾਂ ਦੋਵਾਂ ਰਾਜਾਂ ਵਿੱਚ ਬੇਰੁਜ਼ਗਾਰੀ ਦੀ ਦਰ ਰਾਸ਼ਟਰੀ ਔਸਤ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੈ, ਜੋ ਕਿ ਆਉਣ ਵਾਲੇ ਸਮੇਂ ਲਈ ਇੱਕ ਵੱਡੀ ਸਮਾਜਿਕ ਅਤੇ ਆਰਥਿਕ ਚੁਣੌਤੀ ਵੱਲ ਇਸ਼ਾਰਾ ਕਰਦੀ ਹੈ।

ਦੇਸ਼ ਦੀ ਕੁੱਲ ਬੇਰੁਜ਼ਗਾਰੀ ਦਰ ਜਿੱਥੇ 5.3% ਹੈ, ਉੱਥੇ ਹੀ ਪੰਜਾਬ ਅਤੇ ਹਰਿਆਣਾ ਦੇ ਹਾਲਾਤ ਚਿੰਤਾਜਨਕ ਹਨ:

| ਖੇਤਰ | ਬੇਰੁਜ਼ਗਾਰੀ ਦਰ (%) |
|---|---|
| ਭਾਰਤ (ਕੌਮੀ ਔਸਤ) | 5.3% |
| ਪੰਜਾਬ | 6.7% |
| ਹਰਿਆਣਾ | 6.2% |
| ਪੰਜਾਬ (ਪੇਂਡੂ ਖੇਤਰ) | 7.4% |

ਸਰਵੇਖਣ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਉੱਚ ਸਿੱਖਿਆ ਪ੍ਰਾਪਤ ਨੌਜਵਾਨਾਂ ਨੂੰ ਨੌਕਰੀਆਂ ਲੱਭਣ ਵਿੱਚ ਸਭ ਤੋਂ ਵੱਧ ਮੁਸ਼ਕਲ ਆ ਰਹੀ ਹੈ।

ਪੰਜਾਬ ਦਾ ਹਰ ਪੰਜਵਾਂ ਗ੍ਰੈਜੂਏਟ ਨੌਜਵਾਨ ਬੇਰੁਜ਼ਗਾਰ ਹੈ (20.6% ਬੇਰੁਜ਼ਗਾਰੀ ਦਰ)।

ਹਰਿਆਣਾ ਦੇ ਗ੍ਰੈਜੂਏਟ ਨੌਜਵਾਨਾਂ ਵਿੱਚ ਇਹ ਦਰ 14.1% ਹੈ। ਇਹ ਅੰਕੜੇ ਸਿੱਧ ਕਰਦੇ ਹਨ ਕਿ ਸਿਰਫ਼ ਡਿਗਰੀਆਂ ਹੋਣਾ ਰੁਜ਼ਗਾਰ ਦੀ ਗਰੰਟੀ ਨਹੀਂ ਰਿਹਾ। ਪੋਸਟ-ਗ੍ਰੈਜੂਏਟ ਨੌਜਵਾਨ ਵੀ ਆਪਣੀ ਯੋਗਤਾ ਅਨੁਸਾਰ ਕੰਮ ਨਾ ਮਿਲਣ ਕਾਰਨ ਮਾਨਸਿਕ ਤਣਾਅ ਵਿੱਚ ਹਨ।

### ਸੰਕਟ ਦੇ ਮੁੱਖ ਕਾਰਨ

ਮਾਹਿਰਾਂ ਨੇ ਇਸ ਬੇਰੁਜ਼ਗਾਰੀ ਦੇ ਪਿੱਛੇ ਕਈ ਅਹਿਮ ਕਾਰਨ ਦੱਸੇ ਹਨ।

* ਨੌਜਵਾਨਾਂ ਕੋਲ ਅਕਾਦਮਿਕ ਡਿਗਰੀਆਂ ਤਾਂ ਹਨ, ਪਰ ਆਧੁਨਿਕ ਉਦਯੋਗਾਂ ਦੀ ਲੋੜ ਅਨੁਸਾਰ ਤਕਨੀਕੀ ਅਤੇ ਵਿਹਾਰਕ ਹੁਨਰ ਦੀ ਘਾਟ ਹੈ।

* ਪੰਜਾਬ ਵਿੱਚ ਉਦਯੋਗਿਕ ਵਿਕਾਸ ਦੀ ਰਫ਼ਤਾਰ ਬਹੁਤ ਮੱਠੀ ਹੈ, ਜਿਸ ਕਾਰਨ ਨਵੇਂ ਰੁਜ਼ਗਾਰ ਪੈਦਾ ਨਹੀਂ ਹੋ ਰਹੇ।

* ਨੌਕਰੀਆਂ ਦੀ ਘਾਟ ਕਾਰਨ ਨੌਜਵਾਨ ਖੇਤੀਬਾੜੀ ਜਾਂ ਘੱਟ ਤਨਖਾਹ ਵਾਲੇ ਅਸਥਾਈ ਕੰਮਾਂ ਵਿੱਚ ਫਸੇ ਹੋਏ ਹਨ।

ਰਿਪੋਰਟ ਅਨੁਸਾਰ ਜੇਕਰ ਸਰਕਾਰਾਂ ਨੇ ਸਿਰਫ਼ ਰਵਾਇਤੀ ਸਿੱਖਿਆ ਦੀ ਬਜਾਏ ਹੁਨਰ-ਅਧਾਰਿਤ ਸਿੱਖਿਆ ਅਤੇ ਨਿੱਜੀ ਖੇਤਰ ਵਿੱਚ ਨਿਵੇਸ਼ ਵੱਲ ਤੁਰੰਤ ਧਿਆਨ ਨਾ ਦਿੱਤਾ, ਤਾਂ ਇਹ ਬੇਰੁਜ਼ਗਾਰ ਫ਼ੌਜ ਦੋਵਾਂ ਸੂਬਿਆਂ ਲਈ ਇੱਕ ਵੱਡਾ ਖ਼ਤਰਾ ਬਣ ਸਕਦੀ ਹੈ।

ਪੀਰੀਓਡਿਕ ਲੇਬਰ ਫੋਰਸ ਸਰਵੇ 2025 ਦੀ ਤਾਜ਼ਾ ਇਹ ਰਿਪੋਰਟ ਪੰਜਾਬ ਅਤੇ ਹਰਿਆਣਾ ਸਰਕਾਰਾਂ ਲਈ ਇੱਕ 'ਵੇਕ-ਅੱਪ ਕਾਲ' ਹੈ।

ਲੋੜ ਹੈ ਕਿ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਲਿਆ ਕੇ ਇਸ ਨੂੰ ਉਦਯੋਗਾਂ ਦੇ ਅਨੁਕੂਲ ਬਣਾਇਆ ਜਾਵੇ ਅਤੇ ਸੂਬੇ ਵਿੱਚ ਨਿਵੇਸ਼ ਲਈ ਸਾਜ਼ਗਾਰ ਮਾਹੌਲ ਸਿਰਜਿਆ ਜਾਵੇ ਤਾਂ ਜੋ ਪੜ੍ਹੇ-ਲਿਖੇ ਨੌਜਵਾਨਾਂ ਦੇ ਹੱਥਾਂ ਨੂੰ ਕੰਮ ਮਿਲ ਸਕੇ।

# ਮਨੋਵਿਗਿਆਨ: ਮੌਜੂਦਾ ਪਾਰਟਨਰ ਦੇ ਹੁੰਦਿਆਂ ਵੀ ਕਿਉਂ ਆਉਂਦੀ ਹੈ 'ਐਕਸ' ਦੀ ਯਾਦ ?

## ਜਾਣੋ ਕੀ ਹੈ 'ਸੈਕਸੂਅਲ ਨੌਸਟਾਲਜੀਆ'

ਨਵੀਂ ਦਿੱਲੀ-ਅਕਸਰ ਇਨਸਾਨ ਆਪਣੇ ਵਰਤਮਾਨ ਰਿਸ਼ਤੇ ਵਿੱਚ ਖੁਸ਼ ਹੋਣ ਦੇ ਬਾਵਜੂਦ ਕਦੇ-ਕਦੇ ਪੁਰਾਣੇ ਸਾਥੀ ਜਾਂ ਬੀਤੇ ਹੋਏ ਰੋਮਾਂਟਿਕ ਪਲਾਂ ਦੀਆਂ ਯਾਦਾਂ ਵਿੱਚ ਗੁਆਚ ਜਾਂਦਾ ਹੈ। ਕਈ ਵਾਰ ਇਹ ਅਹਿਸਾਸ ਬੈੱਡਰੂਮ ਤੱਕ ਵੀ ਪਹੁੰਚ ਜਾਂਦਾ ਹੈ। ਮਨੋਵਿਗਿਆਨ ਦੀ ਭਾਸ਼ਾ ਵਿੱਚ ਇਸ ਸਥਿਤੀ ਨੂੰ 'ਸੈਕਸੂਅਲ ਨੌਸਟਾਲਜੀਆ' ਕਿਹਾ ਜਾਂਦਾ ਹੈ।

ਮਨੋਚਿਕਿਤਸਕ ਡਾ. ਸਾਮੰਤ ਦਰਸ਼ੀ (ਡਾਇਰੈਕਟਰ, ਯਥਾਰਥ ਹਸਪਤਾਲ) ਅਨੁਸਾਰ, ਇਹ ਕੇਵਲ ਕਿਸੇ ਵਿਅਕਤੀ ਦੀ ਯਾਦ ਨਹੀਂ ਹੈ, ਸਗੋਂ ਉਨ੍ਹਾਂ ਖ਼ਾਸ ਭਾਵਨਾਵਾਂ ਅਤੇ ਪਲਾਂ ਦੀ ਤੜਫ ਹੈ ਜੋ ਉਸ ਸਮੇਂ ਨਾਲ ਜੁੜੇ ਹੋਏ ਸਨ। ਸਾਡਾ ਦਿਮਾਗ ਇੱਕ ਬਹੁਤ ਹੀ ਦਿਲਚਸਪ ਤਰੀਕੇ ਨਾਲ ਫਿਲਟਰੇਸ਼ਨ ਕਰਦਾ ਹੈ। ਇਹ ਅਤੀਤ ਦੀਆਂ ਕੌੜੀਆਂ ਯਾਦਾਂ, ਲੜਾਈ-ਝਗੜਿਆਂ ਅਤੇ ਦੁੱਖਾਂ ਨੂੰ ਹੌਲੀ-ਹੌਲੀ ਧੁੰਦਲਾ ਕਰ ਦਿੰਦਾ ਹੈ ਅਤੇ ਸਿਰਫ਼ ਮਿੱਠੀਆਂ ਤੇ ਸੁਖਦ ਯਾਦਾਂ ਨੂੰ ਹੀ ਉਭਾਰ ਕੇ ਸਾਹਮਣੇ ਲਿਆਉਂਦਾ ਹੈ। ਸਾਡੇ ਦਿਮਾਗ ਵਿੱਚ ਮੌਜੂਦ 'ਡੋਪਾਮਾਈਨ' ਹਾਰਮੋਨ ਅਤੇ ਯਾਦਦਾਸ਼ਤ ਦਾ ਇਹ ਇਕਪਾਸੜ ਰਵੱਈਆ ਪੁਰਾਣੇ ਸਧਾਰਨ ਅਨੁਭਵਾਂ ਨੂੰ ਵੀ ਬਹੁਤ ਖ਼ਾਸ ਬਣਾ ਕੇ ਪੇਸ਼ ਕਰਦਾ ਹੈ। ਮਨੋਵਿਗਿਆਨੀਆਂ ਅਨੁਸਾਰ, 'ਐਕਸ' ਦੀ ਯਾਦ ਆਉਣ ਦੇ ਮੁੱਖ ਕਾਰਨ ਹੇਠ ਲਿਖੇ ਹੋ ਸਕਦੇ ਹਨ। ਜਦੋਂ ਕੋਈ ਵਿਅਕਤੀ ਆਪਣੇ ਮੌਜੂਦਾ ਰਿਸ਼ਤੇ ਵਿੱਚ ਉਤਸ਼ਾਹ ਜਾਂ ਪਿਆਰ ਦੀ ਕਮੀ ਮਹਿਸੂਸ ਕਰਦਾ ਹੈ। ਅੱਜ ਦੀਆਂ ਮੁਸ਼ਕਲਾਂ ਤੋਂ ਬਚਣ ਲਈ ਦਿਮਾਗ ਅਕਸਰ ਬੀਤੇ ਹੋਏ 'ਸੁਖਦ' ਕੱਲ੍ਹ ਦੀ ਸ਼ਰਨ ਲੈਂਦਾ ਹੈ। ਜੀਵਨ ਵਿੱਚ ਵਧੇਰੇ ਤਣਾਅ ਹੋਣ 'ਤੇ ਇਨਸਾਨ ਉਨ੍ਹਾਂ ਪਲਾਂ ਨੂੰ ਯਾਦ ਕਰਦਾ ਹੈ ਜਿੱਥੇ ਉਹ ਕਦੇ ਸੁਰੱਖਿਅਤ ਜਾਂ ਖੁਸ਼ ਮਹਿਸੂਸ ਕਰਦਾ ਸੀ।

### ਕੀ ਇਹ ਨਾਰਮਲ ਹੈ ?

ਮਾਹਿਰਾਂ ਦਾ ਕਹਿਣਾ ਹੈ ਕਿ ਪੁਰਾਣੀਆਂ ਗੱਲਾਂ ਨੂੰ ਯਾਦ ਕਰਨਾ ਇੱਕ ਸੁਭਾਵਿਕ ਪ੍ਰਕਿਰਿਆ ਹੈ। ਪਰ ਸਮੱਸਿਆ ਉਦੋਂ ਗੰਭੀਰ ਹੋ ਜਾਂਦੀ ਹੈ ਜਦੋਂ ਅਸੀਂ ਆਪਣੇ ਅੱਜ ਦੇ ਜੀਵਨ ਅਤੇ ਮੌਜੂਦਾ ਪਾਰਟਨਰ ਨੂੰ ਅਤੀਤ ਦੇ ਤਰਾਜ਼ੂ 'ਤੇ ਤੋਲਣ ਲੱਗਦੇ ਹਾਂ।ਬੀਤੀਆਂ ਗੱਲਾਂ ਦੀ ਤੁਲਨਾ ਕਰਨ ਦੀ ਬਜਾਏ, ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਤੁਹਾਡੇ ਮੌਜੂਦਾ ਰਿਸ਼ਤੇ ਵਿੱਚ ਕਿਸ ਚੀਜ਼ ਦੀ ਕਮੀ ਹੈ। ਅਤੀਤ ਦੀਆਂ ਯਾਦਾਂ ਨੂੰ ਇੱਕ ਸੁਪਨੇ ਵਾਂਗ ਦੇਖੋ, ਨਾ ਕਿ ਅੱਜ ਦੀ ਹਕੀਕਤ ਨੂੰ ਖ਼ਰਾਬ ਕਰਨ ਵਾਲੇ ਹਥਿਆਰ ਵਜੋਂ।

# ਪ੍ਰੇਮ ਸਬੰਧਾਂ ਦੀ ਰੰਜਿਸ਼ ਨੇ ਧਾਰਿਆ ਖ਼ੂਨੀ ਰੂਪ

## ✪ ਮਾਛੀਵਾੜਾ ਪੁਲਿਸ ਵੱਲੋਂ ਗੋਲ਼ੀ ਚਲਾਉਣ ਵਾਲਾ ਟਰੱਕ ਡਰਾਈਵਰ ਗ੍ਰਿਫ਼ਤਾਰ




ਮਾਛੀਵਾੜਾ ਸਾਹਿਬ-ਮਾਛੀਵਾੜਾ ਪੁਲਿਸ ਨੇ ਪ੍ਰੇਮ ਸਬੰਧਾਂ ਦੀ ਰੰਜਿਸ਼ ਕਾਰਨ ਇੱਕ ਨੌਜਵਾਨ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਨੇ ਮੁਲਜ਼ਮ ਕੋਲੋਂ ਵਾਰਦਾਤ ਵਿੱਚ ਵਰਤਿਆ ਗਿਆ ਨਾਜਾਇਜ਼ ਅਸਲਾ ਵੀ ਬਰਾਮਦ ਕਰ ਲਿਆ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਨਵਰੀ 2026 ਵਿੱਚ ਮੁਲਜ਼ਮ ਹਰਜਿੰਦਰ ਸਿੰਘ (ਨਿਵਾਸੀ ਪੂਨੀਆ, ਨਵਾਂਸ਼ਹਿਰ), ਜੋ ਕਿ ਪੇਸ਼ੇ ਤੋਂ ਟਰੱਕ ਡਰਾਈਵਰ ਹੈ, ਆਪਣੀ ਪ੍ਰੇਮਿਕਾ ਮਨਦੀਪ ਕੌਰ ਦੇ ਘਰ ਗਿਆ ਸੀ। ਉੱਥੇ ਦੋਵਾਂ ਵਿਚਾਲੇ ਝਗੜਾ ਹੋ ਗਿਆ, ਜਿਸ ਤੋਂ ਬਾਅਦ ਮਨਦੀਪ ਕੌਰ ਨੇ ਆਪਣੇ ਨਵੇਂ ਦੋਸਤ ਬਿਕਰਮਜੀਤ ਸਿੰਘ (ਨਿਵਾਸੀ ਬਾਲਿਓਂ) ਨੂੰ ਉੱਥੇ ਬੁਲਾ ਲਿਆ। ਇਸ ਗੱਲ ਤੋਂ ਗੁੱਸੇ ਵਿੱਚ ਆਏ ਹਰਜਿੰਦਰ ਸਿੰਘ ਨੇ ਬਿਕਰਮਜੀਤ ਦੇ ਪੱਟ ਵਿੱਚ ਗੋਲ਼ੀ ਮਾਰ ਦਿੱਤੀ ਅਤੇ ਮੌਕੇ ਤੋਂ ਫ਼ਰਾਰ ਹੋ ਗਿਆ।

ਪੁਲਿਸ ਜਾਂਚ ਮੁਤਾਬਕ ਵਾਰਦਾਤ ਦੀ ਮੁੱਖ ਵਜ੍ਹਾ ਪੁਰਾਣੀ ਰੰਜਿਸ਼ ਸੀ। ਮਨਦੀਪ ਕੌਰ ਦੇ ਪਹਿਲਾਂ ਹਰਜਿੰਦਰ ਸਿੰਘ ਨਾਲ ਸਬੰਧ ਸਨ ਅਤੇ ਉਸ ਦਾ ਘਰ ਆਉਣਾ-ਜਾਣਾ ਸੀ। ਬਾਅਦ ਵਿੱਚ ਮਨਦੀਪ ਕੌਰ ਦੀ ਦੋਸਤੀ ਬਿਕਰਮਜੀਤ ਸਿੰਘ ਨਾਲ ਹੋ ਗਈ। ਹਰਜਿੰਦਰ ਸਿੰਘ ਇਸ ਨਵੇਂ ਸਬੰਧ ਤੋਂ ਖ਼ਫ਼ਾ ਸੀ ਅਤੇ ਬਿਕਰਮਜੀਤ ਨੂੰ ਰਸਤੇ ਵਿੱਚੋਂ ਹਟਾਉਣਾ ਚਾਹੁੰਦਾ ਸੀ।


ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਹਰਜਿੰਦਰ ਸਿੰਘ ਨੇ ਇਸ ਹਮਲੇ ਦੀ ਪੂਰੀ ਯੋਜਨਾ ਬਣਾਈ ਹੋਈ ਸੀ। ਉਹ ਵਿਸ਼ੇਸ਼ ਤੌਰ 'ਤੇ ਉੱਤਰ ਪ੍ਰਦੇਸ਼ ਗਿਆ ਅਤੇ ਉੱਥੋਂ 90 ਹਜ਼ਾਰ ਰੁਪਏ ਵਿੱਚ ਇੱਕ .32 ਬੋਰ ਰਿਵਾਲਵਰ ਅਤੇ ਜ਼ਿੰਦਾ ਕਾਰਤੂਸ ਖਰੀਦ ਕੇ ਲਿਆਇਆ। ਪੁਲਿਸ ਨੇ ਮੁਲਜ਼ਮ ਕੋਲੋਂ ਇਹ ਅਸਲਾ ਬਰਾਮਦ ਕਰ ਲਿਆ ਹੈ। ਪੁਲਿਸ ਉਸ ਬੰਦੇ (ਹਥਿਆਰ ਤਸਕਰ) ਨੂੰ ਲੱਭ ਰਹੀ ਹੈ ਜਿਸ ਨੇ ਹਰਜਿੰਦਰ ਨੂੰ ਹਥਿਆਰ ਵੇਚਿਆ ਸੀ, ਤਾਂ ਜੋ ਗੈਰ-ਕਾਨੂੰਨੀ ਅਸਲਾ ਵੇਚਣ ਵਾਲੇ ਪੂਰੇ ਨੈੱਟਵਰਕ ਨੂੰ ਫੜਿਆ ਜਾ ਸਕੇ।

ਪੁਲਿਸ ਇਹ ਦੇਖਣਾ ਚਾਹੁੰਦੀ ਹੈ ਕਿ ਕੀ ਉਸ ਢਾਬੇ ਦਾ ਮਾਲਕ ਵੀ ਇਸ ਧੰਦੇ ਵਿੱਚ ਸ਼ਾਮਲ ਹੈ ਜਾਂ ਸਿਰਫ਼ ਉਸ ਜਗ੍ਹਾ ਦੀ ਵਰਤੋਂ ਸੌਦੇ ਲਈ ਕੀਤੀ ਗਈ ਸੀ। ਮੁਲਜ਼ਮ ਵਿਰੁੱਧ ਕਾਤਲਾਨਾ ਹਮਲੇ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।



MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

Matrimonial advert is only £60 for 4 weeks

UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.

## ਜੀਜੇ 'ਤੇ ਸਾਲੀ ਨੂੰ ਅਗਵਾ ਕਰਨ ਦੇ ਇਲਜ਼ਾਮ; ਇੰਸਟੀਚਿਊਟ ਦੇ ਬਾਹਰੋਂ ਲਾਪਤਾ ਹੋਈ ਮੁਟਿਆਰ

ਲੁਧਿਆਣਾ-ਲੁਧਿਆਣਾ ਦੇ ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੇ ਇੱਕ ਅਜੀਬੋ-ਗਰੀਬ ਮਾਮਲੇ ਵਿੱਚ ਇੱਕ ਵਿਅਕਤੀ ਵਿਰੁੱਧ ਆਪਣੀ ਹੀ ਸਾਲੀ ਨੂੰ ਅਗਵਾ ਕਰਨ ਅਤੇ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪੁਲਸ ਨੇ ਇਹ ਕਾਰਵਾਈ ਲੜਕੀ ਦੇ ਪਿਤਾ ਦੀ ਸ਼ਿਕਾਇਤ 'ਤੇ ਕੀਤੀ ਹੈ। ਸ਼ਿਕਾਇਤਕਰਤਾ ਅਨੁਸਾਰ, ਉਸ ਦੀ 21 ਸਾਲਾ ਬੇਟੀ ਲੁਧਿਆਣਾ ਦੇ ਸਰਾਭਾ ਨਗਰ ਸਥਿਤ ਇੱਕ ਇੰਸਟੀਚਿਊਟ ਵਿੱਚ ਆਰਕੀਟੈਕਟ ਦਾ ਕੋਰਸ ਕਰ ਰਹੀ ਹੈ। ਪਿਤਾ ਨੇ ਦੱਸਿਆ ਕਿ ਉਹ ਆਪਣੀ ਬੇਟੀ ਨੂੰ ਰੋਜ਼ਾਨਾ ਦੀ ਤਰ੍ਹਾਂ ਇੰਸਟੀਚਿਊਟ ਦੇ ਗੇਟ 'ਤੇ ਛੱਡ ਕੇ ਗਏ ਸਨ। ਜਦੋਂ ਉਹ ਸ਼ਾਮ ਨੂੰ ਉਸ ਨੂੰ ਲੈਣ ਵਾਸਤੇ ਵਾਪਸ ਆਏ, ਤਾਂ ਬੇਟੀ ਉੱਥੇ ਮੌਜੂਦ ਨਹੀਂ ਸੀ। ਕਾਫ਼ੀ ਭਾਲ ਕਰਨ ਤੋਂ ਬਾਅਦ ਪਰਿਵਾਰ ਨੂੰ ਸ਼ੱਕ ਹੋਇਆ ਕਿ ਲੜਕੀ ਨੂੰ ਉਸ ਦਾ ਆਪਣਾ ਜੀਜਾ, ਰੋਹਿਤ ਤਿਵਾੜੀ (ਨਿਵਾਸੀ ਨਵਾਂਸ਼ਹਿਰ), ਕਿਧਰੇ ਲੁਕਾ ਕੇ ਆਪਣੀ ਨਾਜਾਇਜ਼ ਹਿਰਾਸਤ ਵਿੱਚ ਰੱਖ ਰਿਹਾ ਹੈ। ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਪੁਲਸ ਨੇ ਮੁਲਜ਼ਮ ਰੋਹਿਤ ਤਿਵਾੜੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਏ.ਐੱਸ.ਆਈ. ਮੋਹਨ ਲਾਲ ਨੇ ਦੱਸਿਆ ਕਿ "ਅਸੀਂ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ। ਮੁਲਜ਼ਮ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਜਲਦ ਹੀ ਲੜਕੀ ਨੂੰ ਬਰਾਮਦ ਕਰ ਲਿਆ ਜਾਵੇਗਾ।"

## ਕੈਨੇਡਾ ਤੋ ਲਾਸ਼ ਭਾਰਤ ਮੰਗਾਉਣ ਲਈ ਰਾਸ਼ਟਰਪਤੀ ਕੋਲ ਲਗਾਈ ਗੁਹਾਰ

ਵੈਨਕੂਵਰ, 21 ਅਪ੍ਰੈਲ (ਮਲਕੀਤ ਸਿੰਘ) – ਪਿਛਲੇ ਦਿਨੀ ਕਨੇਡਾ ਦੀ ਇੱਕ ਝੀਲ ਚ ਡੁੱਬ ਜਾਣ ਕਾਰਨ ਮਾਰੇ ਗਏ ਰਾਜਸਥਾਨ ਦੇ ਨੌਜਵਾਨ ਰਾਘਵ ਸੋਨੀ ਦੀ ਲਾਸ਼ 10 ਦਿਨ ਬੀਤ ਜਾਣ ਦੇ ਬਾਵਜੂਦ ਵੀ ਭਾਰਤ ਨਹੀ ਪਹੁੰਚਾਈ ਜਾ ਸਕੀ ਜਿਸ ਕਾਰਨ ਪਰਿਵਾਰ ਗੰਭੀਰ ਚਿੰਤਾ ਵਿੱਚ ਹੈ ਅਤੇ ਅੰਤਿਮ ਦਰਸ਼ਨ ਲਈ ਤਰਸ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਰਾਜਸਥਾਨ ਦੇ ਚਿੱਤੌੜਗੜ੍ਹ ਜ਼ਿਲ੍ਹੇ ਦੇ ਬੇਗੂੰ ਨਾਲ ਸੰਬੰਧਿਤ ਰਾਘਵ ਸੋਨੀ ਦੀ ਮੌਤ 11 ਅਪ੍ਰੈਲ ਨੂੰ ਕੈਨੇਡਾ ਦੀ ਇੱਕ ਝੀਲ ਦੇ ਪਾਣੀ ਵਿੱਚ ਡੁੱਬਣ ਕਾਰਨ ਹੋਈ ਸੀ।

CHANGE OF NAME

| Please one tick box | NOTE: Please allow 6 weeks for India delivery or 2 weeks for Express Courier |
|---|---|
| ☐ £30 Print in UK only | |
| ☐ £60 Print UK & India | |
| ☐ £85 Print UK & India (Express) | |

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com

TO PAY BY CREDIT CARD TEL: 01332-372851

Account Name: Punjab Times Trust Ltd

Account No: 20853011 Sort Code: 20-25-85

## ਈਰਾਨ ਵਿਚ ਪਹਿਲੀ ਮਹਿਲਾ ਪ੍ਰਦਰਸ਼ਨਕਾਰੀ ਨੂੰ ਫਾਂਸੀ ਦੀ ਤਿਆਰੀ



ਤੇਹਰਾਨ-ਈਰਾਨ ਦੀ ਇਸਲਾਮਿਕ ਸਰਕਾਰ ਵੱਲੋਂ ਦੇਸ਼ ਵਿੱਚ ਹੋਏ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਸਖ਼ਤ ਕਦਮ ਚੁੱਕੇ ਜਾ ਰਹੇ ਹਨ। ਇਸੇ ਤਹਿਤ ਤੇਹਰਾਨ ਦੀ ਇੱਕ ਅਦਾਲਤ ਨੇ ਬੀਤਾ ਹੇਮਤੀ ਨਾਮੀ ਮਹਿਲਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਬੀਤਾ ਇਨ੍ਹਾਂ ਪ੍ਰਦਰਸ਼ਨਾਂ ਦੇ ਸਬੰਧ ਵਿੱਚ ਮੌਤ ਦੀ ਸਜ਼ਾ ਪਾਉਣ ਵਾਲੀ ਦੇਸ਼ ਦੀ ਪਹਿਲੀ ਮਹਿਲਾ ਪ੍ਰਦਰਸ਼ਨਕਾਰੀ ਬਣ ਸਕਦੀ ਹੈ। ਇਸ ਮਾਮਲੇ ਵਿੱਚ ਸਿਰਫ਼ ਬੀਤਾ ਹੀ ਨਹੀਂ, ਸਗੋਂ ਉਸ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਵੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ। ਬੀਤਾ ਹੇਮਤੀ, ਉਸ ਦੇ ਪਤੀ ਮੋਹੰਮਦ ਰੇਜ਼ਾ ਮਜੀਦ ਅਸਲ (34), ਅਤੇ ਦੋ ਹੋਰ ਵਿਅਕਤੀਆਂ- ਬੇਹਰੋਜ਼ ਅਤੇ ਕੁਰੋਸ਼ ਜ਼ਮਾਨੀਨੇਜਾਦ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਬੀਤਾ ਦੇ ਰਿਸ਼ਤੇਦਾਰ ਅਮੀਰ ਹੇਮਤੀ ਨੂੰ 'ਰਾਜ ਵਿਰੋਧੀ ਪ੍ਰਚਾਰ' ਦੇ ਦੋਸ਼ ਵਿੱਚ 6 ਸਾਲ ਦੀ ਕੈਦ ਦਿੱਤੀ ਗਈ ਹੈ।

ਕੀ ਹਨ ਦੋਸ਼ ?-ਨੈਸ਼ਨਲ ਕੌਂਸਲ ਆਫ ਰੇਜ਼ਿਸਟੈਂਸ ਆਫ ਈਰਾਨ ਅਨੁਸਾਰ, ਇਨ੍ਹਾਂ ਪ੍ਰਦਰਸ਼ਨਕਾਰੀਆਂ 'ਤੇ ਬਹੁਤ ਗੰਭੀਰ ਇਲਜ਼ਾਮ ਲਗਾਏ ਗਏ ਹਨ। ਸੁਰੱਖਿਆ ਬਲਾਂ 'ਤੇ ਵਿਸਫੋਟਕਾਂ ਅਤੇ ਹਥਿਆਰਾਂ ਨਾਲ ਹਮਲਾ ਕਰਨਾ। ਇਮਾਰਤਾਂ ਦੀਆਂ ਛੱਤਾਂ ਤੋਂ ਪੱਥਰ ਅਤੇ ਬੋਤਲਾਂ ਸੁੱਟ ਕੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ। ਦੁਸ਼ਮਣ ਦੇਸ਼ਾਂ (ਖਾਸ ਕਰਕੇ ਅਮਰੀਕਾ) ਨਾਲ ਮਿਲ ਕੇ ਰਾਸ਼ਟਰੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਦੀ ਸਾਜ਼ਿਸ਼।

ਪ੍ਰਦਰਸ਼ਨਾਂ ਦਾ ਪਿਛੋਕੜ (ਦਸੰਬਰ 2025 - ਜਨਵਰੀ 2026)-ਈਰਾਨ ਵਿੱਚ ਤਾਜ਼ਾ ਅਸ਼ਾਂਤੀ ਦਸੰਬਰ 2025 ਦੇ ਅਖੀਰ ਵਿੱਚ ਤੇਹਰਾਨ ਦੇ ਬਾਜ਼ਾਰਾਂ ਤੋਂ ਸ਼ੁਰੂ ਹੋਈ ਸੀ। ਵਪਾਰੀਆਂ ਦੀ ਹੜਤਾਲ ਨੇ ਜਲਦੀ ਹੀ ਇੱਕ ਵੱਡੇ ਜਨਤਕ ਅੰਦੋਲਨ ਦਾ ਰੂਪ ਲੈ ਲਿਆ ਸੀ। ਸਰਕਾਰ ਨੇ ਇਸ ਨੂੰ ਦਬਾਉਣ ਲਈ ਭਾਰੀ ਬਲ ਪ੍ਰਯੋਗ ਕੀਤਾ, ਜਿਸ ਵਿੱਚ ਹਜ਼ਾਰਾਂ ਲੋਕ ਜ਼ਖ਼ਮੀ ਹੋਏ ਅਤੇ ਲਗਭਗ 10,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆਸੀ।

ਈਰਾਨ ਵਿੱਚ ਫਾਂਸੀ ਦੀਆਂ ਵਧਦੀਆਂ ਘਟਨਾਵਾਂ-ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਈਰਾਨ ਦੇ ਇਨ੍ਹਾਂ ਫੈਸਲਿਆਂ ਦੀ ਸਖ਼ਤ ਨਿਖੇਧੀ ਕਰ ਰਹੀਆਂ ਹਨ। ਪੰਜਾਬ ਟਾਈਮਜ਼ ਅਨੁਸਾਰ ਸਾਲ 2025 ਵਿੱਚ ਈਰਾਨ ਵਿੱਚ ਕੁੱਲ 1,639 ਲੋਕਾਂ ਨੂੰ ਫਾਂਸੀ ਦਿੱਤੀ ਗਈ, ਜੋ ਕਿ 2024 ਦੇ ਮੁਕਾਬਲੇ 68% ਵੱਧ ਹੈ। ਇਹ ਔਸਤਨ 4 ਫਾਂਸੀਆਂ ਪ੍ਰਤੀ ਦਿਨ ਬਣਦੀ ਹੈ। ਇਹ ਮਾਮਲਾ ਹੁਣ ਵਿਸ਼ਵ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਕਈ ਦੇਸ਼ ਈਰਾਨ ਨੂੰ ਇਨ੍ਹਾਂ ਸਜ਼ਾਵਾਂ 'ਤੇ ਰੋਕ ਲਗਾਉਣ ਦੀ ਅਪੀਲ ਕਰ ਰਹੇ ਹਨ।

## ਦਿਲਜੀਤ ਦੋਸਾਂਝ ਨੂੰ ਮਿਲਾਉਣ ਦੇ ਨਾਂ 'ਤੇ ਵੱਡੀ ਠੱਗੀ

### ✪ ਦੇਹਰਾਦੂਨ ਦੇ ਕਾਰੋਬਾਰੀ ਤੋਂ 1.07 ਕਰੋੜ ਰੁਪਏ ਹੜੱਪੇ



ਦੇਹਰਾਦੂਨ-ਮਸ਼ਹੂਰ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦਾ ਨਾਂ ਵਰਤ ਕੇ ਠੱਗੀ ਮਾਰਨ ਦਾ ਇੱਕ ਵੱਡਾ ਮਾਮਲਾ ਸਾਹਮਣੇ ਆਇਆ ਹੈ। ਦੇਹਰਾਦੂਨ ਵਿੱਚ ਇੱਕ ਨਾਮੀ ਕਾਰੋਬਾਰੀ ਨੂੰ ਨਿਵੇਸ਼ 'ਤੇ ਮੋਟੇ ਮੁਨਾਫੇ ਅਤੇ ਰੈਸਟੋਰੈਂਟ ਦੀ ਪ੍ਰਮੋਸ਼ਨ ਲਈ ਦਿਲਜੀਤ ਦੋਸਾਂਝ ਨੂੰ ਬੁਲਾਉਣ ਦਾ ਝਾਂਸਾ ਦੇ ਕੇ 1.07 ਕਰੋੜ ਰੁਪਏ ਦੀ ਠੱਗੀ ਮਾਰੀ ਗਈ ਹੈ। ਪੀੜਤ ਅਭਿਸ਼ੇਕ ਪਾਰਿਖ (ਵਾਸੀ ਮਸੂਰੀ ਰੋਡ) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਮੁਲਾਕਾਤ ਅੰਕਿਤ ਸਿੰਘ ਰਾਵਤ ਨਾਮ ਦੇ ਵਿਅਕਤੀ ਨਾਲ ਹੋਈ ਸੀ, ਜਿਸ ਨੇ ਖੁਦ ਨੂੰ ਇੱਕ ਵੱਡਾ ਟ੍ਰੇਡਰ ਦੱਸਿਆ। ਮੁਲਜ਼ਮ ਨੇ ਅਭਿਸ਼ੇਕ ਨੂੰ 90 ਲੱਖ ਰੁਪਏ ਨਿਵੇਸ਼ ਕਰਨ 'ਤੇ ਰੋਜ਼ਾਨਾ 1.8 ਲੱਖ ਰੁਪਏ ਮੁਨਾਫਾ ਦੇਣ ਦਾ ਲਾਲਚ ਦਿੱਤਾ। ਭਰੋਸਾ ਜਿੱਤਣ ਲਈ ਸ਼ੁਰੂ ਵਿੱਚ 7.80 ਲੱਖ ਰੁਪਏ ਵਾਪਸ ਵੀ ਕੀਤੇ, ਪਰ ਬਾਅਦ ਵਿੱਚ ਪੈਸੇ ਦੇਣੇ ਬੰਦ ਕਰ ਦਿੱਤੇ। ਮਾਰਚ 2026 ਵਿੱਚ ਜਦੋਂ ਅਭਿਸ਼ੇਕ ਨੇ ਨਵਾਂ ਰੈਸਟੋਰੈਂਟ ਖੋਲ੍ਹਿਆ, ਤਾਂ ਮੁਲਜ਼ਮ ਅੰਕਿਤ ਨੇ ਦਾਅਵਾ ਕੀਤਾ ਕਿ ਉਸ ਦੀ ਦਿਲਜੀਤ ਦੋਸਾਂਝ ਨਾਲ ਚੰਗੀ ਪਛਾਣ ਹੈ। ਉਸ ਨੇ ਗਾਇਕ ਨੂੰ ਰੈਸਟੋਰੈਂਟ ਦੇ ਉਦਘਾਟਨ 'ਤੇ ਬੁਲਾਉਣ ਦੇ ਬਦਲੇ 24 ਲੱਖ ਰੁਪਏ ਅਤੇ ਫਲਾਈਟ-ਹੋਟਲ ਬੁਕਿੰਗ ਦੇ ਨਾਂ 'ਤੇ ਡੇਢ ਲੱਖ ਰੁਪਏ ਹੋਰ ਵਸੂਲ ਲਏ।

ਜਦੋਂ ਕਾਫੀ ਸਮਾਂ ਬੀਤ ਜਾਣ 'ਤੇ ਵੀ ਨਾ ਤਾਂ ਦਿਲਜੀਤ ਦੋਸਾਂਝ ਆਏ ਅਤੇ ਨਾ ਹੀ ਨਿਵੇਸ਼ ਕੀਤੇ ਪੈਸੇ ਵਾਪਸ ਮਿਲੇ, ਤਾਂ ਪੀੜਤ ਨੂੰ ਆਪਣੇ ਨਾਲ ਹੋਈ ਠੱਗੀ ਦਾ ਅਹਿਸਾਸ ਹੋਇਆ।

ਕੁੱਲ ਠੱਗੀ: 1,15,50,000 ਰੁਪਏ (ਜਿਸ ਵਿੱਚੋਂ 7.80 ਲੱਖ ਵਾਪਸ ਮਿਲੇ)।

ਦਰਜ ਮਾਮਲਾ: ਦੇਹਰਾਦੂਨ ਦੀ ਰਾਜਪੁਰ ਪੁਲਿਸ ਨੇ ਕੰਪਨੀ (MS ADR ਟ੍ਰੇਡਰਜ਼) ਅਤੇ ਅੰਕਿਤ ਰਾਵਤ ਸਮੇਤ ਚਾਰ ਲੋਕਾਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਵੱਡੇ ਨਿਵੇਸ਼ ਜਾਂ ਸੈਲੀਬ੍ਰਿਟੀ ਬੁਕਿੰਗ ਵਰਗੇ ਮਾਮਲਿਆਂ ਵਿੱਚ ਸਿੱਧਾ ਸੰਪਰਕ ਜਾਂ ਪੂਰੀ ਪੜਤਾਲ ਕੀਤੇ ਬਿਨਾਂ ਪੈਸੇ ਦਾ ਲੈਣ-ਦੇਣ ਨਾ ਕਰਨ।

# ਭਾਰਤੀ ਮੂਲ ਦੀ ਕਰਿਸ਼ਮਾ ਵਿਜੇ ਨੇ ਯੂ ਕੇ ਦਾ ਰਿਐਲਿਟੀ ਸ਼ੋਅ "ਦ ਅਪ੍ਰੈਂਟਿਸ" ਜਿੱਤਿਆ


ਕਰਿਸ਼ਮਾ ਵਿਜੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਨੇੜਲੇ ਇਲਾਕੇ ਐਸ਼ਫੋਰਡ ਦੀ ਰਹਿਣ ਵਾਲੀ ਭਾਰਤੀ ਮੂਲ ਦੀ ਉੱਦਮੀ ਕਰਿਸ਼ਮਾ ਵਿਜੇ ਨੇ ਯੂ ਕੇ ਰਿਐਲਿਟੀ ਸ਼ੋਅ "ਦ ਅਪ੍ਰੈਂਟਿਸ" 2026 ਐਡੀਸ਼ਨ ਜਿੱਤ ਕੇ ਆਪਣੇ ਕਾਰੋਬਾਰ ਲਈ ਲਾਰਡ ਐਲਨ ਸ਼ੂਗਰ ਦਾ 250,000 ਪੌਂਡ ਦਾ ਨਿਵੇਸ਼ ਸੁਰੱਖਿਅਤ ਕੀਤਾ ਹੈ।

ਦ ਅਪ੍ਰੈਂਟਿਸ ਇੱਕ ਬੀ ਬੀ ਸੀ ਕਾਰੋਬਾਰੀ ਰਿਐਲਿਟੀ ਸ਼ੋਅ ਹੈ ਜਿੱਥੇ ਪ੍ਰਤੀਯੋਗੀ ਕਈ ਹਫ਼ਤਿਆਂ ਤੱਕ ਸਖ਼ਤ ਕਾਰੋਬਾਰੀ ਕੰਮਾਂ ਰਾਹੀਂ ਮੁਕਾਬਲਾ ਕਰਦੇ ਹਨ ਅਤੇ ਇੱਕ ਬ੍ਰਿਟਿਸ਼ ਕਾਰੋਬਾਰੀ ਲਾਰਡ ਸ਼ੂਗਰ ਤੋਂ ਨਿਵੇਸ਼ ਲਈ ਪੈਸਾ ਜਿੱਤਦੇ, ਲਾਰਡ ਸ਼ੂਗਰ 2005 ਤੋਂ ਇਸ ਦੇ ਮੁੱਖ ਜੱਜ ਹਨ।

28 ਸਾਲਾ ਕਰਿਸ਼ਮਾ ਵਿਜੇ ਲੰਡਨ ਦੇ ਇਲਾਕੇ ਐਸ਼ਫੋਰਡ ਦੀ ਜੰਮਪਲ ਹੈ, ਉਸ ਨੇ ਪਾਸਚਾ ਮਾਈਹਿਲ ਨੂੰ ਹਰਾ ਕੇ ਸ਼ੋਅ ਜਿੱਤਿਆ ਹੈ। ਜਿੱਤ ਤੋਂ ਬਾਅਦ ਵਿਜੇ ਨੇ ਕਿਹਾ ਕਿ ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ। ਮੈਂ ਬਹੁਤ ਹੈਰਾਨ ਸੀ। ਵਿਜੇ ਨੇ ਕਿਹਾ ਕਿ ਪ੍ਰਤੀਯੋਗੀਆਂ ਨੂੰ ਨਤੀਜਾ ਜਾਣਨ ਲਈ ਮਹੀਨਿਆਂ ਤੱਕ ਉਡੀਕ ਕਰਨੀ ਪੈਂਦੀ ਹੈ। ਮੈਂ ਨਤੀਜੇ ਤੋਂ ਖੁਸ਼ ਹਾਂ, ਇਸ ਨਾਲ ਮੇਰੀ ਜ਼ਿੰਦਗੀ ਬਦਲ ਗਈ ਹੈ। ਉਸਦੀ ਪ੍ਰਾਪਤੀ ਉਸਦੇ ਪਰਿਵਾਰ ਲਈ ਬਹੁਤ ਮਾਇਨੇ ਰੱਖਦੀ ਸੀ। ਵਿਜੇ ਨੇ ਖੁਲਾਸਾ ਕੀਤਾ ਕਿ ਉਸਦਾ ਪਾਲਣ-ਪੋਸ਼ਣ ਇੱਕ ਰਵਾਇਤੀ ਭਾਰਤੀ ਘਰ ਵਿੱਚ ਇੱਕ ਸਿੰਗਲ ਪਿਤਾ ਦੁਆਰਾ ਕੀਤਾ ਗਿਆ। ਮੇਰੀ ਵੱਡੀ ਭੈਣ ਇੱਕ ਡਾਕਟਰ ਹੈ, ਅਤੇ ਮੈਂ ਦ ਅਪ੍ਰੈਂਟਿਸ ਦੀ ਜੇਤੂ ਹਾਂ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 28

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਪ, ਫ, ਬ, ਭ, ਮ. Some times you need sound modifiers to make the right sound, but we will make just MUKTA words.

ਪਰਮ ਪਰਸ ਪਹਰ ਪਥਰ ਪਰਬਤ
ਫਰਕ ਫਟੜ ਬਜਰ ਬਲਬ ਬਰਤਨ
ਭਗਤ ਭਜਨ ਮਟਰ ਮਹਲ ਮਲਮਲ

Class Exercise : Make three letter words which at least use one of the letters - ਪ, ਫ, ਬ, ਭ, ਮ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 56 Level I

# ਸ੍ਰੀ ਗੁਰੂ ਨਾਨਕ ਦਰਬਾਰ ਸਾਹਿਬ ਵੱਲੋਂ ਗ੍ਰੇਵਜ਼ੈਂਡ ਵਿਖੇ ਖ਼ਾਲਸਾ ਸਾਜਨਾ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਏ ਗਏ

## ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਸਿੱਖ ਰਾਜ ਦੇ ਬਾਨੀ ਬਾਬਾ ਬੰਦਾ ਸਿੰਘ ਬਹਾਦਰ ਦਾ ਵੱਡ ਅਕਾਰੀ ਬੁੱਤ ਸ਼ੁਸ਼ੋਬਿਤ



**ਜਾਰੀ ਕਰਤਾ – ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ**

**Sri Guru Nanak Darbar Gurdwara, Guru Nanak Marg, Gravesend, DA12 1AG. Tel: 01474 350611 / 01474 534121**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਰਾਣੀ ਐਲਿਜ਼ਾਬੇਥ ਦੇ 100ਵੇਂ ਜਨਮਦਿਨ 'ਤੇ ਰਾਜਾ ਚਾਰਲਜ ਤੀਜੇ ਵੱਲੋਂ ਭਾਵੁਕ ਸੰਦੇਸ਼, ਸਮਾਰਕ ਯੋਜਨਾ ਦਾ ਅੰਤਿਮ ਰੂਪ ਤਿਆਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਰਾਜਾ ਚਾਰਲਜ਼ ਤੀਜੇ ਨੇ ਆਪਣੀ ਮਾਤਾ ਰਾਣੀ ਐਲਿਜ਼ਾਬੇਥ ਦੂਜੀ ਦੇ 100ਵੇਂ ਜਨਮਦਿਨ ਮੌਕੇ ਜਾਰੀ ਕੀਤੇ ਸੰਦੇਸ਼ ਵਿਚ ਉਨ੍ਹਾਂ ਦੀ ਜਨਸੇਵਾ, ਅਟੱਲ ਨਿਭਾਅ ਅਤੇ ਲੋਕਾਂ ਪ੍ਰਤੀ ਸਮਰਪਣ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਦੀ ਹਾਲਤ ਦੇਖ ਕੇ ਰਾਣੀ ਗਹਿਰਾਈ ਨਾਲ ਚਿੰਤਤ ਹੋ ਸਕਦੇ ਸਨ। ਉਨ੍ਹਾਂ ਕਿਹਾ ਕਿ ਬਦਲਦੇ ਦੌਰਾਂ ਦੇ ਬਾਵਜੂਦ ਰਾਣੀ ਹਰ ਵੇਲੇ ਮਜ਼ਬੂਤੀ ਨਾਲ ਆਪਣੇ ਫਰਜ਼ 'ਤੇ ਕਾਇਮ ਰਹੇ।

ਰਾਜਾ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਰਾਣੀ ਨੇ ਆਪਣੇ ਜੀਵਨ ਦੌਰਾਨ ਕਈ ਵੱਡੇ ਬਦਲਾਅ ਦੇਖੇ, ਪਰ ਉਹ ਹਮੇਸ਼ਾਂ ਲੋਕਾਂ ਦੀ ਸੇਵਾ ਲਈ ਸਮਰਪਿਤ ਰਹੇ। ਉਨ੍ਹਾਂ ਕਿਹਾ ਕਿ ਰਾਣੀ ਦੀ ਸਥਿਰਤਾ, ਸਹਿਨਸ਼ੀਲਤਾ ਅਤੇ ਲੋਕਾਂ ਨਾਲ ਜੁੜਾਅ ਉਨ੍ਹਾਂ ਦੀ ਸਭ ਤੋਂ ਵੱਡੀ ਖੂਬੀ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰਾਣੀ ਲੋਕਾਂ ਨਾਲ ਛੋਟੀਆਂ ਮੁਲਾਕਾਤਾਂ, ਇਕ ਮੁਸਕਰਾਹਟ ਜਾਂ ਮਿੱਠੇ ਬੋਲ ਰਾਹੀਂ ਲੋਕਾਂ ਦੇ ਦਿਲਾਂ 'ਚ ਖਾਸ ਥਾਂ ਬਣਾ ਲੈਂਦੇ ਸਨ। ਇਸ ਮੌਕੇ ਰਾਜਧਾਨੀ ਦੇ ਸੇਂਟ ਜੇਮਜ਼ ਬਾਗ਼ ਵਿਚ ਬਣਾਏ ਜਾਣ ਵਾਲੇ ਵਿਸ਼ਾਲ ਸਮਾਰਕ ਦਾ ਅੰਤਿਮ ਰੂਪ ਵੀ ਤਿਆਰ ਕਰ ਲਿਆ ਗਿਆ ਹੈ। ਇਸ ਸਮਾਰਕ ਵਿਚ ਰਾਣੀ ਦੀ ਜਵਾਨੀ ਦੇ ਦੌਰ ਦੀ ਕਾਂਸੀ ਦੀ ਮੂਰਤੀ ਸਥਾਪਿਤ ਕੀਤੀ ਜਾਵੇਗੀ, ਜੋ ਉਨ੍ਹਾਂ ਦੇ ਜਨਸੇਵਾ ਵਾਲੇ ਰੂਪ ਨੂੰ ਦਰਸਾਏਗੀ। ਮੂਰਤੀ ਲਗਭਗ ਤਿੰਨ ਮੀਟਰ ਉੱਚੀ ਹੋਵੇਗੀ ਅਤੇ ਇਸਨੂੰ ਉੱਚੇ ਚਬੂਤਰੇ 'ਤੇ ਲਗਾਇਆ ਜਾਵੇਗਾ। ਇਸ ਦੀ ਪ੍ਰੇਰਣਾ ਰਾਣੀ ਦੇ ਪੁਰਾਣੇ ਚਿੱਤਰ ਤੋਂ ਲਈ ਗਈ ਹੈ, ਜਿਸ ਵਿਚ ਉਹ ਸ਼ਾਹੀ ਪਹਿਰਾਵੇ ਵਿਚ ਨਜ਼ਰ ਆਉਂਦੇ ਹਨ। ਸਮਾਰਕ ਯੋਜਨਾ ਵਿਚ ਰਾਣੀ ਦੇ ਜੀਵਨ ਦੇ ਬਾਅਦਲੇ ਸਮੇਂ ਨੂੰ ਦਰਸਾਉਂਦੀ ਇਕ ਅੱਧੀ ਮੂਰਤੀ ਅਤੇ ਉਨ੍ਹਾਂ ਦੇ ਪਤੀ ਪ੍ਰਿੰਸ ਫਿਲਿਪ ਦੀ ਕਾਂਸੀ ਦੀ ਮੂਰਤੀ ਵੀ ਸ਼ਾਮਲ ਹੋਵੇਗੀ। ਇਸਦੇ ਨਾਲ ਹੀ ਬਾਗ਼ ਵਿਚ ਇਕ ਨਵਾਂ ਪੁਲ ਤਿਆਰ ਕੀਤਾ ਜਾਵੇਗਾ, ਜਿਸਦੀ ਬਣਾਵਟ ਰਾਣੀ ਦੇ ਤਾਜ ਤੋਂ ਪ੍ਰੇਰਿਤ ਹੋਵੇਗੀ ਅਤੇ ਇਸ 'ਚ ਕੱਚ ਦੀ ਸੁਰੱਖਿਆ ਕੰਧ ਵੀ ਲਗਾਈ ਜਾਵੇਗੀ।

ਸੂਤਰਾਂ ਮੁਤਾਬਕ ਇਹ ਸਮਾਰਕ ਅਗਲੇ ਦੋ ਸਾਲਾਂ ਵਿਚ ਤਿਆਰ ਹੋ ਜਾਵੇਗਾ ਅਤੇ ਇਹ ਰਾਜ ਮਹਲ ਦੇ ਨੇੜੇ ਇਕ ਮਹੱਤਵਪੂਰਨ ਯਾਦਗਾਰ ਵਜੋਂ ਸਥਾਪਿਤ ਹੋਵੇਗਾ। ਇਸ ਦੇ ਨਾਲ ਹੀ ਇਕ ਵਿਸ਼ੇਸ਼ ਯੋਜਨਾ ਅਧੀਨ ਲੋਕਾਂ ਨੂੰ ਮੌਕਾ ਦਿੱਤਾ ਜਾਵੇਗਾ ਕਿ ਉਹ ਰਾਣੀ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਨ, ਜਿਨ੍ਹਾਂ ਨੂੰ ਇਕ ਇਤਿਹਾਸਕ ਰਿਕਾਰਡ ਵਜੋਂ ਸੰਭਾਲਿਆ ਜਾਵੇਗਾ।

ਇਸ ਮੌਕੇ ਦੇਸ਼ ਭਰ ਵਿਚ ਇਕ ਨਵੀਂ ਭਲਾਈ ਯੋਜਨਾ ਵੀ ਸ਼ੁਰੂ ਕੀਤੀ ਜਾਵੇਗੀ, ਜਿਸ ਰਾਹੀਂ ਸਥਾਨਕ ਪੱਧਰ 'ਤੇ ਲੋਕਾਂ ਨੂੰ ਇਕੱਠਾ ਕਰਨ ਅਤੇ ਸਮਾਜਿਕ ਕੰਮਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਇਹ ਯੋਜਨਾ ਰਾਣੀ ਦੀ ਜਨਸੇਵਾ ਦੀ ਵਿਰਾਸਤ ਨੂੰ ਅੱਗੇ ਵਧਾਉਣ ਵੱਲ ਇਕ ਮਹੱਤਵਪੂਰਨ ਕਦਮ ਮੰਨੀ ਜਾ ਰਹੀ ਹੈ। ਰਾਜਾ ਚਾਰਲਜ਼ ਨੇ ਆਪਣੇ ਸੰਦੇਸ਼ ਦੇ ਅੰਤ ਵਿਚ ਕਿਹਾ ਕਿ ਰਾਣੀ ਹਮੇਸ਼ਾਂ ਆਸ ਅਤੇ ਚੰਗਿਆਈ 'ਤੇ ਵਿਸ਼ਵਾਸ ਕਰਦੇ ਸਨ ਅਤੇ ਉਹ ਮੰਨਦੇ ਸਨ ਕਿ ਚੰਗਿਆਈ ਅਖੀਰਕਾਰ ਜਿੱਤਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਨੂੰ ਸ਼ਾਂਤੀ, ਨਿਆਂ, ਖੁਸ਼ਹਾਲੀ ਅਤੇ ਸੁਰੱਖਿਆ ਦੇ ਅਧਾਰ 'ਤੇ ਮਜ਼ਬੂਤ ਬਣਾਉਣ ਲਈ ਇਕੱਠੇ ਕੰਮ ਕਰਨ।ਰਾਣੀ ਐਲਿਜ਼ਾਬੇਥ ਦੂਜੀ ਦਾ ਜਨਮ 21 ਅਪ੍ਰੈਲ 1926 ਨੂੰ ਲੰਡਨ ਵਿਚ ਹੋਇਆ ਸੀ ਅਤੇ ਉਹਦੇਸ਼ ਦੀ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੀ ਮਹਾਰਾਣੀ ਰਹੇ। ਉਨ੍ਹਾਂ ਦੀ ਯਾਦ ਵਿਚ ਬਣਾਇਆ ਜਾ ਰਿਹਾ ਇਹ ਸਮਾਰਕ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਅਤੇ ਇਤਿਹਾਸਕ ਧਰੋਹਰ ਵਜੋਂ ਜਾਣਿਆ ਜਾਵੇਗਾ।

# ਅਧਿਆਪਕ ਤੇ ਲੱਗੇ ਗੋਦ ਲਏ ਬੱਚੇ ਨਾਲ ਜ਼ਿਆਦਤੀ ਕਰਨ ਅਤੇ ਜਾਨੋਂ ਮਾਰਨ ਦੇ ਗੰਭੀਰ ਦੇ ਦੋਸ਼

ਲੈਸਟਰ -(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਵਿੱਚ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ 13 ਮਹੀਨੇ ਦੇ ਛੋਟੇ ਬੱਚੇ ਦੀ ਮੌਤ ਦੇ ਮਾਮਲੇ 'ਚ ਉਸ ਨੂੰ ਗੋਦ ਲੈ ਰਹੇ ਅਧਿਆਪਕ 'ਤੇ ਹੱਤਿਆ ਅਤੇ ਜ਼ਿਆਦਤੀ ਦੇ ਗੰਭੀਰ ਦੋਸ਼ ਲੱਗੇ ਹਨ। ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਜੇਮੀ ਵਾਰਲੇ ਨਾਂ ਦਾ 37 ਸਾਲਾ ਅਧਿਆਪਕ ਆਪਣੇ ਸਾਥੀ ਨਾਲ ਮਿਲ ਕੇ ਬੱਚੇ ਪ੍ਰੈਸਟਨ ਡੇਵੀ ਨੂੰ ਗੋਦ ਲਿਆ ਸੀ। ਦੋਸ਼ ਹੈ ਕਿ ਉਸ ਨੇ ਬੱਚੇ ਨਾਲ ਲਗਾਤਾਰ ਕੁੱਟ ਮਾਰ ਅਤੇ ਬੁਰਾ ਵਤੀਰਾ ਕੀਤਾ। ਇਥੋਂ ਤੱਕ ਕਿ ਉਸ ਨੇ ਬੱਚੇ ਦੀਆਂ ਗਲਤ ਤਸਵੀਰਾਂ ਅਤੇ ਵੀਡੀਓ ਵੀ ਬਣਾਈਆਂ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਵਾਰਲੇ ਨੇ ਇਕ ਸਾਥੀ ਨੂੰ ਪਹਿਲਾਂ ਹੀ ਕਿਹਾ ਸੀ ਕਿ ਉਸ ਨੂੰ ਬੱਚੇ ਬਾਰੇ ਡਰਾਉਣੇ ਖਿਆਲ ਆਉਂਦੇ ਹਨ, ਜਿਵੇਂ ਉਸ ਨੂੰ ਡੁੱਬੋਣ ਜਾਂ ਸਾਹ ਰੋਕਣ ਦੇ। ਹਾਲਾਂਕਿ ਉਸ ਨੇ ਕਿਹਾ ਸੀ ਕਿ ਉਹ ਇਹ ਨਹੀਂ ਕਰੇਗਾ।ਮਾਮਲੇ 'ਚ ਦੱਸਿਆ ਗਿਆ ਕਿ ਬੱਚੇ ਦੀ ਮੌਤ ਸਾਹ ਰੁਕਣ ਕਾਰਨ ਹੋਈ, ਜੋ ਹੱਥ ਜਾਂ ਕਿਸੇ ਕਪੜੇ ਨਾਲ ਮੂੰਹ ਬੰਦ ਕਰਨ ਜਾਂ ਕਿਸੇ ਚੀਜ਼ ਨੂੰ ਮੂੰਹ ਵਿੱਚ ਪਾਉਣ ਨਾਲ ਹੋ ਸਕਦੀ ਹੈ। ਬੱਚੇ ਦੇ ਸਰੀਰ 'ਤੇ ਕਰੀਬ 40 ਸੱਟਾ ਦੇ ਨਿਸ਼ਾਨ ਮਿਲੇ, ਜਿਨ੍ਹਾਂ 'ਚ ਕਈ ਬਾਹਰੀ ਜ਼ਖ਼ਮ, ਹੱਡੀ ਟੁੱਟਣਾ ਅਤੇ ਅੰਦਰੂਨੀ ਚੋਟਾਂ ਵੀ ਸ਼ਾਮਲ ਹਨ। ਇਹ ਵੀ ਸਾਹਮਣੇ ਆਇਆ ਕਿ ਬੱਚੇ ਨੂੰ ਮੌਤ ਤੋਂ ਪਹਿਲਾਂ ਤਿੰਨ ਵਾਰ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਉਸ ਨੂੰ ਸਾਹ ਲੈਣ ਵਿੱਚ ਦਿੱਕਤ, ਦੌਰੇ ਅਤੇ ਨੱਕ ਵਿੱਚੋਂ ਖੂਨ ਆਉਣ ਵਰਗੀਆਂ ਸਮੱਸਿਆਵਾਂ ਸਨ।ਇਸ ਮਾਮਲੇ ਵਿੱਚ ਵਾਰਲੇ ਦਾ ਸਾਥੀ ਜੌਨ ਮੈਕਗੋਵਨ-ਫ਼ਾਜ਼ਾਕਰਲੇ ਵੀ ਕਟਘਰੇ ਵਿੱਚ ਹੈ।ਉਸ 'ਤੇ ਦੋਸ਼ ਹੈ ਕਿ ਉਸ ਨੂੰ ਬੱਚੇ ਨਾਲ ਹੋ ਰਹੀ ਜ਼ਿਆਦਤੀ ਬਾਰੇ ਪਤਾ ਸੀ, ਪਰ ਉਸ ਨੇ ਕੋਈ ਕਦਮ ਨਹੀਂ ਚੁੱਕਿਆ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਵਾਰਲੇ ਨੇ ਬੱਚੇ ਨਾਲ ਹੋ ਰਹੀ ਜ਼ਿਆਦਤੀ ਦੀਆਂ ਵੀਡੀਓ ਆਪਣੇ ਫ਼ੋਨ 'ਚ ਰਿਕਾਰਡ ਕਰਕੇ ਆਪਣੇ ਸਾਥੀ ਨਾਲ ਸਾਂਝੀਆਂ ਕੀਤੀਆਂ। ਪ੍ਰੋਸਿਕਿਊਸ਼ਨ ਦਾ ਕਹਿਣਾ ਹੈ ਕਿ ਇਹ ਕੋਈ ਹਾਦਸਾ ਨਹੀਂ ਸੀ, ਸਗੋਂ ਸੋਚ ਸਮਝ ਕੇ ਕੀਤਾ ਗਿਆ ਜੁਰਮ ਸੀ।ਦੋਵੇਂ ਮੁਲਜ਼ਮਾਂ ਨੇ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਨੂੰ ਨਕਾਰਿਆ ਹੈ। ਮਾਮਲੇ ਦੀ ਸੁਣਵਾਈ ਜਾਰੀ ਹੈ।

# ਮੰਦਰ ਪ੍ਰਬੰਧਨ ਅਤੇ ਧਾਰਮਿਕ ਅਧਿਕਾਰਾਂ ਨਾਲ ਜੁੜੇ ਮਾਮਲੇ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਮਹੱਤਵਪੂਰਨ ਬਿਆਨ ਸਾਹਮਣੇ ਆਇਆ

ਨਵੀਂ ਦਿੱਲੀ - Supreme Court of India ਵਿੱਚ ਮੰਦਰ ਪ੍ਰਬੰਧਨ ਅਤੇ ਧਾਰਮਿਕ ਅਧਿਕਾਰਾਂ ਨਾਲ ਜੁੜੇ ਮਾਮਲੇ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਮਹੱਤਵਪੂਰਨ ਬਿਆਨ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਸੁਣਵਾਈ ਮੁੱਖ ਨਿਆਂਧੀਸ਼ Chief Justice of India ਦੀ ਅਗਵਾਈ ਹੇਠ ਨੌ ਜੱਜਾਂ ਦੀ ਬੈਂਚ ਕਰ ਰਹੀ ਹੈ, ਜਿਸ ਵਿੱਚ ਕੇਰਲ ਦੇ Sabarimala Temple ਵਿੱਚ ਔਰਤਾਂ ਦੇ ਦਾਖਲੇ ਨਾਲ ਜੁੜੇ ਮਸਲੇ 'ਤੇ ਵੀ ਚਰਚਾ ਹੋ ਰਹੀ ਹੈ।

ਸੁਣਵਾਈ ਦੌਰਾਨ ਅਟਾਰਨੀ ਜਨਰਲ ਨੇ ਅਦਾਲਤ ਨੂੰ ਦੱਸਿਆ ਕਿ ਕੇਂਦਰ ਸਰਕਾਰ ਮੰਦਰਾਂ 'ਤੇ ਸਿੱਧਾ ਕੰਟਰੋਲ ਨਹੀਂ ਚਾਹੁੰਦੀ। ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਆਰਟੀਕਲ 25 ਤਹਿਤ ਰਾਜ ਸਰਕਾਰਾਂ ਨੂੰ ਧਰਮ ਨਾਲ ਜੁੜੀਆਂ ਆਰਥਿਕ, ਪ੍ਰਸ਼ਾਸਕੀ ਅਤੇ ਧਰਮਨਿਰਪੇਖ ਗਤੀਵਿਧੀਆਂ ਨੂੰ ਸੰਭਾਲਣ ਦਾ ਅਧਿਕਾਰ ਹੈ।ਦੇਸ਼ ਭਰ ਵਿੱਚ ਕਈ ਪ੍ਰਸਿੱਧ ਹਿੰਦੂ ਮੰਦਰ ਰਾਜ ਸਰਕਾਰਾਂ ਵੱਲੋਂ ਬਣਾਏ ਬੋਰਡਾਂ ਜਾਂ ਵਿਭਾਗਾਂ ਦੇ ਅਧੀਨ ਚਲਾਏ ਜਾਂਦੇ ਹਨ, ਜਿਵੇਂ ਕਿ Tirupait Balaji Temple, Somnath Temple, Kedarnath Temple, Badrinath Temple, Vaishno Devi Temple Aqy Jagannath Temple

ਸਰਕਾਰੀ ਜਾਣਕਾਰੀ ਅਨੁਸਾਰ ਕੇਰਲ ਵਿੱਚ ਵੱਖ-ਵੱਖ ਦੇਵਸਵੋਮ ਬੋਰਡ ਲਗਭਗ 3,000 ਮੰਦਰਾਂ ਦਾ ਪ੍ਰਬੰਧਨ ਕਰਦੇ ਹਨ, ਜਦਕਿ ਤਮਿਲਨਾਡੂ ਵਿੱਚ ਹਿੰਦੂ ਧਾਰਮਿਕ ਅਤੇ ਚੈਰੀਟੇਬਲ ਐਂਡੋਵਮੈਂਟ ਵਿਭਾਗ 30,000 ਤੋਂ ਵੱਧ ਮੰਦਰਾਂ ਨੂੰ ਸੰਭਾਲਦਾ ਹੈ। ਇਸੇ ਤਰ੍ਹਾਂ ਹੋਰ ਰਾਜਾਂ ਵਿੱਚ ਵੀ ਸਰਕਾਰੀ ਸੰਸਥਾਵਾਂ ਮੰਦਰ ਪ੍ਰਬੰਧਨ ਵਿੱਚ ਭੂਮਿਕਾ ਨਿਭਾ ਰਹੀਆਂ ਹਨ।ਇਸ ਮਾਮਲੇ ਨੇ ਧਾਰਮਿਕ ਸੰਸਥਾਵਾਂ ਦੀ ਸੁਤੰਤਰਤਾ ਅਤੇ ਸਰਕਾਰੀ ਦਖ਼ਲਅੰਦਾਜ਼ੀ ਬਾਰੇ ਵਿਆਪਕ ਚਰਚਾ ਨੂੰ ਜਨਮ ਦਿੱਤਾ ਹੈ। ਅਦਾਲਤ ਵਿੱਚ ਚੱਲ ਰਹੀ ਸੁਣਵਾਈ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਵਿੱਚ ਇਸ ਮਸਲੇ 'ਤੇ ਹੋਰ ਮਹੱਤਵਪੂਰਨ ਫੈਸਲੇ ਆ ਸਕਦੇ ਹਨ।

# ਰੈਕਸ ਹੂਰਮਾਨ ਨੇ 8 ਔਰਤਾਂ ਦੀਆਂ ਹਤਿਆਵਾਂ ਕਰਨ ਦੇ ਦੋਸ਼ਾਂ ਨੂੰ ਕਬੂਲਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਗਿਲਗੋ ਬੀਚ ਸੀਰੀਅਲ ਕਾਤਲ ਰੈਕਸ ਹੂਰਮਾਨ ਨੇ ਅਦਾਲਤ ਵਿੱਚ ਮੰਨਿਆ ਕਿ ਉਸ ਨੇ 2 ਦਹਾਕਿਆਂ ਦੇ ਸਮੇ ਦੌਰਾਨ 8 ਔਰਤਾਂ ਦੀਆਂ ਹੱਤਿਆਵਾਂ ਕੀਤੀਆਂ ਹਨ। ਉਸ ਨੇ ਇਹ ਹੱਤਿਆਵਾਂ 1993 ਤੋਂ 2010 ਦਰਮਿਆਨ ਕੀਤੀਆਂ। ਉਸ ਨੂੰ ਜੂਨ ਵਿਚ ਸਜਾ ਸੁਣਾਈ ਜਾਵੇਗੀ।

ਪਹਿਲਾਂ ਉਹ ਅਦਾਲਤ ਵਿੱਚ ਮੁਕਰ ਗਿਆ ਸੀ ਤੇ ਉਸ ਨੇ ਕਿਹਾ ਸੀ ਕਿ ਉਹ 7 ਔਰਤਾਂ ਦਾ ਕਾਤਲ ਨਹੀਂ ਹੈ ਪਰਤੂੰ ਬੀਤੇ ਦਿਨ ਦਾਇਰ ਨਵੀਂ ਦਰਖਾਸਤ ਵਿੱਚ ਉਸ ਨੇ ਮੰਨਿਆ ਕਿ 7 ਨਹੀਂ ਬਲਕਿ 8 ਔਰਤਾਂ ਦੀ ਹੱਤਿਆ ਕੀਤੀ ਹੈ। ਹੂਰਮਾਨ ਦੀ ਸਾਬਕਾ ਪਤਨੀ ਐਸਾ ਏਲਰੁਪ ਨੇ ਆਪਣੀ ਨਵੀਂ ਦਸਤਾਵੇਜੀ ਫਿਲਮ ਵਿੱਚ ਖੁਲਾਸਾ ਕੀਤਾ ਹੈ ਕਿ ਹੂਰਮਾਨ ਨੇ 7 ਔਰਤਾਂ ਦੀਆਂ ਹੱਤਿਆਵਾਂ ਆਪਣੇ ਘਰ ਵਿੱਚ ਹੀ ਕੀਤੀਆਂ ਹਨ। ਵਿਆਹੁਤਾ ਜੀਵਨ ਵਿੱਚ 27 ਸਾਲ ਹੂਰਮਾਨ ਨਾਲ ਰਹੀ ਏਲਰੁਪ ਅਨੁਸਾਰ ਉਹ ਘਟਨਾਵਾਂ ਨੂੰ ਉਸ ਸਮੇ ਅੰਜਾਮ ਦਿੰਦਾ ਰਿਹਾ ਜਦੋਂ ਉਹ ਕਿਤੇ ਗਈ ਹੁੰਦੀ ਸੀ । ਏਲਰੁਪ ਨੇ 2023 ਵਿੱਚ ਹੂਰਮਾਨ ਦੀ ਗ੍ਰਿਫਤਾਰੀ ਉਪਰੰਤ ਉਸ ਨੂੰ ਤਲਾਕ ਦੇ ਦਿੱਤਾ ਸੀ। ਏਲਰੁਪ ਅਨੁਸਾਰ ਹੂਰਮਾਨ ਨੇ ਉਸ ਕੋਲ ਔਰਤਾਂ ਨੂੰ ਮਾਰਨ ਦੀ ਗੱਲ ਮੰਨੀ ਸੀ।

ਏਲਰੁਪ ਅਨੁਸਾਰ ਉਸ ਸਮੇ ਉਹ ਬਹੁਤ ਪ੍ਰੇਸ਼ਾਨ ਨਜਰ ਆ ਰਿਹਾ ਸੀ। ਜਿਨਾਂ ਔਰਤਾਂ ਦੀਆਂ ਉਸ ਨੇ ਹੱਤਿਆਵਾਂ ਕੀਤੀਆਂ, ਉਨਾਂ ਵਿੱਚ ਮੇਗਨ ਵਾਟਰਮੈਨ (22), ਮੇਲੀਸਾ ਬਰਥੇਲੇਮੀ (24), ਅੰਬਰ ਕੋਸਟੇਲੋ (27), ਮੌਰੀਨ ਬਰੇਨਰਡ-ਬਰਨਸ (25), ਜੈਸਿਕਾ ਟੇਲਰ (20), ਸਾਂਡਰਾ ਕੋਲਟਿਲਾ (28), ਵੇਲਰੀ ਮੈਕ (24) ਤੇ ਕੇਰਨ ਵਰਗਟਾ (34) ਸ਼ਾਮਿਲ ਹਨ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਨਾਂ ਵਿਚੋਂ ਜਿਆਦਾਤਰ ਔਰਤਾਂ ਸੈਕਸ ਵਰਕਰ ਸਨ।

# ਮੋਹਾਲੀ ਰੋਡ ਟੈਂਡਰਾਂ ਵਿੱਚ 912 ਕਰੋੜ ਰੁਪਏ ਦਾ 'ਮਹਾ-ਘਪਲਾ

## ✪ ਮਜੀਠੀਆ ਨੇ ਸਰਕਾਰ ਅਤੇ ਅਫਸਰਸ਼ਾਹੀ ਨੂੰ ਘੇਰਿਆ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਭੂਚਾਲ ਲਿਆ ਦਿੱਤਾ ਹੈ। ਮਜੀਠੀਆ ਨੇ ਮੋਹਾਲੀ ਦੀਆਂ ਸੜਕਾਂ ਦੇ ਨਵੀਨੀਕਰਨ ਲਈ ਜਾਰੀ ਕੀਤੇ ਗਏ 912 ਕਰੋੜ ਰੁਪਏ ਦੇ ਟੈਂਡਰਾਂ ਵਿੱਚ ਵੱਡੇ ਪੱਧਰ 'ਤੇ ਵਿੱਤੀ ਬੇਨਿਯਮੀਆਂ ਤੇ 'ਪਲਾਨਡ ਫਾਇਨੈਂਸ਼ੀਅਲ ਇੰਜੀਨੀਅਰਿੰਗ' ਦੇ ਗੰਭੀਰ ਦੋਸ਼ ਲਾਏ ਹਨ। ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਵੱਲੋਂ ਮੋਹਾਲੀ ਦੀਆਂ ਸੜਕਾਂ ਦੀ ਰੀਸਰਫੇਸਿੰਗ ਲਈ ਇੱਕ ਪ੍ਰੋਜੈਕਟ ਉਲੀਕਿਆ ਗਿਆ ਸੀ। ਮਜੀਠੀਆ ਅਨੁਸਾਰ, ਇਸ ਪ੍ਰੋਜੈਕਟ ਦੇ ਅੰਕੜੇ ਕਈ ਸਵਾਲ ਖੜ੍ਹੇ ਕਰਦੇ ਹਨ:

ਸ਼ੁਰੂਆਤੀ ਲਾਗਤ: 783.46 ਕਰੋੜ
ਬੇਸ ਬਿਡ : 673.99 ਕਰੋੜ
ਅੰਤਿਮ ਟੈਂਡਰ ਰਾਸ਼ੀ: 912.63 ਕਰੋੜ

ਮਜੀਠੀਆ ਨੇ ਸਵਾਲ ਚੁੱਕਿਆ ਕਿ ਜਦੋਂ ਬੇਸ ਬਿਡ ਘੱਟ ਸੀ, ਤਾਂ ਟੈਂਡਰ ਦੀ ਲਾਗਤ ਵਧ ਕੇ 912 ਕਰੋੜ ਰੁਪਏ ਤੱਕ ਕਿਵੇਂ ਪਹੁੰਚ ਗਈ? ਉਨ੍ਹਾਂ ਕਿਹਾ ਕਿ 10 ਤੋਂ 11 ਕਰੋੜ ਰੁਪਏ ਪ੍ਰਤੀ ਕਿਲੋਮੀਟਰ ਦੀ ਲਾਗਤ ਨਾਲ ਸੜਕਾਂ ਬਣਾਉਣਾ ਜਨਤਾ ਦੇ ਪੈਸੇ ਦੀ ਸ਼ਰੇਆਮ ਲੁੱਟ ਹੈ।

ਮਜੀਠੀਆ ਨੇ ਦੋਸ਼ ਲਾਇਆ ਕਿ 'ਹਾਈਬ੍ਰਿਡ ਐਨਿਊਟੀ ਮਾਡਲ' ਦੀ ਆੜ ਵਿੱਚ ਰਾਜ ਦੇ ਖਜ਼ਾਨੇ 'ਤੇ ਅਗਲੇ 10 ਸਾਲਾਂ ਲਈ ਭਾਰੀ ਵਿੱਤੀ ਬੋਝ ਪਾਇਆ ਜਾ ਰਿਹਾ ਹੈ। ਉਨ੍ਹਾਂ ਹੈਰਾਨੀ ਜਤਾਈ ਕਿ ਇਸ ਪ੍ਰੋਜੈਕਟ ਵਿੱਚ ਉਨ੍ਹਾਂ ਸੜਕਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜੋ ਹਾਲ ਹੀ ਵਿੱਚ ਨਵੀਆਂ ਬਣੀਆਂ ਹਨ।



ਸਾਬਕਾ ਮੰਤਰੀ ਨੇ ਸਰਕਾਰ ਦੀ ਨੀਅਤ 'ਤੇ ਸ਼ੱਕ ਜ਼ਾਹਿਰ ਕਰਦਿਆਂ ਕਿਹਾ ਕਿ ਜਦੋਂ ਇਹ ਮਾਮਲਾ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਵਿਚਾਰਧੀਨ ਹੈ, ਤਾਂ ਲੈਟਰ ਆਫ ਐਵਾਰਡ ਜਾਰੀ ਕਰਨ ਦੀ ਇੰਨੀ ਜਲਦੀ ਕੀ ਸੀ? ਜ਼ਿਕਰਯੋਗ ਹੈ ਕਿ ਗਮਾਡਾ ਕਾਂਟ੍ਰੈਕਟਰਜ਼ ਐਸੋਸੀਏਸ਼ਨ ਅਤੇ ਇੱਕ ਰਿਜੈਕਟਡ ਬਿਡਰ ਵੱਲੋਂ ਪਾਈਆਂ ਗਈਆਂ ਦੋ ਰਿਟ ਪਟੀਸ਼ਨਾਂ ਅਜੇ ਵੀ ਅਦਾਲਤ ਵਿੱਚ ਹਨ। ਮਜੀਠੀਆ ਨੇ ਦਾਅਵਾ ਕੀਤਾ ਕਿ ਜਿਸ ਕੰਪਨੀ ਨੂੰ ਇਹ ਟੈਂਡਰ ਦਿੱਤਾ ਗਿਆ ਹੈ। ਉਸ ਵਿਰੁੱਧ ਦੂਜੇ ਰਾਜਾਂ ਵਿੱਚ ਕੇਸ ਦਰਜ ਹਨ। ਧਰਮਪੁਰ ਵਿੱਚ ਪੁਲ ਡਿੱਗਣ ਵਰਗੀਆਂ ਘਟਨਾਵਾਂ ਕਾਰਨ ਕੰਪਨੀ ਦੀ ਕਾਰਗੁਜ਼ਾਰੀ ਪਹਿਲਾਂ ਹੀ ਸ਼ੱਕ ਦੇ ਘੇਰੇ ਵਿੱਚ ਹੈ। ਬਿਕਰਮ ਸਿੰਘ ਮਜੀਠੀਆ ਨੇ ਇਸ ਨੂੰ ਸਿਆਸੀ ਲੀਡਰਸ਼ਿਪ ਅਤੇ ਅਫਸਰਸ਼ਾਹੀ ਦਾ ਗਠਜੋੜ ਕਰਾਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪੰਜਾਬ ਦੇ ਖਜ਼ਾਨੇ ਨੂੰ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ। ਫਿਲਹਾਲ, ਇਸ ਮਾਮਲੇ 'ਤੇ ਸਰਕਾਰ ਜਾਂ ਗਮਾਡਾ ਦੇ ਉੱਚ ਅਧਿਕਾਰੀਆਂ ਵੱਲੋਂ ਕੋਈ ਅਧਿਕਾਰਤ ਪ੍ਰਤੀਕਿਰਿਆ ਆਉਣੀ ਬਾਕੀ ਹੈ।

## ਜਲੰਧਰ ਵਿਚ ਲੁਟਮਾਰ: ਮਨੀ ਐਕਸਚੇਂਜ ਵਿਚ ਵੜ ਕੇ ਲੜਕੀ ਦੀ ਕੁੱਟਮਾਰ, ਦਿਨ-ਦਿਹਾੜੇ ਲੁੱਟੇ 1.09 ਲੱਖ ਰੁਪਏ

ਜਲੰਧਰ-ਮਹਾਨਗਰ ਵਿੱਚ ਲੁਟੇਰਿਆਂ ਦੇ ਹੌਸਲੇ ਇਸ ਕਦਰ ਬੁਲੰਦ ਹਨ ਕਿ ਹੁਣ ਉਹਨਾਂ ਨੂੰ ਪੁਲਸ ਪ੍ਰਸ਼ਾਸਨ ਦਾ ਕੋਈ ਡਰ ਨਹੀਂ ਰਿਹਾ। ਤਾਜ਼ਾ ਮਾਮਲਾ ਪਟੇਲ ਚੌਕ ਦੇ ਨਜ਼ਦੀਕ ਤੋਂ ਸਾਹਮਣੇ ਆਇਆ ਹੈ, ਜਿੱਥੇ ਬੇਖੌਫ ਲੁਟੇਰਿਆਂ ਨੇ ਇੱਕ ਮਨੀ ਐਕਸਚੇਂਜ ਦੀ ਦੁਕਾਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਉੱਥੇ ਕੰਮ ਕਰਦੀ ਲੜਕੀ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ 1.09 ਲੱਖ ਰੁਪਏ ਲੈ ਕੇ ਫ਼ਰਾਰ ਹੋ ਗਏ। 'ਰਾਜ ਟੂਰ ਐਂਡ ਟ੍ਰੈਵਲਜ਼' ਦੇ ਸੰਚਾਲਕ ਉਪਿੰਦਰ ਰਾਜਧਾਨ ਨੇ ਦੱਸਿਆ ਕਿ ਦੁਕਾਨ 'ਤੇ ਕੰਮ ਕਰਨ ਵਾਲੀ ਲੜਕੀ ਇਕੱਲੀ ਸੀ। ਇਸੇ ਦੌਰਾਨ ਦੋ ਨੌਜਵਾਨ, ਜਿਨ੍ਹਾਂ ਨੇ ਮਾਸਕ ਪਾ ਕੇ ਆਪਣੇ ਮੂੰਹ ਢਕੇ ਹੋਏ ਸਨ, ਦੁਕਾਨ ਦੇ ਅੰਦਰ ਦਾਖਲ ਹੋਏ। ਲੁਟੇਰਿਆਂ ਨੇ ਅੰਦਰ ਵੜਦਿਆਂ ਹੀ ਲੜਕੀ 'ਤੇ ਹਮਲਾ ਕਰ ਦਿੱਤਾ ਅਤੇ ਉਸ ਦੀ ਬਾਂਹ ਫੜ ਕੇ ਉਸ ਨਾਲ ਕੁੱਟਮਾਰ ਕੀਤੀ। ਇਸ ਤੋਂ ਬਾਅਦ ਉਹ ਗੱਲੇ ਵਿੱਚ ਪਈ 1 ਲੱਖ 9 ਹਜ਼ਾਰ ਰੁਪਏ ਦੀ ਨਕਦੀ ਲੈ ਕੇ ਰਫੂ-ਚੱਕਰ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਉਹਨਾਂ ਦਾ ਤੀਜਾ ਸਾਥੀ ਬਾਹਰ ਸਕੂਟਰੀ ਸਟਾਰਟ ਕਰਕੇ ਖੜ੍ਹਾ ਸੀ, ਜਿਸ 'ਤੇ ਸਵਾਰ ਹੋ ਕੇ ਤਿੰਨੋਂ ਫ਼ਰਾਰ ਹੋ ਗਏ। ਇਹ ਸਾਰੀ ਵਾਰਦਾਤ ਦੁਕਾਨ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਏ.ਸੀ.ਪੀ. ਸੈਂਟਰਲ ਅਜੇ ਸਿੰਘ ਥਾਣਾ ਨੰਬਰ 2 ਦੀ ਪੁਲਸ ਸੀ.ਆਈ.ਏ. ਸਟਾਫ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਜਾਂਚ ਸ਼ੁਰੂ ਕੀਤੀ। ਜਾਂਚ ਅਧਿਕਾਰੀ ਐੱਸ. ਆਈ. ਰਘੁਬੀਰ ਸਿੰਘ ਨੇ ਦੱਸਿਆ ਕਿ ਪੀੜਤ ਲੜਕੀ ਫਿਲਹਾਲ ਸਦਮੇ ਵਿੱਚ ਹੈ ਅਤੇ ਉਸ ਦੀ ਸਿਹਤ ਠੀਕ ਨਹੀਂ ਹੈ। ਲੜਕੀ ਨੇ ਲਿਖਤੀ ਤੌਰ 'ਤੇ ਦਿੱਤਾ ਹੈ ਕਿ ਉਹ ਆਪਣੇ ਬਿਆਨ ਵੀਰਵਾਰ ਨੂੰ ਦਰਜ ਕਰਵਾਏਗੀ। ਪੁਲਸ ਦਾ ਕਹਿਣਾ ਹੈ ਕਿ ਬਿਆਨ ਦਰਜ ਹੋਣ ਤੋਂ ਬਾਅਦ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਹਾਲਾਂਕਿ, ਪੁਲਸ ਸੀ.ਸੀ.ਟੀ.ਵੀ. ਫੁਟੇਜ ਦੇ ਅਧਾਰ 'ਤੇ ਮੁਲਜ਼ਮਾਂ ਦੀ ਭਾਲ ਵਿੱਚ ਜੁੱਟ ਗਈ ਹੈ।

## ਫਗਵਾੜਾ ਵਿਚ ਸਾਈਬਰ ਠੱਗਾਂ ਦਾ ਵੱਡਾ ਕਾਰਾ

### ✪ ਆਨਲਾਈਨ ਇਨਵੈਸਟਮੈਂਟ ਦੇ ਨਾਂ 'ਤੇ ਕੁੜੀ ਨਾਲ 22.39 ਲੱਖ ਦੀ ਠੱਗੀ



ਫਗਵਾੜਾ-ਪੰਜਾਬ ਵਿੱਚ ਸਾਈਬਰ ਅਪਰਾਧੀਆਂ ਦੇ ਹੌਸਲੇ ਲਗਾਤਾਰ ਵਧਦੇ ਜਾ ਰਹੇ ਹਨ। ਤਾਜ਼ਾ ਮਾਮਲਾ ਫਗਵਾੜਾ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਮੁਟਿਆਰ ਨੂੰ ਮੋਟੀ ਕਮਾਈ ਅਤੇ ਆਨਲਾਈਨ ਇਨਵੈਸਟਮੈਂਟ (ਨਿਵੇਸ਼) ਦਾ ਝਾਂਸਾ ਦੇ ਕੇ ਸ਼ਾਤਰ ਠੱਗਾਂ ਨੇ ਲੱਖਾਂ ਰੁਪਏ ਦਾ ਚੂਨਾ ਲਗਾਇਆ ਹੈ। ਪੀੜਤ ਲੜਕੀ ਦੀ ਪਛਾਣ ਸ਼ਵੇਤਾ (ਪੁੱਤਰੀ ਰਾਕੇਸ਼ ਸ਼ਰਮਾ), ਨਿਵਾਸੀ ਪ੍ਰੀਤ ਨਗਰ, ਸਤਨਾਮਪੁਰਾ ਵਜੋਂ ਹੋਈ ਹੈ। ਸ਼ਵੇਤਾ ਨੇ ਸਾਈਬਰ ਕ੍ਰਾਈਮ ਸੈੱਲ ਜ਼ਿਲ੍ਹਾ ਕਪੂਰਥਲਾ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੂੰ ਆਨਲਾਈਨ ਨਿਵੇਸ਼ ਰਾਹੀਂ ਵਧੀਆ ਮੁਨਾਫਾ ਕਮਾਉਣ ਦਾ ਲਾਲਚ ਦਿੱਤਾ ਗਿਆ ਸੀ। ਇਸ ਝਾਂਸੇ ਵਿੱਚ ਆ ਕੇ ਉਸ ਨੇ ਵੱਖ-ਵੱਖ ਕਿਸ਼ਤਾਂ ਵਿੱਚ ਕੁੱਲ 22,39,448 ਰੁਪਏ ਠੱਗਾਂ ਦੇ ਖਾਤੇ ਵਿੱਚ ਟ੍ਰਾਂਸਫਰ ਕਰ ਦਿੱਤੇ। ਸਾਈਬਰ ਕ੍ਰਾਈਮ ਪੁਲਸ ਨੇ ਸ਼ਵੇਤਾ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਅਣਪਛਾਤੇ ਠੱਗਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਉਨ੍ਹਾਂ ਬੈਂਕ ਖਾਤਿਆਂ ਅਤੇ ਮੋਬਾਈਲ ਨੰਬਰਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਨ੍ਹਾਂ ਰਾਹੀਂ ਇਸ ਠੱਗੀ ਨੂੰ ਅੰਜਾਮ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਫਗਵਾੜਾ ਵਿੱਚ ਪਿਛਲੇ ਕੁਝ ਸਮੇਂ ਤੋਂ ਸਾਈਬਰ ਠੱਗੀ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਉਛਾਲ ਆਇਆ ਹੈ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਣਜਾਣ ਲਿੰਕਸ, ਭਾਰੀ ਮੁਨਾਫੇ ਵਾਲੀਆਂ ਸਕੀਮਾਂ ਅਤੇ ਸ਼ੱਕੀ ਫੋਨ ਕਾਲਾਂ ਤੋਂ ਸਾਵਧਾਨ ਰਹਿਣ।

## 'ਕਾਵਿ ਕੈਨਵਸ' ਸਾਂਝਾ ਕਾਵਿ ਸੰਗ੍ਰਿਹ ਦੀ ਸ਼ਾਨਦਾਰ ਰਿਲੀਜ਼- ਪੰਜਾਬੀ ਭਵਨ ਲੁਧਿਆਣਾ ਵਿੱਚ ਸਾਹਿਤਕ ਰੰਗਤ ਭਰਿਆ ਯਾਦਗਾਰੀ ਸਮਾਗਮ



ਲੁਧਿਆਣਾ-(ਡਾ. ਹਰੀ ਸਿੰਘ ਜਾਚਕ)-ਸਾਹਿਤਕ ਦੀਪ ਵੈਲਫੇਅਰ ਸੁਸਾਇਟੀ (ਰਜਿ:) ਵੱਲੋਂ ਪਰਮਦੀਪ ਸਿੰਘ ਦੀਪ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਪੰਜਾਬੀ ਭਵਨ, ਲੁਧਿਆਣਾ ਵਿੱਚ ਸਾਂਝੇ ਕਾਵਿ ਸੰਗ੍ਰਿਹ 'ਕਾਵਿ ਕੈਨਵਸ' ਦੀ ਰਿਲੀਜ਼ ਸਮਾਰੋਹ ਬੜੇ ਉਤਸ਼ਾਹ ਅਤੇ ਸਾਹਿਤਕ ਗੰਭੀਰਤਾ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ ਪੰਜਾਬੀ ਸਾਹਿਤ ਪ੍ਰੇਮੀਆਂ ਲਈ ਇੱਕ ਯਾਦਗਾਰੀ ਪਲ ਸਾਬਤ ਹੋਇਆ। ਸਮਾਗਮ ਵਿੱਚ ਪ੍ਰਸਿੱਧ ਵਿਦਵਾਨ ਸੁਖਵਿੰਦਰ ਸਿੰਘ ਫੁੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਡਾ. ਹਰੀ ਸਿੰਘ ਜਾਚਕ, ਡਾ. ਗੁਰਚਰਨ ਕੌਰ ਕੋਚਰ, ਡਾ. ਇਰਾਦੀਪ ਤ੍ਰੇਹਨ, ਡਾ. ਗੁਲਜ਼ਾਰ ਸਿੰਘ ਪੰਧੇਰ, ਸ. ਬਲਵੰਤ ਸਿੰਘ ਜੋਗਾ ਅਤੇ ਸ੍ਰੀ ਮਿੱਤਰ ਸੈਨ ਮੀਤ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰੀ ਭਰੀ। ਸਮਾਗਮ ਦੀ ਸ਼ੁਰੂਆਤ ਕਵਿਤਰੀ ਦੀਪ ਲੁਧਿਆਣਵੀ ਵੱਲੋਂ ਗੁਰਬਾਣੀ ਸ਼ਬਦ ਨਾਲ ਕੀਤੀ ਗਈ, ਜਿਸ ਨਾਲ ਪੂਰਾ ਮਾਹੌਲ ਆਧਿਆਤਮਿਕਤਾ ਨਾਲ ਰੰਗਿਆ ਗਿਆ। ਇਸ ਤੋਂ ਬਾਅਦ ਮੁੱਖ ਅਤੇ ਵਿਸ਼ੇਸ਼ ਮਹਿਮਾਨਾਂ ਅਤੇ ਸੰਸਥਾ ਦੀ ਪ੍ਰਧਾਨ ਰਮਨਦੀਪ ਕੌਰ (ਹਰਸਰ ਜਾਈ) ਵੱਲੋਂ ਸੰਗ੍ਰਿਹ ਨੂੰ ਲੋਕ ਅਰਪਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਸੁਖਵਿੰਦਰ ਸਿੰਘ ਫੁੱਲ ਨੇ ਕਿਹਾ ਕਿ ਇਹ ਸੰਗ੍ਰਿਹ ਨਵੀਆਂ ਅਤੇ ਅਨੁਭਵੀ ਕਲਮਾਂ ਦੇ ਸੁੰਦਰ ਮੇਲ ਦਾ ਪ੍ਰਤੀਕ ਹੈ, ਜੋ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ। ਡਾ. ਹਰੀ ਸਿੰਘ ਜਾਚਕ ਨੇ ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਬਾਰੇ ਭਾਵਪੂਰਤ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਵਿਤਾ ਸਮਾਜ ਦੀ ਧੜਕਣ ਹੁੰਦੀ ਹੈ ਅਤੇ ਇਹ ਸੰਗ੍ਰਿਹ ਉਸ ਧੜਕਣ ਨੂੰ ਬਖੂਬੀ ਪ੍ਰਗਟ ਕਰਦਾ ਹੈ। ਡਾ. ਗੁਰਚਰਨ ਕੌਰ ਕੋਚਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਸ ਵਿੱਚ ਨਾਰੀ ਅਹਿਸਾਸ, ਸਮਾਜਿਕ ਸੰਵੇਦਨਾ ਅਤੇ ਆਧੁਨਿਕ ਸੋਚ ਦਾ ਸੁੰਦਰ ਮੇਲ ਹੈ। ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਐਸੇ ਉਪਰਾਲੇ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਡਾ. ਮਿੱਤਰ ਸੈਨ ਮੀਤ ਨੇ ਕਿਹਾ ਕਿ ਕਵਿਤਾ ਸਿਰਫ਼ ਸ਼ਬਦਾਂ ਦੀ ਰਚਨਾ ਨਹੀਂ, ਸਗੋਂ ਸਮਾਜ ਦੀ ਅਸਲੀਅਤ ਦਾ ਦਰਪਣ ਹੁੰਦੀ ਹੈ। ਡਾ. ਇਰਾਦੀਪ ਤ੍ਰੇਹਨ ਨੇ ਸਮਾਗਮ ਨੂੰ ਸੁਚੱਜੇ ਢੰਗ ਨਾਲ ਅੱਗੇ ਵਧਾਉਂਦੇ ਹੋਏ ਮਹਿਮਾਨਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਐਡਵੋਕੇਟ ਤ੍ਰਿਪਤਾ ਬਰਮੋਟਾ, ਰਾਜਵਿੰਦਰ ਕੌਰ, ਬਲਜੀਤ ਸਿੰਘ ਮੱਲ੍ਹਾ, ਰੇਖਾ ਮੋਗਾ, ਸੁਖਦੇਵ ਸਿੰਘ ਗੰਡਵਾ, ਜਸਜੋਤ ਸਿੰਘ, ਅਮਿਤ ਕੌਰ, ਸੁਖਦੀਪ ਕੌਰ ਅਤੇ ਰੰਜਨ ਆਦਿ ਕਵੀਆਂ ਨੇ ਆਪਣੀ ਕਾਵਿ-ਕਲਾ ਨਾਲ ਹਾਜ਼ਰੀਨਾਂ ਨੂੰ ਮੋਹ ਲਿਆ। ਸਮਾਗਮ ਦੌਰਾਨ ਸੰਗ੍ਰਿਹ ਵਿੱਚ ਸ਼ਾਮਲ ਸਾਰੇ ਕਵੀਆਂ ਅਤੇ ਕਵਿਤਰੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਨਾਲ ਉਨ੍ਹਾਂ ਦੇ ਮਨੋਬਲ ਵਿੱਚ ਵਾਧਾ ਹੋਇਆ। ਮੰਚ ਸੰਚਾਲਨ ਦੀ ਭੂਮਿਕਾ ਚੰਦਰਜੀਤ ਕੌਰ (ਪ੍ਰੀਤ ਬਹਿਲ) ਵੱਲੋਂ ਬੜੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ ਗਈ। ਅੰਤ ਵਿੱਚ ਸੰਸਥਾ ਦੀ ਪ੍ਰਧਾਨ ਰਮਨਦੀਪ ਕੌਰ (ਹਰਸਰ ਜਾਈ) ਨੇ ਸਾਰੇ ਮਹਿਮਾਨਾਂ, ਕਵੀਆਂ ਅਤੇ ਸਰੋਤਿਆਂ ਦਾ ਦਿਲੋਂ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਐਸੇ ਸਾਹਿਤਕ ਉਪਰਾਲੇ ਜਾਰੀ ਰਹਿਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ ਉਭਰਦੇ ਲੇਖਕਾਂ ਅਤੇ ਕਵੀਆਂ ਦੀਆਂ 11 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾ ਚੁੱਕੀਆਂ ਹਨ।


# When a Civilisation Speaks: A Poetic Journey through 'An Empire Speaks' by Rupinder S. Brar

Ravinder Singh Sodhi



In an era when much contemporary writing tends towards either abstraction or market-driven themes, 'An Empire Speaks' by Dr Rupinder S. Brar stands out as a work of substance and depth. It reaffirms that poetry can still serve as a vehicle for conveying history, culture, and profound human experiences. Rooted in the Indian kavya tradition, the book presents not merely isolated poems but a connected civilisational narrative, as also indicated in its foreword.

The Preface briefly underscores that much of India's early history has been preserved for us through poetic expression, suggesting that poetry has the unique power to evoke a sense of the past rather than merely impart knowledge. This idea forms the foundation of the book.




Divided into five sections—The Ancients, The Nanakians, Acacia Around the Orchard, Imperium Imperfect, and Diasporic Reflections—the collection unfolds as a continuous journey from ancient wisdom to modern realities. The opening poem, Indian Odyssey, invites the reader into "an ancient world of mystery and wonder," immediately establishing a tone of exploration and rediscovery.

A central strength of the collection lies in its confident response to the colonial notion of India as merely a geographical expression. In Spoke, An Empire, the poet asserts with quiet dignity: "Then spoke, an Empire, nothing small or unworthy, but large, serene, and consistent." The line "I am… the home, the hum, the hope and the hymn of entire humanity" expands this vision into a universal human identity, elevating the poem beyond nationalism into a broader philosophical space.

At the same time, the poet does not overlook social and moral complexities. In Sita, the familiar figure is reimagined with agency and strength. The poignant line "bred like a princess, she slept like a beggar" captures her suffering, while "if chaste am I, you do not deserve me" transforms her into a voice of dignity and self-respect. Similarly, Eklavya's Thumb presents a powerful critique of injustice. The stark line "Five words crippled a warrior, and a civilisation stood exposed" reflects how a single act of unfairness can reveal deeper societal flaws.

Nature imagery is used with equal sensitivity. In Ganga, the river becomes a symbol of life and continuity: "Eager, youthful, bubbly, pristine… then suddenly gentle, like a Sita." The shifting character of the river mirrors the evolution of civilisation itself, adding a lyrical dimension to the narrative.

The spiritual ethos of the book finds expression in poems shaped by Bhakti and Sikh thought. In Storm of Songs, the line "There is no Hindu, no Muslim… one is mankind" reinforces the message of unity, while "Spirituality sans humanity… had no sanctity" offers a clear moral insight that remains relevant in contemporary times.

The diasporic experience is portrayed with depth and restraint in Voyage of the Komagata Maru. The assertion "Claimants they were, not supplicants" reflects dignity, while the harsh words "Your skin is too dark; you cannot stay" capture the pain of exclusion. The image of the passengers as "eternal mirrors to a duplicitous empire" leaves a lasting impression.

Dr. Brar's poetic style is marked by clarity and accessibility. His language remains direct yet evocative, as seen in lines like "Reduced was Buddha to an idol, and Vedanta to an argument," where complex cultural critique is expressed with striking simplicity. The poems are deeply grounded in history and philosophical thought, presenting figures like Shankara, Buddha, and Guru Nanak as part of a living continuum rather than distant icons.

The book also deserves a brief mention for its fine physical presentation, with its high-quality production and thoughtful visual appeal enhancing the reading experience.

What ultimately distinguishes 'An Empire Speaks' is its ability to combine reverence for tradition with thoughtful introspection. Despite being a cardiologist by profession, Dr. Brar demonstrates a deep literary sensibility, using poetry as a medium to explore the rhythms of civilisation itself. The collection lives up to its title, allowing a civilisation to speak—not through power, but through enduring and reflective poetry.

*ravindersodhi51@gmail.com*
*Calgary (Canada)*
*WhatsApp No 1-604-369-2371*

# ਰਾਸ਼ਟਰਪਤੀ ਟਰੰਪ ਨੇ ਐਚ-2ਬੀ ਵੀਜਾ ਕੋਟਾ ਕੀਤਾ ਬਹਾਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਡੋਨਲਡ ਟਰੰਪ ਜਿਨਾਂ ਦਾ ਆਪਣਾ ਮਾਰ- ਏ-ਲਾਗੋ ਸਮੇਤ ਹੋਰ ਕਾਰੋਬਾਰ ਮੌਸਮੀ ਵਿਦੇਸ਼ੀ ਕਿਰਤੀਆਂ ਉਪਰ ਨਿਰਭਰ ਕਰਦਾ ਹੈ, ਨੇ ਐਚ-2 ਬੀ ਵੀਜਾ ਪ੍ਰੋਗਰਾਮ ਬਹਾਲ ਕਰ ਦਿੱਤਾ ਹੈ ਹਾਲਾਂ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੀ ਪ੍ਰਵਾਸੀਆਂ ਕਾਮਿਆਂ ਵਿਰੁੱਧ ਕਾਰਵਾਈ ਕਾਰਨ ਹੋਰ ਸਨਅਤਾਂ ਵੀ ਬੁਰੀ ਤਰਾਂ ਪ੍ਰਭਾਵਿਤ ਹਨ ਤੇ ਕਾਮਿਆਂ ਦੀ ਘਾਟ ਦਾ ਸਾਹਮਣਾ ਕਰ ਰਹੀਆਂ ਹਨ। ਐਚ-2 ਬੀ ਪ੍ਰੋਗਰਾਮ ਤਹਿਤ ਗੈਰ ਖੇਤੀ ਸਨਅਤਾਂ ਦੇ ਅਮਰੀਕੀ ਮਾਲਕ ਜਿਵੇਂ ਮਹਿਮਾਨ ਨਿਵਾਜੀ, ਲੈਂਡਸਕੇਪਿੰਗ ਤੇ ਸੀਫੂਡ ਪ੍ਰਾਸੈਸਿੰਗ ਇਕਾਈਆਂ ਜੇਕਰ ਦੇਸ਼ ਵਿਚ ਕਿਰਤੀਆਂ ਦੀ ਘਾਟ ਹੋਵੇ ਤਾਂ ਵਿਦੇਸ਼ੀ ਕਾਮਿਆਂ ਨੂੰ ਆਰਜੀ ਤੌਰ 'ਤੇ ਕੰਮ 'ਤੇ ਰੱਖ ਸਕਦੀਆਂ ਹਨ। ਵਾਲ ਸਟਰੀਟ ਜਰਨਲ ਦੀ ਇੱਕ ਰਿਪੋਰਟ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਚੁੱਪ ਚਪੀਤੇ ਮਹਿਮਾਨ ਨਿਵਾਜੀ, ਸੈਰ ਸਪਾਟਾ ਤੇ ਹੋਰ ਸਨਅਤੀ ਖੇਤਰਾਂ ਲਈ ਮੌਸਮੀ ਐਚ-2 ਬੀ ਪ੍ਰੋਗਰਾਮ ਨੂੰ ਖੋਲ ਦਿੱਤਾ ਹੈ। ਇਨਾਂ ਖੇਤਰਾਂ ਵਿੱਚ ਟਰੰਪ ਦੇ ਆਪਣੇ ਹਿੱਤ ਜੁੜੇ ਹੋਏ ਹਨ। ਰਿਪੋਰਟ ਅਨੁਸਾਰ ਟਰੰਪ ਨੇ ਇਸ ਸਾਲ ਦੇ ਸ਼ੁਰੂ ਵਿੱਚ ਰਿਜਾਰਟਸ ਤੇ ਗੋਲਫ਼ ਨਾਲ ਜੁੜੇ ਕਾਰੋਬਾਰੀਆਂ ਦੀ ਅਪੀਲ 'ਤੇ ਐਚ 2 ਬੀ ਵੀਜੇ ਪੂਰੀ ਤਰਾਂ ਬਹਾਲ ਕਰਨ ਲਈ ਦਖਲ ਦਿੱਤਾ ਸੀ। ਟਰੰਪ ਪ੍ਰਸ਼ਾਸਨ ਨੇ ਉਸ ਸਮੇ ਹੋਏ ਵਿਚਾਰ ਵਟਾਂਦਰੇ ਨੂੰ ਜਨਤਿਕ ਨਹੀਂ ਕੀਤਾ ਸੀ ਪਰੰਤੂ ਇਸ ਵਿਚਾਰ ਵਟਾਂਦਰੇ ਨੇ ਵਿਦੇਸ਼ੀ ਆਰਜੀ ਕਾਮਿਆਂ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਵਿੱਚ ਤਬਦੀਲੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।



ਕੁਝ ਹਫਤੇ ਪਹਿਲਾਂ ਟਰੰਪ ਪ੍ਰਸ਼ਾਸਨ ਦੁਆਰਾ ਮੋਟੇ ਤੌਰ 'ਤੇ ਮਾਲੀ ਸਾਲ 2026 ਲਈ 35000 ਵਾਧੂ ਐਚ-2 ਬੀ ਵੀਜਾ ਜਾਰੀ ਕਰਨ ਦੀ ਯੋਜਨਾ ਸੀ ਜੋ ਪਿਛਲੇ ਸਾਲਾਂ ਦੀ ਤੁਲਨਾ ਵਿੱਚ ਬਹੁਤ ਘੱਟ ਹਨ। ਟਰੰਪ ਦੇ ਹਿੱਤਾਂ ਨਾਲ ਜੁੜੇ ਕਾਰੋਬਾਰੀਆਂ ਵੱਲੋਂ ਪਾਏ ਦਬਾਅ ਦੇ ਸਿੱਟੇ ਵਜੋਂ ਟਰੰਪ ਪ੍ਰਸ਼ਾਸਨ ਨੇ ਪੂਰੇ 64716 ਵੀਜੇ ਜਾਰੀ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਅਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਨੇ ਆਪਣੇ ਹਿੱਤਾਂ ਨੂੰ ਮੁੱਖ ਰਖਦਿਆਂ ਮੌਸਮੀ ਕਿਰਤੀਆਂ ਨੂੰ ਸੱਦਣ ਦਾ ਰਾਹ ਖੋਲਿਆ ਹੈ ਜਦ ਕਿ ਉੱਚ ਹੁਨਰ 'ਤੇ ਨਿਰਭਰ ਖੇਤਰਾਂ ਲਈ ਐਚ-1 ਬੀ ਵੀਜਾ ਪ੍ਰੋਗਰਾਮ ਉਪਰ ਸਖਤ ਰੋਕਾਂ ਲਾਗੂ ਹਨ।

# ਮਨ ਵਿੱਚ ਚਾਹਤ ਹੋਵੇ ਤਾਂ ਜਿਉਣਾ ਵੀ ਰੂਹਾਨੀ ਅਤੇ ਅਲੌਕਿਕ ਯਾਤਰਾ ਬਣ ਜਾਂਦਾ ਹੈ

ਡਾ ਅਮਰਜੀਤ ਟਾਂਡਾ
ਸੰਪਰਕ+61 412913021



ਜੀਵਨ ਸਿਰ.ਫ ਸਾਹ ਲੈਣ ਦਾ ਨਾਮ ਹੀ ਨਹੀਂ ਹੈ, ਜੀਵਨ ਉਹ ਅੰਦਰਲੀ ਰੌਸ਼ਨੀ ਹੈ ਜੋ ਮਨ ਦੀ ਚਾਹਤ ਨਾਲ ਜਗਦੀ ਹੈ। ਜਦੋਂ ਮਨ ਵਿੱਚ ਚਾਹਤ ਦੀ ਕੋਮਲ ਕਲੀ ਕੌਂਪਲ ਫੁੱਟਦੀ ਹੈ, ਤਦੋਂ ਜੀਵਨ ਦੀ ਬੰਜ਼ਰ ਧਰਤੀ ਵੀ ਹਰੀ ਭਰੀ ਹੋ ਜਾਂਦੀ ਹੈ।

ਚਾਹਤ ਉਹ ਸੁਗੰਧਤ ਹਵਾ ਹੈ ਜੋ ਥੱਕੀ ਹੋਈ ਰੂਹ ਨੂੰ ਨਵੀਂ ਤਾਜ਼ਗੀ ਦਿੰਦੀ ਹੈ, ਉਹ ਅੰਦਰਲੀ ਜੋਤ ਹੈ ਜੋ ਹਨੇਰੇ ਵਿੱਚ ਵੀ ਰਾਹ ਦਿਖਾਉਂਦੀ ਹੈ। ਕਈ ਵਾਰ ਜੀਵਨ ਰੁਕਿਆ ਹੋਇਆ ਦਰਿਆ ਜਾਪਣ ਲੱਗਦਾ ਹੈ-ਚੁੱਪ, ਉਦਾਸ .ਗਮ ਤੇ ਨਿਰਾਸ਼ਾ ਨਾਲ ਭਰਿਆ ਹੋਇਆ, ਡੁਬਿਆ ਹੋਇਆ ਤਣਾਅ ਵਿੱਚ।

ਪਰ ਜਿਵੇਂ ਹੀ ਮਨ ਵਿੱਚ ਚਾਹਤ ਦੀ ਇੱਕ ਬੂੰਦ ਡਿੱਗਦੀ ਹੈ, ਇਹ ਦਰਿਆ ਮੁੜ ਵਗਣ ਲੱਗ ਪੈਂਦਾ ਹੈ। ਚਾਹਤ ਮਨੁੱਖ ਦੇ ਅੰਦਰ ਦੀ ਉਹ ਅਲੌਕਿਕ ਤਾਕਤ ਹੈ ਜੋ ਅਸੰਭਵ ਨੂੰ ਸੰਭਵ ਬਣਾਉਂਦੀ ਹੈ, ਜੋ ਡਿਗਦੇ ਕਦਮਾਂ ਨੂੰ ਫਿਰ ਸੰਭਾਲ ਲੈਂਦੀ ਹੈ, ਜੋ ਟੁੱਟੇ ਸੁਪਨਿਆਂ ਨੂੰ ਵੀ ਮੁੜ ਸਜਾ ਦਿੰਦੀ ਹੈ।

ਚਾਹਤ ਹੋਵੇ ਤਾਂ ਉਮਰ ਰੁਕਾਵਟ ਨਹੀਂ ਬਣਦੀ, ਹਾਲਾਤ ਬੇੜੀਆਂ ਨਹੀਂ ਬਣਦੇ ਅਤੇ ਸਮਾਂ ਰੋਕ ਨਹੀਂ ਬਣਦਾ। ਮਨ ਦੀ ਚਾਹਤ ਮਨੁੱਖ ਨੂੰ ਅੰਦਰੋਂ ਅਦਮੱਤ, ਹਿੰਮਤ, ਹੌਸਲੇ ਅਤੇ ਅਟੱਲ ਮਨੋਬਲ ਨੂੰ ਉਸਾਰਦੀ ਹੈ। ਇਹੀ ਚਾਹਤ ਹੈ ਜੋ ਬੁੱਢੇ ਦਰੱਖਤ ਵਿੱਚ ਵੀ ਨਵੀਆਂ ਕੋਪਲਾਂ ਪੈਦਾ ਕਰ ਦਿੰਦੀ ਹੈ। ਇਹੀ ਚਾਹਤ ਹੈ ਜੋ ਥੱਕੇ ਹੋਏ ਮਨੁੱਖ ਨੂੰ ਮੁੜ ਜੀਣ ਦਾ ਹੌਸਲਾ ਦਿੰਦੀ ਹੈ।

ਮੇਰੀ ਚਾਹਤ ਸੀ ਕਿ ਘਰ ਵਿੱਚ ਅਮਰੂਦ ਦਾ ਵੀ ਬੂਟਾ ਹੋਣਾ ਚਾਹੀਦਾ ਹੈ। ਦੋਸਤ ਨੇ ਅਮਰੂਦ ਦਾ ਬੂਟਾ ਦਿੱਤਾ ਪਰ ਉਸ ਦਿਨ ਜੜ੍ਹਾਂ ਨਾਲੋਂ ਮਿੱਟੀ ਝੜ ਗਈ ਸੀ। ਮੈਂ ਆਉਂਦੇ ਸਾਰ ਹੀ ਉਸ ਨੂੰ ਪਾਣੀ ਵਿੱਚ ਰੱਖਿਆ ਤੇ ਸ਼ਾਮ ਨੂੰ ਮਿੱਟੀ ਵਿੱਚ ਸਜਾ ਦਿੱਤਾ। ਪਾਣੀ ਪਾਉਂਦਾ ਰਿਹਾ ਉਪਰੋਂ ਵਾਧੂ ਪੱਤੇ ਕੱਟ ਦਿੱਤੇ। ਕੁਝ ਹਰਿਆ ਭਰਿਆ ਨਹੀਂ ਸੀ ਦਿਸ ਰਿਹਾ ਦੋ ਪੱਤਿਆਂ ਤੋਂ ਬਗੈਰ। ਮੈਂ ਚਾਹਤ ਦੇ ਨਾਲ ਉਸਨੂੰ ਧੁੱਪ ਤੋਂ ਢਕਦਾ ਰਿਹਾ ਪਾਣੀ ਪਾਉਂਦਾ ਰਿਹਾ ਜੜ੍ਹਾਂ ਵਿੱਚ ਕੰਪੋਸਟ ਦੀ ਚਾਹ ਵੀ ਪਾਉਂਦਾ ਰਿਹਾ।

ਅਚਾਨਕ ਮੈਂ ਇੱਕ ਦਿਨ ਉਸ ਦੀਆਂ ਸੁੰਨੀਆਂ ਟਹਿਣੀਆਂ ਉੱਤੇ ਨਿੱਕੇ ਨਿੱਕੇ ਪੱਤਿਆਂ ਦੀ ਫੁਟਾਰ ਦੇਖੀ ਤਾਂ ਮੇਰੀ ਖੁਸ਼ੀ ਨੱਚਣ ਲੱਗੀ। ਮੈਂ ਤੱਕ ਕੇ ਬੂਟੇ ਦੇ ਕੋਲ ਬੈਠ ਗੀਤ ਗਾਉਣ ਲੱਗਾ।

ਇਸੇ ਹੀ ਤਰ੍ਹਾਂ ਮੇਰੀ ਕੁਝ ਸੰਭਾਲ ਚਾਅ ਰੀਝ ਤੇ ਚਾਹਤ ਨੇ ਮੇਰੇ ਅੰਬ ਦੇ ਦੋ ਬੂਟਿਆਂ ਨੇ ਐਤਕੀਂ ਸਾਨੂੰ ਰੱਜ ਕੇ ਅੰਬ ਚੂਪਣ ਨੂੰ ਦਿਤੇ। ਤੇ ਮੈਂ ਦੋ ਹੋਰ ਅੰਬ ਦੇ ਬੂਟੇ ਗਰਾਊਂਡ ਲੇਅਰਿੰਗ ਨਾਲ ਤਿਆਰ ਕਰਨ ਨੂੰ ਸ਼ੁਰੂ ਕਰ ਦਿੱਤੇ ਹਨ। ਦਵਾਈਆਂ ਛੱਡ ਸਾਰੇ ਬਲੱਡ ਟੈਸਟ ਨਾਰਮਲ ਲੈ ਆਂਦੇ ਹਨ। ਰੋਜ਼ਾਨਾ ਸਵੇਰੇ ਸ਼ਾਮ ਜ਼ਰੂਰੀ ਰੀਫਲਿਕਸ ਪੁਆਇੰਟ ਦੱਬਣ ਨਾਲ, ਜੋੜਾਂ, ਸਿਰ ਗਰਦਨ ਲੱਤਾਂ ਬਾਹਾਂ , ਹੱਥੇਲੀਆਂ ਪੈਰ ਤਲਿਆਂ ਦੀ ਤੇਲ ਮਾਲਸ਼ ਤੇ ਹੋਰ ਕੁਆਲੀਟੇਟਿਵ ਕਸਰਤ ਨੇ ਅੱਠ ਨੌਂ ਘੰਟੇ ਦੀਆਂ ਗੂੜੀਆਂ ਨੀਂਦਾਂ ਤੇ ਸੋਹਣੇ ਹੁਸੀਨ ਸੁਪਨੇ ਪਲਕਾਂ ਤੇ ਸਜਾ ਦਿੱਤੇ ਹਨ।

ਚਾਹਤ ਮਨੁੱਖੀ ਆਤਮਾ ਦਾ ਸੰਗੀਤ ਹੈ। ਜਦੋਂ ਮਨ ਵਿੱਚ ਚਾਹਤ ਹੁੰਦੀ ਹੈ, ਤਦੋਂ ਜੀਵਨ ਦੀ ਹਰ ਸਵੇਰ ਨਵੀਂ ਲੱਗਦੀ ਹੈ, ਹਰ ਸ਼ਾਮ ਸੁਹਾਵਣੀ ਬਣ ਜਾਂਦੀ ਹੈ। ਚਾਹਤ ਜੀਵਨ ਨੂੰ ਸਿਰ.ਫ ਬਤੀਤ ਨਹੀਂ ਕਰਦੀ, ਇਸ ਨੂੰ ਅਰਥਵਾਨ ਬਣਾ ਦਿੰਦੀ ਹੈ। ਇਹੀ ਚਾਹਤ ਹੈ ਜੋ ਮਨੁੱਖ ਨੂੰ ਦੁੱਖਾਂ ਦੇ ਰੇਗਿਸਤਾਨ ਵਿੱਚ ਵੀ ਆਸ ਦੀ ਹਰਿਆਲੀ ਦਿਖਾਉਂਦੀ ਹੈ।

ਅਧਿਆਤਮਿਕ ਪੱਧਰ ਤੇ ਚਾਹਤ ਇੱਕ ਰੱਬੀ ਨੇਅਮਤ ਹੈ। ਇਹ ਮਨੁੱਖ ਨੂੰ ਆਪਣੇ ਅਸਲੀ ਸਰੂਪ ਨਾਲ ਜੋੜਦੀ ਹੈ। ਜਦੋਂ ਮਨ ਵਿੱਚ ਚਾਹਤ ਹੁੰਦੀ ਹੈ, ਤਦੋਂ ਮਨੁੱਖ ਆਪਣੇ ਅੰਦਰ ਵਸਦੇ ਪ੍ਰਕਾਸ਼ ਨੂੰ ਮਹਿਸੂਸ ਕਰਦਾ ਹੈ। ਇਹ ਚਾਹਤ ਮਨੁੱਖ ਨੂੰ ਉੱਚਤਾ ਵੱਲ ਲੈ ਜਾਂਦੀ ਹੈ, ਮਨੁੱਖ ਨੂੰ ਮਨੁੱਖ ਬਣਾਉਂਦੀ ਹੈ।

ਜੀਵਨ ਦੇ ਔਖੇ ਰਾਹਾਂ ਵਿੱਚ ਚਾਹਤ ਇੱਕ ਦਿਵਿਆ ਦੀਪਕ ਹੈ। ਇਹ ਹਨ੍ਹੇਰੇ ਵਿੱਚ ਵੀ ਰੌਸ਼ਨੀ ਕਰਦੀ ਹੈ, ਨਿਰਾਸ਼ਾ ਵਿੱਚ ਵੀ ਉਮੀਦ ਜਗਾਉਂਦੀ ਹੈ। ਚਾਹਤ ਮਨੁੱਖ ਦੇ ਅੰਦਰ ਦੀ ਉਹ ਅਮਰ ਲਹਿਰ ਹੈ ਜੋ ਕਦੇ ਮੁੱਕਦੀ ਨਹੀਂ।

ਸੱਚਮੁੱਚ - ਮਨ ਵਿੱਚ ਚਾਹਤ ਹੋਵੇ ਤਾਂ ਜਿਉਣਾ ਵੀ ਆ ਜਾਂਦਾ ਹੈ, ਹਨੇਰੇ ਵਿੱਚ ਵੀ ਚਾਨਣ ਹੋ ਜਾਂਦਾ ਹੈ, ਉਦਾਸ ਦਿਲ ਵਿੱਚ ਵੀ ਬਹਾਰ ਆ ਜਾਂਦੀ ਹੈ, ਅਤੇ ਮਨੁੱਖ ਆਪਣੀ ਰੂਹ ਨਾਲ ਮਿਲ ਜਾਂਦਾ ਹੈ।

ਚਾਹਤ ਜੀਵਨ ਦੀ ਸੁੰਦਰਤਾ ਹੈ, ਚਾਹਤ ਜੀਵਨ ਦੀ ਸ਼ਾਨ ਹੈ, ਚਾਹਤ ਹੀ ਜੀਵਨ ਦਾ ਅਸਲੀ ਪਰਮਾਰਥ, ਉੱਚਾ ਮਕਸਦ, ਮਨੁੱਖਤਾ ਦੀ ਭਲਾਈ ਲਈ ਕੀਤਾ ਕੰਮ, ਨਿਸ਼ਕਾਮ ਭਲਾਈ, ਅਸਲ ਉਦੇਸ਼ ਹੈ।

ਪਰਮਾਰਥ ਉਹ ਰੌਸ਼ਨੀ ਹੈ ਜੋ ਮਨੁੱਖ ਨੂੰ ਆਪਣੇ ਆਪ ਤੋਂ ਉੱਚਾ ਬਣਾ ਦਿੰਦੀ ਹੈ। ਜਦੋਂ ਮਨ ਵਿੱਚ ਚਾਹਤ ਜਗਦੀ ਹੈ - ਤਦੋਂ ਜੀਵਨ ਸਿਰ.ਫ ਜਿਉਣਾ ਨਹੀਂ ਰਹਿੰਦਾ,ਇੱਕ ਸੁੰਦਰ, ਰੂਹਾਨੀ ਅਤੇ ਅਲੌਕਿਕ ਯਾਤਰਾ ਬਣ ਜਾਂਦਾ ਹੈ। ਮਨ ਦੀ ਚਾਹਤ ਜੀਵਨ ਨੂੰ ਪ੍ਰਕਾਸ਼ਮਈ, ਸੁਗੰਧਿਤ, ਅਨੰਤ, ਮਧੁਰ ਅਤੇ ਅਦਭੁੱਤ ਸ.ਫਰ, ਜੀਵਨ ਦੇ ਰਾਹ ਵਿੱਚ ਬਦਲ ਦਿੰਦੀ ਹੈ, ਜਿੱਥੇ ਮਨੁੱਖ ਆਪਣੇ ਅੰਦਰਲੇ ਬ੍ਰਹਿਮੰਡ ਨਾਲ ਰਲ ਕੇ ਅਰਥਪੂਰਨ ਜੀਵਨ ਦਾ ਅਨੁਭਵ ਕਰਦਾ ਹੈ ਆਨੰਦਤ ਹੋ ਜਾਂਦਾ ਹੈ।

*-ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*

## ਜਾਂਦਾ ਕਿੱਥੇ ਆ..? (ਨਿੱਕੀ ਕਹਾਣੀ)

ਉਹ ਗੋਲੀਆਂ ਨੂੰ ਗੋਲ–ਘਚਾਰੇ 'ਚ ਰੱਖ ਕੇ ਇੱਕ ਮਿੱਥੀ ਥਾਂ ਤੋਂ ਵਾਰੋ–ਵਾਰੀ ਨਿਸ਼ਾਨੇ ਸੇਧਦਿਆਂ ਆਪਸ ਵਿੱਚ ਗੱਲਾਂ ਕਰ ਰਹੇ ਸਨ। ਅੰਮ੍ਰਿਤ ਨੇ ਕਿਹਾ,"ਮੇਰੇ ਪਾਪਾ ਨੇ ਬੀ. ਕਾਮ ਕੀਤੀ ਆ ਉਹ ਅਕਾਉਂਟੈਂਟ ਹਨ ਬੈਂਕ ਜਾਂਦੇ ਨੇ। ਨੀਤੀ ਕਹਿੰਦੀ ਮੇਰੇ ਡੈਡੀ ਇੰਜੀਨੀਅਰ ਨੇ ਉਹ ਵੱਡੀ ਫੈਕਟਰੀ 'ਚ ਜਾਂਦੇ ਹਨ। ਨਾਲ ਹੀ ਗੁਰਨੀਤ ਬੋਲੀ ਮੇਰੇ ਪਾਪਾ ਨੇ ਲਾਅ ਕੀਤੀ ਹੈ। ਉਹ ਕਾਲਾ ਕੋਟ ਪਾ ਕੇ ਜਿਲ੍ਹੇ ਦੀਆਂ ਕਚਿਹਰੀਆਂ ਵਿੱਚ ਜਾਂਦੇ ਨੇ।

ਕੁੱਕੂ ਨੇ ਅੱਗੇ ਹੋ ਇੱਕੋ ਸਾਹੇਂ ਆਪਣੇ ਪਿਤਾ ਜੀ ਦੀਆਂ ਸਾਰੀਆਂ ਡਿਗਰੀਆਂ ਗਿਣਾਈਆਂ ਮੇਰੇ ਪਿਤਾ ਜੀ ਡਬਲ ਐੱਮ ਏ, ਬੀ. ਐੱਡ, ਐੱਮ ਫਿੱਲ ਨੇ। ਅਜੇ ਉਹ ਡਿਗਰੀਆਂ ਗਿਣਾ ਹੀ ਰਿਹਾ ਸੀ ਕਿ ਸਾਰੇ ਇੱਕ ਦਮ ਬੋਲੇ ਜਾਂਦੇ ਕਿੱਥੇ ਨੇ..?



ਕੂੱਕੂ ਨੇ ਹੌਲੀ ਜਹੀ ਆਵਾਜ਼ 'ਚ ਕਿਹਾ ਜਾਂਦੇ ਤਾਂ ਦਿਹਾੜੀ ਹੀ ਨੇ..!

ਸਾਰੇ ਇੱਕ ਦੂਜੇ ਵੱਲ ਵੇਖਣ ਲੱਗੇ।

ਰਛਪਾਲ ਸਿੰਘ ਰੈਸਲ
ਹਰੀਦਾਸ ਕਲੋਨੀ ਨਾਭਾ
9417897576

## ਮਲੇਸ਼ੀਆ ਦੇ ਸਬਾਹ ਵਿੱਚ ਅੱਗ ਲੱਗਣ ਕਾਰਨ 1,000 ਘਰ ਸੜ ਕੇ ਸੁਆਹ ਹਜ਼ਾਰਾਂ ਲੋਕ ਬੇਘਰ

ਮਲੇਸ਼ੀਆ ਦੇ ਸਬਾਹ ਰਾਜ ਵਿੱਚ ਦੇ ਤੱਟਵਰਤੀ ਪਿੰਡ ਵਿੱਚ ਅੱਜ ਅੱਗ ਲੱਗ ਗਈ ਜਿਸ ਕਾਰਨ 1,000 ਘਰ ਸੜ ਕੇ ਸੁਆਹ ਹੋ ਗਏ। ਇਸ ਹਾਦਸੇ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣਾ ਘਰ–ਬਾਰ ਛੱਡਣਾ ਪਿਆ ਹੈ ਅਤੇ ਉਹ ਹੁਣ ਬੇਘਰ ਹੋ ਗਏ ਹਨ। ਅੱਗ ਬੁਝਾਊ ਵਿਭਾਗ ਨੇ ਦੱਸਿਆ ਕਿ ਇਹ ਅੱਗ ਬੋਰਨੀਓ ਟਾਪੂ ਦੇ ਸਬਾਹ ਰਾਜ ਵਿੱਚ ਲੱਗੀ ਸੀ।

ਸਥਾਨਕ ਫਾਇਰ ਵਿਭਾਗ ਦੇ ਮੁਖੀ ਜਿਮੀ ਲਾਗੁੰਗ ਅਨੁਸਾਰ ਅਧਿਕਾਰੀਆਂ ਨੂੰ ਇਸ ਅੱਗ ਬਾਰੇ ਜਾਣਕਾਰੀ ਮਿਲੀ ਤੇ ਉਹ ਮੌਕੇ ਫ਼ਰਸਤੂੋਤੇ ਪੁੱਜੇ। ਉਨ੍ਹਾਂ ਦੱਸਿਆ ਕਿ ਤੇਜ਼ ਹਵਾਵਾਂ ਅਤੇ ਘਰਾਂ ਦੇ ਬਹੁਤ ਨੇੜੇ–ਨੇੜੇ ਹੋਣ ਕਰਕੇ ਅੱਗ ਬਹੁਤ ਤੇਜ਼ੀ ਨਾਲ ਫੈਲ ਗਈ। ਇਸ ਤੋਂ ਇਲਾਵਾ ਸਮੁੰਦਰ ਵਿੱਚ ਪਾਣੀ ਦਾ ਪੱਧਰ ਘੱਟ ਹੋਣ ਕਾਰਨ ਅੱਗ ਬੁਝਾਉਣ ਲਈ ਪਾਣੀ ਨਾ ਮਿਲਣ ਕਾਰਨ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਇਹ ਹਾਦਸਾ ਸਬਾਹ ਦੇ ਇੱਕ ਫ਼ਰਸਤੂੋਵਾਟਰ ਵਿਲੇਜਫ਼ਰਸਤੂੋ (ਪਾਣੀ ਉੱਤੇ ਵਸੇ ਪਿੰਡ) ਵਿੱਚ ਵਾਪਰਿਆ, ਜਿੱਥੇ ਲੱਕੜ ਦੇ ਬਣੇ ਘਰ ਖੰਭਿਆਂ ਦੇ ਸਹਾਰੇ ਖੜ੍ਹੇ ਹੁੰਦੇ ਹਨ। ਇਨ੍ਹਾਂ ਇਲਾਕਿਆਂ ਵਿੱਚ ਜ਼ਿਆਦਾਤਰ ਗਰੀਬ ਭਾਈਚਾਰੇ, ਆਦਿਵਾਸੀ ਅਤੇ ਬਿਨਾਂ ਨਾਗਰਿਕਤਾ ਵਾਲੇ ਲੋਕ ਰਹਿੰਦੇ ਹਨ। ਪੁਲੀਸ ਰਿਪੋਰਟਾਂ ਅਨੁਸਾਰ ਇਸ ਅੱਗ ਨਾਲ ਲਗਪਗ 9,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ, ਪਰ ਚੰਗੀ ਗੱਲ ਇਹ ਰਹੀ ਕਿ ਹਾਲੇ ਤੱਕ ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ ਹੈ।ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨੇ ਕਿਹਾ ਹੈ ਕਿ ਕੇਂਦਰੀ ਸਰਕਾਰ ਸਬਾਹ ਦੀਆਂ ਸਥਾਨਕ ਅਥਾਰਟੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਜੋ ਪੀੜਤਾਂ ਨੂੰ ਜ਼ਰੂਰੀ ਸਹਾਇਤਾ ਅਤੇ ਰਹਿਣ ਲਈ ਆਰਜ਼ੀ ਥਾਂ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਭਰੋਸਾ ਦਿੱਤਾ ਕਿ ਇਸ ਸਮੇਂ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਲੋਕਾਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਤੁਰੰਤ ਮਦਦ ਪਹੁੰਚਾਉਣਾ ਹੈ।

## ਲੁਧਿਆਣਾ ਵਿਚ ਨਸ਼ੇੜੀ ਪੁੱਤ ਨੇ ਪੈਸੇ ਨਾ ਮਿਲਣ ’ਤੇ ਮਾਂ ਦਾ ਕੀਤਾ ਬੇਰਹਿਮੀ ਨਾਲ ਕਤਲ

ਲੁਧਿਆਣਾ-ਪੰਜਾਬ ਵਿੱਚ ਨਸ਼ਿਆਂ ਦੀ ਲਾਲਸਾ ਨੇ ਇੱਕ ਵਾਰ ਫਿਰ ਰਿਸ਼ਤਿਆਂ ਦਾ ਘਾਣ ਕਰ ਦਿੱਤਾ ਹੈ। ਲੁਧਿਆਣਾ ਦੇ ਸ਼ਿਮਲਾਪੁਰੀ ਇਲਾਕੇ ਵਿੱਚ ਇੱਕ ਨਸ਼ੇੜੀ ਪੁੱਤ ਪਰਵਿੰਦਰ ਸਿੰਘ ਜੋ ਪੇਸ਼ੇ ਤੋਂ ਮਜ਼ਦੂਰ ਹੈ ਵੱਲੋਂ ਆਪਣੀ ਹੀ ਮਾਂ 49 ਸਾਲਾ ਮਨਪ੍ਰੀਤ ਕੌਰ ਦੀ ਬੇਰਹਿਮੀ ਨਾਲ ਹੱਤਿਆ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਮੁਲਜ਼ਮ ਨੇ ਇਸ ਕਤਲ ਨੂੰ ‘ਦਿਲ ਦਾ ਦੌਰਾ’ ਦੱਸ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ, ਪਰ ਪੋਸਟਮਾਰਟਮ ਦੀ ਰਿਪੋਰਟ ਨੇ ਸਾਰੀ ਸੱਚਾਈ ਬਿਆਨ ਕਰ ਦਿੱਤੀ।

ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪਰਵਿੰਦਰ ਸਿੰਘ ਨੇ ਨਸ਼ਾ ਖਰੀਦਣ ਲਈ ਆਪਣੀ ਮਾਂ ਤੋਂ ਪੈਸਿਆਂ ਦੀ ਮੰਗ ਕੀਤੀ ਸੀ। ਮਨਪ੍ਰੀਤ ਕੌਰ ਵੱਲੋਂ ਪੈਸੇ ਦੇਣ ਤੋਂ ਇਨਕਾਰ ਕਰਨ ’ਤੇ ਪਰਵਿੰਦਰ ਗੁੱਸੇ ਵਿੱਚ ਆ ਗਿਆ। ਉਸ ਨੇ ਪਹਿਲਾਂ ਆਪਣੀ ਮਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਉਸ ਦੀ ਛਾਤੀ ਵਿੱਚ ਲੱਤਾਂ ਮਾਰੀਆਂ ਅਤੇ ਫਿਰ ਉਸ ਦੀ ਛਾਤੀ ’ਤੇ ਬੈਠ ਕੇ ਗਲਾ ਘੁੱਟ ਦਿੱਤਾ, ਜਿਸ ਕਾਰਨ ਔਰਤ ਦੀ ਮੌਕੇ ’ਤੇ ਹੀ ਮੌਤ ਹੋ ਗਈ।

ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਆਪਣੀ ਮਾਂ ਨੂੰ ਸਿਵਲ ਹਸਪਤਾਲ ਲੈ ਗਿਆ ਅਤੇ ਡਾਕਟਰਾਂ ਨੂੰ ਗੁੰਮਰਾਹ ਕਰਦਿਆਂ ਕਿਹਾ ਕਿ ਉਸ ਦੀ ਮਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਡਾਕਟਰਾਂ ਨੇ ਸ਼ੱਕ ਦੇ ਆਧਾਰ ’ਤੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਲਾਸ਼ ਨੂੰ ਮੁਰਦਾਘਰ ਵਿੱਚ ਰੱਖ ਦਿੱਤਾ। ਜਦੋਂ ਡਾਕਟਰਾਂ ਦੇ ਬੋਰਡ (ਡਾ. ਅਭੈਦੀਪ, ਡਾ. ਪਰਾਗ ਅਤੇ ਡਾ. ਮਨਦੀਪ ਸਿੰਘ) ਨੇ ਪੋਸਟਮਾਰਟਮ ਕੀਤਾ, ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਮ੍ਰਿਤਕਾ ਦਾ ਜਿਗਰ ਅਤੇ ਫੇਫੜੇ ਬੁਰੀ ਤਰ੍ਹਾਂ ਨੁਕਸਾਨੇ ਗਏ ਸਨ। ਸਰੀਰ ਦੀਆਂ ਪਸਲੀਆਂ ਟੁੱਟੀਆਂ ਹੋਈਆਂ ਸਨ। ਮੌਤ ਦਾ ਅਸਲ ਕਾਰਨ ਗਲਾ ਘੁੱਟਣਾ ਪਾਇਆ ਗਿਆ। ਥਾਣਾ ਡਾਬਾ ਦੀ ਪੁਲਿਸ ਨੇ ਪੋਸਟਮਾਰਟਮ ਦੌਰਾਨ ਹੀ ਮੁਲਜ਼ਮ ਪਰਵਿੰਦਰ ਸਿੰਘ ਨੂੰ ਮੁਰਦਾਘਰ ਦੇ ਬਾਹਰੋਂ ਗ੍ਰਿ.ਫਤਾਰ ਕਰ ਲਿਆ।